

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 38; September 21, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਪੰਜਾਬ ’ਚ ਨਸ਼ਿਆਂ ਦੇ ਜਾਲ ਲਈ ਸਰਕਾਰੀ ਤੰਤਰ ਜ਼ਿੰਮੇਵਾਰ

**ਚੰਡੀਗੜ੍ਹ:** ਗ੍ਰਹਿ ਵਿਭਾਗ ਪੰਜਾਬ ਪੁਲਿਸ ਵਿਚਲੀਆਂ ‘ਕਾਲੀਆਂ ਭੇਡਾਂ’ ਦੀ ਪਛਾਣ ਕਰਨ ਵਿਚ ਜੁਟਿਆ ਹੋਇਆ ਹੈ। ਇਸ ਦੌਰਾਨ ਜੋ ਖ਼ੁਲਾਸੇ ਹੋ ਰਹੇ ਹਨ, ਉਹ ਸਾਫ ਇਸ਼ਾਰਾ ਕਰ ਰਹੇ ਹਨ ਕਿ ਸੂਬੇ ਦਾ ਸਰਕਾਰੀ ਤੰਤਰ ਕਿਸ ਤਰ੍ਹਾਂ ਪੰਜਾਬ ਨੂੰ ਨਸ਼ਿਆਂ ਦੇ ਜਾਲ ਵੱਲ ਧੱਕਣ ਲਈ ਤਸਕਰਾਂ ਨਾਲ ਘੁਲ-ਮਿਲ ਗਿਆ ਹੈ।



ਹਾਲਾਤ ਇਹ ਹਨ ਕਿ ਨਸ਼ਾ ਤਸਕਰੀ ਦਾ ਜਾਲ ਸੂਬੇ ਦੇ ਡਰੱਗ ਕੰਟਰੋਲ ਢਾਂਚੇ ਨੂੰ ਵੀ ਆਪਣੀ ਜਕੜ ਵਿਚ ਲੈ ਚੁੱਕਿਆ ਹੈ। ਡਰੱਗ ਇੰਸਪੈਕਟਰ ਸ਼ੀਸ਼ਨ ਮਿੱਤਲ ਦੀ ਗ੍ਰਿਫ਼ਤਾਰੀ ਨੇ ਕਈ ਅਹਿਮ ਸਵਾਲ ਖੜ੍ਹੇ ਕੀਤੇ ਹਨ। ਐਂਟੀ-ਨਾਰਕੌਟਿਕਸ ਟਾਸਕ ਫੋਰਸ (ਏ.ਐਨ.ਟੀ.ਐਫ) ਨੇ ਨਸ਼ਿਆਂ ਦੇ ਗ਼ੈਰ-ਕਾਨੂੰਨੀ ਕਾਰੋਬਾਰ ਵਿਚ ਸ਼ੀਸ਼ਨ ਮਿੱਤਲ ਦੀ ਗਹਿਰੀ ਸ਼ਮੂਲੀਅਤ ਦਾ ਖ਼ੁਲਾਸਾ ਕਰਦਿਆਂ ਪਤਾ ਲਗਾਇਆ ਹੈ ਕਿ ਉਸ ਦੇ ਬੈਂਕ ਖਾਤਿਆਂ ਰਾਹੀਂ ਕਾਲੇ ਧਨ ਦੇ ਰੂਪ ਵਿਚ 7 ਕਰੋੜ ਰੁਪਏ ਤੋਂ ਜ਼ਿਆਦਾ ਰਕਮ ਦਾ ਲੈਣ-ਦੇਣ ਹੋਇਆ ਸੀ। ਉਸ ਉਤੇ ਗ਼ੈਰ-ਕਾਨੂੰਨੀ ਦਵਾਈਆਂ, ਮੈਡੀਕਲ ਸਟੋਰਾਂ ਨਾਲ ਜੁੜੀਆਂ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਸਬੰਧੀ ਗਤੀਵਿਧੀਆਂ ‘ਚ ਮਦਦ ਕਰਨ ਅਤੇ ਮਨੀ ਲਾਂਡਰਿੰਗ ਦੀ ਰਕਮ ਰਿਸ਼ਤੇਦਾਰਾਂ ਦੇ ਨਾਮ ‘ਤੇ ਬੇਨਾਮੀ ਖ਼ਾਤਿਆਂ ਵਿਚ ਰੱਖਣ ਦੇ ਇਲਜ਼ਾਮ ਹਨ। ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਡਰੱਗ ਇੰਸਪੈਕਟਰ ਜੇਲ੍ਹ ‘ਚ ਬੰਦ ਨਸ਼ਾ ਤਸਕਰਾਂ ਦੇ ਸੰਪਰਕ ਵਿਚ ਸੀ ਅਤੇ ਬਾਹਰੋਂ ਉਨ੍ਹਾਂ ਦੇ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਚਲਾਉਣ ਵਿਚ ਸਹਾਇਤਾ ਕਰ ਰਿਹਾ ਸੀ। ਜਾਂਚ ਦੌਰਾਨ ਇਹ ਵੀ ਪਤਾ ਲੱਗਾ ਕਿ ਉਹ ਸਰਕਾਰ ਤੋਂ ਇਜਾਜ਼ਤ ਲਏ ਜਾਂ ਐਕਸ-ਇੰਡੀਆ ਲੀਵ ਲਏ ਬਿਨਾਂ ਅਕਸਰ ਵਿਦੇਸ਼ਾਂ ਵਿਚ ਘੁੰਮਦਾ ਰਹਿੰਦਾ ਸੀ।

ਪੰਜਾਬ ਸਰਕਾਰ ਨੇ ਪੁਲਿਸ ਵਿਚਲੀਆਂ ‘ਕਾਲੀਆਂ ਭੇਡਾਂ’ ਦੀ ਸ਼ਨਾਖ਼ਤ ਲਈ ਮੁਹਿੰਮ ਵਿੱਢੀ ਹੋਈ ਹੈ। ਗ੍ਰਹਿ ਵਿਭਾਗ ਵੱਲੋਂ ਇਨ੍ਹਾਂ ‘ਕਾਲੀਆਂ ਭੇਡਾਂ’ ਦੀ ਪਛਾਣ ਕਰਕੇ ਸੂਚੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਸੌਂਪੀ ਜਾਣੀ ਹੈ। ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੌਰਾਨ ਸਪੀਕਰ ਸੰਧਵਾਂ ਨੇ ਗ੍ਰਹਿ ਵਿਭਾਗ ਨੂੰ ਪੱਤਰ ਲਿਖ ਕੇ ਪੰਜਾਬ ਪੁਲਿਸ ਤੇ ਹੋਰਨਾਂ ਵਿਭਾਗਾਂ ਵਿਚਲੀਆਂ ‘ਕਾਲੀਆਂ ਭੇਡਾਂ’ ਦੀ ਪਛਾਣ ਕਰਨ ਵਾਸਤੇ ਕਿਹਾ ਸੀ। ਵਿਭਾਗ ਨੇ ਉਨ੍ਹਾਂ ਸਾਰੇ ਪੁਲਿਸ ਅਧਿਕਾਰੀਆਂ/ਮੁਲਾਜ਼ਮਾਂ ਦੀ ਸੂਚੀ ਤਿਆਰ ਕਰਨ ਦਾ ਅਮਲ ਸ਼ੁਰੂ ਕਰ ਦਿੱਤਾ ਹੈ ਜਿਨ੍ਹਾਂ ਖਿਲਾਫ਼ ਪੁਲਿਸ ਜਾਂ ਵਿਜੀਲੈਂਸ ਬਿਊਰੋ ਵੱਲੋਂ ਕੇਸ ਦਰਜ ਕੀਤਾ ਗਿਆ ਹੈ।

ਹੁਣ ਇਹ ਜਾਣਕਾਰੀ ਸਾਹਮਣੇ ਆ ਰਹੀ ਹੈ ਕਿ ਅਜਿਹੇ ਪੁਲਿਸ ਮੁਲਾਜ਼ਮਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਕੰਪਟਰੋਲਰ ਤੇ ਆਡੀਟਰ ਜਨਰਲ (ਕੈਗ) ਨੇ 2016-17 ਦੀ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਨਸ਼ਾ ਤਸਕਰੀ ਦੇ ਕੇਸਾਂ ‘ਚੋਂ 756 ਮੁਲਜ਼ਮ ਬਰੀ ਹੋਏ ਸਨ ਜਿਨ੍ਹਾਂ ‘ਚੋਂ 532 ਮੁਲਜ਼ਮ (ਜੋ 70 ਫ਼ੀਸਦੀ ਬਣਦੇ ਹਨ) ਪੁਲਿਸ ਮੁਲਾਜ਼ਮਾਂ ਦੀ ਨੁਕਸਦਾਰ ਗਵਾਹੀ ਕਰ ਕੇ ਬਰੀ ਹੋਏ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਪਿਛਲੇ ਸਮੇਂ ਦੌਰਾਨ ਅਜਿਹੇ ਸਿਪਾਹੀਆਂ ਅਤੇ ਹੌਲਦਾਰਾਂ ਨੂੰ ਬਦਲਣ ਲਈ ਕਿਹਾ ਸੀ ਜਿਨ੍ਹਾਂ ਦੀ ਲੰਮੇ ਅਰਸੇ ਤੋਂ ਇਕੋ ਥਾਣੇ ਵਿਚ ਤਾਇਨਾਤੀ ਹੈ। ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੌਰਾਨ ਸਪੀਕਰ ਨੇ ਆਪਣੇ ਹਲਕੇ ਦੇ ਏ.ਐਸ.ਆਈ. ਬੋਹੜ ਸਿੰਘ ਦੇ ਹਵਾਲੇ ਨਾਲ ਪੁਲਿਸ ਵਿਚ ‘ਕਾਲੀਆਂ ਭੇਡਾਂ‘ ਹੋਣ ਦੀ ਗੱਲ ਸਦਨ ਵਿਚ ਰੱਖਦਿਆਂ ਬੋਹੜ ਸਿੰਘ ਦੇ ਮਾਮਲੇ ਵਿਚ ਡੀ.ਜੀ.ਪੀ. ਤੋਂ ਰਿਪੋਰਟ ਮੰਗੀ ਸੀ।

ਇਹ ਪਹਿਲੀ ਵਾਰ ਨਹੀਂ ਜਦੋਂ ਭ੍ਰਿਸ਼ਟਾਚਾਰ


***(ਬਾਕੀ ਸਫਾ 6 ‘ਤੇ)***


## ਪੰਜਾਬ ਸਰਕਾਰ ਵੱਲੋਂ ਖੇਤੀ ਨੀਤੀ ਦਾ ਖਰੜਾ ਜਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੀ ਖੇਤੀਬਾੜੀ ਨੀਤੀ ਦਾ ਖਰੜਾ ਆਖਰਕਾਰ ਜਾਰੀ ਕਰ ਦਿੱਤਾ ਹੈ। ਇਸ ਖਰੜੇ ਨੂੰ ਸੂਬਾ ਸਰਕਾਰ ਨੇ ਪੰਜਾਬ ਦੀਆਂ ਸਮੂਹ ਕਿਸਾਨ ਜਥੇਬੰਦੀਆਂ (ਸਿਆਸੀ ਅਤੇ ਗੈਰ-ਸਿਆਸੀ) ਕੋਲ ਸੁਝਾਅ ਲਈ ਭੇਜਿਆ ਗਿਆ ਹੈ। ਕਿਸਾਨ ਜਥੇਬੰਦੀਆਂ ਦੇ ਸੁਝਾਅ ਆਉਣ ਮਗਰੋਂ ਹੀ ਸੂਬਾ ਸਰਕਾਰ ਵੱਲੋਂ ਖੇਤੀਬਾੜੀ ਨੀਤੀ ਨੂੰ ਅਮਲੀ ਰੂਪ ਦਿੱਤਾ ਜਾਵੇਗਾ। ਇਹ ਨੀਤੀ ਪੰਜਾਬ ਰਾਜ ਕਿਸਾਨ ਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਦੀ ਅਗਵਾਈ ਹੇਠ 11 ਮੈਂਬਰੀ ਕਮੇਟੀ ਨੇ ਤਿਆਰ ਕੀਤੀ ਹੈ। ਇਸ ਨੀਤੀ ਨੂੰ ਪੰਜਾਬ ਦੇ ਇਕ ਲੱਖ ਤੋਂ ਵੱਧ ਲੋਕਾਂ ਦੇ ਸੁਝਾਵਾਂ ਨਾਲ ਤਿਆਰ ਕੀਤਾ ਗਿਆ ਹੈ। ਹਾਲਾਂਕਿ ਕਿਸਾਨ ਜਥੇਬੰਦੀਆਂ ਨੇ ਮੁਢਲਾ ਇਤਰਾਜ਼ ਇਹ ਕੀਤਾ ਹੈ ਕਿ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਇਹ ਖਰੜਾ ਪੰਜਾਬੀ ਭਾਸ਼ਾ ਵਿਚ ਦਿੱਤਾ ਜਾਵੇਗਾ ਪਰ ਅਜੇ ਤੱਕ ਇਹ ਸਿਰਫ ਅੰਗਰੇਜ਼ੀ ਵਿਚ ਹੀ ਹੈ।



ਪੰਜਾਬ ਸਰਕਾਰ ਵੱਲੋਂ ਤਿਆਰ ਕੀਤੀ ਗਈ ਖੇਤੀਬਾੜੀ ਨੀਤੀ ਵਿਚ ਕਿਸਾਨਾਂ ਤੇ ਮਜ਼ਦੂਰਾਂ ਦੇ ਨਾਲ-ਨਾਲ ਵਾਤਾਵਰਨ ਦਾ ਧਿਆਨ ਰੱਖਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ। ਇਸ ਖੇਤੀ ਨੀਤੀ ਵਿਚ ਧਰਤੀ ਹੇਠਲਾਂ ਪਾਣੀ ਬਚਾਉਣ ਤੇ ਜੈਵਿਕ ਖੇਤੀ ਨੂੰ ਪ੍ਰਫੁੱਲਤ ਕਰਨ ਦੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਪੰਜਾਬ ਨੂੰ ‘ਬੀਜ ਹੱਬ’ ਵਜੋਂ ਵਿਕਸਿਤ ਕਰਨ ਲਈ ਵੀ ਵਿਉਂਤਬੰਦੀ ਕਰਨ ਦੀ ਗੱਲ ਕੀਤੀ ਗਈ ਹੈ। ਬੀਜ ਉਤਪਾਦਨ ਵਿਚ ਆਲੂ ਦੀ ਖੇਤੀ ਲਈ ਦੋਆਬਾ ਖੇਤਰ, ਕਣਕ ਤੇ ਝੋਨੇ ਲਈ ਲੁਧਿਆਣਾ, ਸੰਗਰੂਰ, ਬਰਨਾਲਾ, ਮੋਗਾ ਇਲਾਕੇ ਨੂੰ ਪ੍ਰਫੁੱਲਤ ਕਰਨ ਦੀ ਪੇਸ਼ਕਸ਼ ਕੀਤੀ ਹੈ। ਇਸੇ ਤਰ੍ਹਾਂ ਬਾਸਮਤੀ ਦੀ ਫ਼ਸਲ ਲਈ ਗੁਰਦਾਸਪੁਰ, ਤਰਨ ਤਾਰਨ ਤੇ ਅੰਮ੍ਰਿਤਸਰ ਅਤੇ ਪਿਆਜ਼ ਲਈ ਬਠਿੰਡਾ ਤੇ ਮਾਨਸਾ ਨੂੰ ਵਿਕਸਿਤ ਕਰਨ ’ਤੇ ਜ਼ੋਰ ਦਿੱਤਾ ਹੈ।

ਨਵੀਂ ਖੇਤੀ ਨੀਤੀ ਦੇ ਖਰੜੇ ਵਿਚ ਧਰਤੀ ਹੇਠਲਾ ਪਾਣੀ ਬਚਾਉਣ ਲਈ ਸੂਬੇ ਵਿਚ ‘ਪਾਣੀ ਬਚਾਓ ਪੈਸਾ ਕਮਾਓ’ ਸਕੀਮ ਸ਼ੁਰੂ ਕਰਨ ’ਤੇ ਜ਼ੋਰ ਦਿੱਤਾ ਗਿਆ ਹੈ। ਇਸ ਸਕੀਮ ਅਧੀਨ ਪਾਣੀ ਬਚਾਉਣ ਵਾਲੇ ਕਿਸਾਨਾਂ ਨੂੰ ਨਕਦ ਇਨਾਮ ਦਿੱਤਾ ਜਾਵੇਗਾ। ਸੂਬੇ ਵਿਚ ਐਮ.ਐਸ.ਪੀ. ਉਤੇ ਖਰੀਦੀਆਂ ਜਾਣ ਵਾਲੀਆਂ ਫਸਲਾਂ ਦੀ ਸਹੀ ਢੰਗ ਨਾਲ ਜਨਤਕ ਵੰਡ ਲਈ ਕੇਂਦਰ ਸਰਕਾਰ ਨਾਲ ਸੰਪਰਕ ਕਰਨ ’ਤੇ ਜ਼ੋਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸੂਬੇ ਵਿਚ 5 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਪੈਨਸ਼ਨ ਦੇਣ ਦੀ ਪੇਸ਼ਕਸ਼ ਵੀ ਕੀਤੀ ਗਈ ਹੈ। ਸੂਬਾ ਸਰਕਾਰ ਵੱਲੋਂ ਇਸ ਖਰੜੇ ਨੂੰ ਕਿਸਾਨ ਜਥੇਬੰਦੀਆਂ ਤੇ ਹੋਰਨਾਂ ਦੇ ਸੁਝਾਅ ਲਈ ਭੇਜਿਆ ਗਿਆ ਹੈ ਜਿਸ ਨੂੰ ਬਾਅਦ ਵਿਚ ਅਮਲੀ ਰੂਪ ਦਿੱਤਾ ਜਾਵੇਗਾ।


ਮੋਰਟਗੇਜ, ਇੰਸ਼ੋਰੈਸ ਅਤੇ ਪ੍ਰਾਪਰਟੀ ਨਾਲ ਸਬੰਧਤ ਸੇਵਾਵਾਂ

Mortgage | Insurance | Property

Dhillon Agencies

Home Mortgages, Commercial Loans, All kinds of Insurances, Residential / Commercial properties

* ਪ੍ਰਾਪਰਟੀ, ਲੋਨਜ਼ ਅਤੇ ਇੰਸ਼ੋਰੈਂਸ ਲਈ ਸਭ ਤੋਂ ਭਰੋਸੇਮੰਦ ਢਿੱਲੋਂ ਏਜੰਸੀਜ਼ ਹਰ ਸਮੇਂ ਤੁਹਾਡੀ ਸੇਵਾ ਵਿਚ ਹਾਜ਼ਰ ਹੈ।
* ਆਪਣੇ ਸੁਪਨਿਆਂ ਦਾ ਘਰ ਜਾਂ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ, ਮੋਰਟਗੇਜ, ਕਾਮਰਸ਼ੀਅਲ ਲੋਨਜ਼ ਅਤੇ ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਾਡੇ ਨਾਲ ਸੰਪਰਕ ਕਰੋ।

@ Mortgages: mortgages@dhillonagencies.com; Insurances: insurances@dhillonagencies.com; Properties: properties @dhillonagencies.com

dhillonagencies.com | (516) 441-0188

8624 239th Street, Bellerose, NY11426





Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# 'ਢਾਹਾਂ ਸਾਹਿਤ ਇਨਾਮ-2024' ਲਈ ਚੁਣੇ ਗਏ ਤਿੰਨ ਕਹਾਣੀਕਾਰਾਂ ਦੇ ਨਾਵਾਂ ਦਾ ਐਲਾਨ

## ਸ਼ਹਿਜ਼ਾਦ ਅਸਲਮ , ਜਿੰਦਰ ਅਤੇ ਸੁਰਿੰਦਰ ਨੀਰ ਨੇ ਫਾਈਨਲ ਸੂਚੀ ਵਿਚ ਬਣਾਈ ਥਾਂ


**ਰਿਚਮੰਡ, ਬੀ.ਸੀ./ ਬੰਗਾ:** ਸਾਲ 2013 ਤੋਂ ਕੈਨੇਡਾ ਦੀ ਧਰਤੀ ਤੋਂ ਆਰੰਭ ਹੋਏ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ 51000 ਕੈਨੇਡੀਅਨ ਡਾਲਰ ਦੇ ਕੌਮਾਂਤਰੀ ਪ੍ਰਸਿੱਧੀ ਵਾਲੇ ਢਾਹਾਂ ਸਾਹਿਤ ਇਨਾਮ 2024 ਦੇ ਆਖਰੀ ਪੜਾਅ ਵਿਚ ਪੁੱਜੇ ਤਿੰਨ ਕਹਾਣੀਕਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ। 'ਢਾਹਾਂ ਸਾਹਿਤ ਇਨਾਮ' ਦੇ ਬਾਨੀ ਸ. ਬਰਜਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ ਢਾਹਾਂ ਸਾਹਿਤ ਇਨਾਮ 2024 ਦੇ ਫਾਈਨਲਿਸਟਾਂ ਵਿਚ ਸ਼ਹਿਜ਼ਾਦ ਅਸਲਮ (ਲਾਹੌਰ, ਪੰਜਾਬ, ਪਾਕਿਸਤਾਨ) ਦਾ ਕਹਾਣੀ ਸੰਗ੍ਰਹਿ 'ਜੰਗਲ ਰਾਖੇ ਜੱਗ ਦੇ', ਜਿੰਦਰ (ਜਲੰਧਰ, ਪੰਜਾਬ, ਭਾਰਤ) ਦਾ ਕਹਾਣੀ ਸੰਗ੍ਰਹਿ 'ਸੇਫਟੀ ਕਿੱਟ' ਅਤੇ ਸੁਰਿੰਦਰ ਨੀਰ (ਜੰਮੂ, ਜੰਮੂ ਅਤੇ ਕਸ਼ਮੀਰ, ਭਾਰਤ) ਦਾ ਕਹਾਣੀ ਸੰਗ੍ਰਹਿ 'ਟੈਬੂ' ਸ਼ਾਮਿਲ ਹੈ। ਇਨ੍ਹਾਂ ਤਿੰਨ ਕਹਾਣੀ ਸੰਗ੍ਰਹਿਾਂ ਵਿਚੋਂ ਇਕ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਦਾ ਇਨਾਮ ਅਤੇ ਦੋਵਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਦਾ ਢਾਹਾਂ ਸਾਹਿਤ ਇਨਾਮ ਭੇਟ ਕੀਤਾ ਜਾਵੇਗਾ। ਸਨਮਾਨ ਦੀ ਇਹ ਰਸਮ 14 ਨਵੰਬਰ, 2024 ਨੂੰ ਸਰੀ, ਬ੍ਰਿਟਿਸ਼ ਕੋਲੰਬੀਆ ਦੇ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਵਿਚ ਹੋ ਰਹੇ ਵਿਸ਼ੇਸ਼ ਸਮਾਗਮ ਵਿਚ ਅਦਾ ਹੋਵੇਗੀ। ਇਸ ਮੌਕੇ ਜੇਤੂ ਕਿਤਾਬਾਂ ਦਾ ਗੁਰਮੁਖੀ ਜਾਂ ਸ਼ਾਹਮੁਖੀ ਵਿਚ ਲਿਪੀਅੰਤਰਨ ਕਰਨ ਲਈ ਵੀ 6,000 ਕੈਨੇਡੀਅਨ ਡਾਲਰ ਦਾ ਸਨਮਾਨ ਭੇਟ ਕੀਤਾ ਜਾਵੇਗਾ।

ਸ. ਬਰਜਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ "ਸਾਡਾ ਟੀਚਾ ਹਰ ਸਾਲ ਪ੍ਰਕਾਸ਼ਿਤ ਹੋਣ ਵਾਲੇ ਪੰਜਾਬੀ ਗਲਪ ਦੀਆਂ ਉੱਤਮ ਰਚਨਾਵਾਂ ਨੂੰ ਆਮ ਲੋਕਾਈ ਤੱਕ ਪਹੁੰਚਾਉਣਾ ਹੈ। ਪੰਜਾਬੀ ਜ਼ੁਬਾਨ ਦੀ ਅਮੀਰ ਵਿਰਾਸਤ ਨੂੰ ਜੋੜਨ ਵਾਲੇ ਢਾਹਾਂ ਸਾਹਿਤ ਇਨਾਮ ਦਾ ਉਦੇਸ਼ ਹੱਦਾਂ-ਸਰਹੱਦਾਂ ਤੋਂ ਉੱਪਰ ਉੱਠ ਕੇ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨਾ, ਵਿਸ਼ਵ ਭਰ ਦੇ ਪੰਜਾਬੀ ਭਾਈਚਾਰੇ ਨੂੰ ਜੋੜਨਾ, ਪੰਜਾਬੀ ਭਾਸ਼ਾ-ਸਾਹਿਤ ਦਾ ਪਸਾਰ ਕਰਨਾ ਹੈ। ਇਹ ਇਨਾਮ ਲੇਖਕਾਂ ਨੂੰ ਆਲੋਚਨਾਤਮਕ ਪਛਾਣ ਅਤੇ ਪ੍ਰਸਿੱਧੀ ਦਿੰਦਾ ਹੈ, ਜਿਸ ਨਾਲ ਉਨ੍ਹਾਂ ਲਈ ਕੌਮਾਂਤਰੀ ਪੱਧਰ 'ਤੇ ਬਹੁ-ਭਾਸ਼ੀ ਪਾਠਕਾਂ ਤੱਕ ਪਹੁੰਚਣ ਦਾ ਰਸਤਾ ਵੀ ਮਿਲਦਾ ਹੈ। ਢਾਹਾਂ ਸਾਹਿਤ ਇਨਾਮ ਰਾਹੀਂ ਅਸੀਂ ਹਮੇਸ਼ਾ ਹੀ ਦੋਵਾਂ ਪੰਜਾਬਾਂ ਵਿਚ ਸਾਂਝ ਦਾ ਪੁਲ ਬੰਨ੍ਹਣ ਲਈ ਯਤਨਸ਼ੀਲ ਰਹੇ ਹਾਂ। ਸ. ਢਾਹਾਂ ਨੇ ਕਿਹਾ ਕਿ ਪੰਜਾਬੀ ਸਾਹਿਤ ਜਗਤ ਵਿਚ ਢਾਹਾਂ ਸਾਹਿਤ ਇਨਾਮ ਨੂੰ ਸਮੂਹ ਸਾਹਿਤ ਸਿਰਜਣਹਾਰਾਂ ਅਤੇ ਆਲੋਚਕਾਂ ਵੱਲੋਂ ਭਰਪੂਰ ਮਾਣ- ਸਤਿਕਾਰ ਕੌਮਾਂਤਰੀ ਪੱਧਰ 'ਤੇ ਦਿੱਤਾ ਜਾ ਰਿਹਾ ਹੈ ਅਤੇ ਹੌਸਲਾ ਅਫਜ਼ਾਈ ਕੀਤੀ ਜਾ ਰਹੀ ਹੈ। ਸਾਲ 2024 ਵਿਚ ਭਾਰਤ, ਪਾਕਿਸਤਾਨ, ਆਸਟ੍ਰੇਲੀਆ, ਅਮਰੀਕਾ ਅਤੇ ਕੈਨੇਡਾ ਤੋਂ ਵੱਡੀ ਗਿਣਤੀ ਪੁਸਤਕਾਂ ਪੁਰਸਕਾਰ ਲਈ ਪ੍ਰਾਪਤ ਹੋਈਆਂ ਸਨ। ਢਾਹਾਂ ਸਾਹਿਤ ਇਨਾਮ ਜੇਤੂ ਪੰਜਾਬੀ ਸਾਹਿਤ ਜਗਤ ਦੇ ਉੱਚ ਕੋਟੀ ਦੇ ਕਹਾਣੀਕਾਰ ਅਤੇ ਉੱਤਮ ਸ਼ਖਸੀਅਤਾਂ ਹਨ, ਜਿਨ੍ਹਾਂ ਦੀਆਂ ਕਹਾਣੀਆਂ ਦੀਆਂ ਇਹ ਪੁਸਤਕਾਂ ਪੰਜਾਬੀ ਸਾਹਿਤ ਜਗਤ ਨੂੰ ਵਿਲੱਖਣ ਸੰਦੇਸ਼ ਦੇਣ ਵਾਲੀਆਂ ਹਨ। ਸ. ਢਾਹਾਂ ਨੇ ਦੱਸਿਆ ਕਿ ਢਾਹਾਂ ਸਾਹਿਤ ਇਨਾਮ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਵਿਖੇ ਸਾਲ 2013 ਵਿਚ ਸਥਾਪਿਤ ਕੀਤਾ ਗਿਆ ਸੀ, ਜਿੱਥੇ ਪੰਜਾਬੀ ਲੋਕਾਂ, ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਦਾ ਅਮੀਰ ਇਤਿਹਾਸ ਹੈ। ਪੰਜਾਬੀ ਹੁਣ ਕੈਨੇਡਾ ਵਿਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਦੇਸ਼ ਦੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਵਿਚ ਮਜ਼ਬੂਤ ਧਾਗਾ ਹੈ।

ਇਸ ਮੌਕੇ ਢਾਹਾਂ ਸਾਹਿਤ ਇਨਾਮ ਦੇ ਸਲਾਹਕਾਰ ਬੋਰਡ ਦੇ ਮੁਖੀ ਜ਼ੁਬੈਰ ਅਹਿਮਦ ਨੇ ਦੱਸਿਆ ਕਿ ਸਾਲ 2024 ਲਈ ਚੁਣੀਆਂ ਗਈਆਂ ਪੁਸਤਕਾਂ ਵਿਚ ਵਿਸ਼ਵ ਦੇ ਕਈ ਦੇਸ਼ਾਂ ਵਿਚ ਪੰਜਾਬੀਆਂ ਨਾਲ ਸਬੰਧਤ ਮੌਜੂਦਾ ਮੁੱਦਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਜਿਨ੍ਹਾਂ ਵਿਚ ਵਾਤਾਵਰਨ, ਔਰਤਾਂ ਦਾ ਸਸ਼ਕਤੀਕਰਨ, ਜਾਤ-ਪਾਤ, ਮਨੁੱਖੀ ਰਿਸ਼ਤੇ, ਪੰਜਾਬੀ ਡਾਇਸਪੋਰਾ ਅਤੇ ਹੋਰ ਬਹੁਤ ਸਵੇਂਦਨਸ਼ੀਲ ਵਿਸ਼ੇ ਸ਼ਾਮਲ ਹਨ। ਸ੍ਰੀ ਜ਼ੁਬੈਰ ਅਹਿਮਦ ਨੇ ਕਿਹਾ ਕਿ ਇਨ੍ਹਾਂ ਲੇਖਕਾਂ ਨੇ ਆਪਣੀਆਂ ਕਹਾਣੀਆਂ ਰਾਹੀਂ ਉਪਰੋਕਤ ਵਿਸ਼ਿਆਂ ਨੂੰ ਸ਼ਾਨਦਾਰ ਤਰੀਕੇ ਨਾਲ ਪਾਠਕਾਂ ਦੇ ਸਨਮੁੱਖ ਕੀਤਾ ਹੈ।

ਸਾਲ 2024 ਦੇ ਸਨਮਾਨ ਸਮਾਗਮ ਵਿਚ ਪ੍ਰਸਿੱਧ ਸੰਗੀਤਕਾਰ ਤਬਲਾ ਵਾਦਕ ਸੰਨੀ ਮਠਾੜੂ, ਦਿਲਰੁਬਾ ਵਾਦਕ ਪਵਿੱਤਰ ਸਿੰਘ ਅਤੇ ਗਾਇਕ ਸਾਂਝ ਜੌੜਾ ਵੱਲੋਂ ਆਪਣੀਆਂ ਸ਼ਾਨਦਾਰ ਪੇਸ਼ਕਾਰੀਆਂ ਕੀਤੀਆਂ ਜਾਣਗੀਆਂ ਅਤੇ ਮੰਚ ਸੰਚਾਲਨ ਮੀਡੀਆ ਦੀ ਉੱਘੀ ਸ਼ਖਸੀਅਤ ਬੀਬੀ ਤਰੰਨੁਮ ਥਿੰਦ ਵੱਲੋਂ ਕੀਤਾ ਜਾਵੇਗਾ।

ਵਰਣਨਯੋਗ ਹੈ ਕਿ ਢਾਹਾਂ ਸਾਹਿਤ ਇਨਾਮ ਵੈਨਕੂਵਰ ਕੈਨੇਡਾ ਵਿਚ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਦੁਆਰਾ ਦਿੱਤਾ ਜਾਂਦਾ ਹੈ ਅਤੇ ਜੋ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਡਿਪਾਰਟਮੈਂਟ ਆਫ ਏਸ਼ੀਅਨ ਸਟੱਡੀਜ਼ ਦੇ ਸਹਿਯੋਗ ਨਾਲ ਬਣਾਇਆ ਗਿਆ ਸੀ। ਇਸ ਇਨਾਮ ਵਿਚ ਸ. ਬਰਜਿੰਦਰ ਸਿੰਘ ਢਾਹਾਂ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਰੀਟਾ ਢਾਹਾਂ ਵੱਲੋਂ ਪ੍ਰਮੁੱਖ ਯੋਗਦਾਨ ਪਾਇਆ ਜਾਂਦਾ ਹੈ। ਸਾਲ 2013 ਵਿਚ ਸਥਾਪਤ ਢਾਹਾਂ ਸਾਹਿਤ ਇਨਾਮ ਪੰਜਾਬੀ ਭਾਸ਼ਾ ਦੀ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਦੀਆਂ ਗਲਪ ਪੁਸਤਕਾਂ ਲਈ ਸਭ ਤੋਂ ਵੱਡਾ ਅੰਤਰਰਾਸ਼ਟਰੀ ਸਾਹਿਤਕ ਇਨਾਮ ਹੈ।




*ਸਾਲ 2024 ਦੇ ਢਾਹਾਂ ਸਾਹਿਤ ਇਨਾਮ ਲਈ ਚੁਣੇ ਗਏ ਕਹਾਣੀਕਾਰ ਸ਼ਹਿਜ਼ਾਦ ਅਸਲਮ (ਲਾਹੌਰ), ਜਿੰਦਰ (ਜਲੰਧਰ), ਸੁਰਿੰਦਰ ਨੀਰ (ਜੰਮੂ) ਅਤੇ ਉਨ੍ਹਾਂ ਦੀਆਂ ਪੁਸਤਕਾਂ ਦੇ ਸਰਵਰਕ।*

# 'ਪ੍ਰੋ: ਪਿਆਰਾ ਸਿੰਘ ਭੋਗਲ ਐਵਾਰਡ' ਡਾ: ਸਵਰਾਜਬੀਰ ਨੂੰ

**ਫਗਵਾੜਾ:** ਪ੍ਰਸਿੱਧ ਪੰਜਾਬੀ ਲੇਖਕ, ਆਲੋਚਕ ਅਤੇ ਕਾਲਮਨਵੀਸ ਪ੍ਰੋ: ਪਿਆਰਾ ਸਿੰਘ ਭੋਗਲ ਯਾਦਗਾਰੀ ਐਵਾਰਡ ਕਮੇਟੀ ਦੀ ਮੀਟਿੰਗ ਸੀਨੀਅਰ ਪੱਤਰਕਾਰ ਅਤੇ ਪ੍ਰੈੱਸ ਕਲੱਬ ਪੰਜਾਬ (ਜਲੰਧਰ) ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਦੀ ਪ੍ਰਧਾਨਗੀ ਹੇਠ ਹੋਈ।

ਐਵਾਰਡ ਕਮੇਟੀ ਦੇ ਜਨਰਲ ਸਕੱਤਰ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਦੱਸਿਆ ਕਿ ਮੀਟਿੰਗ ਵਿਚ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਪ੍ਰੋ: ਪਿਆਰਾ ਸਿੰਘ ਭੋਗਲ ਦੀ ਯਾਦ ਵਿਚ ਸਥਾਪਿਤ ਕੀਤਾ ਗਿਆ ਪੁਰਸਕਾਰ ਨਾਮਵਾਰ ਲੇਖਕ ਅਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਡਾ: ਸਵਰਾਜਬੀਰ ਨੂੰ ਦਿੱਤਾ ਜਾਵੇਗਾ।

ਇਸ ਪਲੇਠੇ ਪੁਰਸਕਾਰ ਵਿਚ 51000 ਰੁਪਏ ਦੀ ਰਾਸ਼ੀ, ਮੂਮੈਂਟੋ, ਦੁਸ਼ਾਲਾ ਅਤੇ ਮਾਣ ਪੱਤਰ ਦਿੱਤਾ ਸ਼ਾਮਲ ਹੋਵੇਗਾ। ਇਹ ਐਵਾਰਡ ਫਗਵਾੜਾ ਵਿਖੇ ਕੀਤੇ ਜਾਣ ਵਾਲੇ ਇਕ ਸਮਾਗਮ ਦੌਰਾਨ ਅਕਤੂਬਰ ਮਹੀਨੇ ਦੇ ਅਖੀਰਲੇ ਪੰਦਰਵਾੜੇ ਵਿਚ ਦਿੱਤਾ ਜਾਵੇਗਾ। ਇਸ ਮੀਟਿੰਗ ਵਿਚ ਡਾ: ਲਖਵਿੰਦਰ ਸਿੰਘ ਜੌਹਲ, ਪ੍ਰੋ: ਜਸਵੰਤ ਸਿੰਘ ਗੰਡਮ, ਰਵਿੰਦਰ ਚੋਟ ਅਤੇ ਪ੍ਰੋ: ਪਿਆਰਾ ਸਿੰਘ ਭੋਗਲ ਦੇ ਪਰਿਵਾਰ ਵਿਚੋਂ ਡਾ: ਗੁਲਜ਼ਾਰ ਸਿੰਘ ਵਿਰਦੀ ਸ਼ਾਮਲ ਹੋਏ।

ਪ੍ਰੋ: ਭੋਗਲ ਦੇ ਸਪੁੱਤਰ ਪ੍ਰੋ: ਹਿਰਦੇਜੀਤ ਸਿੰਘ ਅਤੇ ਪ੍ਰੇਮਪਾਲ ਸਿੰਘ (ਨਾਰਵੇ) ਵੀ ਇਸ ਕਮੇਟੀ ਦੇ ਮੈਂਬਰ ਹਨ। ਪ੍ਰੋ: ਪਿਆਰਾ ਸਿੰਘ ਭੋਗਲ, ਜਿਨ੍ਹਾਂ ਨੇ 50 ਤੋਂ ਵੱਧ ਪੁਸਤਕਾਂ ਲਿਖੀਆਂ ਸਨ ਅਤੇ ਅਨੇਕਾਂ ਵਿਦਿਅਕ, ਸਾਹਿਤਕ ਅਤੇ ਸਮਾਜਿਕ ਸੰਸਥਾਵਾਂ ਨਾਲ ਜੁੜੇ ਹੋਏ ਸਨ, 24 ਮਈ 2023 ਨੂੰ ਸਦੀਵੀ ਵਿਛੋੜਾ ਦੇ ਗਏ ਸਨ।



*ਡਾ: ਸਵਰਾਜਬੀਰ*

# ਅਰਪਨ ਲਿਖਾਰੀ ਸਭਾ ਦੀ ਸਾਹਿਤਕ ਮਿਲਣੀ 'ਚ ਚੱਲਿਆ ਰਚਨਾਵਾਂ ਦਾ ਦੌਰ

**ਕੈਲਗਰੀ:** ਅਰਪਨ ਲਿਖਾਰੀ ਸਭਾ ਦੀ ਮਹੀਨਾਵਾਰ ਮੀਟਿੰਗ 14 ਸਤੰਬਰ ਨੂੰ ਕੋਸੋ ਹਾਲ ਵਿਚ ਡਾ. ਜੋਗਾ ਸਿੰਘ ਸਹੋਤਾ, ਮਾ. ਹਰਭਜਨ ਸਿੰਘ ਅਤੇ ਡਾ. ਹਰਿੰਦਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਸਦੀਵੀ ਵਿਛੋੜਾ ਦੇ ਗਈਆਂ ਸ਼ਖ਼ਸੀਅਤਾਂ, ਸਾਹਿਤਕਾਰ ਬਲਬੀਰ ਸਿੰਘ ਮੋਮੀ, ਸਾਰਾਗੜ੍ਹੀ ਦੇ ਸ਼ਹੀਦਾਂ, ਮਾਰਕਸੀ ਆਗੂ ਸੀਤਾ ਰਾਮ ਯੇਚੁਰੀ, ਮੈਨੀਟੋਬਾ ਨੇਸ਼ਨਜ਼ ਦੀ ਗ੍ਰੈਂਡ ਚੀਫ਼ ਕੈਥੀ ਮੈਰਿਕ ਅਤੇ ਬੀਬੀ ਅਮਰਜੀਤ ਕੌਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਦੁਖੀ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।

ਉਪਰੰਤ ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੇ ਬਲਬੀਰ ਸਿੰਘ ਮੋਮੀ ਅਤੇ ਸੀਤਾ ਰਾਮ ਯੇਚੁਰੀ ਬਾਰੇ ਸੰਖੇਪ ਜਾਣਕਾਰੀ ਦਿੱਤੀ ਤੇ ਆਪਣੀ ਇਕ ਗ਼ਜ਼ਲ ਵੀ ਪੇਸ਼ ਕੀਤੀ। ਜਰਨੈਲ ਤੱਗੜ ਨੇ ਕਵਿਤਾ 'ਕੋਸ਼ਿਸ਼ ਕਰਕੇ ਦੇਖ ਜ਼ਰਾ ਤੂੰ' ਸੁਣਾਈ, ਬਚਨ ਸਿੰਘ ਗੁਰਮ ਨੇ ਆਪਣੀਆਂ ਦੋ ਗ਼ਜ਼ਲਾਂ, 'ਗੱਲ ਰੁਕਦੀ ਤਾਂ ਨਹੀਂ ਹੈ ਇਹ ਤਾਂ ਅਗੇ ਹੀ ਤੁਰੀ ਹੈ', ਇਕ ਹੋਰ ਗ਼ਜ਼ਲ 'ਲਕੀਰਾਂ ਤਾਂ ਮਹਿਜ਼ ਲਕੀਰਾਂ ਹੁੰਦੀਆਂ ਭਾਵੇਂ ਹੱਥਾਂ 'ਤੇ ਹੋਣ ਭਾਵੇਂ ਮੱਥੇ 'ਤੇ' ਪੇਸ਼ ਕਰ ਕੇ ਸਰੋਤਿਆਂ ਦੇ ਮਨਾਂ ਨੂੰ ਟੁੰਬਿਆ। ਲਖਵਿੰਦਰ ਸਿੰਘ ਜੌਹਲ ਨੇ ਕੈਨੇਡਾ ਨੂੰ ਆਉਂਦੇ ਹਿਜ਼ਰਤੀਆਂ ਬਾਰੇ ਕਵਿਤਾ, 'ਕਈ ਜਾਂਦੇ ਕੈਨੇਡਾ ਸ਼ੌਂਕ ਨਾਲ' ਸੁਣਾ ਕੇ ਸਰੋਤਿਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ।

ਮਾ. ਹਰਭਜਨ ਸਿੰਘ ਨੇ ਆਪਣੀਆਂ ਲਿਖਤਾਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਅਮਨਪ੍ਰੀਤ ਸਿੰਘ ਦੁੱਲਟ ਨੇ ਆਪਣੀ ਕਵਿਤਾ 'ਕਰਦੇ ਓਹ ਇਨਸਾਫ਼ ਲਈ, ਲੜਾਈਆਂ ਹਾਰੇ। ਬਾਕੀ ਜੰਗ ਤਾਂ ਜਿੱਤਗੇ, ਆ ਗਵਾਹੀਆਂ ਹਾਰੇ' ਅਤੇ ਜਸਬੀਰ ਸਿੰਘ ਨੇ ਸਿਹੋਤਾ ਨੇ 'ਕਦੀ ਕਦੀ ਫ਼ੋਨ ਕਰ ਲੈਂਦਾ ਹਾਂ ਉਸ ਨੂੰ' ਕਵਿਤਾ ਰਾਹੀਂ ਹਾਜ਼ਰੀ ਲਗਵਾਈ। ਜਦੋਂ ਡਾ. ਹਰਿੰਦਰ ਪਾਲ ਸਿੰਘ ਨੇ ਆਪਣੀ ਸੁਰੀਲੀ ਅਵਾਜ਼ ਵਿਚ ਸ਼ਿਵ ਦਾ ਗੀਤ 'ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ ਗਾਇਆ ਤਾਂ ਸੋਗੀ ਮਾਹੌਲ ਸਿਰਜਿਆ ਗਿਆ। ਡਾ. ਮਨਮੋਹਨ ਸਿੰਘ ਬਾਠ ਨੇ ਸੁਰਜੀਤ ਪਾਤਰ ਦੀ ਗ਼ਜ਼ਲ 'ਅਸਾਡੀ ਤੁਹਾਡੀ ਮੁਲਾਕਾਤ ਹੋ ਗਈ' ਡਾ. ਜੋਗਾ ਸਿੰਘ ਨੇ ਸੁਰਜੀਤ ਪਾਤਰ ਦੀ ਗ਼ਜ਼ਲ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ' ਅਤੇ ਕਿਸ਼ੋਰ ਕੁਮਾਰ ਦੀ ਗਾਈ ਨਜ਼ਮ 'ਵੋਹ ਸ਼ਾਮ ਕੁਛ ਅਜੀਬ ਥੀ ਯੇ ਸ਼ਾਮ ਵੀ ਅਜੀਬ ਹੈ' ਸੁਣਾ ਕੇ ਮਾਹੌਲ ਰੰਗੀਨ ਕਰ ਦਿੱਤਾ। ਗੁਰਚਰਨ ਸਿੰਘ ਹੇਅਰ ਨੇ ਆਪਣੀ ਸੁਰੀਲੀ ਆਵਾਜ਼ ਵਿਚ ਇਕ ਧਾਰਮਿਕ ਕਵਿਤਾ ਪੇਸ਼ ਕਰ ਕੇ ਵਾਹ-ਵਾਹ ਖੱਟੀ। ਸੁਖਵਿੰਦਰ ਸਿੰਘ ਤੂਰ ਨੇ ਆਪਣੀ ਬੁਲੰਦ ਅਵਾਜ਼ ਵਿਚ ਕਵਿਤਾ 'ਨਾ ਵੰਡਣ ਨਾ ਢਾਉਣ ਲਈ ਲੜ ਸਾਂਭਣ ਅਤੇ ਬਚਾਉਣ ਲਈ ਲੜ' ਗਾ ਕੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ।

ਜਸਵੰਤ ਸਿੰਘ ਸੇਖੋਂ ਨੇ ਵਾਰ ਅਕਾਲੀ ਫੂਲਾ ਸਿੰਘ 'ਚੋਟਾਂ ਮਾਰ ਨਗਾਰੇ ਪੈ ਗਿਆ ਫਿਰ ਫ਼ੌਜਾਂ ਦਾ ਸਰਦਾਰ' ਕਵੀਸ਼ਰੀ ਰੰਗ ਵਿਚ ਪੇਸ਼ ਕਰਕੇ ਗਾਇਕੀ ਦੀ ਸਿਖ਼ਰ ਕਰ ਦਿੱਤੀ। ਇੰਜੀ: ਜੀਰ ਸਿੰਘ ਨੇ ਸਦਾਚਾਰ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਆਪਣੀ ਜ਼ਿੰਦਗੀ ਦੇ ਸਾਰਥਕ ਤਜਰਬੇ ਸਾਂਝੇ ਕੀਤੇ। ਪ੍ਰਿੰਸੀਪਲ ਬਲਦੇਵ ਸਿੰਘ ਦੁੱਲਟ ਨੇ ਕੈਨੇਡਾ ਵਿਚ ਔਰਤ ਨੂੰ ਮਰਦਾਂ ਦੇ ਬਰਾਬਰ ਹੱਕ ਦਿਵਾਉਣ ਦੀ ਮੁਹਿੰਮ ਨੂੰ ਚਲਾਉਣ ਵਾਲੀਆਂ ਪੰਜ ਇਸਤਰੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਜਗਦੇਵ ਸਿੰਘ ਸਿੱਧੂ ਨੇ ਸਰਦੂਲ ਸਿੰਘ ਲੱਖਾ ਦੀਆਂ ਦੋ ਕਵਿਤਾਵਾਂ ਦਾ ਆਲੋਚਨਾਤਮਿਕ ਅਤੇ ਸਰੋਕਾਰੀ ਪੱਖ ਸਰੋਤਿਆਂ ਨਾਲ ਸਾਂਝਾ ਕੀਤਾ।

ਸਤਨਾਮ ਸਿੰਘ ਢਾਅ ਨੇ ਨਵੇਂ ਸ਼ਾਮਲ ਹੋਏ ਸਾਹਿਤਕਾਰਾਂ (ਮਾ. ਹਰਭਜਨ ਸਿੰਘ ਅਤੇ ਰਵਿੰਦਰ ਸਿੰਘ ਸੋਢੀ) ਦਾ ਹਾਰਦਿਕ ਸੁਆਗਤ ਕੀਤਾ ਨਾਲ ਹੀ ਅੱਜ ਦੇ ਹਾਲਾਤ ਬਿਆਨ ਕਰਦੇ ਵੱਖ ਵੱਖ ਅਤੇ ਉੱਘੇ ਗ਼ਜ਼ਲਗੋਆਂ ਦੇ ਲਿਖੇ ਚੋਣਵੇਂ ਸ਼ੇਅਰ ਪੇਸ਼ ਕੀਤੇ। ਇਸ ਸਾਹਿਤ ਚਰਚਾ ਵਿਚ ਸੁਬਾ ਸ਼ੇਖ, ਬੀਬੀ ਅਵਤਾਰ ਕੌਰ ਤੱਗੜ ਅਤੇ ਹਰਮਨਜੀਤ ਸਿੰਘ ਢਾਅ ਅਤੇ ਦੀਪਕ ਘਟੋੜਾ ਨੇ ਵੀ ਯੋਗਦਾਨ ਪਾਇਆ। ਸਟੇਜ ਦੀ ਕਾਰਵਾਈ ਜਸਵੰਤ ਸਿੰਘ ਸੇਖੋਂ ਨੇ ਬਾ-ਖ਼ੂਬੀ ਨਿਭਾਈ। ਉਪਰੰਤ ਡਾ. ਜੋਗਾ ਸਿੰਘ ਨੇ ਅਗਲੀ ਮੀਟਿੰਗ 12 ਅਕਤੂਬਰ ਨੂੰ ਹੋਣ ਦੀ ਜਾਣਕਾਰੀ ਦਿੰਦਿਆਂ ਅੱਜ ਦੀਆਂ ਪੇਸ਼ਕਾਰੀਆਂ ਨੂੰ ਮਿਆਰੀ ਦੱਸਦਿਆਂ ਹਾਜ਼ਰੀਨ ਦਾ ਧੰਨਵਾਦ ਕੀਤਾ।

**ਰਿਪੋਰਟ: ਸਤਨਾਮ ਸਿੰਘ ਢਾਅ/ ਜਸਵੰਤ ਸਿੰਘ ਸੇਖੋਂ**



# ਗੁਰਦੀਪ ਕੌਰ ਡੰਡੋਨਾ ਦੇ ਦੇਹਾਂਤ ਨਾਲ ਪਰਿਵਾਰ ਨੂੰ ਸਦਮਾ

**ਸ਼ਿਕਾਗੋ:** ਗੁਰਦੀਪ ਕੌਰ ਡੰਡੋਨਾ (ਜੌਲੀ) 12 ਸਤੰਬਰ, 2024 ਨੂੰ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹ 58 ਸਾਲਾਂ ਦੇ ਸਨ। ਉਹ ਲੰਮੇ ਸਮੇਂ ਤੋਂ ਬਿਮਾਰ ਸਨ। ਉਹ ਆਪਣੇ ਪਿੱਛੇ ਬੱਚੇ ਪ੍ਰਭਜੋਤ ਕੌਰ ਡੰਡੋਨਾ, ਅਜੀਤ ਸਿੰਘ ਡੰਡੋਨਾ, ਜਸਲੀਨ ਕੌਰ ਸਮਰਾ, ਅਤੇ ਤਿੰਨ ਪੋਤੇ-ਪੋਤੀਆਂ: ਜਪਨਾਮ, ਅਦਰੂਪ ਅਤੇ ਕ੍ਰਿਪਾ ਛੱਡ ਗਏ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ 16 ਸਤੰਬਰ, ਸੋਮਵਾਰ ਨੂੰ ਕੰਟਰੀਸਾਈਡ ਫਿਊਨਰਲ ਹੋਮ ਬਾਰਟਲੇਟ, ਵਿਖੇ ਕੀਤਾ ਗਿਆ। ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਵ੍ਹੀਟਨ ਵਿਖੇ ਕੀਤੀ ਗਈ।



ਪਰਿਵਾਰ ਨਾਲ ਦੁਖ ਸਾਂਝਾ ਕਰਨ ਜਾਂ ਹੋਰ ਵਧੇਰੇ ਜਾਣਕਾਰੀ ਲਈ ਗੈਰੀ ਡੰਡੋਨਾ ਨਾਲ ਫੋਨ ਨੰਬਰ 224-717-6832 ਅਤੇ ਅਜੀਤ ਡੰਡੋਨਾ ਨਾਲ ਫੋਨ ਨੰਬਰ 847-730-9292 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746
E-mail: punjabtimes1@gmail.com

## ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ
* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ
* ਜੋੜੇ ਨੂੰ ਪਹਿਲ

## Restaurant Help Wanted

Immediately hiring Cook, Tandoori Chef, Helper & Server for Indian restaurant in Murfreesboro, TN.
*Good salary, free accommodation & Food.
*Hiring Bonus $1500
* Priority to Couples

ਸੰਪਰਕ ਕਰੋ: ਗੁਰਇਕਬਾਲ ਸਿੰਘ
ਫੋਨ: 629-295-6982
Direct call or What's up call 615-482-5158

34-37

## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635



## UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares

**Call: 773-338-5603**

## SUPER TRAVEL

847-676-9090, 773-465-5566
*E-mail: supertravel2003@live.com*
Lowest Fares With Excellent Service

*United Airlines*
*British Airways*

For Emergency
Call anytime at
847-436-9010



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available


# Matrimonials

## ਲੜਕੀ ਦੀ ਲੋੜ ਹੈ

Jatt Sikh family residing in SF Bay area California looking for a suitable match in US/Canada/India for their US born and raised 24, 5'10" son. He has done a Bachelor degree from UCLA and Masters from UCSF in Computer Science and BioMedical Imaging. Boy wears a turban and keeps his hair. He is employed with a high salary in a reputed company in the SF Bay Area. Beyond education, girl must possess a joint family-oriented mindset with good moral family values. Please Contact ph: 510 861 6491 or email: pgrrealty@gmail.com

37-40

---

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202.

37-40

---

ਰਾਮਗੜ੍ਹੀਆ ਲੜਕਾ, ਉਮਰ 40 ਸਾਲ, 5'10", ਅਮੈਰੀਕਨ ਸਿਟੀਜ਼ਨ, ਇੰਡੀਆ ਤੋਂ Electronics and Communication Engineering ਦੀ ਡਿਗਰੀ, ਇੰਟਰਨੈਸ਼ਨਲ ਕੰਪਨੀ ਵਿਚ Senior Administrator, ਤਲਾਕਸ਼ੁਦਾ (ਬਿਨਾ ਬੱਚੇ ਤੋਂ) ਲਈ USA ਜਾਂ ਕੈਨੇਡਾ ਤੋਂ ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਵਾਲੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਬੱਚੇ ਵਾਲੇ ਸੰਪਰਕ ਨਾ ਕਰਨ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਹੋਰ ਜਾਣਕਾਰੀ ਲਈ ਫੋਨ ਨੰਬਰ +1-510-200-1772 'ਤੇ ਸੰਪਰਕ ਕਰੋ।

---

36-39

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

---

36-39

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ cjsingh55@gmail.com 'ਤੇ ਭੇਜ ਸਕਦੇ ਹੋ।

---

35-38

Kamboj Sikh Family looking for suitable girl living in USA/Canda for their 31-year-old 5'11" son, Innocent Divorce (No Kids). He has done MCA & Diploma in Electrical Engineering; he is currently working as Professional Electrical Techician with National Contractor. He is Canadian PR, currently living in Surrey, BC. Drug free, no alcohol, no smoking. Please contact us at +1225 921 0802 or gillh5162@gmail.com

---

34-37

Chhina Family seeks a suitable Companion for 68 years old USA Citizen 5'8" Jatt Sikh from USA/Canada. Well settled in Michigan, USA. Please contact with us for further information at 248-982-2036 or email at: msingh279@yahoo.com

32-35


## WEATHER XPERTS, INC.

ਹੀਟ ਅਤੇ ਏਅਰ ਕੰਡੀਸ਼ਨਰ ਲਗਵਾਉਣ ਅਤੇ ਠੀਕ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ।
* ਅਸੀਂ ਹੀਟ ਅਤੇ ਕੂਲਿੰਗ ਨਾਲ ਸਬੰਧਤ ਹਰ ਸਮੱਸਿਆ ਦਾ ਹੱਲ ਕਰਦੇ ਹਾਂ।
* ਵਧੀਆ ਸੇਵਾਵਾਂ ਲਈ ਮਸ਼ਹੂਰ
* ਪਿਛਲੇ ਵੀਹ ਸਾਲਾਂ ਤੋਂ ਕੁੱਕ ਅਤੇ ਲੇਕ ਕਾਊਂਟੀ ਵਿਚ ਸੇਵਾਵਾਂ ਦੇ ਰਹੇ ਹਾਂ।

Call: BRIAN STREET Owner/President
847-255-2665

# ਭਾਜਪਾ ਨੇ ਹਰਿਮੰਦਰ ਸਾਹਿਬ 'ਤੇ ਫੌਜੀ ਕਾਰਵਾਈ ਲਈ ਦਬਾਅ ਪਾਇਆ ਸੀ: ਚੰਨੀ

**ਚੰਡੀਗੜ੍ਹ:** ਕਾਂਗਰਸ ਦੇ ਸੰਸਦ ਮੈਂਬਰ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਖਿਆ ਹੈ ਕਿ 1984 'ਚ ਹਰਿਮੰਦਰ ਸਾਹਿਬ 'ਤੇ ਕੀਤੀ ਗਈ ਫ਼ੌਜੀ ਕਾਰਵਾਈ 'ਗਲਤ' ਸੀ ਅਤੇ ਉਨ੍ਹਾਂ ਦੀ ਪਾਰਟੀ ਇਸ ਲਈ ਮੁਆਫੀ ਵੀ ਮੰਗ ਚੁੱਕੀ ਹੈ।

ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਸ ਸਮੇਂ ਭਾਜਪਾ ਅਤੇ ਆਰ.ਐਸ.ਐਸ. ਨੇ ਹਰਿਮੰਦਰ ਸਾਹਿਬ ਉਤੇ 'ਹਮਲੇ' ਲਈ ਫ਼ੌਜ ਭੇਜਣ ਦਾ ਦਬਾਅ ਪਾਇਆ ਸੀ। ਚੰਨੀ ਨੇ ਇਹ ਟਿੱਪਣੀ ਇੱਥੇ ਪੱਤਰਕਾਰਾਂ ਵੱਲੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੇ ਕੇਸ ਨਾਲ ਸਬੰਧਤ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕੀਤੀ। ਇਹ ਪੁੱਛੇ ਜਾਣ 'ਤੇ ਕਿ ਕਾਂਗਰਸ ਨੇ ਅਜੇ ਤੱਕ ਟਾਈਟਲਰ ਨੂੰ ਪਾਰਟੀ 'ਚੋਂ ਕਿਉਂ ਨਹੀਂ ਕੱਢਿਆ, ਚੰਨੀ ਨੇ ਕਿਹਾ, 'ਕਾਂਗਰਸ ਨੇ ਸਿੱਖ ਵਿਰੋਧੀ ਦੰਗਿਆਂ ਅਤੇ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਲਈ ਇਕ ਵਾਰ ਨਹੀਂ, ਕਈ ਵਾਰ ਮੁਆਫੀ ਮੰਗੀ ਹੈ। ਹਰਿਮੰਦਰ ਸਾਹਿਬ 'ਤੇ ਹਮਲਾ ਗਲਤ ਸੀ, ਕਾਂਗਰਸ ਨੇ ਵੀ ਇਸ ਨੂੰ ਸਵੀਕਾਰ ਕਰ ਲਿਆ ਹੈ।'



ਉਨ੍ਹਾਂ ਸਵਾਲ ਕੀਤਾ ਕਿ ਭਾਜਪਾ 10 ਸਾਲ ਸੱਤਾ 'ਚ ਰਹਿਣ ਦੇ ਬਾਵਜੂਦ ਦੰਗਿਆਂ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਕਿਉਂ ਨਹੀਂ ਦੇ ਸਕੀ? ਇਸ ਦੌਰਾਨ ਪੰਜਾਬ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਦਿੱਲੀ ਭਾਜਪਾ ਦੇ ਆਗੂ ਤਰਵਿੰਦਰ ਸਿੰਘ ਮਰਵਾਹਾ ਰਾਹੀਂ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੂੰ ਧਮਕਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਸੰਸਦ ਦੇ ਹੇਠਲੇ ਸਦਨ ਵਿਚ ਚੁਣੇ ਹੋਏ ਨੁਮਾਇੰਦੇ ਅਤੇ ਵਿਰੋਧੀ ਧਿਰ ਦੇ ਆਗੂ ਨੂੰ ਧਮਕਾਉਣਾ ਬਹੁਤ ਹੀ ਨਿੰਦਣਯੋਗ ਹੈ।

## ਰਾਹੁਲ ਦੇ ਬਿਆਨ ਦੀ ਹਮਾਇਤ

**ਚੰਡੀਗੜ੍ਹ:** ਕਾਂਗਰਸ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਅਮਰੀਕਾ ਵਿਚ ਰਾਹੁਲ ਗਾਂਧੀ ਦੇ ਭਾਸ਼ਣ ਦੀ ਹਮਾਇਤ ਕਰਦਿਆਂ ਕਿਹਾ ਕਿ ਜਦੋਂ ਵੀ ਕੇਂਦਰ ਦੀ ਭਾਜਪਾ ਸਰਕਾਰ ਦਲਿਤਾਂ, ਘੱਟ ਗਿਣਤੀਆਂ ਜਾਂ ਹੋਰ ਕਮਜ਼ੋਰ ਵਰਗਾਂ ਸਮੇਤ ਸਮਾਜ ਦੇ ਕਿਸੇ ਵੀ ਵਰਗ ਨਾਲ ਬੇਇਨਸਾਫ਼ੀ ਕਰਨ ਦੀ ਹਿੰਮਤ ਕਰੇਗੀ ਤਾਂ ਕਾਂਗਰਸ ਇਨ੍ਹਾਂ ਲੋਕਾਂ ਨਾਲ ਡਟ ਕੇ ਖੜ੍ਹੇਗੀ। ਦੇਸ਼ 'ਚ ਹਾਲਾਤ ਅਜਿਹੇ ਹਨ ਕਿ ਲੋਕਾਂ ਨੂੰ ਭਾਸ਼ਾ, ਧਰਮ ਅਤੇ ਜਾਤ ਦੇ ਆਧਾਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਰਾਹੁਲ ਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਹੈ।

# ਠੱਗੀਆਂ ਮਾਰਨ ਵਾਲੇ ਟਰੈਵਲ ਏਜੰਟਾਂ 'ਤੇ ਸ਼ਿਕੰਜਾ ਕੱਸਿਆ



**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਵਿਦੇਸ਼ ਭੇਜਣ ਦੇ ਨਾਮ 'ਤੇ ਠੱਗੀਆਂ ਮਾਰਨ ਵਾਲੇ 25 ਟਰੈਵਲ ਏਜੰਟਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਸ ਦੇ ਨਾਲ ਹੀ ਪੁਲਿਸ ਨੇ ਬਿਨਾਂ ਲਾਇਸੈਂਸ ਤੋਂ ਸੋਸ਼ਲ ਮੀਡੀਆ 'ਤੇ ਇਸ਼ਤਿਹਾਰਬਾਜ਼ੀ ਕਰਕੇ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਨੌਕਰੀਆਂ ਦਾ ਲਾਲਚ ਦੇਣ ਵਾਲਿਆਂ ਵਿਰੁੱਧ ਵੀ 20 ਕੇਸ ਦਰਜ ਕੀਤੇ ਹਨ।

ਇਹ ਕਾਰਵਾਈ ਪੰਜਾਬ ਪੁਲਿਸ ਦੇ ਐਨ.ਆਰ.ਆਈ. ਮਾਮਲੇ ਵਿੰਗ ਅਤੇ ਸਾਈਬਰ ਕ੍ਰਾਈਮ ਵਿੰਗ ਨੇ ਕੀਤੀ ਹੈ। ਪੁਲਿਸ ਨੇ ਲੁਧਿਆਣਾ ਦੇ 6, ਜਲੰਧਰ ਤੇ ਅੰਮ੍ਰਿਤਸਰ ਦੇ 5-5, ਹੁਸ਼ਿਆਰਪੁਰ ਦੇ ਤਿੰਨ, ਮੁਹਾਲੀ ਤੇ ਸੰਗਰੂਰ ਦੇ 2-2, ਪਟਿਆਲਾ ਅਤੇ ਕਪੂਰਥਲਾ ਦੇ ਇਕ-ਇਕ ਟਰੈਵਲ ਏਜੰਟ ਵਿਰੁੱਧ ਕੇਸ ਦਰਜ ਕੀਤੇ ਹਨ। ਏ.ਡੀ.ਜੀ.ਪੀ. (ਐਨ.ਆਰ.ਆਈ. ਮਾਮਲੇ) ਪ੍ਰਵੀਨ ਕੇ. ਸਿਨਹਾ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਸੂਬੇ ਵਿਚ ਗ਼ੈਰ-ਕਾਨੂੰਨੀ ਟਰੈਵਲ ਏਜੰਟਾਂ ਅਤੇ ਬਿਨਾਂ ਲਾਇਸੈਂਸ ਤੋਂ ਵਿਦੇਸ਼ ਭੇਜਣ ਬਾਰੇ ਸੋਸ਼ਲ ਮੀਡੀਆ 'ਤੇ ਇਸ਼ਤਿਹਾਰਬਾਜ਼ੀ ਕਰਕੇ ਲੋਕਾਂ ਨਾਲ ਧੋਖਾਧੜੀ ਦੀਆਂ ਘਟਨਾਵਾਂ ਵਾਪਰ ਰਹੀਆਂ ਸਨ।

ਇਸੇ ਨੂੰ ਵੇਖਦਿਆਂ ਸੂਬੇ ਵਿਚ ਚੈਕਿੰਗ ਮੁਹਿੰਮ ਚਲਾਈ ਗਈ। ਉਨ੍ਹਾਂ ਕਿਹਾ ਕਿ ਬਿਨਾਂ ਲਾਇਸੈਂਸਾਂ ਤੋਂ ਵਿਦੇਸ਼ਾਂ ਵਿਚ ਨੌਕਰੀਆਂ ਲਈ ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਇਸ਼ਤਿਹਾਰ ਦੇਣ ਵਾਲਿਆਂ ਵਿਰੁੱਧ ਕਾਰਵਾਈ ਕਰਦਿਆਂ 20 ਜਣਿਆਂ ਵਿਰੁੱਧ ਕੇਸ ਦਰਜ ਕੀਤਾ ਹੈ। ਸਿਨਹਾ ਨੇ ਨਾਗਰਿਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਟਰੈਵਲ ਏਜੰਟਾਂ ਨੂੰ ਦਸਤਾਵੇਜ਼ ਅਤੇ ਪੈਸੇ ਦੇਣ ਤੋਂ ਪਹਿਲਾਂ ਉਨ੍ਹਾਂ ਦੇ ਪ੍ਰਮਾਣ ਪੱਤਰਾਂ ਦੀ ਪੁਸ਼ਟੀ ਜ਼ਰੂਰ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਮੀਗਰੇਸ਼ਨ ਐਕਟ, 1983 ਤਹਿਤ ਵੈਧ ਰਿਕਰੂਟਿੰਗ ਏਜੰਟਾਂ ਅਤੇ ਲਾਇਸੈਂਸ ਪ੍ਰਾਪਤ ਏਜੰਸੀਆਂ ਕੋਲ ਹੀ ਲੋਕ ਜਾਣ।

# ਮੁਹਾਲੀ ਹਵਾਈ ਅੱਡੇ 'ਤੇ ਭਗਤ ਸਿੰਘ ਦਾ ਬੁੱਤ ਲੱਗੇਗਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਵਿਚ ਦੇਸ਼ਭਗਤੀ ਦੀ ਅਲਖ ਜਗਾਉਣ ਲਈ ਕੌਮਾਂਤਰੀ ਹਵਾਈ ਅੱਡਾ ਮੁਹਾਲੀ 'ਤੇ ਸ਼ਹੀਦ ਭਗਤ ਸਿੰਘ ਦਾ 30 ਫੁੱਟ ਉੱਚਾ ਬੁੱਤ ਲਗਾਇਆ ਜਾਵੇਗਾ। ਇਸ ਬੁੱਤ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਮੌਕੇ ਸਮਰਪਿਤ ਕਰਨਗੇ।

ਇਸ ਸਬੰਧੀ ਮੁੱਖ ਮੰਤਰੀ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਮਹਾਨ ਸ਼ਹੀਦ ਦਾ 30 ਫੁੱਟ ਉੱਚਾ ਬੁੱਤ ਗੰਨਮੈਟਲ ਨਾਲ ਤਿਆਰ ਕੀਤਾ ਗਿਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਬੁੱਤ ਨੌਜਵਾਨ ਪੀੜ੍ਹੀ ਨੂੰ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਨ 'ਚ ਸਹਾਈ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਬੁੱਤ ਸੂਬਾ ਸਰਕਾਰ ਵੱਲੋਂ ਮਹਾਨ ਸ਼ਹੀਦ ਨੂੰ ਢੁੱਕਵੀਂ ਸ਼ਰਧਾਂਜਲੀ ਹੋਵੇਗੀ ਅਤੇ ਉਨ੍ਹਾਂ ਦੀ ਗੌਰਵਮਈ ਵਿਰਾਸਤ ਨੂੰ ਸਦਾ ਕਾਇਮ ਰੱਖਣ 'ਚ ਸਹਾਈ ਹੋਵੇਗਾ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਮੁਹਾਲੀ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮਹਾਨ ਸ਼ਹੀਦਾਂ ਦੇ ਨਾਂ 'ਤੇ ਹਵਾਈ ਅੱਡਿਆਂ, ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਦਾ ਨਾਂ ਰੱਖਣਾ ਉਨ੍ਹਾਂ ਦੀ ਗੌਰਵਮਈ ਵਿਰਾਸਤ ਨੂੰ ਕਾਇਮ ਰੱਖਣ ਲਈ ਬਹੁਤ ਜ਼ਰੂਰੀ ਹੈ।




ਸ੍ਰੀ ਮਾਨ ਨੇ ਦਾਅਵਾ ਕੀਤਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ ਦੇਸ਼ ਨੂੰ ਦਰਪੇਸ਼ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਬੁੱਤ ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਜੰਮੂ-ਕਸ਼ਮੀਰ ਅਤੇ ਹੋਰ ਰਾਜਾਂ ਤੋਂ ਆਉਣ ਵਾਲੇ ਮੁਸਾਫ਼ਰਾਂ ਦੇ ਨਾਲ ਨਾਲ ਵਿਦੇਸ਼ੀਆਂ ਨੂੰ ਵੀ ਇਸ ਕੌਮੀ ਨਾਇਕ ਦੁਆਰਾ ਦਿੱਤੀ ਗਈ ਮਹਾਨ ਕੁਰਬਾਨੀ ਦੀ ਯਾਦ ਦਿਵਾਉਂਦਾ ਰਹੇਗਾ।

## ਚੌਕ ਦਾ ਨਾਮ ਸ਼ਹੀਦ ਭਗਤ ਸਿੰਘ ਨਾ ਰੱਖਣ 'ਤੇ ਪੰਜਾਬ ਸਰਕਾਰ ਦੀ ਜਵਾਬ ਤਲਬੀ



**ਲਾਹੌਰ:** ਇਥੋਂ ਦੇ ਸ਼ਾਦਮਾਨ ਚੌਕ ਦਾ ਨਾਮ ਸ਼ਹੀਦ ਭਗਤ ਸਿੰਘ ਰੱਖਣ ਸਬੰਧੀ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਖ਼ਿਲਾਫ਼ ਪਟੀਸ਼ਨ 'ਤੇ ਲਾਹੌਰ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਜਵਾਬ ਦਾਖ਼ਲ ਕਰਨ ਦਾ ਆਖ਼ਰੀ ਮੌਕਾ ਦਿੱਤਾ ਹੈ। ਲਾਹੌਰ ਹਾਈ ਕੋਰਟ ਦੇ ਜਸਟਿਸ ਸ਼ਮਸ ਮਹਿਮੂਦ ਮਿਰਜ਼ਾ ਨੇ ਭਗਤ ਸਿੰਘ ਯਾਦਗਾਰ ਫਾਊਂਡੇਸ਼ਨ ਪਾਕਿਸਤਾਨ ਵੱਲੋਂ ਦਾਖ਼ਲ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਮਾਮਲੇ 'ਤੇ ਜਵਾਬ ਦਾਖ਼ਲ ਕਰਨ ਲਈ ਪੰਜਾਬ ਸਰਕਾਰ ਨੂੰ ਆਖ਼ਰੀ ਮੌਕਾ ਦਿੱਤਾ। ਪੰਜਾਬ ਦੇ ਸਹਾਇਕ ਐਡਵੋਕੇਟ ਜਨਰਲ ਸਾਦ ਬਿਨ ਗ਼ਾਜ਼ੀ ਅਦਾਲਤ 'ਚ ਪੇਸ਼ ਹੋਏ ਅਤੇ ਉਨ੍ਹਾਂ ਜਵਾਬ ਦਾਖ਼ਲ ਕਰਨ ਲਈ ਹੋਰ ਸਮਾਂ ਮੰਗਿਆ। ਪਟੀਸ਼ਨਰ ਦੇ ਵਕੀਲ ਖ਼ਾਲਿਦ ਜ਼ਮਾਨ ਖ਼ਾਨ ਕਾਕੜ ਨੇ ਅਦਾਲਤ ਨੂੰ ਦੱਸਿਆ ਕਿ ਇਸ ਮਾਮਲੇ 'ਚ ਪਹਿਲਾਂ ਹੀ ਬਹੁਤ ਦੇਰੀ ਹੋ ਚੁੱਕੀ ਹੈ। ਇਸ ਮਗਰੋਂ ਜੱਜ ਨੇ ਮਾਮਲੇ ਦੀ ਸੁਣਵਾਈ 8 ਨਵੰਬਰ ਲਈ ਮੁਲਤਵੀ ਕਰ ਦਿੱਤੀ। ਫਾਊਂਡੇਸ਼ਨ ਦੇ ਚੇਅਰਮੈਨ ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਚੌਕ ਦਾ ਨਾਮ ਸ਼ਹੀਦ ਭਗਤ ਸਿੰਘ ਰੱਖੇ ਜਾਣ 'ਚ ਸਰਕਾਰ ਦੀ ਨਾਕਾਮੀ ਲਈ ਮਾਣਹਾਨੀ ਪਟੀਸ਼ਨ ਦਾਖ਼ਲ ਕੀਤੀ ਹੈ। ਉਨ੍ਹਾਂ ਕਿਹਾ ਕਿ ਲਾਹੌਰ ਹਾਈ ਕੋਰਟ ਨੇ 2018 'ਚ ਪੰਜਾਬ ਸਰਕਾਰ ਨੂੰ ਚੌਕ ਦਾ ਨਾਮ ਬਦਲਣ ਦੇ ਹੁਕਮ ਦਿੱਤੇ ਸਨ।

# 1984 ਵਿਚ ਅਗਵਾ ਕੀਤੇ ਜਹਾਜ਼ 'ਚ ਮੇਰੇ ਪਿਤਾ ਸਵਾਰ ਸਨ: ਜੈਸ਼ੰਕਰ

**ਜਨੇਵਾ:** ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ 'ਆਈਸੀ 814: ਦਿ ਕੰਧਾਰ ਹਾਈਜੈਕ' ਨੈੱਟਫਲਿਕਸ ਵੈੱਬ ਸੀਰੀਜ਼ ਦੇ ਹਵਾਲੇ ਨਾਲ ਗੱਲ ਕਰਦਿਆਂ ਖੁਲਾਸਾ ਕੀਤਾ ਕਿ 1984 ਵਿਚ ਵੀ ਜਹਾਜ਼ ਅਗਵਾ ਕੀਤਾ ਗਿਆ ਸੀ ਅਤੇ ਉਸ ਵਿਚ ਉਨ੍ਹਾਂ ਦੇ ਪਿਤਾ ਵੀ ਸਵਾਰ ਸਨ। ਇਸੇ ਤਰ੍ਹਾਂ ਜੈਸ਼ੰਕਰ ਖ਼ੁਦ ਸੰਕਟ ਨਾਲ ਨਜਿੱਠਣ ਵਾਲੀ ਟੀਮ ਦਾ ਹਿੱਸਾ ਸਨ।

ਜੈਸ਼ੰਕਰ ਨੇ ਜੈਨੇਵਾ ਵਿਚ ਭਾਰਤੀ ਭਾਈਚਾਰੇ ਨਾਲ ਗੱਲਬਾਤ ਕਰਦਿਆਂ ਇਹ ਖੁਲਾਸਾ ਕੀਤਾ। ਉਨ੍ਹਾਂ ਕਿਹਾ, 'ਮੈਂ ਫਿਲਮ ਨਹੀਂ ਵੇਖੀ, ਇਸ ਲਈ ਮੈਂ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦਾ ਪਰ ਮੈਂ ਤੁਹਾਨੂੰ ਦਿਲਚਸਪ ਗੱਲ ਦੱਸਦਾ ਹਾਂ। 1984 ਵਿਚ ਵੀ ਜਹਾਜ਼ ਅਗਵਾ ਹੋਇਆ ਸੀ। ਉਸ ਵੇਲੇ ਮੈਂ ਨਵਾਂ-ਨਵਾਂ ਅਫਸਰ ਭਰਤੀ ਹੋਇਆ ਸੀ। ਉਸ ਵੇਲੇ ਮੈਂ ਇਸ ਸੰਕਟ ਨਾਲ ਨਜਿੱਠਣ ਲਈ ਬਣਾਈ ਗਈ ਟੀਮ ਦਾ ਹਿੱਸਾ ਸੀ। ਜਹਾਜ਼ ਅਗਵਾ ਕੀਤੇ ਜਾਣ ਦੇ 3-4 ਘੰਟਿਆਂ ਬਾਅਦ ਮੈਂ ਆਪਣੀ ਮਾਤਾ ਨੂੰ ਫੋਨ ਕਰਕੇ ਦੱਸਿਆ ਕਿ ਜਹਾਜ਼ ਅਗਵਾ ਹੋ ਗਿਆ ਹੈ ਅਤੇ ਮੈਂ ਘਰ ਨਹੀਂ ਆ ਸਕਦਾ। ਉਸ ਵੇਲੇ ਮੈਨੂੰ ਪਤਾ ਲੱਗਾ ਕਿ ਮੇਰੇ ਪਿਤਾ ਵੀ ਉਸ ਉਡਾਣ ਵਿੱਚ ਸਵਾਰ ਸਨ। ਖੁਸ਼ਕਿਸਮਤੀ ਨਾਲ ਇਸ ਦੌਰਾਨ ਕੋਈ ਮਾਰਿਆ ਨਹੀਂ ਗਿਆ ਪਰ ਇਸ ਤੋਂ ਉਲਟ ਵੀ ਹੋ ਸਕਦਾ ਸੀ।'



ਵਿਦੇਸ਼ ਮੰਤਰੀ ਨੇ ਇਸ ਘਟਨਾ ਨੂੰ ਦਿਲਚਸਪ ਦੱਸਦਿਆਂ ਕਿਹਾ ਕਿ ਇਕ ਪਾਸੇ ਉਹ ਸੰਕਟ ਨਾਲ ਨਜਿੱਠਣ ਲਈ ਕੰਮ ਕਰ ਰਹੀ ਅਧਿਕਾਰਤ ਟੀਮ ਦਾ ਹਿੱਸਾ ਸਨ, ਜਦਕਿ ਦੂਜੇ ਪਾਸੇ ਉਹ ਪੀੜਤ ਪਰਿਵਾਰਾਂ ਦਾ ਵੀ ਹਿੱਸਾ ਸਨ। 5 ਜੁਲਾਈ 1984 ਨੂੰ ਇੰਡੀਅਨ ਏਅਰਲਾਈਨਜ਼ ਦੀ ਉਡਾਣ ਨੂੰ ਪਠਾਨਕੋਟ ਤੋਂ ਅਗਵਾ ਕਰਕੇ ਦੁਬਈ ਲਿਜਾਇਆ ਗਿਆ ਸੀ।

# ਸਿੱਧੂ ਮੂਸੇਵਾਲਾ ਦੀ ਹੱਤਿਆ ਲਈ ਵਰਤੀ ਏ.ਕੇ.-47 ਅਦਾਲਤ ਵਿਚ ਪੇਸ਼

**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੇ ਦੋ ਮੁੱਖ ਗਵਾਹਾਂ ਵਿਚੋਂ ਇਕ ਨੇ ਮਾਨਸਾ ਦੀ ਹੇਠਲੀ ਅਦਾਲਤ ਵਿਚ ਸ਼ੂਟਰਾਂ ਵੱਲੋਂ ਵਰਤੀ ਗਈ ਏਕੇ-47 ਦੀ ਪਛਾਣ ਕੀਤੀ। ਇਹ ਗਵਾਹ ਘਟਨਾ ਵੇਲੇ ਮੂਸੇਵਾਲਾ ਨਾਲ ਮੌਜੂਦ ਸੀ। ਅੰਮ੍ਰਿਤਸਰ ਦੇ ਘਰਿੰਡਾ ਥਾਣੇ ਦੀ ਟੀਮ ਨੇ ਏਕੇ-47 ਲਿਆ ਕੇ ਮਾਨਸਾ ਦੀ ਅਦਾਲਤ ਵਿਚ ਪੇਸ਼ ਕੀਤੀ।



ਪੰਜਾਬ ਪੁਲਿਸ ਨੇ 20 ਜੁਲਾਈ, 2022 ਨੂੰ ਮਨਪ੍ਰੀਤ ਸਿੰਘ ਉਰਫ ਮਨੂ ਕੁੱਸਾ ਅਤੇ ਜਗਰੂਪ ਸਿੰਘ ਉਰਫ ਰੂਪਾ ਜੋ ਛੇ ਨਿਸ਼ਾਨੇਬਾਜ਼ਾਂ 'ਚੋਂ ਸਨ, ਨੂੰ ਅੰਮ੍ਰਿਤਸਰ ਜ਼ਿਲ੍ਹੇ ਵਿਚ ਭਾਰਤ-ਪਾਕਿਸਤਾਨ ਸਰਹੱਦ ਨੇੜੇ ਮੁਕਾਬਲੇ ਦੌਰਾਨ ਮਾਰ ਦਿੱਤਾ ਸੀ ਤੇ ਉਨ੍ਹਾਂ ਕੋਲੋਂ ਏਕੇ-47 ਬਰਾਮਦ ਕੀਤੀ ਗਈ ਸੀ, ਜੋ ਉਦੋਂ ਤੋਂ ਅੰਮ੍ਰਿਤਸਰ ਪੁਲਿਸ ਕੋਲ ਸੀ।

ਪੰਜਾਬ ਪੁਲਿਸ ਨੇ ਏਕੇ-47 ਦੀ ਫੋਰੈਂਸਿਕ ਲੈਬ ਰਿਪੋਰਟ ਪੇਸ਼ ਕਰ ਦਿੱਤੀ ਹੈ, ਜਿਸ ਵਿਚ ਪੁਸ਼ਟੀ ਕੀਤੀ ਗਈ ਹੈ ਕਿ ਮੂਸੇਵਾਲਾ ਨੂੰ ਮਾਰਨ ਲਈ ਇਸ ਦੀ ਹੀ ਵਰਤੋਂ ਕੀਤੀ ਗਈ ਸੀ। ਇਸ ਤੋਂ ਇਲਾਵਾ ਜਿਸ ਮਹਿੰਦਰਾ ਥਾਰ ਵਿਚ ਮੂਸੇਵਾਲਾ ਸਫ਼ਰ ਕਰ ਰਿਹਾ ਸੀ, ਨੂੰ ਵੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਮਾਨਸਾ ਦੀ ਅਦਾਲਤ ਨੇ ਗੁਰਪ੍ਰੀਤ ਸਿੰਘ ਦੇ ਬਿਆਨ ਦਰਜ ਕਰ ਲਏ ਹਨ। ਐਡਵੋਕੇਟ ਰਘਵੀਰ ਸਿੰਘ ਬਹਿਣੀਵਾਲ (ਗੈਂਗਸਟਰ ਲਾਰੈਂਸ ਬਿਸ਼ਨੋਈ ਸਣੇ 19 ਮੁਲਜ਼ਮਾਂ ਦੇ ਬਚਾਅ ਪੱਖ ਦੇ ਵਕੀਲ) ਨੇ ਚਸ਼ਮਦੀਦ ਗਵਾਹ ਤੋਂ ਪੁੱਛਗਿੱਛ ਕੀਤੀ। ਹਾਲਾਂਕਿ ਗੈਂਗਸਟਰ ਜੱਗੂ ਭਗਵਾਨਪੁਰੀਆ ਦਾ ਵਕੀਲ ਪੇਸ਼ ਨਹੀਂ ਹੋਇਆ, ਜਿਸ ਤੋਂ ਬਾਅਦ ਮਾਮਲੇ ਦੀ ਸੁਣਵਾਈ 27 ਸਤੰਬਰ ਤੱਕ ਮੁਲਤਵੀ ਕਰ ਦਿੱਤੀ ਗਈ। ਮੂਸੇਵਾਲਾ ਦੇ ਪਿਤਾ ਦੇ ਵਕੀਲ ਐਡਵੋਕੇਟ ਸਤਿੰਦਰਪਾਲ ਸਿੰਘ ਮਿੱਤਲ ਨੇ ਦੱਸਿਆ ਕਿ ਗਵਾਹ ਨੇ ਅਦਾਲਤ ਵਿਚ ਹਥਿਆਰ ਅਤੇ ਵਾਹਨ ਦੀ ਪਛਾਣ ਕਰ ਲਈ ਹੈ। ਪਿਛਲੀ ਸੁਣਵਾਈ ਦੌਰਾਨ ਗੁਰਪ੍ਰੀਤ ਨੇ ਗਵਾਹ ਵਜੋਂ ਚਾਰ ਨਿਸ਼ਾਨੇਬਾਜ਼ਾਂ ਪ੍ਰਿਆਵਰਤ ਫੌਜੀ, ਅੰਕਿਤ ਸੇਰਸਾ, ਦੀਪਕ ਮੁੰਡੀ ਅਤੇ ਕਸ਼ਿਸ਼ ਉਰਫ ਕੁਲਦੀਪ ਦੀ ਪਛਾਣ ਕੀਤੀ ਸੀ।

## ਪੁੱਤ ਦੇ ਕਤਲ ਕੇਸ 'ਚ ਜਲਦੀ ਨਿਆਂ ਦੀ ਉਮੀਦ: ਬਲਕੌਰ ਸਿੰਘ

**ਸ੍ਰੀ ਆਨੰਦਪੁਰ ਸਾਹਿਬ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਅਦਾਲਤਾਂ 'ਤੇ ਪੂਰਨ ਵਿਸ਼ਵਾਸ ਹੈ ਤੇ ਉਨ੍ਹਾਂ ਦੇ ਪੁੱਤ ਦੇ ਕਤਲ ਕੇਸ ਸਣੇ ਉਸ ਦੇ ਗੀਤ ਲੀਕ ਹੋਣ ਦੇ ਮਾਮਲੇ ਵਿਚ ਵੀ ਅਦਾਲਤਾਂ ਵੱਲੋਂ ਜਲਦੀ ਇਨਸਾਫ਼ ਦਿੱਤਾ ਜਾਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਬਲਕੌਰ ਸਿੰਘ ਕੁਝ ਵਿਅਕਤੀਆਂ ਵੱਲੋਂ ਕਥਿਤ ਤੌਰ 'ਤੇ ਸਿੱਧੂ ਮੂਸੇਵਾਲਾ ਦੇ ਗੀਤ ਲੀਕ ਕਰਨ ਦੇ ਮਾਮਲੇ ਸਬੰਧੀ ਸ੍ਰੀ ਆਨੰਦਪੁਰ ਸਾਹਿਬ ਦੀ ਅਦਾਲਤ ਵਿਚ ਪੁੱਜੇ ਹੋਏ ਸਨ।

# ਅਕਾਲ ਤਖਤ ਸਾਹਿਬ ਉਤੇ ਸੁਖਬੀਰ ਖਿਲਾਫ ਸ਼ਿਕਾਇਤਾਂ ਦਾ ਸਿਲਸਿਲਾ ਜਾਰੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਖ਼ਿਲਾਫ਼ ਅਕਾਲ ਤਖ਼ਤ 'ਤੇ ਵਿਚਾਰ ਅਧੀਨ ਮਾਮਲੇ ਵਿਚ ਸਿਆਸੀ ਆਗੂਆਂ ਤੋਂ ਬਾਅਦ ਹੁਣ ਆਮ ਆਦਮੀ ਵੀ ਅਕਾਲੀ ਦਲ ਦੀ ਸਰਕਾਰ ਖ਼ਿਲਾਫ਼ ਸ਼ਿਕਾਇਤਾਂ ਲੈ ਕੇ ਪੁੱਜ ਰਹੇ ਹਨ। ਅਕਾਲ ਤਖ਼ਤ ਵਿਖੇ ਪਟਵਾਰੀ ਯੂਨੀਅਨ ਦਾ ਸਾਬਕਾ ਪ੍ਰਧਾਨ ਅਕਾਲੀ ਸਰਕਾਰ ਦੇ ਖ਼ਿਲਾਫ਼ ਸ਼ਿਕਾਇਤ ਲੈ ਕੇ ਪੁੱਜਾ ਹੈ, ਜਿਸ ਨੇ ਉਸ ਨਾਲ ਹੋਈ ਵਧੀਕੀ ਦੇ ਮਾਮਲੇ ਵਿਚ ਉਸ ਵੇਲੇ ਦੇ ਕੈਬਨਿਟ ਮੰਤਰੀਆਂ ਅਤੇ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਪਰਮਜੀਤ ਸਿੰਘ ਸਰਨਾ, ਮਹੇਸ਼ ਇੰਦਰ ਸਿੰਘ ਗਰੇਵਾਲ ਅਤੇ ਲੁਧਿਆਣਾ ਤੋਂ ਹੋਰ ਵਿਅਕਤੀ ਵੀ ਅਕਾਲ ਤਖ਼ਤ ਵਿਖੇ ਸ਼ਿਕਾਇਤ ਪੱਤਰ ਦੇ ਚੁੱਕੇ ਹਨ।

ਮੋਹਨ ਸਿੰਘ ਭੇਡਪੁਰ ਨੇ ਦੱਸਿਆ ਕਿ ਉਹ ਪਟਵਾਰ ਯੂਨੀਅਨ ਅਤੇ ਕਾਨੂੰਗੋ ਐਸੋਸੀਏਸ਼ਨ ਦਾ ਸਾਬਕਾ ਪ੍ਰਧਾਨ ਹੈ। ਉਸ ਦੇ ਨਾਲ 2012 ਵਿਚ ਵਧੀਕੀ ਹੋਈ ਸੀ। ਉਸ ਵੇਲੇ ਦੇ ਐਸ.ਐਸ.ਪੀ. ਵਿਜੀਲੈਂਸ ਵੱਲੋਂ ਆਪਣੇ ਦੂਜੇ ਸਾਥੀ ਐਸ.ਐਸ.ਪੀ. ਵਿਜੀਲੈਂਸ ਨਾਲ ਮਿਲ ਕੇ ਉਸ ਖ਼ਿਲਾਫ਼ ਝੂਠਾ ਕੇਸ ਦਰਜ ਕੀਤਾ ਗਿਆ, ਉਸ ਦੀ ਦਸਤਾਰ ਦੀ ਬੇਅਦਬੀ ਕੀਤੀ ਗਈ, ਉਸ ਦੇ ਕਕਾਰ ਉਤਰਵਾਏ ਗਏ ਅਤੇ ਉਸ ਨੂੰ ਨੰਗਾ ਕਰਕੇ ਵੀਡੀਓ ਬਣਾਈ ਗਈ। ਉਹ ਅੰਮ੍ਰਿਤਧਾਰੀ ਹੈ ਅਤੇ ਉਸ ਨੇ ਇਸ ਸਬੰਧੀ ਅਕਾਲ ਤਖ਼ਤ ਵਿਖੇ ਸ਼ਿਕਾਇਤ ਕੀਤੀ ਸੀ, ਜਿਸ ਦੀ 2013 ਵਿਚ ਜਾਂਚ ਕੀਤੀ ਕਰਵਾਈ ਗਈ। ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਗਈ ਸੀ ਕਿ ਦੋਸ਼ੀ ਪੁਲਿਸ ਕਰਮਚਾਰੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਵਾਈ ਜਾਵੇ।

ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਵੱਲੋਂ ਸਬੰਧਤ ਪੁਲਿਸ ਅਧਿਕਾਰੀ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ ਪਰ ਇਸ ਦੇ ਬਾਵਜੂਦ ਉਸ ਵੇਲੇ ਦੇ ਉਪ ਮੁੱਖ ਮੰਤਰੀ ਨੇ ਕਾਰਵਾਈ ਕਰਨ ਦੀ ਥਾਂ ਉਸ ਨੂੰ ਇਕ ਹੋਰ ਜ਼ਿਲ੍ਹੇ ਦਾ ਐਸ.ਐਸ.ਪੀ. ਲਾ ਦਿੱਤਾ। ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਦੇ ਨਾਂ ਪੱਤਰ ਸਕੱਤਰੇਤ ਵਿਖੇ ਦਿੱਤਾ ਹੈ।

ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਅੰਦਰੂਨੀ ਸੰਕਟ ਸਬੰਧੀ ਅਕਾਲ ਤਖ਼ਤ ਵਿਖੇ ਵਿਚਾਰ ਅਧੀਨ ਮਾਮਲੇ 'ਚ ਪੰਜ ਸਿੰਘ ਸਾਹਿਬਾਨ ਵੱਲੋਂ ਅਕਾਲੀ ਸਰਕਾਰ ਵੇਲੇ ਹੋਏ ਗਲਤ ਫ਼ੈਸਲੇ ਅਤੇ ਭੁੱਲਾਂ ਚੁੱਕਾਂ ਦੇ ਮਾਮਲੇ ਵਿਚ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੈ ਅਤੇ 15 ਦਿਨਾਂ ਵਿਚ 17 ਸਿੱਖ ਕੈਬਨਿਟ ਮੰਤਰੀਆਂ ਵੱਲੋਂ ਸਪੱਸ਼ਟੀਕਰਨ ਮੰਗੇ ਗਏ ਸਨ। ਇਸ ਮਾਮਲੇ ਵਿਚ ਹੁਣ ਤੱਕ ਲਗਭਗ ਸਾਰੇ ਹੀ ਕੈਬਨਿਟ ਮੰਤਰੀਆਂ ਨੇ ਆਪੋ-ਆਪਣੇ ਸਪੱਸ਼ਟੀਕਰਨ ਸੌਂਪ ਦਿੱਤੇ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਆਪਣਾ ਖਿਮਾ ਯਾਚਨਾ ਪੱਤਰ ਸੌਂਪ ਚੁੱਕੇ ਹਨ।

ਇਸ ਮਾਮਲੇ ਵਿਚ ਹੁਣ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦ ਕੇ ਇਸ ਅਗਲਾ ਫ਼ੈਸਲਾ ਲਿਆ ਜਾਣਾ ਹੈ। ਜ਼ਿਕਰਯੋਗ ਹੈ ਕਿ ਸਿੱਖ ਜਥੇਬੰਦੀਆਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕਰ ਰਹੀਆਂ ਹਨ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਖ਼ਿਲਾਫ਼ ਮਿਸਾਲੀ ਕਾਰਵਾਈ ਕੀਤੀ ਜਾਵੇ।



## ਚੰਦੂਮਾਜਰਾ ਨੂੰ ਵੀ ਤਲਬ ਕੀਤਾ ਜਾਣਾ ਚਾਹੀਦੈ: ਗਰੇਵਾਲ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਇਕ ਵਫ਼ਦ ਨੇ ਸੀਨੀਅਰ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ ਦੀ ਅਗਵਾਈ ਹੇਠ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮੰਗ ਪੱਤਰ ਸੌਂਪ ਕੇ ਬਾਗੀ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਸ੍ਰੀ ਗਰੇਵਾਲ ਨੇ ਕਿਹਾ ਕਿ ਸ੍ਰੀ ਚੰਦੂਮਾਜਰਾ ਨੂੰ ਵੀ ਤਲਬ ਕੀਤਾ ਜਾਣਾ ਚਾਹੀਦਾ ਹੈ, ਜਿਨ੍ਹਾਂ ਨੇ ਪਿਛਲੇ ਸਮੇਂ ਵਿਚ ਨਾਂਹ-ਪੱਖੀ ਅਤੇ ਪੰਥ ਵਿਰੋਧੀ ਭੂਮਿਕਾ ਨਿਭਾਈ ਹੈ। ਦੱਸਣਯੋਗ ਹੈ ਕਿ ਮਹੇਸ਼ਇੰਦਰ ਸਿੰਘ ਗਰੇਵਾਲ ਵੀ ਸਾਬਕਾ ਅਕਾਲੀ ਮੰਤਰੀਆਂ ਵਿਚ ਸ਼ਾਮਲ ਹਨ, ਜਿਨ੍ਹਾਂ ਨੇ ਅਕਾਲ ਤਖ਼ਤ ਵਿਖੇ ਆਪਣਾ ਸਪੱਸ਼ਟੀਕਰਨ ਸੌਂਪਿਆ ਹੈ।

## ਸਰਨਾ ਵੱਲੋਂ ਅਕਾਲ ਤਖਤ ਦੇ ਜਥੇਦਾਰ ਨਾਲ ਮੁਲਾਕਾਤ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਅਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ। ਉਨ੍ਹਾਂ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਸਿੱਖ ਪੰਥ ਖ਼ਿਲਾਫ਼ ਕਾਰਵਾਈਆਂ ਕਰਨ ਵਾਲੇ ਅਕਾਲੀ ਆਗੂਆਂ ਨੂੰ ਤਲਬ ਕੀਤਾ ਜਾਵੇ। ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਸਰਨਾ ਨੇ ਕਿਹਾ ਕਿ ਉਨ੍ਹਾਂ ਨੇ ਜਥੇਦਾਰ ਨਾਲ ਮੁਲਾਕਾਤ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੌਜੂਦਾ ਸੰਕਟ ਅਤੇ ਪਾਰਟੀ ਦੀ ਹੋਂਦ ਬਚਾਉਣ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਥੇਦਾਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਉਨ੍ਹਾਂ ਸਾਰੇ ਸਾਬਕਾ ਅਕਾਲੀ ਆਗੂਆਂ ਨੂੰ ਵੀ ਤਲਬ ਕਰਨ ਜਿਨ੍ਹਾਂ ਨੇ ਸਿੱਖ ਪੰਥ ਵਿਰੋਧੀ ਕਾਰਵਾਈਆਂ ਕੀਤੀਆਂ ਕੀਤੀਆਂ ਹਨ।

## ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਸਪਸ਼ਟੀਕਰਨ ਸੌਂਪਿਆ

**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਆਪਣਾ ਸਪੱਸ਼ਟੀਕਰਨ ਸੌਂਪ ਦਿੱਤਾ ਹੈ। ਇਸ ਮੌਕੇ ਸ੍ਰੀ ਕੈਰੋਂ ਨੇ ਕਿਸੇ ਵੀ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਗੁਰੇਜ਼ ਕੀਤਾ ਅਤੇ ਅਕਾਲ ਤਖ਼ਤ ਸਕੱਤਰੇਤ ਵਿਚ ਲਿਖਤੀ ਰੂਪ ਵਿਚ ਆਪਣਾ ਸਪੱਸ਼ਟੀਕਰਨ ਦੇਣ ਤੋਂ ਬਾਅਦ ਚਲੇ ਗਏ। ਪੱਟੀ ਹਲਕੇ ਤੋਂ ਪੰਜਾਬ ਵਿਧਾਨ ਸਭਾ ਵਿਚ ਚਾਰ ਵਾਰ ਵਿਧਾਇਕ ਰਹਿ ਚੁੱਕੇ ਸ੍ਰੀ ਕੈਰੋਂ ਨੇ ਸਾਲ 2007 ਤੋਂ 2017 ਦੌਰਾਨ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਆਬਕਾਰੀ ਅਤੇ ਕਰ, ਖੁਰਾਕ ਅਤੇ ਆਈ.ਟੀ. ਵਿਭਾਗਾਂ ਦੇ ਮੰਤਰੀ ਵਜੋਂ ਸੇਵਾ ਨਿਭਾਈ ਸੀ।

## ਜਥੇਦਾਰ ਨੇ ਧਰਮਾਂ 'ਚ ਮੱਤਭੇਦ ਪੈਦਾ ਕਰਨ ਲਈ ਨਫ਼ਰਤੀ ਪ੍ਰਚਾਰ 'ਤੇ ਚਿੰਤਾ ਪ੍ਰਗਟਾਈ



**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੋ ਧਰਮਾਂ ਵਿਚ ਮਤਭੇਦ ਪੈਦਾ ਕਰਨ ਲਈ ਸੋਸ਼ਲ ਮੀਡੀਆ ਮੰਚ ਉਤੇ ਕੀਤੇ ਜਾ ਰਹੇ ਨਫ਼ਰਤੀ ਪ੍ਰਚਾਰ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਸਿੱਖ ਕੌਮ ਨੂੰ ਅਜਿਹੇ ਨਫ਼ਰਤੀ ਪ੍ਰਚਾਰ ਤੋਂ ਸੁਚੇਤ ਕੀਤਾ ਹੈ।


ਉਨ੍ਹਾਂ ਦੱਸਿਆ ਕਿ ਵਿਦੇਸ਼ ਵਿਚ ਸੋਸ਼ਲ ਮੀਡੀਆ ਮੰਚ 'ਤੇ ਸਿੱਖਾਂ ਅਤੇ ਮੁਸਲਮਾਨਾਂ ਦੇ ਭੇਸ ਅਤੇ ਨਾਵਾਂ ਵਾਲੇ ਖਾਤੇ ਬਣਾ ਕੇ ਸਿੱਖ ਅਤੇ ਇਸਲਾਮ ਧਰਮ ਵਿਚਾਲੇ ਟਕਰਾਅ ਪੈਦਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲ ਇਸ ਸਬੰਧੀ ਕੁਝ ਲਿਖਤੀ ਸ਼ਿਕਾਇਤਾਂ ਪੁੱਜੀਆਂ ਹਨ।

ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਇਹ ਕਿਸੇ ਸਮਾਜ ਵਿਰੋਧੀ ਸ਼ਕਤੀ ਦੀ ਡੂੰਘੀ ਸਾਜ਼ਿਸ਼ ਹੈ, ਜੋ ਦੋਵਾਂ ਧਰਮਾਂ ਨੂੰ ਆਪਸ ਵਿਚ ਲੜਾਉਣਾ ਚਾਹੁੰਦੀ ਹੈ। ਉਨ੍ਹਾਂ ਇਸ ਸਬੰਧੀ ਦੋਵਾਂ ਧਰਮਾਂ ਦੇ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ।

# ਓਲੰਪਿਕ ਤਗਮੇ ਜੇਤੂ ਮਨੂ ਭਾਕਰ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ

**ਅੰਮ੍ਰਿਤਸਰ:** ਓਲੰਪਿਕ ਖੇਡਾਂ ਵਿਚੋਂ ਦੋ ਕਾਂਸੇ ਦੇ ਤਗਮੇ ਜਿੱਤਣ ਵਾਲੀ ਮਹਿਲਾ ਖਿਡਾਰੀ ਮਨੂ ਭਾਕਰ ਨੇ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਹਰਿਮੰਦਰ ਸਾਹਿਬ ਮੱਥਾ ਟੇਕਿਆ ਹੈ ਅਤੇ ਸਫਲਤਾ ਦੇ ਸ਼ੁਕਰਾਨੇ ਵਜੋਂ ਅਰਦਾਸ ਕੀਤੀ। ਉਸ ਨੇ ਕੁਝ ਸਮਾਂ ਹਰਿਮੰਦਰ ਸਾਹਿਬ ਸਮੂਹ ਵਿਖੇ ਬਿਤਾਇਆ।

ਮਨੂ ਨੇ ਆਖਿਆ ਕਿ ਇੱਥੇ ਆ ਕੇ ਉਸ ਨੂੰ ਰੂਹਾਨੀ ਆਨੰਦ ਮਿਲਿਆ ਹੈ। ਉਸ ਨੇ ਕਿਹਾ ਕਿ ਭਾਵੇਂ ਉਹ ਪਹਿਲੀ ਵਾਰ ਆਈ ਹੈ ਪਰ ਉਸ ਦਾ ਮਨ ਕਰਦਾ ਹੈ ਕਿ ਉਹ ਹਰ ਸਾਲ ਇਥੇ ਆਇਆ ਕਰੇ। ਉਸ ਨੇ ਗੁਰੂ ਘਰ ਮੱਥਾ ਟੇਕਿਆ ਤੇ ਕੁਝ ਸਮਾਂ ਕੀਰਤਨ ਵੀ ਸੁਣਿਆ। ਮੀਡੀਆ ਨਾਲ ਸੰਖੇਪ ਗੱਲਬਾਤ ਕਰਦਿਆਂ ਉਸ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਗੁਰੂ ਘਰ ਵਿਖੇ ਨਤਮਸਤਕ ਹੋਣਾ ਚਾਹੁੰਦੀ ਸੀ ਅਤੇ ਅੱਜ ਉਸ ਨੂੰ ਮੌਕਾ ਮਿਲਿਆ ਹੈ। ਇਹ ਸੱਚਮੁੱਚ ਰੂਹਾਨੀ ਅਸਥਾਨ ਹੈ ਅਤੇ ਇੱਥੇ ਆ ਕੇ ਮਨ ਨੂੰ ਸ਼ਾਂਤੀ ਮਿਲੀ ਹੈ।



ਨੌਜਵਾਨਾਂ ਨੂੰ ਦਿੱਤੇ ਸੰਦੇਸ਼ ਵਿਚ ਉਸ ਨੇ ਆਖਿਆ ਕਿ ਨੌਜਵਾਨ ਸਫਲਤਾ ਦੀ ਪ੍ਰਾਪਤੀ ਵਾਸਤੇ ਪਹਿਲਾਂ ਟੀਚਾ ਨਿਰਧਾਰਿਤ ਕਰਨ ਅਤੇ ਬਾਅਦ ਵਿਚ ਟੀਚੇ ਦੀ ਪ੍ਰਾਪਤੀ ਵਾਸਤੇ ਨੇਕ ਨੀਅਤ ਨਾਲ ਸਖ਼ਤ ਮਿਹਨਤ ਕਰਨ। ਮਨੂ ਨੇ ਕਿਹਾ ਕਿ ਜਦੋਂ ਕੋਈ ਸਾਫ਼ ਨੀਅਤ ਨਾਲ ਸਖ਼ਤ ਮਿਹਨਤ ਕਰਦਾ ਹੈ ਤਾਂ ਉਸ ਨੂੰ ਪਰਮਾਤਮਾ ਜ਼ਰੂਰ ਫਲ ਦਿੰਦਾ ਹੈ। ਉਸ ਨੇ ਆਖਿਆ ਕਿ ਉਹ ਭਵਿੱਖ 'ਚ ਵੀ ਦੇਸ਼ ਵਾਸਤੇ ਮੈਡਲ ਜਿੱਤਣ ਲਈ ਸਖ਼ਤ ਮਿਹਨਤ ਕਰਦੀ ਰਹੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੂਚਨਾ ਕੇਂਦਰ ਵਿਚ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਤੇ ਹੋਰਨਾਂ ਵੱਲੋਂ ਮਨੂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਕੈਨੇਡਾ ਦੇ ਕਿਊਬਕ ਸੂਬੇ ਵਿਚ ਦਸਤਾਰ 'ਤੇ ਪਾਬੰਦੀ ਦਾ ਵਿਰੋਧ

**ਲੰਡਨ:** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਕੈਨੇਡਾ ਦੇ ਕਿਊਬਕ ਸੂਬੇ 'ਚ ਸਰਕਾਰੀ ਅਹੁਦਿਆਂ 'ਤੇ ਤਾਇਨਾਤ ਸਿੱਖਾਂ ਦੇ ਦਸਤਾਰ ਸਜਾਉਣ 'ਤੇ ਪਾਬੰਦੀ ਦਾ ਵਿਰੋਧ ਕੀਤਾ ਹੈ। ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਕੈਨੇਡਾ ਦੇ ਸਿੱਖ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਹ ਮੁੱਦਾ ਉਥੋਂ ਦੀ ਸਰਕਾਰ ਨਾਲ ਚੁੱਕਣ।

ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਕਿਊਬਕ ਦੇ ਮੁੱਖ ਮੰਤਰੀ ਨਾਲ ਮਿਲ ਕੇ ਕਾਨੂੰਨ 'ਚ ਸੋਧ ਦੀ ਅਪੀਲ ਕਰਨੀ ਚਾਹੀਦੀ ਹੈ ਅਤੇ ਜੇ ਲੋੜ ਹੋਵੇ ਤਾਂ ਉਹ ਕੈਥੋਲਿਕ ਚਰਚ ਦੀ ਵੀ ਸਹਾਇਤਾ ਲੈ ਸਕਦੇ ਹਨ। ਸਾਬਕਾ ਸੰਸਦ ਮੈਂਬਰ ਨੇ ਬਰਤਾਨੀਆ ਦੇ ਆਪਣੇ ਸਾਥੀਆਂ ਤੋਂ ਸਬਕ ਲੈਣ ਲਈ ਕਿਹਾ, ਜਿਨ੍ਹਾਂ ਸਿੱਖ ਕਕਾਰਾਂ ਦੀ ਰਾਖੀ ਲਈ ਕਾਨੂੰਨ 'ਚ ਸੋਧ ਕਰਵਾਈ ਸੀ। ਕਿਊਬਕ ਸੂਬੇ 'ਚ ਜੂਨ 2019 'ਚ ਪਾਸ ਕੀਤੇ ਗਏ ਵਿਵਾਦਤ ਕਾਨੂੰਨ 'ਬਿੱਲ 21' ਵਿਚ ਜੱਜਾਂ, ਪੁਲਿਸ ਅਧਿਕਾਰੀਆਂ, ਅਧਿਆਪਕਾਂ ਅਤੇ ਹੋਰ ਸਰਕਾਰੀ ਅਹੁਦਿਆਂ 'ਤੇ ਤਾਇਨਾਤ ਵਿਅਕਤੀਆਂ ਨੂੰ ਕੰਮ ਸਮੇਂ ਕਿਰਪਾਨ, ਦਸਤਾਰ ਜਾਂ ਹਿਜਾਬ ਜਿਹੇ ਧਾਰਮਿਕ ਚਿੰਨ੍ਹ ਧਾਰਨ ਕਰਨ 'ਤੇ ਪਾਬੰਦੀ ਲਾਈ ਗਈ ਹੈ।

ਇਸ ਸਾਲ ਫਰਵਰੀ 'ਚ ਕਿਊਬਕ ਕੋਰਟ ਆਫ਼ ਅਪੀਲ ਨੇ ਵਿਵਾਦਤ ਕਾਨੂੰਨ ਬਹਾਲ ਰੱਖਣ ਦੇ ਹੁਕਮ ਸੁਣਾਏ ਸਨ। ਤਰਲੋਚਨ ਸਿੰਘ ਨੇ ਕਿਹਾ ਕਿ ਕਿਊਬਕ 'ਚ ਫਰਾਂਸ ਨਾਲੋਂ ਵੀ ਵਧ ਗੰਭੀਰ ਕਾਨੂੰਨ ਹੈ ਕਿਉਂਕਿ ਉਥੇ ਸਿਰਫ਼ ਸਰਕਾਰੀ ਸਕੂਲਾਂ 'ਚ ਸਿੱਖ ਵਿਦਿਆਰਥੀਆਂ ਦੇ ਪਗੜੀ ਸਜਾਉਣ 'ਤੇ ਪਾਬੰਦੀ ਹੈ। ਉਨ੍ਹਾਂ ਹੈਰਾਨੀ ਜਤਾਈ ਕਿ ਕੈਨੇਡਾ ਦੀ ਸੰਸਦ 'ਚ ਸਿੱਖ ਮੈਂਬਰਾਂ ਨੇ ਹਾਲੇ ਤੱਕ ਇਹ ਮੁੱਦਾ ਕਿਉਂ ਨਹੀਂ ਚੁੱਕਿਆ ਹੈ।



## ਸਾਰਾਗੜ੍ਹੀ ਜੰਗ ਦੀ 127ਵੀਂ ਵਰ੍ਹੇਗੰਢ ਮਨਾਈ

**ਅੰਮ੍ਰਿਤਸਰ:** ਸਾਰਾਗੜ੍ਹੀ ਜੰਗ ਦੀ 127ਵੀਂ ਵਰ੍ਹੇਗੰਢ ਇਥੇ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਚ ਮਨਾਈ ਗਈ ਅਤੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨਿਤ ਕੀਤਾ ਗਿਆ। ਸ਼੍ਰੋਮਣੀ ਕਮੇਟੀ ਨੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਅਤੇ ਗੁਰਮਤਿ ਸਮਾਗਮ ਕੀਤਾ ਗਿਆ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਅਤੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਨੇ ਕਥਾ ਵਿਆਖਿਆਨ ਕੀਤਾ। ਗਿਆਨੀ ਗੁਰਮਿੰਦਰ ਸਿੰਘ ਨੇ ਸਾਰਾਗੜ੍ਹੀ ਜੰਗ ਦੇ ਸ਼ਹੀਦ ਸਿੱਖ ਫ਼ੌਜੀਆਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਇਸ ਜੰਗ ਦੇ ਸ਼ਹੀਦ ਸਿੱਖ ਫ਼ੌਜੀ ਦ੍ਰਿੜਤਾ ਤੇ ਸਮਰਪਣ ਦੀ ਸਿਖਰਲੀ ਮਿਸਾਲ ਸਨ। ਅੱਜ ਵੀ ਇਨ੍ਹਾਂ ਬਹਾਦਰ ਸਿੱਖਾਂ ਦੀ ਲਾਸਾਨੀ ਕੁਰਬਾਨੀ ਨੂੰ ਵਿਸ਼ਵ ਭਰ ਵਿਚ ਯਾਦ ਕੀਤਾ ਜਾਂਦਾ ਹੈ। ਇਸ ਮੌਕੇ ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਡੇਰਾ ਰਾਧਾ ਸੁਆਮੀ ਬਿਆਸ ਵੱਲੋਂ ਜਥੇਬੰਦਕ ਢਾਂਚੇ 'ਚ ਵੱਡਾ ਬਦਲਾਓ

**ਰਈਆ:** ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਨੇ ਡੇਰਿਆਂ ਦੀ ਸੇਵਾ ਲਈ ਜਥੇਬੰਦਕ ਢਾਂਚੇ ਵਿਚ ਵੱਡਾ ਬਦਲਾਅ ਕਰ ਕੇ ਸੂਬਾ ਕੋਆਰਡੀਨੇਟਰ ਦਾ ਐਲਾਨ ਕਰ ਕੇ ਤਿੰਨ ਜ਼ੋਨ ਬਣਾਏ ਹਨ। ਸੂਤਰਾਂ ਅਨੁਸਾਰ ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਆਪਣਾ ਅਗਲਾ ਵਾਰਸ ਜਸਦੀਪ ਸਿੰਘ ਗਿੱਲ ਨੂੰ ਐਲਾਨਣ ਤੋਂ ਬਾਅਦ ਹੁਣ ਵੱਖ-ਵੱਖ ਡੇਰਿਆਂ ਦੀ ਸੇਵਾ ਲਈ ਨਵੇਂ ਸੂਬਾ ਕੋਆਰਡੀਨੇਟਰ ਦਾ ਐਲਾਨ ਕੀਤਾ ਅਤੇ ਤਿੰਨ ਜ਼ੋਨ ਬਣਾ ਦਿੱਤੇ ਹਨ।

ਨਵੇਂ ਜ਼ੋਨਲ ਸੈਕਟਰੀ ਅਤੇ ਸੂਬਾ ਕੋਆਰਡੀਨੇਟਰ ਦੇ ਨਾਂ ਜਾਰੀ ਕਰ ਦਿੱਤੇ ਗਏ ਹਨ। ਜ਼ੋਨ ਨੰਬਰ-1 ਪੰਜਾਬ ਦੀ ਜ਼ਿੰਮੇਵਾਰੀ ਡਾ. ਕੇਡੀ ਸਿੰਘ, ਹਿਮਾਚਲ ਪ੍ਰਦੇਸ਼ ਜ਼ੋਨ-1 ਦੀ ਜ਼ਿੰਮੇਵਾਰੀ ਮਾਨ ਸਿੰਘ ਕਸ਼ਯਪ, ਹਿਮਾਚਲ ਪ੍ਰਦੇਸ਼-2 ਦੀ ਜ਼ਿੰਮੇਵਾਰੀ ਮਨਚੰਦਾ ਚੌਹਾਨ, ਜੰਮੂ ਕਸ਼ਮੀਰ ਦੀ ਵੇਦ ਰਾਜ ਅੰਗੁਰਾਣਾ, ਉਤਰਾਖੰਡ ਦੀ ਸਚਿਨ ਚੋਪੜਾ, ਅਤੇ ਹਰਿਆਣਾ ਦੀ ਜ਼ਿੰਮੇਵਾਰੀ ਮੁਕੇਸ਼ ਤਲਵਾੜ ਨੂੰ ਸੌਂਪੀ ਗਈ ਹੈ। ਇਸ ਤੋਂ ਇਲਾਵਾ ਜ਼ੋਨ-2 ਰਾਜਸਥਾਨ ਦੀ ਜ਼ਿੰਮੇਵਾਰੀ ਸੀਤਾ ਰਾਮ ਚੌਪੜਾ, ਮੱਧ ਪ੍ਰਦੇਸ਼ ਦੀ ਮਿਆਂਕ ਸੇਠੀ ਨੂੰ ਸੌਂਪੀ ਗਈ ਹੈ। ਜ਼ੋਨ ਨੰਬਰ-3 ਵਿਚ 9 ਕੋਆਰਡੀਨੇਟਰ ਨਿਯੁਕਤ ਕੀਤੇ ਗਏ ਹਨ, ਜਿਸ ਵਿਚ ਪੱਛਮੀ ਬੰਗਾਲ ਅਤੇ ਸਿੱਕਮ ਦੀ ਪਾਮਲ ਕਪੂਰ, ਮਹਾਰਾਸ਼ਟਰ-1 ਦੀ ਅਜੀਤਪਾਲ ਸਿੰਘ ਗਾਬੜੀਆ, ਮਹਾਰਾਸ਼ਟਰ-2 ਦੀ ਹਿਤੇਨ ਸੇਠੀ ਆਦਿ ਹਨ।



**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਸਿੱਖ ਕਤਲੇਆਮ: ਟਾਈਟਲਰ ਖਿਲਾਫ ਹੱਤਿਆ ਦੇ ਦੋਸ਼ ਤੈਅ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇਕ ਮਾਮਲੇ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖਿਲਾਫ਼ ਹੱਤਿਆ ਤੇ ਹੋਰ ਅਪਰਾਧਾਂ ਵਿਚ ਦੋਸ਼ ਤੈਅ ਕੀਤੇ। ਟਾਈਟਲਰ ਨੇ ਗੁਨਾਹ ਕਬੂਲ ਨਹੀਂ ਕੀਤਾ ਜਿਸ ਮਗਰੋਂ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਉਸ 'ਤੇ ਮੁਕੱਦਮਾ ਚਲਾਉਣ ਦਾ ਨਿਰਦੇਸ਼ ਦਿੱਤਾ।



ਜੱਜ ਨੇ 30 ਅਗਸਤ ਨੂੰ ਕਿਹਾ ਸੀ ਕਿ ਮੁਲਜ਼ਮ ਖਿਲਾਫ਼ ਕਾਰਵਾਈ ਅੱਗੇ ਵਧਾਉਣ ਦਾ ਢੁੱਕਵਾਂ ਆਧਾਰ ਹੈ। ਇਕ ਗਵਾਹ ਨੇ ਪਹਿਲਾਂ ਦੋਸ਼ ਪੱਤਰ ਵਿਚ ਕਿਹਾ ਸੀ ਕਿ ਟਾਈਟਲਰ ਪਹਿਲੀ ਨਵੰਬਰ 1984 ਨੂੰ ਇੱਥੇ ਗੁਰਦੁਆਰਾ ਪੁਲ ਬੰਗਸ਼ ਦੇ ਸਾਹਮਣੇ ਸਫੈਦ ਅੰਬੈਸਡਰ ਕਾਰ ਤੋਂ ਬਾਹਰ ਨਿਕਲਿਆ ਸੀ ਅਤੇ ਉਸ ਨੇ ਇਹ ਕਹਿੰਦੇ ਹੋਏ ਭੀੜ ਨੂੰ ਭੜਕਾਇਆ ਸੀ ਕਿ 'ਸਿੱਖਾਂ ਨੂੰ ਮਾਰੋ, ਉਨ੍ਹਾਂ ਨੇ ਸਾਡੀ ਮਾਂ ਨੂੰ ਮਾਰਿਆ ਹੈ'' ਅਤੇ ਇਸ ਤੋਂ ਬਾਅਦ ਤਿੰਨ ਲੋਕਾਂ ਦੀ ਹੱਤਿਆ ਹੋ ਗਈ। ਅਦਾਲਤ ਨੇ ਗੈਰ-ਕਾਨੂੰਨੀ ਤਰੀਕੇ ਨਾਲ ਇਕੱਠੇ ਹੋਣ, ਦੰਗਾ ਭੜਕਾਉਣ, ਵੱਖ-ਵੱਖ ਸਮੂਹਾਂ ਵਿਚਾਲੇ ਦੁਸ਼ਮਣੀ ਨੂੰ ਹੱਲਾਸ਼ੇਰੀ ਦੇਣ, ਘਰਾਂ ਵਿਚ ਵੜ ਕੇ ਹਮਲਾ ਕਰਨ ਅਤੇ ਚੋਰੀ ਸਣੇ ਹੋਰ ਕਈ ਅਪਰਾਧਾਂ ਲਈ ਦੋਸ਼ ਤੈਅ ਕਰਨ ਦਾ ਹੁਕਮ ਦਿੱਤਾ।

# ਆਤਿਸ਼ੀ ਦਿੱਲੀ ਦੀ ਨਵੀਂ ਮੁੱਖ ਮੰਤਰੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੀ ਸੀਨੀਅਰ ਆਗੂ ਆਤਿਸ਼ੀ ਦਿੱਲੀ ਦੇ ਨਵੇਂ ਮੁੱਖ ਮੰਤਰੀ ਹੋਣਗੇ। ਪਾਰਟੀ ਸੁਪਰੀਮੋ ਅਤੇ ਦਿੱਲੀ ਦੇ ਮੌਜੂਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਪਾਰਟੀ ਨੇ ਸਰਬਸੰਮਤੀ ਨਾਲ ਕੇਜਰੀਵਾਲ ਦੇ ਜਾਨਸ਼ੀਨ ਵਜੋਂ ਆਤਿਸ਼ੀ ਦੇ ਨਾਂ ਉਤੇ ਸਹਿਮਤੀ ਪ੍ਰਗਟਾਈ। ਦੱਸਣਯੋਗ ਹੈ ਕਿ ਆਤਿਸ਼ੀ ਪਾਰਟੀ ਦੇ ਨਾਲ-ਨਾਲ ਸਰਕਾਰ ਦਾ ਮੁੱਖ ਚਿਹਰਾ ਹਨ।



ਇਸ ਤੋਂ ਪਹਿਲਾਂ ਮੁੱਖ ਮੰਤਰੀ ਕੇਜਰੀਵਾਲ ਦੀ ਰਿਹਾਇਸ਼ ਉਤੇ ਹੋਈ 'ਆਪ' ਦੇ ਵਿਧਾਇਕ ਦਲ ਦੀ ਮੀਟਿੰਗ ਵਿਚ ਕੇਜਰੀਵਾਲ ਵੱਲੋਂ ਆਪਣੇ ਜਾਨਸ਼ੀਨ ਵਜੋਂ ਆਤਿਸ਼ੀ ਨੂੰ ਚੁਣੇ ਜਾਣ ਦੀ ਪੇਸ਼ ਕੀਤੀ ਗਈ ਤਜਵੀਜ਼ ਨੂੰ ਸਰਬਸੰਮਤੀ ਨਾਲ ਮਨਜ਼ੂਰ ਕਰ ਲਿਆ ਗਿਆ।

ਗੋਪਾਲ ਰਾਏ, ਜੋ 'ਆਪ' ਦੀ ਦਿੱਲੀ ਇਕਾਈ ਦੇ ਕਨਵੀਨਰ ਵੀ ਹਨ, ਨੇ ਕਿਹਾ ਕਿ ਨਵੀਂ ਕੈਬਨਿਟ ਵਿਚ ਸ਼ਾਮਲ ਕੀਤੇ ਜਾਣ ਵਾਲੀ ਮੰਤਰੀਆਂ ਬਾਰੇ ਫ਼ੈਸਲਾ ਬਾਅਦ ਵਿਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੇਜਰੀਵਾਲ ਵੱਲੋਂ ਅਸਤੀਫ਼ਾ ਦਿੱਤੇ ਜਾਣ ਤੋਂ ਬਾਅਦ 'ਆਪ' ਵਿਧਾਇਕਾਂ ਦਾ ਇਕ ਵਫ਼ਦ ਉਪ ਰਾਜਪਾਲ ਵੀਕੇ ਸਕਸੈਨਾ ਨੂੰ ਮਿਲ ਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰੇਗਾ।

# ਸੇਵਾਮੁਕਤੀ ਦੀ ਉਮਰ ਹੱਦ ਵਧਾਏਗਾ ਚੀਨ

**ਪੇਈਚਿੰਗ:** ਚੀਨ ਅਗਲੇ ਸਾਲ ਆਪਣੇ ਵਰਕਰਾਂ ਦੀ ਸੇਵਾਮੁਕਤੀ ਉਮਰ ਹੱਦ ਵਧਾਉਣ ਜਾ ਰਿਹਾ ਹੈ। ਪੁਰਸ਼ਾਂ ਲਈ ਸੇਵਾਮੁਕਤੀ ਦੀ ਉਮਰ ਹੱਦ ਵਧਾ ਕੇ 63 ਸਾਲ ਕੀਤੀ ਜਾਵੇਗੀ, ਜਦਕਿ ਮਹਿਲਾਵਾਂ ਦੀ ਸੇਵਾਮੁਕਤੀ ਉਨ੍ਹਾਂ ਦੀ ਨੌਕਰੀ ਦੇ ਹਿਸਾਬ ਨਾਲ 55 ਤੋਂ 58 ਸਾਲ 'ਤੇ ਕੀਤੀ ਜਾਵੇਗੀ। ਮੌਜੂਦਾ ਸਮੇਂ 'ਚ ਪੁਰਸ਼ 60 ਸਾਲ 'ਚ ਰਿਟਾਇਰ ਹੁੰਦੇ ਹਨ, ਜਦਕਿ ਔਰਤਾਂ ਨੂੰ ਨੌਕਰੀ ਦੇ ਹਿਸਾਬ ਨਾਲ 50 ਜਾਂ 55 ਸਾਲ ਦੀ ਉਮਰ 'ਚ ਰਿਟਾਇਰ ਕੀਤਾ ਜਾਂਦਾ ਹੈ। ਚੀਨ ਵੱਲੋਂ ਅਗਲੇ ਸਾਲ ਜਨਵਰੀ 'ਚ ਇਹ ਨੀਤੀ ਲਾਗੂ ਕੀਤੀ ਜਾਵੇਗੀ। ਸਰਕਾਰ ਲਈ ਪੈਨਸ਼ਨ ਅਦਾਇਗੀ ਵੱਡੀ ਸਮੱਸਿਆ ਬਣ ਗਈ ਹੈ, ਜਿਸ ਕਾਰਨ ਉਸ ਨੇ ਇਹ ਫ਼ੈਸਲਾ ਲਿਆ ਹੈ।

# ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਦੀ ਮਿਤੀ ਮੁੜ ਵਧਾਈ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀਆਂ ਆਮ ਚੋਣਾਂ ਲਈ ਵੋਟਾਂ ਬਣਾਉਣ ਦੀ ਮਿਤੀ ਵਿਚ ਇਕ ਵਾਰ ਹੋਰ ਵਾਧਾ ਕਰ ਦਿੱਤਾ ਗਿਆ ਹੈ। ਹੁਣ 31 ਅਕਤੂਬਰ ਤੱਕ ਵੋਟਾਂ ਬਣਾਈਆਂ ਜਾ ਸਕਦੀਆਂ ਹਨ।

ਇਸ ਤੋਂ ਪਹਿਲਾਂ ਆਖਰੀ ਮਿਤੀ 16 ਸਤੰਬਰ ਰੱਖੀ ਗਈ ਸੀ। ਮੁੱਖ ਗੁਰਦੁਆਰਾ ਚੋਣ ਕਮਿਸ਼ਨ ਦੇ ਦਫ਼ਤਰ ਨੇ ਇਸ ਸਬੰਧੀ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਭੇਜ ਦਿੱਤਾ ਹੈ। ਹਰਿਆਣਾ ਇਸ ਵਾਰ ਚੋਣ ਪ੍ਰਕਿਰਿਆ ਤੋਂ ਬਾਹਰ ਹੈ ਕਿਉਂਕਿ ਉਥੇ ਪਹਿਲਾਂ ਹੀ ਵੱਖਰੀ ਐਡਹਾਕ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਚ.ਐਸ.ਜੀ.ਐਮ.ਸੀ.) ਦਾ ਗਠਨ ਕੀਤਾ ਜਾ ਚੁੱਕਿਆ ਹੈ। 13 ਸਤੰਬਰ ਤੱਕ ਲਗਭਗ 50 ਲੱਖ ਵਿਅਕਤੀ ਵੋਟਰ ਵਜੋਂ ਆਪਣੀ ਰਜਿਸਟਰੇਸ਼ਨ ਕਰਵਾ ਚੁੱਕੇ ਹਨ। 2011 ਵਿਚ ਹੋਈਆਂ ਪਿਛਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਪੰਜਾਬ ਵਿਚ ਕੁੱਲ 52.69 ਲੱਖ 'ਯੋਗ' ਵੋਟਰ ਰਜਿਸਟਰਡ ਹੋਏ ਸਨ। ਸੂਤਰਾਂ ਨੇ ਦੱਸਿਆ ਕਿ ਕਮਿਸ਼ਨਰ, ਗੁਰਦੁਆਰਾ ਚੋਣ ਨੇ ਪਿਛਲੇ ਮਹੀਨੇ ਵਿਚ ਮਿਲੇ ਭਰਵੇਂ ਹੁੰਗਾਰੇ ਨੂੰ ਦੇਖਦਿਆਂ ਵੋਟਰ ਬਣਾਉਣ ਦੀ ਅੰਤਿਮ ਮਿਤੀ ਵਿਚ ਮੁੜ ਵਾਧਾ ਕੀਤਾ ਹੈ। ਪਿਛਲੇ ਮਹੀਨੇ ਦੌਰਾਨ ਰਜਿਸਟਰੇਸ਼ਨ ਲਈ ਬਿਨੈਕਾਰਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ ਹੈ। ਅਧਿਕਾਰੀ ਨੇ ਕਿਹਾ ਕਿ ਇਸ ਉਤਸ਼ਾਹ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਅਨੁਮਾਨ ਲਗਾਇਆ ਗਿਆ ਕਿ 16 ਸਤੰਬਰ ਦੀ ਅੰਤਿਮ ਤਾਰੀਖ ਤੱਕ ਅਜੇ ਵੀ ਕਈ ਵੋਟਰ ਵੋਟ ਬਣਾਉਣ ਤੋਂ ਵਾਂਝੇ ਰਹਿ ਗਏ ਹਨ। ਇਸ ਲਈ ਆਖਰੀ ਤਰੀਕ 45 ਦਿਨਾਂ ਲਈ ਹੋਰ ਵਧਾ ਦਿੱਤੀ ਗਈ ਹੈ। ਵੋਟਰ ਰਜਿਸਟਰ ਕਰਾਉਣ ਦੀ ਤਰੀਕ ਪਹਿਲਾਂ ਵੀ ਕਈ ਵਾਰ ਵਧਾਈ ਜਾ ਚੁੱਕੀ ਹੈ।

# ਪੰਜਾਬ ਸਰਕਾਰ ਵੱਲੋਂ ਖੇਤੀ ਨੀਤੀ ਦਾ ਖਰੜਾ ਜਾਰੀ

*(ਪਹਿਲੇ ਸਫੇ ਦੀ ਬਾਕੀ)*

ਕਾਰਨ ਨਸ਼ਿਆਂ ਖ਼ਿਲਾਫ਼ ਲੜਾਈ ਨੂੰ ਆਂਚ ਪਹੁੰਚੀ ਹੈ। 2017 ਵਿਚ ਇਕ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਹਰਿਆਣਾ ਹਾਈਕੋਰਟ ਨੇ ਨਸ਼ਿਆਂ ਦੀ ਤਸਕਰੀ ਵਿਚ ਸੀਨੀਅਰ ਪੁਲਿਸ ਅਫ਼ਸਰਾਂ ਦੀ ਮਿਲੀਭੁਗਤ ਦੇ ਦੋਸ਼ਾਂ ਦੀ ਜਾਂਚ ਕਰਾਉਣ ਲਈ ਵਿਸ਼ੇਸ਼ ਜਾਂਚ ਟੀਮ (ਸਿਟ) ਕਾਇਮ ਕੀਤੀ ਸੀ। ਉਸ ਸਿਟ ਦੀਆਂ ਲੱਭਤਾਂ ਇਸ ਸਾਲ ਅਪਰੈਲ ਵਿਚ ਜਨਤਕ ਕੀਤੀਆਂ ਗਈਆਂ ਸਨ ਜਿਸ ਵਿਚ ਪਾਇਆ ਗਿਆ ਸੀ ਕਿ ਪੁਲਿਸ ਇੰਸਪੈਕਟਰ ਇੰਦਰਜੀਤ ਸਿੰਘ ਉਸ ਵੇਲੇ ਮੋਗਾ ਦੇ ਐਸ.ਐਸ.ਪੀ. ਰਾਜਜੀਤ ਸਿੰਘ ਨਾਲ ਰਲ ਕੇ ਬੀ.ਐਸ.ਐਫ. ਦੇ ਕੁਝ ਬਰਤਰਫ਼ ਮੁਲਾਜ਼ਮਾਂ ਦੀ ਮਦਦ ਨਾਲ ਪਾਕਿਸਤਾਨ ਤੋਂ ਨਸ਼ਿਆਂ ਦੀ ਤਸਕਰੀ ਕਰਵਾਉਂਦੇ ਸਨ। ਇਸ ਤੋਂ ਇਲਾਵਾ ਉਹ ਲੋਕਾਂ ਨੂੰ ਨਸ਼ਿਆਂ ਦੇ ਝੂਠੇ ਕੇਸਾਂ ਵਿਚ ਫਸਾ ਕੇ ਉਨ੍ਹਾਂ ਤੋਂ ਫਿਰੌਤੀ ਰਕਮਾਂ ਲੈਂਦੇ ਸਨ ਅਤੇ ਨਸ਼ੇ ਵਿਕਵਾਉਂਦੇ ਸਨ। ਐਸ.ਐਸ.ਪੀ. ਰਾਜਜੀਤ ਸਿੰਘ ਨੇ ਇੰਦਰਜੀਤ ਸਿੰਘ ਦੇ ਖ਼ਿਲਾਫ਼ ਦੋਸ਼ ਲੱਗੇ ਹੋਣ ਦੇ ਬਾਵਜੂਦ ਉਸ ਦੀ ਦੋਹਰੀ ਤਰੱਕੀ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਇਹ ਵੀ ਪਤਾ ਲੱਗਿਆ ਹੈ ਕਿ ਪੰਜਾਬ ਪੁਲਿਸ ਵਿਚ ਅਜਿਹੇ ਅਫਸਰਾਂ ਜਾਂ ਮੁਲਾਜ਼ਮਾਂ ਦੀ ਗਿਣਤੀ ਹਜ਼ਾਰਾਂ ਵਿਚ ਹਨ ਜੋ ਸਿੱਧੇ ਜਾਂ ਅਸਿੱਧੇ ਢੰਗ ਨਾਲ ਨਸ਼ਾ ਤਸਕਰੀ ਨਾਲ ਜੁੜੇ ਹੋਏ ਹਨ।

# ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 10 ਨੂੰ ਬੰਦ ਹੋਣਗੇ

**ਅੰਮ੍ਰਿਤਸਰ:** ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਨੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ ਕਿ ਜੇ ਕੋਈ ਸ਼ਰਧਾਲੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਨਾ ਚਾਹੁੰਦਾ ਹੈ ਤਾਂ ਉਹ 10 ਅਕਤੂਬਰ ਤੋਂ ਪਹਿਲਾਂ ਕਰ ਸਕਦਾ ਹੈ। ਯਾਤਰਾ 10 ਅਕਤੂਬਰ ਨੂੰ ਸਮਾਪਤ ਹੋ ਰਹੀ ਅਤੇ ਇਸ ਮਗਰੋਂ ਗੁਰਦੁਆਰੇ ਦੇ ਕਿਵਾੜ ਸੰਗਤ ਲਈ ਬੰਦ ਕਰ ਦਿੱਤੇ ਜਾਣਗੇ।

ਯਾਤਰਾ ਮਈ ਵਿਚ ਆਰੰਭ ਹੋਈ ਸੀ ਅਤੇ ਹੁਣ ਤੱਕ ਚਾਰ ਮਹੀਨੇ ਵਿਚ ਲਗਭਗ ਦੋ ਲੱਖ ਸ਼ਰਧਾਲੂ ਇੱਥੇ ਨਤਮਸਤਕ ਹੋ ਚੁੱਕੇ ਹਨ। ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਇਸ ਵੇਲੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਨ ਲਈ ਉਚਿਤ ਸਮਾਂ ਹੈ। ਉਨ੍ਹਾਂ ਦੱਸਿਆ ਕਿ ਯਾਤਰਾ ਦੀ ਸਮਾਪਤੀ ਲਈ 8 ਅਕਤੂਬਰ ਨੂੰ ਅਖੰਡ ਪਾਠ ਆਰੰਭ ਹੋਣਗੇ ਅਤੇ 10 ਅਕਤੂਬਰ ਨੂੰ ਭੋਗ ਉਪਰੰਤ ਯਾਤਰਾ ਦੀ ਸਮਾਪਤੀ ਹੋਵੇਗੀ। ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਪੂਰਨ ਗੁਰ ਮਰਿਆਦਾ ਅਨੁਸਾਰ ਸੁੱਖ ਆਸਣ ਵਾਲੇ ਅਸਥਾਨ 'ਤੇ ਲਿਜਾਏ ਜਾਣਗੇ ਅਤੇ ਗੁਰਦੁਆਰੇ ਦੇ ਕਿਵਾੜ ਸੰਗਤ ਲਈ ਬੰਦ ਹੋ ਜਾਣਗੇ। ਪ੍ਰਬੰਧਕਾਂ ਨੂੰ ਉਮੀਦ ਹੈ ਕਿ ਅਗਲੇ ਤਿੰਨ ਹਫਤਿਆਂ ਦੌਰਾਨ 30 ਤੋਂ 35 ਹਜ਼ਾਰ ਸ਼ਰਧਾਲੂ ਇੱਥੇ ਪੁੱਜਣਗੇ ਅਤੇ ਇਸ ਵਰ੍ਹੇ ਸ਼ਰਧਾਲੂਆਂ ਦੀ ਕੁੱਲ ਆਮਦ ਵੱਧ ਕੇ ਸਵਾ ਦੋ ਲੱਖ ਤੱਕ ਹੋ ਜਾਵੇਗੀ। 2023 ਵਿਚ ਵੀ ਲਗਭਗ ਸਵਾ ਦੋ ਲੱਖ ਸ਼ਰਧਾਲੂ ਇੱਥੇ ਨਤਮਸਤਕ ਹੋਏ ਸਨ। ਸਮਾਪਤੀ ਸਮਾਗਮ ਵੇਲੇ ਉੱਤਰਾਖੰਡ ਦੇ ਗਵਰਨਰ ਲੈਫਟੀਨੈਂਟ ਜਨਰਲ (ਸੇਵਾਮੁਕਤ) ਗੁਰਮੀਤ ਸਿੰਘ ਦੇ ਸਮਾਗਮ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਉਹ ਯਾਤਰਾ ਦੀ ਸ਼ੁਰੂਆਤ ਵੇਲੇ ਵੀ ਸਮਾਗਮ ਵਿਚ ਸ਼ਾਮਲ ਹੋਏ ਸਨ।

# ਟਰੰਪ ਨੂੰ ਮਾਰਨ ਦੀ ਫਿਰ ਕੋਸ਼ਿਸ਼

**ਵਾਸ਼ਿੰਗਟਨ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਹੱਤਿਆ ਦੀ ਫਲੋਰੀਡਾ ਦੇ ਵੈਸਟ ਪਾਮ ਬੀਚ 'ਤੇ ਉਸ ਸਮੇਂ ਕੋਸ਼ਿਸ਼ ਕੀਤੀ ਗਈ, ਜਦੋਂ ਉਹ ਆਪਣੇ ਗੋਲਫ਼ ਕਲੱਬ 'ਚ ਖੇਡ ਰਹੇ ਸਨ। ਫੈਡਰਲ ਜਾਂਚ ਬਿਊਰੋ ਦੇ ਅਧਿਕਾਰੀਆਂ ਨੇ ਇਸ ਨੂੰ ਨਾਕਾਮ ਬਣਾ ਦਿੱਤਾ ਅਤੇ ਮਸ਼ਕੂਕ ਨੂੰ ਹਿਰਾਸਤ 'ਚ ਲੈ ਲਿਆ, ਜਿਸ ਦੀ ਪਛਾਣ ਰਿਆਨ ਵੈਸਲੇ ਰਾਊਥ ਵਜੋਂ ਹੋਈ ਹੈ।

ਇਸ ਘਟਨਾ ਤੋਂ ਸਿਰਫ਼ ਨੌਂ ਹਫ਼ਤੇ ਪਹਿਲਾਂ ਬੰਦੂਕਧਾਰੀ ਨੇ ਪੈਨਸਿਲਵੇਨੀਆ 'ਚ 13 ਜੁਲਾਈ ਨੂੰ ਚੋਣ ਰੈਲੀ ਦੌਰਾਨ ਟਰੰਪ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾਈਆਂ ਸਨ। ਇਸ ਹਮਲੇ 'ਚ ਇਕ ਗੋਲੀ ਟਰੰਪ ਦੇ ਸੱਜੇ ਕੰਨ ਨੂੰ ਛੂਹ ਕੇ ਨਿਕਲ ਗਈ ਸੀ। ਮਿਆਮੀ 'ਚ ਵਿਸ਼ੇਸ਼ ਏਜੰਟ ਇੰਚਾਰਜ ਰਾਫ਼ੇਲ ਬੈਰੋਸ ਨੇ ਨਿਊਜ਼ ਕਾਨਫਰੰਸ ਦੌਰਾਨ ਦੱਸਿਆ ਕਿ ਖ਼ੁਫ਼ੀਆ ਸੇਵਾ ਦੇ ਏਜੰਟ ਨੇ ਟਰੰਪ ਇੰਟਰਨੈਸ਼ਨਲ ਗੋਲਫ਼ ਕਲੱਬ ਨੇੜੇ ਬੰਦੂਕਧਾਰੀ 'ਤੇ ਗੋਲੀਆਂ ਚਲਾਈਆਂ। ਉਨ੍ਹਾਂ ਕਿਹਾ ਕਿ ਏਜੰਸੀ ਇਹ ਯਕੀਨੀ ਤੌਰ 'ਤੇ ਨਹੀਂ ਆਖ ਸਕਦੀ ਕਿ ਹਿਰਾਸਤ 'ਚ ਲਏ ਮੁਲਜ਼ਮ ਨੇ ਜਵਾਬੀ ਗੋਲੀਆਂ ਚਲਾਈਆਂ ਜਾਂ ਨਹੀਂ। ਟਰੰਪ ਜਿਥੇ ਗੋਲਫ਼ ਖੇਡ ਰਹੇ ਸਨ, ਉਥੋਂ ਕੁਝ ਦੂਰੀ 'ਤੇ ਲੁਕੇ ਅਮਰੀਕੀ ਸੀਕਰੇਟ ਸਰਵਿਸ ਦੇ ਏਜੰਟ ਨੇ ਦੇਖਿਆ ਕਿ ਕਰੀਬ 400 ਗਜ਼ ਦੀ ਦੂਰੀ 'ਤੇ ਝਾੜੀਆਂ ਵਿਚਕਾਰ ਰਾਈਫ਼ਲ ਦਿਖ ਰਹੀ ਹੈ। ਪਾਮ ਬੀਚ ਕਾਊਂਟੀ ਦੇ ਸ਼ੈਰਿਫ਼ ਰਿਕ ਬਰੈਡਸ਼ਾਅ ਨੇ ਦੱਸਿਆ ਕਿ ਏਜੰਟ ਨੇ ਗੋਲੀ ਚਲਾਈ, ਜਿਸ ਮਗਰੋਂ ਮਸ਼ਕੂਕ ਭੱਜ ਗਿਆ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਅਹੁਦੇ ਦੀ ਚੋਣ ਲੜ ਰਹੇ ਟਰੰਪ ਸ਼ੱਕੀ ਤੋਂ 300 ਤੋਂ 500 ਗਜ਼ ਦੂਰ ਸਨ।

# ਇਰਾਨ ਨੇ ਸਫਲਤਾਪੂਰਵਕ ਲਾਂਚ ਕੀਤਾ ਉਪਗ੍ਰਹਿ

**ਤਹਿਰਾਨ:** ਇਰਾਨ ਨੇ ਦੇਸ਼ ਦੇ ਨੀਮ ਫੌਜੀ ਬਲ 'ਰੈਵੋਲਿਊਸ਼ਨਰੀ ਗਾਰਡ' ਵੱਲੋਂ ਬਣਾਏ ਗਏ ਰਾਕੇਟ ਰਾਹੀਂ ਇਕ ਉਪਗ੍ਰਹਿ ਲਾਂਚ ਕੀਤਾ ਹੈ। ਸਰਕਾਰੀ ਮੀਡੀਆ ਨੇ ਇਹ ਜਾਣਕਾਰੀ ਦਿੱਤੀ। ਪੱਛਮੀ ਦੇਸ਼ਾਂ ਨੂੰ ਡਰ ਹੈ ਕਿ ਇਸ ਨਾਲ ਇਰਾਨ ਨੂੰ ਆਪਣੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਵਿਚ ਅੱਗੇ ਵਧਣ 'ਚ ਮਦਦ ਮਿਲ ਸਕਦੀ ਹੈ। ਇਰਾਨ ਨੇ ਦੱਸਿਆ ਕਿ ਰਾਕੇਟ ਰਾਹੀਂ ਉਪਗ੍ਰਹਿ ਆਰਬਿਟ 'ਚ ਸਥਾਪਤ ਕਰਨ ਵਾਲਾ ਇਹ ਉਸ ਦਾ ਦੂਜਾ ਲਾਂਚ ਹੈ।



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਅੰਮ੍ਰਿਤਪਾਲ ਸਿੰਘ ਦੇ ਰਿਸ਼ਤੇਦਾਰਾਂ ਤੇ ਹਮਾਇਤੀਆਂ ਦੇ ਘਰਾਂ ‘ਤੇ ਛਾਪੇ

**ਅੰਮ੍ਰਿਤਸਰ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਤੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਸਕੇ-ਸਬੰਧੀਆਂ ਤੇ ਹੋਰ ਸਹਿਯੋਗੀਆਂ ਦੇ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ ਤੇ ਮੋਗਾ ਜ਼ਿਲ੍ਹੇ ਵਿਚਲੀਆਂ ਰਿਹਾਇਸ਼ਾਂ ਤੇ ਹੋਰ ਟਿਕਾਣਿਆਂ ‘ਤੇ ਛਾਪੇ ਮਾਰੇ।




ਐਨ.ਆਈ.ਏ. ਦੀਆਂ ਟੀਮਾਂ ਜਾਂਦੇ ਹੋਏ ਮੋਬਾਈਲ ਫੋਨ, ਪੈੱਨ ਡਰਾਈਵਾਂ, ਸੀ.ਸੀ.ਟੀ.ਵੀ. ਫੁਟੇਜਾਂ ਦੀ ਡੀ.ਵੀ.ਆਰ. ਆਪਣੇ ਨਾਲ ਲੈ ਗਈ। ਟੀਮ ਨੇ ਮੁਹਾਲੀ ਵਿਚ ਪੰਜਾਬ ਮੰਡੀ ਬੋਰਡ ਦੇ ਅਧਿਕਾਰੀ ਦੇ ਘਰ ਦੀ ਤਲਾਸ਼ੀ ਵੀ ਲਈ। ਟੀਮ ਨੇ ਅੰਮ੍ਰਿਤਪਾਲ ਸਿੰਘ ਦੇ ਜੱਲੂਪੁਰ ਖੇੜਾ ਰਹਿੰਦੇ ਨਜ਼ਦੀਕੀ ਰਿਸ਼ਤੇਦਾਰ ਨੂੰ ਪੁੱਛ ਪੜਤਾਲ ਲਈ 26 ਸਤੰਬਰ ਨੂੰ ਚੰਡੀਗੜ੍ਹ ਸੱਦਿਆ ਹੈ। ਇਹ ਛਾਪੇ ਦਹਿਸ਼ਤਗਰਦਾਂ ਤੇ ਗੈਂਗਸਟਰਾਂ ਵਿਚਲੇ ਗੱਠਜੋੜ ਨੂੰ ਤੋੜਨ ਅਤੇ ਮਾਰਚ 2023 ਵਿਚ ਕੈਨੇਡਾ ਦੇ ਓਟਵਾ ਵਿਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਖਾਲਿਸਤਾਨ ਪੱਖੀ ਹਮਾਇਤੀਆਂ ਵੱਲੋਂ ਕੀਤੇ ਪ੍ਰਦਰਸ਼ਨ ਤੇ ਕਮਿਸ਼ਨ ਦੇ ਅਹਾਤੇ ਵਿਚ ਦੇ ਗ੍ਰਨੇਡ ਸੁੱਟਣ ਦੇ ਸਬੰਧ ਵਿਚ ਮਾਰੇ ਗਏ ਹਨ। ਅੰਮ੍ਰਿਤਪਾਲ ਕੌਮੀ ਸੁਰੱਖਿਆ ਐਕਟ (ਐਨ.ਐਸ.ਏ) ਤਹਿਤ ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ।

ਐਨ.ਆਈ.ਏ. ਦੀਆਂ ਟੀਮਾਂ ਨੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਵੇਰੇ 5:30 ਵਜੇ ਕੀਤੀ ਛਾਪੇਮਾਰੀ ਦੌਰਾਨ ਅੰਮ੍ਰਿਤਪਾਲ ਸਿੰਘ ਦੇ ਚਾਚਾ ਪਰਗਟ ਸਿੰਘ ਜੱਲੂਪੁਰ ਖੇੜਾ ਦੇ ਘਰ ਤੇ ਰਈਆ ਸਥਿਤ ਫਰਨੀਚਰ ਵਾਲੀ ਦੁਕਾਨ ਅਤੇ ਪਿੰਡ ਬੁਤਾਲਾ (ਅੰਮ੍ਰਿਤਸਰ) ਵਿਚ ਉਸ ਦੇ ਭਣੋਈਏ ਅਮਰਜੋਤ ਸਿੰਘ, ਜੋ ਇਸ ਵੇਲੇ ਕੈਨੇਡਾ ਵਿਚ ਰਹਿ ਰਿਹਾ ਹੈ, ਦੇ ਘਰ ਨੂੰ ਨਿਸ਼ਾਨਾ ਬਣਾਇਆ। ਛਾਪੇ ਮੌਕੇ ਅਮਰਜੋਤ ਦੇ ਘਰ ਵਿਚ ਉਸ ਦੀ ਭਰਜਾਈ ਹੀ ਮੌਜੂਦ ਸੀ। ਟੀਮ ਪੰਜ ਘੰਟੇ ਦੇ ਕਰੀਬ ਉਥੇ ਮੌਜੂਦ ਰਹੀ ਤੇ ਜਾਂਦੇ ਹੋਏ ਪੈੱਨ ਡਰਾਈਵ ਅਤੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਡੀ.ਵੀ.ਆਰ. ਨਾਲ ਲੈ ਗਈ। ਐਨ.ਆਈ.ਏ. ਟੀਮ ਨੇ ਮਹਿਤਾ (ਅੰਮ੍ਰਿਤਸਰ), ਸ੍ਰੀ ਹਰਗੋਬਿੰਦਪੁਰ (ਗੁਰਦਾਸਪੁਰ) ਅਤੇ ਅੰਮ੍ਰਿਤਸਰ ਦੇ ਗੁਰਨਾਮ ਨਗਰ ਵਿਚ ਵੀ ਛਾਪੇ ਮਾਰੇ ਹਨ।

ਇਸ ਮਗਰੋਂ ਟੀਮ ਅੰਮ੍ਰਿਤਪਾਲ ਸਿੰਘ ਦੇ ਚਾਚੇ ਪਰਗਟ ਸਿੰਘ ਸੰਧੂ ਦੇ ਪਿੰਡ ਜੱਲੂਪੁਰ ਖੇੜਾ ਵਿਚਲੇ ਘਰ ਪੁੱਜੀ। ਇਥੇ ਜਦੋਂ ਕੋਈ ਨਹੀਂ ਮਿਲਿਆ ਤਾਂ ਟੀਮ ਸੰਧੂ ਦੀ ਫੇਰੂਮਾਨ ਰੋਡ ਸਥਿਤ ਫਰਨੀਚਰ ਵਾਲੀ ਦੁਕਾਨ ਕਮ ਘਰ ਪੁੱਜੀ। ਸੰਧੂ ਇਸ ਮੌਕੇ ਘਰ ਵਿਚ ਨਹੀਂ ਸੀ। ਦੋ ਘੰਟੇ ਦੀ ਫਰੋਲਾ-ਫਰੋਲੀ ਮਗਰੋਂ ਐਨ.ਆਈ.ਏ. ਟੀਮ ਘਰ ਵਿਚ ਮੌਜੂਦ ਦੋ ਮੋਬਾਈਲ ਫ਼ੋਨ, ਪੈੱਨ ਡਰਾਈਵ, ਸੀ.ਸੀ.ਟੀ.ਵੀ. ਕੈਮਰਿਆਂ ਦੀ ਡੀ.ਵੀ.ਆਰ. ਦੇ ਨਾਲ ਅਮਰਜੀਤ ਕੌਰ ਨੂੰ ਪੁੱਛ ਪੜਤਾਲ ਲਈ ਬਿਆਸ ਥਾਣੇ ਲੈ ਗਈ। ਲਗਭਗ ਚਾਰ-ਪੰਜ ਘੰਟਿਆਂ ਦੀ ਪੁੱਛ ਪੜਤਾਲ ਤੋਂ ਬਾਅਦ ਉਸ ਨੂੰ ਘਰ ਭੇਜ ਦਿੱਤਾ ਗਿਆ। ਟੀਮ ਨੇ ਪਰਗਟ ਸਿੰਘ ਨੂੰ ਜਾਂਚ ਵਿਚ ਸ਼ਾਮਲ ਹੋਣ ਲਈ 26 ਸਤੰਬਰ ਨੂੰ ਚੰਡੀਗੜ੍ਹ ਸੱਦਿਆ ਹੈ।

## ਜ਼ਿਮਨੀ ਚੋਣ: ਪੰਜਾਬ ਸਰਕਾਰ ਗਿੱਦੜਬਾਹਾ ‘ਤੇ ਮਿਹਰਬਾਨ

**ਸ੍ਰੀ ਮੁਕਤਸਰ ਸਾਹਿਬ:** ਜ਼ਿਮਨੀ ਚੋਣਾਂ ਤੋਂ ਪਹਿਲਾਂ ਹੀ ਗਿੱਦੜਬਾਹਾ ਹਲਕਾ ਸੁਰਖੀਆਂ ਵਿਚ ਆ ਗਿਆ ਹੈ। ਮਹਿਜ਼ ਦੋ ਮਹੀਨਿਆਂ ਵਿਚ ਹੀ ਇੱਥੇ ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀ ਅਮਨ ਅਰੋੜਾ, ਡਾ. ਬਲਜੀਤ ਕੌਰ, ਅਨਮੋਲ ਗਗਨ ਮਾਨ ਕਈ ਗੇੜੇ ਲਾ ਚੁੱਕੇ ਹਨ ਤੇ ਇਸ ਦੌਰਾਨ ਕਰੋੜਾਂ ਰੁਪਏ ਦੇ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ ਗਏ ਹਨ। ਜੁਲਾਈ ਵਿਚ ਮੁੱਖ ਮੰਤਰੀ ਨੇ 23 ਸੌ ਕਰੋੜ ਰੁਪਏ ਦਾ ‘ਮਾਲਵਾ ਨਹਿਰ’ ਦਾ ਪ੍ਰਾਜੈਕਟ ਪਿੰਡ ਦੋਦਾ ਵਿਚ ਐਲਾਨਿਆ ਸੀ।



ਅਗਸਤ ‘ਚ ਪਿੰਡ ਭਲਾਈਆਣਾ ਵਿਚ ਤਿੰਨ ਰੋਜ਼ਾ ‘ਸੂਬਾਈ ਤੀਆਂ ਦਾ ਮੇਲਾ’ ਲਾਇਆ ਗਿਆ। ਇਸੇ ਮਹੀਨੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ‘ਆਪ’ ਵਿਚ ਸ਼ਾਮਲ ਕਰਦਿਆਂ ਸੀਵਰੇਜ ਤੇ ਪਾਣੀ ਲਈ ਕਈ ਪ੍ਰਾਜੈਕਟ ਪਾਸ ਕੀਤੇ। ਫਿਰ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਗਿੱਦੜਬਾਹਾ ‘ਚ 12 ਕਰੋੜ ਰੁਪਏ ਦੀ ਲਾਗਤ ਵਾਲੇ 29 ਕੰਮਾਂ ਦੇ ਨੀਂਹ ਪੱਥਰ ਰੱਖੇ। ਹੁਣ ਕੈਬਨਿਟ ਮੰਤਰੀ ਅਮਨ ਅਰੋੜਾ ਨੇ 18 ਕਰੋੜ 57 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਪਿੰਡ ਦੂਹੇਵਾਲਾ, ਮਧੀਰ, ਛੱਤੇਆਣਾ, ਦੋਦਾ, ਕਾਉਣੀ, ਕੋਟਲੀ ਅਬਲੂ, ਕੋਠੇ ਹਿੰਮਤਪੁਰਾ ਵਿਚ 130 ਕਿਲੋਮੀਟਰ ਸੜਕਾਂ ਦੇ ਨਿਰਮਾਣ ਕਾਰਜਾਂ ਦੇ ਨੀਂਹ ਪੱਥਰ ਰੱਖੇ ਹਨ।

## ‘ਆਪ’ ਦੇ ਕਾਰਜਕਾਲ ’ਚ ਕਰਜ਼ਈ ਹੋਇਆ ਪੰਜਾਬ: ਜਗੀਰ ਕੌਰ

**ਜਲੰਧਰ:** ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੇ ਪੰਜਾਬ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਬਦਲਾਓ ਦਾ ਨਾਅਰਾ ਲਾ ਕੇ ਸੱਤਾ ਸੰਭਾਲਣ ਵਾਲੀ ‘ਆਪ’ ਸਰਕਾਰ ਵਿਚ ਸਭ ਤੋਂ ਵੱਧ ਮਾਰ ਆਮ ਆਦਮੀ ਨੂੰ ਹੀ ਪੈ ਰਹੀ ਹੈ। ਪੰਜਾਬ ਵਿਚ ‘ਆਪ’ ਸਰਕਾਰ ਨੇ ਅੱਧਾ ਕਾਰਜਕਾਲ ਪੂਰਾ ਕਰ ਲਿਆ ਹੈ, ਢਾਈ ਸਾਲ ਵਿਚ ਇਕ ਲੱਖ ਕਰੋੜ ਤੋਂ ਵੱਧ ਦਾ ਕਰਜ਼ਾ ਚੁੱਕ ਕੇ ਪੰਜਾਬੀਆਂ ਸਿਰ ਚੜ੍ਹੀ ਕਰਜ਼ੇ ਦੀ ਪੰਡ ਹੋਰ ਭਾਰੀ ਕਰ ਦਿੱਤੀ ਹੈ। ਸਰਕਾਰੀ ਕੰਮਾਂ ਦੀ ਮਸ਼ਹੂਰੀ ਕਰਨ ਲਈ ਹੀ 750 ਕਰੋੜ ਦਾ ਬਜਟ ਰੱਖਿਆ ਗਿਆ ਹੈ। ਪੰਜਾਬ ਦਾ ਪੈਸਾ ਦੂਜੇ ਸੂਬਿਆਂ ਵਿਚ ਖਰਚ ਕੇ ਆਮ ਆਦਮੀ ਪਾਰਟੀ ਆਪਣਾ ਰਾਜਨੀਤਕ ਲਾਭ ਲੈਣ ਵਿਚ ਲੱਗੀ ਹੋਈ ਹੈ।

## ਚੀਫ ਖਾਲਸਾ ਦੀਵਾਨ ਵੱਲੋਂ ਗੁਰਮਤਿ ਕਾਲਜ ਖੋਲ੍ਹਿਆ ਜਾਵੇਗਾ

**ਅੰਮ੍ਰਿਤਸਰ:** ਚੀਫ ਖ਼ਾਲਸਾ ਦੀਵਾਨ ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਗੁਰੂ ਅਮਰਦਾਸ ਦੇ ਜੋਤੀ ਜੋਤਿ ਦਿਵਸ ਅਤੇ ਗੁਰੂ ਰਾਮਦਾਸ ਦੇ ਗੁਰਤਾਗੱਦੀ ਦਿਵਸ ਦੇ 450 ਸਾਲ ਪੂਰੇ ਹੋਣ ‘ਤੇ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਗੋਇੰਦਵਾਲ ਸਾਹਿਬ ਵਿਖੇ ਇਕ ਹੋਰ ਗੁਰਮਤਿ ਕਾਲਜ ਖੋਲ੍ਹਣ ਦਾ ਫ਼ੈਸਲਾ ਕੀਤਾ ਗਿਆ।

ਦੀਵਾਨ ਦੇ ਕਾਰਜਕਾਰੀ ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ ਨੇ ਕਿਹਾ ਕਿ ਦੀਵਾਨ ਵੱਲੋਂ ਸੈਂਟਰਲ ਖਾਲਸਾ ਯਤੀਮਖਾਨੇ ਵਿਚ ਗੁਰਮਤਿ ਕਾਲਜ ਸਫਲਤਾ ਪੂਰਵਕ ਚਲਾਇਆ ਜਾ ਰਿਹਾ ਹੈ ਜਿਸ ਤੋਂ ਗੁਰਮਤਿ ਅਤੇ ਕੀਰਤਨ ਦੀ ਸਿੱਖਿਆ ਲੈ ਕੇ ਸਿਖਿਆਰਥੀ ਹਰਿਮੰਦਰ ਸਾਹਿਬ ਵਿਖੇ ਹਜ਼ੂਰੀ ਰਾਗੀ ਦੀਆਂ ਸੇਵਾਵਾਂ ਨਿਭਾਅ ਰਹੇ ਹਨ ਅਤੇ ਹੋਰ ਵਿਦਿਆਰਥੀ ਦੇਸ਼-ਵਿਦੇਸ਼ ਵਿਚ ਕੀਰਤਨ ਰਾਹੀਂ ਨਾਮਣਾ ਖੱਟ ਰਹੇ ਹਨ।

ਉਨ੍ਹਾਂ ਕਿਹਾ ਕਿ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ ਦੇ ਆਦੇਸ਼ਾਂ ਅਨੁਸਾਰ ਦੀਵਾਨ ਵੱਲੋਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ਼ਤਾਬਦੀ ਸਮਾਗਮ ਨੂੰ ਸਮਰਪਿਤ ਇਕ ਹੋਰ ਨਵਾਂ ਗੁਰਮਤਿ ਕਾਲਜ ਖੋਲ੍ਹਿਆ ਜਾਵੇਗਾ। ਇਸ ਗੁਰਮਤਿ ਸਮਾਗਮ ਵਿਚ ਸੰਗਤੀ ਰੂਪ ‘ਚ ਜਪੁਜੀ ਸਾਹਿਬ ਦਾ ਪਾਠ ਕੀਤਾ ਗਿਆ। ਭਾਈ ਰਜਿੰਦਰ ਸਿੰਘ ਜਾਪ, ਹਜ਼ੂਰੀ ਰਾਗੀ ਜਥੇ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਜੀਟੀ ਰੋਡ ਦੇ ਜਥਿਆਂ ਨੇ ਕੀਰਤਨ ਕੀਤਾ। ਗਿਆਨੀ ਰਾਜਦੀਪ ਸਿੰਘ ਨੇ ਅਜੋਕੇ ਸਮੇਂ ਵਿਚ ਬਿਰਧ ਆਸ਼ਰਮਾਂ ਦੀ ਲਗਾਤਾਰ ਵੱਧ ਰਹੀ ਗਿਣਤੀ ‘ਤੇ ਚਿੰਤਾ ਜ਼ਾਹਿਰ ਕੀਤੀ।

# ਬਦਲੀਆਂ ਸਬੰਧੀ ਹਾਈ ਕੋਰਟ ਦਾ ਮੁੜ ਬੂਹਾ ਖੜਕਾਉਣਗੇ ਅਧਿਆਪਕ

**ਮੁਹਾਲੀ:** ਸਿੱਖਿਆ ਵਿਭਾਗ ਵੱਲੋਂ ਬਦਲੀਆਂ ਲਈ ਖੋਲ੍ਹੇ ਪੋਰਟਲ ‘ਚ ਡਾਟਾ ਮਿਸਮੈਚ ਹੋਣ ਕਾਰਨ ਆਨਲਾਈਨ ਅਪਲਾਈ ਕਰਨ ਤੋਂ ਵਾਂਝੇ ਰਹੇ ਅਧਿਆਪਕ ਨਿਰਾਸ਼ ਹਨ। ਸਿੱਖਿਆ ਵਿਭਾਗ ਨੇ ਜੂਨ 2019 ਦੀ ਨੀਤੀ ਵਿਚ ਫਰਵਰੀ ਮਹੀਨੇ ‘ਚ ਸੋਧ ਕਰ ਕੇ ਜੁਲਾਈ ਮਹੀਨੇ ਵਿਚ ਵੱਖ-ਵੱਖ ਕੈਟਾਗਰੀਆਂ ਦੇ ਅਧਿਆਪਕਾਂ ਤੋਂ ਆਨਲਾਈਨ ਅਰਜ਼ੀਆਂ ਮੰਗੀਆਂ ਸਨ।

ਬਦਲੀ ਪ੍ਰਕਿਰਿਆ ਤੋਂ ਪਹਿਲਾਂ ਹੀ ਬਹੁਤ ਸਾਰੇ ਅਧਿਆਪਕਾਂ ਦਾ ਡਾਟਾ ਮਿਸ-ਮੈਚ ਹੋ ਗਿਆ ਸੀ। ਹਾਲਾਂਕਿ ਵੱਖ-ਵੱਖ ਅਧਿਆਪਕ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਨੂੰ ਸਿਸਟਮ ਠੀਕ ਕਰਨ ਦੀ ਅਪੀਲ ਵੀ ਕੀਤੀ ਗਈ ਸੀ ਪ੍ਰੰਤੂ ਅਧਿਕਾਰੀਆਂ ਨੇ ਜਲਦਬਾਜ਼ੀ ਕਰਦਿਆਂ ਬਦਲੀਆਂ ਸਬੰਧੀ ਪਹਿਲੀ ਸੂਚੀ ਜਾਰੀ ਕਰ ਦਿੱਤੀ, ਜਦੋਂ ਕਿ ਵਿਭਾਗ ਨੇ ਦੂਜੀ ਅਤੇ ਤੀਜੀ ਸੂਚੀ ਵੀ ਜਾਰੀ ਕਰ ਦਿੱਤੀ ਹੈ। ਈ.ਟੀ.ਟੀ. ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਅਮਨ ਸ਼ਰਮਾ ਨੇ ਕਿਹਾ ਕਿ ਸਿੱਖਿਆ ਵਿਭਾਗ ਨੇ ਬਦਲੀਆਂ ਦੇ ਨਾਂ ‘ਤੇ ਅਧਿਆਪਕਾਂ ਨਾਲ ਕੋਝਾ ਮਜ਼ਾਕ ਕੀਤਾ ਹੈ। ਉਨ੍ਹਾਂ ਕਿਹਾ ਕਿ ਬਦਲੀਆਂ ਦੇ ਪਹਿਲੇ ਗੇੜ ਦੌਰਾਨ ਅਧਿਆਪਕਾਂ ਨੇ ਆਪਣੀ ਸਟਾਫ਼ ਆਈਡੀ ਤੋਂ ਲੋੜੀਂਦੇ ਸਟੇਸ਼ਨ ਭਰੇ ਸਨ ਪਰ ਅਫ਼ਸੋਸ ਉਨ੍ਹਾਂ ਸਟੇਸ਼ਨਾਂ ‘ਤੇ ਕਿਸੇ ਵੀ ਅਧਿਆਪਕ ਦੀ ਬਦਲੀ ਨਹੀਂ ਕੀਤੀ ਗਈ, ਜੋ ਪੰਜਾਬ ਦੇ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਨਾਲ ਬਹੁਤ ਵੱਡਾ ਧੱਕਾ ਅਤੇ ਨਾਇਨਸਾਫ਼ੀ ਹੈ।




ਇਸ ਦੇ ਨਾਲ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਨੇ ਆਪਣੇ ਜ਼ਿਲ੍ਹੇ ਅੰਦਰ ਬਦਲੀ ਕਰਵਾਉਣ ਦਾ ਮੌਕਾ ਵੀ ਗਵਾ ਲਿਆ ਹੈ। ਪੀੜਤ ਅਧਿਆਪਕਾਂ ਨੇ ਸਿੱਖਿਆ ਮੰਤਰੀ, ਸਿੱਖਿਆ ਵਿਭਾਗ ਦੇ ਸਕੱਤਰ, ਡੀ.ਜੀ.ਐਸ.ਈ. ਤੋਂ ਮੰਗ ਕੀਤੀ ਹੈ ਕਿ ਡਾਟਾ ਮਿਸਮੈਚ ਵਾਲੇ ਅਧਿਆਪਕਾਂ ਲਈ ਪੋਰਟਲ ਦੁਬਾਰਾ ਖੋਲ੍ਹਿਆ ਜਾਵੇ ਤਾਂ ਜੋ ਦੂਰ-ਦੁਰਾਡੇ ਬੈਠੇ ਅਧਿਆਪਕ ਆਪਣੇ ਘਰਾਂ ਦੇ ਨੇੜੇ ਬਦਲੀ ਕਰਵਾ ਸਕਣ। ਕੁਝ ਸਮਾਂ ਪਹਿਲਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੀੜਤ ਅਧਿਆਪਕਾਂ ਨੂੰ ਵੱਡੀ ਰਾਹਤ ਦਿੰਦਿਆਂ ਸਿੱਖਿਆ ਵਿਭਾਗ ਨੂੰ ਹੁਕਮ ਜਾਰੀ ਕੀਤੇ ਸਨ ਕਿ ਬਦਲੀਆਂ ਸਬੰਧੀ ਆਨਲਾਈਨ ਪੋਰਟਲ ‘ਤੇ ਅਪਲਾਈ ਕਰਨ ਤੋਂ ਵਾਂਝੇ ਰਹਿ ਗਏ ਪਟੀਸ਼ਨਰਾਂ ਨੂੰ ਅਗਲੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ ਅਤੇ ਬਦਲੀਆਂ ਦੀ ਸੂਚੀ ਜਾਰੀ ਕਰਨ ਤੋਂ ਪਹਿਲਾਂ ਡਾਟਾ ਦਰੁਸਤ ਕੀਤਾ ਜਾਵੇ। ਪ੍ਰਿੰਸੀਪਲ ਤਰਸੇਮ ਲਾਲ ਨੇ ਦੱਸਿਆ ਕਿ ਜਿਨ੍ਹਾਂ ਪਟੀਸ਼ਨਰ ਅਧਿਆਪਕਾਂ ਨੂੰ ਉੱਚ ਅਦਾਲਤ ਨੇ ਰਾਹਤ ਦਿੱਤੀ ਸੀ, ਉਹ ਅਧਿਆਪਕ ਅੱਜ ਵੀ ਖੱਜਲ-ਖੁਆਰ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਪੀੜਤ ਅਧਿਆਪਕਾਂ ਨੂੰ ਇਨਸਾਫ਼ ਦਿਵਾਉਣ ਲਈ ਕਾਨੂੰਨੀ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰ ਕੇ ਜਲਦੀ ਹੀ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਸਬੰਧੀ ਪਟੀਸ਼ਨ ਦਾਇਰ ਕੀਤੀ ਜਾਵੇਗੀ।

# ਕੇਂਦਰੀ ਏਜੰਸੀ ਵੱਲੋਂ ਮਜੀਠੀਆ ਖਿਲਾਫ ਮੁੜ ਸ਼ਿਕੰਜਾ ਕੱਸਣ ਦੀ ਤਿਆਰੀ

**ਚੰਡੀਗੜ੍ਹ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਸ਼ਿਕੰਜਾ ਕੱਸ ਸਕਦੀ ਹੈ, ਜਿਸ ਨਾਲ ਮਜੀਠੀਆ ਪਰਿਵਾਰ ਦੀਆਂ ਮੁਸ਼ਕਲਾਂ ਮੁੜ ਵਧਣ ਦੇ ਆਸਾਰ ਹਨ। ਈ.ਡੀ. ਨੇ ਹੁਣ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਮਜੀਠੀਆ ਪਰਿਵਾਰ ਦੀਆਂ 2006-07 ਤੋਂ ਲੈ ਕੇ 2018-19 ਤੱਕ ਦੇ ਵਿੱਤੀ ਲੈਣ-ਦੇਣ ਦਾ ਵੇਰਵਾ ਮੰਗਿਆ ਹੈ।




ਆਈ.ਪੀ.ਐਸ. ਅਧਿਕਾਰੀ ਹਰਚਰਨ ਸਿੰਘ ਭੁੱਲਰ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਪਹਿਲਾਂ ਹੀ ਇਸ ਮਾਮਲੇ ਦੀ ਤਫ਼ਤੀਸ਼ ਕਰ ਰਹੀ ਹੈ। ਈ.ਡੀ. ਦੀ ਤਾਜ਼ਾ ਹਿਲਜੁਲ ਤੋਂ ਨਵੇਂ ਸੰਕੇਤ ਮਿਲ ਰਹੇ ਹਨ ਅਤੇ ਪਿਛਲੇ ਸਮੇਂ ਦੌਰਾਨ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਅਕਾਲੀ ਦਲ ਦੀ ਅੰਦਰੂਨੀ ਭੰਨਤੋੜ ਨੂੰ ਲੈ ਕੇ ਇਕ ਤਰੀਕੇ ਨਾਲ ਚੁੱਪ ਹੀ ਰਹੇ ਹਨ। ਵਿਸ਼ੇਸ਼ ਜਾਂਚ ਟੀਮ ਨੇ ਮਜੀਠੀਆ ਪਰਿਵਾਰ ਦੀਆਂ ਕੰਪਨੀਆਂ ਦੇ ਵਿੱਤੀ ਲੈਣ ਦੇਣ ਦੀ ਇਕ ਵਿਸਥਾਰਤ ਸੂਚੀ ਤਿਆਰ ਕੀਤੀ ਹੈ। ਈਡੀ ਕਰੀਬ ਬੈਂਕ ਜ਼ਰੀਏ ਹੋਏ ਪਿਛਲੇ 13 ਸਾਲਾਂ ਦੇ ਲੈਣ ਦੇਣ ਨੂੰ ਜਾਣਨ ਦੀ ਇੱਛੁਕ ਹੈ। ਵਿਸ਼ੇਸ਼ ਜਾਂਚ ਟੀਮ ਨੂੰ ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਇਨ੍ਹਾਂ 13 ਸਾਲਾਂ ‘ਚੋਂ ਸਿਰਫ਼ ਦੋ ਸਾਲਾਂ ਦੌਰਾਨ ਹੀ ਕਥਿਤ ਸੌ-ਸੌ ਕਰੋੜ ਰੁਪਏ ਤੋਂ ਵੱਧ ਦਾ ਲੈਣ ਦੇਣ ਹੋਇਆ ਹੈ। ਈਡੀ ਨੇ ਉਪਰੋਕਤ ਅਰਸੇ ਦੌਰਾਨ ਨਗਦ ਰਾਸ਼ੀ, ਜੋ ਮਜੀਠੀਆ ਪਰਿਵਾਰ ਦੇ ਬੈਂਕ ਖਾਤਿਆਂ ਵਿਚ ਕਥਿਤ ਤੌਰ ‘ਤੇ ਜਮ੍ਹਾਂ ਕਰਵਾਈ ਗਈ ਹੈ, ਬਾਰੇ ਵੀ ਜਾਣਨ ਦੀ ਇੱਛਾ ਜਤਾਈ ਹੈ। ਈਡੀ ਵੱਲੋਂ ਹਾਲ ਦੀ ਘੜੀ ਬੈਂਕ ਖਾਤਿਆਂ ਵਿਚ ਜਮ੍ਹਾਂ ਹੋਈ ਨਗਦ ਰਾਸ਼ੀ ‘ਤੇ ਹੀ ਫੋਕਸ ਕੀਤਾ ਜਾ ਰਿਹਾ ਹੈ। ਵਿਦੇਸ਼ੀ ਕੰਪਨੀਆਂ ਜ਼ਰੀਏ ਹੋਏ ਕਥਿਤ ਲੈਣ ਦੇਣ ਦੀ ਸੂਚੀ ਵੀ ਵਿਸ਼ੇਸ਼ ਜਾਂਚ ਟੀਮ ਨੇ ਤਿਆਰ ਕੀਤੀ ਹੈ। ਲੋਨ ਮੁਆਫ਼ੀ ਅਤੇ ਸ਼ੇਅਰ ਮੁੜ ਕਥਿਤ ਤੌਰ ‘ਤੇ ਮੁਫ਼ਤ ਖਰੀਦੇ ਜਾਣ ਦਾ ਵੇਰਵਾ ਵੀ ਸਾਹਮਣੇ ਆਇਆ ਹੈ। ਸੂਤਰ ਦੱਸਦੇ ਹਨ ਕਿ ਪੰਜਾਬ ਸਰਕਾਰ ਨੇ ਈਡੀ ਨੂੰ ਇਹ ਵੇਰਵੇ ਦੇਣ ਲਈ ਪੱਤਰ ਤਿਆਰ ਕਰ ਲਿਆ ਹੈ। ਪੰਜਾਬ ਸਰਕਾਰ ਨੇ ਦਸੰਬਰ 2021 ਵਿਚ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਕੀਤਾ ਸੀ ਅਤੇ ਉਸ ਮਗਰੋਂ ਕੇਂਦਰੀ ਏਜੰਸੀ ਈਡੀ ਨੇ ਮਜੀਠੀਆ ਖ਼ਿਲਾਫ਼ ਦੁਬਾਰਾ ਜਾਂਚ ਸ਼ੁਰੂ ਕਰ ਦਿੱਤੀ ਸੀ।

### ‘ਆਪ’ ਨੇ ਈ.ਡੀ. ਦੇ ਦਾਖ਼ਲੇ ’ਤੇ ਚੁੱਕੇ ਸਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਮਜੀਠੀਆ ਵਿਰੁੱਧ ਡਰੱਗਜ਼ ਮਾਮਲੇ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਐਂਟਰੀ ‘ਤੇ ਸਵਾਲ ਖੜ੍ਹੇ ਕੀਤੇ ਹਨ। ਇਸ ਗੱਲ ਦਾ ਪ੍ਰਗਟਾਵਾ ‘ਆਪ‘ ਪੰਜਾਬ ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਕੀਤਾ। ਉਨ੍ਹਾਂ ਕਿਹਾ ਕਿ ਈਡੀ ਰਾਹੀਂ ਜਾਂਚ ਮਜੀਠੀਆ ਨੂੰ ਕਲੀਨ ਚਿੱਟ ਦੇਣ ਲਈ ਹੈ, ਕਿਉਂਕਿ ਉਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਨਾਲ ਚੰਗੇ ਸਬੰਧ ਹਨ। ਉਨ੍ਹਾਂ ਕਿਹਾ ਕਿ ਮਜੀਠੀਆ ਨੂੰ ਲੱਗਦਾ ਹੈ ਕਿ ਜੇ ਮਾਮਲਾ ਈਡੀ ਕੋਲ ਜਾਂਦਾ ਹੈ ਤਾਂ ਉਸ ਨੂੰ ਕਲੀਨ ਚਿੱਟ ਮਿਲ ਜਾਵੇਗੀ, ਕਿਉਂਕਿ ਈਡੀ ਕੇਂਦਰ ਸਰਕਾਰ ਦੇ ਅਧੀਨ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਮਜੀਠੀਆ ਨੂੰ ਬਹੁਤੀ ਰਾਹਤ ਨਹੀਂ ਮਿਲੇਗੀ।


### ਅਜਿਹੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ: ਮਜੀਠੀਆ

ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕੇਸ ਈ.ਡੀ. ਹਵਾਲੇ ਕਰਨ ‘ਤੇ ਕਿਹਾ ਕਿ ਉਹ ਅਜਿਹੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ ਹਨ। ਉਨ੍ਹਾਂ ਕਿਹਾ ਕਿ ਜਦੋਂ ਪੰਜ ਸਿਟ ਬਣਾ ਕੇ ਵੀ ਚਲਾਨ ਨਹੀਂ ਪੇਸ਼ ਕੀਤਾ ਜਾ ਸਕਿਆ ਤਾਂ ਹੁਣ ਉਸ ਈ.ਡੀ. ਤੋਂ ਜਾਂਚ ਕਰਵਾਈ ਜਾ ਰਹੀ ਹੈ, ਜਿਸ ਨੂੰ ‘ਆਪ‘ ਆਗੂ ਦਿਨ-ਰਾਤ ਗਾਲ੍ਹਾਂ ਕੱਢਦੇ ਆ ਰਹੇ ਹਨ। ਉਨ੍ਹਾਂ ਕਿਹਾ,‘ਭਗਵੰਤ ਮਾਨ ਜੀ ਅੱਜ ਤੁਸੀਂ ਮੇਰੇ ਅੱਗੇ ਹਾਰ ਗਏ ਹੋ ਕਿਉਂਕਿ ਚਲਾਨ ਪੇਸ਼ ਕਰਨ ਦੀ ਬਜਾਏ ਕੇਸ ਈ.ਡੀ. ਨੂੰ ਸੌਂਪਣਾ ਇਸ ਦਾ ਪ੍ਰਤੱਖ ਪ੍ਰਮਾਣ ਹੈ।‘

# ਹਾਈ ਕੋਰਟ ਵੱਲੋਂ ਗਾਇਬ ਹਥਿਆਰਾਂ ਨੂੰ ਲੈ ਕੇ ਪੰਜਾਬ ਪੁਲਿਸ ਦੀ ਝਾੜਝੰਬ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅਧਿਕਾਰੀਆਂ ਦੇ ਭਰੋਸੇ ਦੇ ਬਾਵਜੂਦ ਪੰਜਾਬ ਦੇ ਅਸਲ੍ਹਾਖਾਨੇ ਵਿਚੋਂ ਗਾਇਬ ਹੋਏ 10 ਵਿਚੋਂ 9 ਹਥਿਆਰਾਂ ਨੂੰ ਬਰਾਮਦ ਕਰਨ ਵਿਚ ਅਸਫ਼ਲ ਰਹਿਣ ਲਈ ਪੰਜਾਬ ਪੁਲਿਸ ਪ੍ਰਤੀ ਅਸੰਤੁਸ਼ਟੀ ਜ਼ਾਹਰ ਕੀਤੀ ਹੈ।

ਜਸਟਿਸ ਵਿਨੋਦ ਐਸ ਭਾਰਦਵਾਜ ਨੇ ਕਿਹਾ ਕਿ ਚਾਰ ਮਹੀਨੇ ਬੀਤ ਚੁੱਕੇ ਹਨ ਜਦੋਂ ਸੂਬੇ ਅਤੇ ਹੋਰ ਜਵਾਬਦੇਹੀਆਂ ਨੇ ਬਰਾਮਦਗੀ ਯਕੀਨੀ ਬਣਾਉਣ ਦਾ ਵਾਅਦਾ ਕੀਤਾ ਸੀ, ਪਰ ਹੁਣ ਤੱਕ ਸਿਰਫ਼ ਇਕ ਹਥਿਆਰ ਹੀ ਬਰਾਮਦ ਹੋਇਆ ਹੈ।




ਅਦਾਲਤ ਨੂੰ ਸ਼ੁਰੂ ਵਿਚ 14 ਹਥਿਆਰਾਂ ਦੇ ਗੁੰਮ ਹੋਣ ਬਾਰੇ ਸੂਚਿਤ ਕੀਤਾ ਗਿਆ ਸੀ ਪਰ ਕੁਝ ਰਿਕਵਰੀ ਤੋਂ ਬਾਅਦ ਇਹ ਗਿਣਤੀ ਘਟਾ ਕੇ 10 ਕਰ ਦਿੱਤੀ ਗਈ ਸੀ। ਜਸਟਿਸ ਭਾਰਦਵਾਜ ਨੇ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਦੀ ਸੁਰੱਖਿਆ ਲਈ ਜਵਾਬਦੇਹੀ ਅਤੇ ਪਾਰਦਰਸ਼ਤਾ ਦੀ ਜ਼ਰੂਰਤ ਉਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਅਦਾਲਤ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦੇ ਮੈਂਬਰਾਂ ਦੀ ਨਾਕਾਮਯਾਬੀ ਲਈ ਅਨੁਸ਼ਾਸਨੀ ਕਾਰਵਾਈ ਸ਼ੁਰੂ ਕਰਨ ਲਈ ਤਿਆਰ ਹੈ। ਹਾਲਾਂਕਿ, ਸੂਬੇ ਦੇ ਵਕੀਲ ਵੱਲੋਂ ਬਾਕੀ ਗੁੰਮ ਹੋਏ ਹਥਿਆਰਾਂ ਬਾਰੇ ਇਕ ਵਿਆਪਕ ਰਿਪੋਰਟ ਪੇਸ਼ ਕਰਨ ਲਈ ਆਖਰੀ ਮੌਕੇ ਦੀ ਬੇਨਤੀ ਕਰਨ ਤੋਂ ਬਾਅਦ ਅਦਾਲਤ ਨੇ ਵਾਧੂ ਸਮਾਂ ਦੇ ਦਿੱਤਾ ਹੈ। ਸੁਣਵਾਈ 12 ਨਵੰਬਰ ਤੱਕ ਮੁਲਤਵੀ ਕਰਦਿਆਂ ਜਸਟਿਸ ਭਾਰਦਵਾਜ ਨੇ ਉਦੋਂ ਤੱਕ ਮਾਮਲੇ ਦੀ ਤਾਜ਼ਾ ਸਥਿਤੀ ਰਿਪੋਰਟ ਮੰਗੀ ਹੈ।

ਬੈਂਚ ਨੇ ਦਸੰਬਰ 2022 ਵਿਚ ਸੂਬੇ ਦੇ ਡਾਇਰੈਕਟਰ-ਜਨਰਲ ਆਫ਼ ਪੁਲਿਸ ਤੋਂ ਹਲਫ਼ਨਾਮਾ ਮੰਗਣ ਤੋਂ ਪਹਿਲਾਂ ਪੰਜਾਬ ਦੇ ਅਸਲ੍ਹਾਖਾਨੇ ਵਿਚੋਂ ਇਕ ਕਾਰਬਾਈਨ ਗਾਇਬ ਹੋਣ ਦੇ ਨੋਟਿਸ ਤੋਂ ਬਾਅਦ ਪੰਜਾਬ ਸਰਕਾਰ ਨੂੰ ਅਫ਼ਸੋਸਨਾਕ ਸਥਿਤੀ ਲਈ ਤਾੜਨਾ ਕੀਤੀ ਸੀ। ਉਨ੍ਹਾਂ ਨੂੰ ਵੱਖ-ਵੱਖ ਥਾਣਿਆਂ 'ਚ ਸਰਕਾਰੀ ਹਥਿਆਰਾਂ ਦੇ ਕੋਲ ਜਮ੍ਹਾਂ ਹਥਿਆਰਾਂ ਦੇ ਵੇਰਵੇ ਅਤੇ ਗੁੰਮ ਹੋਏ ਹਥਿਆਰਾਂ ਦੀ ਜਾਣਕਾਰੀ ਦੇਣ ਲਈ ਕਿਹਾ।

ਜਸਟਿਸ ਭਾਰਦਵਾਜ ਵਕੀਲ ਐਸ.ਐਸ. ਸਲਾਰ ਰਾਹੀਂ ਦਲਜੀਤ ਸਿੰਘ ਵੱਲੋਂ ਪੰਜਾਬ ਰਾਜ ਅਤੇ ਹੋਰ ਪ੍ਰਤੀਵਾਦੀਆਂ ਖ਼ਿਲਾਫ਼ ਦਾਇਰ ਪਟੀਸ਼ਨ ਦੀ ਸੁਣਵਾਈ ਕਰ ਰਹੇ ਸਨ। ਜਸਟਿਸ ਭਾਰਦਵਾਜ ਨੇ ਜ਼ੋਰ ਦੇ ਕੇ ਕਿਹਾ, "ਮੌਜੂਦਾ ਮਾਮਲਾ ਅਫ਼ਸੋਸਨਾਕ ਸਥਿਤੀ ਨੂੰ ਦਰਸਾਉਂਦਾ ਹੈ ਜਿੱਥੇ ਰਾਜ ਦੇ ਅਸਲ੍ਹਾਖਾਨੇ ਵਿਚੋਂ ਇਕ ਐਮ-1 ਕਾਰਬਾਈਨ ਗਾਇਬ ਹੋ ਗਈ ਹੈ ਅਤੇ ਅਧਿਕਾਰੀਆਂ ਨੇ ਹਥਿਆਰਾਂ ਦਾ ਪਤਾ ਲਗਾਉਣ ਵਿੱਚ ਅਸਮਰੱਥਾ ਬਾਰੇ ਗੁਮਰਾਹਕੁਨ ਜਵਾਬ ਦਾਇਰ ਕੀਤਾ ਹੈ।"

ਯਾਦ ਰਹੇ ਕਿ ਇਸ ਮਸਲੇ 'ਤੇ ਪੰਜਾਬ ਸਰਕਾਰ ਦੀ ਬਹੁਤ ਤਿੱਖੀ ਨੁਕਤਾਚੀਨੀ ਹੋਈ ਹੈ। ਉਂਝ ਵੀ ਇਹ ਆਪਣੀ ਤਰ੍ਹਾਂ ਦਾ ਪਹਿਲਾ ਕੇਸ ਜਾਪਦਾ ਹੈ। ਅਦਾਲਤ ਨੇ ਇਸ ਕੇਸ ਵਿਚ ਜਿਹੜੇ ਸਵਾਲ ਉਠਾਏ ਹਨ, ਪੰਜਾਬ ਪੁਲਿਸ ਕੋਲ ਅਜੇ ਤੱਕ ਉਨ੍ਹਾਂ ਸਵਾਲਾਂ ਦੇ ਕੋਈ ਜਵਾਬ ਨਹੀਂ ਹਨ। ਅਦਾਲਤ ਨੇ ਸੁਰੱਖਿਆ ਦੀ ਜਵਾਬਦੇਹੀ ਦਾ ਸਵਾਲ ਉਠਾਉਂਦਿਆਂ ਸਾਫ ਪੁੱਛਿਆ ਹੈ ਕਿ ਅਜੇ ਤੱਕ ਹਥਿਆਰਾਂ ਬਾਰੇ ਸਪਸ਼ਟ ਕਿਉਂ ਨਹੀਂ ਕੀਤਾ ਜਾ ਰਿਹਾ।

## ਸ਼ੇਖ ਹਸੀਨਾ ਖ਼ਿਲਾਫ਼ ਕਤਲ ਦੀ ਕੋਸ਼ਿਸ਼ ਦਾ ਕੇਸ ਦਰਜ



**ਢਾਕਾ:** ਬੰਗਲਾਦੇਸ਼ ਦੀ ਗੱਦੀਓਂ ਲਾਂਭੇ ਕੀਤੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ (76) ਅਤੇ 58 ਹੋਰਨਾਂ ਖ਼ਿਲਾਫ਼ ਦੇਸ਼ 'ਚ ਪਿਛਲੇ ਮਹੀਨੇ ਹਿੰਸਕ ਝੜਪਾਂ ਦੌਰਾਨ ਇਕ ਵਿਦਿਆਰਥੀ ਦੇ ਕਤਲ ਦੀ ਕੋਸ਼ਿਸ਼ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਸਰਕਾਰੀ ਨੌਕਰੀਆਂ 'ਚ ਕੋਟਾ ਪ੍ਰਣਾਲੀ ਖ਼ਿਲਾਫ਼ ਵਿਦਿਆਰਥੀਆਂ ਦੇ ਵੱਡੇ ਪੱਧਰ 'ਤੇ ਪ੍ਰਦਰਸ਼ਨਾਂ ਕਾਰਨ ਸ਼ੇਖ ਹਸੀਨਾ 5 ਅਗਸਤ ਨੂੰ ਅਸਤੀਫ਼ਾ ਦੇਣ ਮਗਰੋਂ ਭਾਰਤ ਚਲੇ ਗਈ ਸੀ, ਜਿਸ ਖ਼ਿਲਾਫ਼ ਇਹ ਨਵਾਂ ਕੇਸ ਦਰਜ ਕੀਤਾ ਗਿਆ ਹੈ। ਹਸੀਨਾ ਖ਼ਿਲਾਫ਼ ਪਹਿਲਾਂ ਵੀ ਕਈ ਕੇਸ ਦਰਜ ਕੀਤੇ ਜਾ ਚੁੱਕੇ ਹਨ। ਅਖ਼ਬਾਰ 'ਦਿ ਡੇਲੀ ਸਟਾਰ' ਦੀ ਖ਼ਬਰ ਮੁਤਾਬਕ ਫਾਹਿਮ ਫੈਸਲ (22) ਵੱਲੋਂ ਇਹ ਕੇਸ ਦਰਜ ਕਰਵਾਇਆ ਗਿਆ ਜਿਸ ਵਿਚ ਉਸ ਨੇ ਦਾਅਵਾ ਕੀਤਾ ਹੈ ਕਿ ਹਸੀਨਾ ਦੀ ਅਗਵਾਈ ਵਾਲੀ ਆਵਾਮੀ ਲੀਗ ਸਰਕਾਰ ਡਿੱਗਣ ਤੋਂ ਇਕ ਦਿਨ ਪਹਿਲਾਂ 4 ਅਗਸਤ ਨੂੰ ਦਿਨਾਜਪੁਰ 'ਚ ਸਰਕਾਰ ਵਿਰੋਧੀ ਪ੍ਰਦਰਸ਼ਨ ਦੌਰਾਨ ਗੋਲੀ ਲੱਗਣ ਕਾਰਨ ਉਹ ਜ਼ਖ਼ਮੀ ਹੋ ਗਿਆ।

## ਕੈਬਨਿਟ ਮੰਤਰੀ ਬੈਂਸ ਨੂੰ ਬਰਖ਼ਾਸਤ ਕਰਨ ਦਾ ਮੁੱਦਾ ਚੁੱਕਿਆ

**ਚੰਡੀਗੜ੍ਹ:** ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਅਪੀਲ ਕੀਤੀ ਹੈ ਕਿ ਉਹ 'ਆਪ' ਸਰਕਾਰ ਨੂੰ ਹਦਾਇਤ ਕਰਨ ਕਿ ਸਿੱਖਿਆ ਮੰਤਰੀ ਹਰਜੋਤ ਬੈਂਸ ਨੂੰ ਬਰਖ਼ਾਸਤ ਕੀਤਾ ਜਾਵੇ ਅਤੇ ਐਸ.ਪੀ. ਜਯੋਤੀ ਯਾਦਵ ਨੂੰ ਮੁਅੱਤਲ ਕੀਤਾ ਜਾਵੇ। ਸ੍ਰੀ ਝਿੰਜਰ ਨੇ ਇੱਥੇ ਪ੍ਰੈੱਸ ਕਾਨਫ਼ਰੰਸ ਕਰਕੇ ਮੰਗ ਕੀਤੀ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਨਿਗਰਾਨੀ ਹੇਠ ਪਤੀ-ਪਤਨੀ ਦੋਵਾਂ ਖ਼ਿਲਾਫ਼ 100 ਕਰੋੜ ਰੁਪਏ ਦੇ ਸਾਈਬਰ ਅਪਰਾਧ ਘੁਟਾਲੇ ਦੀ ਜਾਂਚ ਦੇ ਵੀ ਹੁਕਮ ਦਿੱਤੇ ਜਾਣ।



ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਇਹ ਕੇਸ ਡੂੰਘਾਈ ਨਾਲ ਜਾਂਚ ਵਾਸਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ) ਨੂੰ ਭੇਜਿਆ ਜਾਵੇ ਕਿਉਂਕਿ ਇਸ ਵਿਚ ਮਨੀ ਲਾਂਡਰਿੰਗ ਦਾ ਮਾਮਲਾ ਵੀ ਸ਼ਾਮਲ ਹੈ। ਝਿੰਜਰ ਨੇ ਸੂਬਾ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਨੂੰ ਰੱਦ ਕੀਤਾ ਹੈ ਕਿਉਂਕਿ ਇਹ ਟੀਮ ਇਕ ਕੈਬਨਿਟ ਮੰਤਰੀ ਨੂੰ ਜਵਾਬਦੇਹ ਨਹੀਂ ਬਣਾ ਸਕਦੀ। ਉਨ੍ਹਾਂ ਦਾਅਵਾ ਕੀਤਾ ਹੈ ਕਿ ਵਿਸ਼ੇਸ਼ ਜਾਂਚ ਟੀਮ ਦਾ ਗਠਨ ਸਿਰਫ਼ ਮੰਤਰੀ ਨੂੰ ਕਲੀਨ ਚਿੱਟ ਦੇਣ ਵਾਸਤੇ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਯੂਥ ਅਕਾਲੀ ਦਲ ਰਾਜਪਾਲ ਕੋਲ ਪਹੁੰਚ ਕਰ ਕੇ ਸਾਰੇ ਮਾਮਲੇ ਦੀ ਨਿਰਪੱਖ ਜਾਂਚ ਦੀ ਅਪੀਲ ਕਰੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ 'ਆਪ' ਸਰਕਾਰ ਨਾ ਮੰਨੀ ਅਤੇ ਆਪਣੇ ਮੰਤਰੀ ਦਾ ਬਚਾਅ ਕਰਦੀ ਰਹੀ ਤਾਂ ਜਿੱਥੇ ਵੀ ਉਹ ਜਾਣਗੇ ਯੂਥ ਅਕਾਲੀ ਦਲ ਉਨ੍ਹਾਂ ਨੂੰ ਕਾਲੀਆਂ ਝੰਡੀਆਂ ਵਿਖਾਵੇਗਾ ਤੇ ਰੋਸ ਧਰਨੇ ਦੇਵੇਗਾ। ਉਨ੍ਹਾਂ ਕਿਹਾ, '100 ਕਰੋੜ ਦੇ ਘੁਟਾਲੇ ਦੀਆਂ ਤਾਰਾਂ ਦਿੱਲੀ ਤੱਕ ਜੁੜੀਆਂ ਹਨ ਕਿਉਂਕਿ ਬੈਂਸ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਅੱਖਾਂ ਦੇ ਤਾਰੇ ਹਨ।'

## ਡੇਰਾ ਸਿਰਸਾ ਦੀ ਬਰਾਂਚ ਖ਼ਿਲਾਫ਼ ਡਟੀਆਂ ਪੰਥਕ ਜਥੇਬੰਦੀਆਂ

**ਮਾਨਸਾ:** ਇਥੋਂ ਨੇੜਲੇ ਪਿੰਡ ਕੋਟੜਾ ਕਲਾਂ ਵਿਚ ਡੇਰਾ ਸੱਚਾ ਸੌਦਾ ਸਿਰਸਾ ਨਾਲ ਸਬੰਧਤ ਬਣ ਰਹੀ ਬਰਾਂਚ ਦਾ ਇਲਾਕੇ ਦੀਆਂ ਪੰਥਕ ਜਥੇਬੰਦੀਆਂ ਨੇ ਵਿਰੋਧ ਕੀਤਾ ਹੈ। ਉਨ੍ਹਾਂ ਮਾਨਸਾ ਦੇ ਐਸ.ਐਸ.ਪੀ. ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਨੂੰ ਮੰਗ ਪੱਤਰ ਦਿੰਦਿਆਂ ਇਸ ਦੀ ਉਸਾਰੀ ਤੁਰੰਤ ਰੋਕਣ ਲਈ ਕਿਹਾ ਹੈ।

ਪੰਥਕ ਜਥੇਬੰਦੀਆਂ ਵੱਲੋਂ ਬਾਬਾ ਬਖ਼ਸ਼ੀਸ਼ ਸਿੰਘ ਅਤੇ ਪੰਥਕ ਆਗੂ ਭਾਈ ਸੁਖਚੈਨ ਸਿੰਘ ਅਤਲਾ ਨੇ ਕਿਹਾ ਕਿ ਅਕਾਲ ਤਖ਼ਤ ਵੱਲੋਂ ਰੋਕ ਲਾਉਣ ਦੇ ਬਾਵਜੂਦ ਡੇਰਾ ਪੈਰੋਕਾਰ ਨਵਾਂ ਡੇਰਾ ਬਣਾ ਕੇ ਪੰਜਾਬ ਦੇ ਮਾਹੌਲ ਨੂੰ ਖ਼ਰਾਬ ਕਰ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਇਸ ਡੇਰੇ ਦੇ ਪ੍ਰਬੰਧਕਾਂ ਵਿਰੁੱਧ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਜੇ ਡੇਰੇ ਦਾ ਕੰਮ ਪ੍ਰਸ਼ਾਸਨ ਵੱਲੋਂ ਤੁਰੰਤ ਬੰਦ ਨਾ ਕਰਵਾਇਆ ਗਿਆ ਤਾਂ ਸਿੱਖ ਸੰਗਤ ਦੇ ਸਹਿਯੋਗ ਨਾਲ ਇਸ ਨੂੰ ਬੰਦ ਕਰਵਾਇਆ ਜਾਵੇਗਾ। ਫਿਰ ਇਸ ਦੀ ਸਾਰੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।

## ਪੂਰਬੀ ਲੱਦਾਖ ਦੇ ਚਾਰ ਇਲਾਕਿਆਂ 'ਚੋਂ ਫੌਜਾਂ ਪਿੱਛੇ ਹਟੀਆਂ: ਚੀਨ

**ਪੇਈਚਿੰਗ:** ਗਲਵਾਨ ਘਾਟੀ ਸਮੇਤ ਪੂਰਬੀ ਲੱਦਾਖ 'ਚ ਚਾਰ ਥਾਵਾਂ ਤੋਂ ਫੌਜਾਂ ਪਿੱਛੇ ਹਟਣ ਦਾ ਦਾਅਵਾ ਕਰਦਿਆਂ ਚੀਨੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਅਤੇ ਚੀਨ ਦੇ ਆਗੂਆਂ ਵਿਚਕਾਰ ਰੂਸ 'ਚ ਹੋਈ ਮੀਟਿੰਗ ਦੌਰਾਨ ਦੁਵੱਲੇ ਸਬੰਧਾਂ 'ਚ ਸੁਧਾਰ ਲਈ ਰਲ ਕੇ ਕੰਮ ਕਰਨ 'ਤੇ ਸਹਿਮਤੀ ਬਣੀ ਹੈ।

ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਰੂਸ ਦੇ ਸੇਂਟ ਪੀਟਰਜ਼ਬਰਗ 'ਚ ਚੀਨੀ ਵਿਦੇਸ਼ ਮੰਤਰੀ ਵੈਂਗ ਯੀ ਨਾਲ ਮੁਲਾਕਾਤ ਕੀਤੀ ਸੀ। ਚੀਨੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਓ ਨਿੰਗ ਨੇ ਕਿਹਾ ਕਿ ਦੋਵੇਂ ਆਗੂਆਂ ਨੇ ਸਰਹੱਦੀ ਮੁੱਦਿਆਂ ਦੇ ਮਾਮਲੇ 'ਚ ਪ੍ਰਗਤੀ ਬਾਰੇ ਵਿਚਾਰ ਵਟਾਂਦਰਾ ਕੀਤਾ। ਦੋਵੇਂ ਮੁਲਕਾਂ ਦੀਆਂ ਫੌਜਾਂ ਚਾਰ ਇਲਾਕਿਆਂ 'ਚੋਂ ਪਿੱਛੇ ਹਟ ਗਈਆਂ ਹਨ ਅਤੇ ਸਰਹੱਦ 'ਤੇ ਹਾਲਾਤ ਸਥਿਰ ਹਨ।

ਯਾਦ ਰਹੇ ਕਿ ਇਸ ਇਲਾਕੇ ਵਿਚ ਦੋਹਾਂ ਮੁਲਕਾਂ ਵਿਚਕਾਰ ਤਕਰਾਰ ਚਿਰਾਂ ਦਾ ਚੱਲ ਰਿਹਾ ਹੈ। ਚੀਨ ਇਸ ਮਸਲੇ 'ਤੇ ਬੜੀ ਹਮਲਾਵਰ ਪਹੁੰਚ ਅਪਣਾ ਰਿਹਾ ਹੈ ਅਤੇ ਭਾਰਤ ਦੀ ਕੋਈ ਪੇਸ਼ ਨਹੀਂ ਜਾ ਰਹੀ।

## ਐਨ.ਜੀ.ਓਜ਼. ਨੂੰ ਚੰਦਾ ਮਿਲਣਾ ਮੁਸ਼ਕਲ ਹੋਇਆ: ਸੈਨੇਟਰ

**ਵਾਸ਼ਿੰਗਟਨ:** ਅਮਰੀਕਾ 'ਚ ਡੈਮੋਕਰੈਟਿਕ ਪਾਰਟੀ ਦੇ ਕਾਨੂੰਨਸਾਜ਼ ਟਾਈਮ ਕੇਨ ਨੇ ਕਿਹਾ ਹੈ ਕਿ ਭਾਰਤ ਦੇ ਵਿਦੇਸ਼ੀ ਯੋਗਦਾਨ ਰੈਗੂਲੇਸ਼ਨ ਐਕਟ (ਐਫ.ਸੀ.ਆਰ.ਏ.) ਕਾਰਨ ਉਥੇ ਚੱਲ ਰਹੇ ਗੈਰ ਸਰਕਾਰੀ ਸੰਗਠਨਾਂ (ਐਨ.ਜੀ.ਓਜ਼) ਲਈ ਹੋਰ ਮੁਲਕਾਂ ਦੇ ਲੋਕਾਂ ਤੋਂ ਚੰਦਾ ਹਾਸਲ ਕਰਨਾ ਬਹੁਤ ਮੁਸ਼ਕਲ ਹੋ ਗਿਆ ਹੈ। ਕੇਨ ਨੇ ਸੈਨੇਟ ਦੀ ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਵੱਲੋਂ 'ਐਨ.ਜੀ.ਓ. ਵਿਰੋਧੀ ਕਾਨੂੰਨ ਅਤੇ ਜਮਹੂਰੀ ਦਮਨ ਦੇ ਹੋਰ ਤਰੀਕਿਆਂ' ਉਤੇ ਸੰਸਦ 'ਚ ਕਰਵਾਈ ਚਰਚਾ ਦੌਰਾਨ ਕਿਹਾ ਕਿ ਭਾਰਤ 'ਚ ਐਫ.ਸੀ.ਆਰ.ਏ. ਦਾ ਕਾਨੂੰਨ ਹੈ, ਜਿਸ ਨੂੰ ਪਹਿਲਾਂ 2010 ਅਤੇ ਫਿਰ 2020 'ਚ ਸੋਧਿਆ ਗਿਆ ਹੈ, ਜਿਸ ਕਾਰਨ ਐਨ.ਜੀ.ਓਜ਼. ਲਈ ਦੁਨੀਆ ਦੇ ਹੋਰ ਮੁਲਕਾਂ ਦੇ ਲੋਕਾਂ ਤੋਂ ਚੰਦਾ ਹਾਸਲ ਕਰਨਾ ਮੁਸ਼ਕਲ ਹੋ ਗਿਆ ਹੈ। ਕੇਨ ਨੇ ਕਿਹਾ, 'ਐਮਨੈਸਟੀ ਇੰਟਰਨੈਸ਼ਨਲ ਅਤੇ ਹੋਰ ਸੰਗਠਨਾਂ ਨੂੰ ਭਾਰਤ 'ਚ ਆਪਣੀਆਂ ਸੇਵਾਵਾਂ ਜਾਂ ਤਾਂ ਸੀਮਤ ਜਾਂ ਬੰਦ ਕਰਨੀਆਂ ਪਈਆਂ ਹਨ ਕਿਉਂਕਿ ਉਹ ਚੰਦੇ ਰਾਹੀਂ ਮਿਲੀ ਰਕਮ 'ਤੇ ਚਲਦੀਆਂ ਹਨ।'

ਉਨ੍ਹਾਂ ਕਿਹਾ ਕਿ ਇਸ ਕਾਰਨ ਮਨੁੱਖੀ ਹੱਕਾਂ ਦੇ ਕਾਰਕੁੰਨ ਤੇ ਐਨ.ਜੀ.ਓਜ਼. ਡਰੇ ਹੋਏ ਮਹਿਸੂਸ ਕਰਦੇ ਹਨ ਤੇ ਉਨ੍ਹਾਂ ਦੇ ਕੰਮ 'ਚ ਅੜਿੱਕਾ ਪੈ ਰਿਹਾ ਹੈ। ਅਮਰੀਕਾ ਨਾਲ ਭਾਰਤ ਦੇ ਸਬੰਧ ਅਹਿਮ ਮੰਨੇ ਜਾਂਦੇ ਹਨ ਪਰ ਜਦੋਂ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੀਆਂ ਸੰਸਥਾਵਾਂ ਨੂੰ ਫੰਡਾਂ 'ਤੇ ਪਾਬੰਦੀ ਜਾਂ ਕਟੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸ ਵੱਲ ਧਿਆਨ ਦੇਣਾ ਪਵੇਗਾ।

## ਰਿੰਕਲ ਖੇੜਾ ਕਤਲ ਕਾਂਡ: ਹਾਈ ਕੋਰਟ ਵੱਲੋਂ ਲੁਧਿਆਣਾ ਪੁਲਿਸ ਦੀ ਖਿਚਾਈ

**ਲੁਧਿਆਣਾ:** ਇਥੋਂ ਦੇ ਫੀਲਡਗੰਜ ਦੇ ਰਿੰਕਲ ਖੇੜਾ ਕਤਲ ਕਾਂਡ ਸਬੰਧੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੁਲਿਸ ਅਧਿਕਾਰੀਆਂ ਦੀ ਖਿਚਾਈ ਕੀਤੀ ਹੈ। ਇਸ ਕਤਲ ਕਾਂਡ ਦੇ ਮੁੱਖ ਗਵਾਹ ਅਤੇ ਮ੍ਰਿਤਕ ਦੇ ਭਰਾ ਮਨੀ ਖੇੜਾ ਨੇ ਪੁਲਿਸ ਅਧਿਕਾਰੀਆਂ 'ਤੇ ਸ਼ਿਕਾਇਤਾਂ ਦੇਣ ਦੀ ਰੰਜਿਸ਼ ਕਾਰਨ ਕੁੱਟਮਾਰ ਕਰਨ ਤੇ ਇਸ ਮਾਮਲੇ 'ਤੇ ਕਾਰਵਾਈ ਨਾ ਕਰਨ ਸਬੰਧੀ ਹਾਈ ਕੋਰਟ ਕੋਲ ਪਹੁੰਚ ਕੀਤੀ ਸੀ।



ਅਦਾਲਤ ਨੇ ਇਸ ਮਾਮਲੇ 'ਤੇ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ ਸੀ ਪਰ ਛੇ ਮਹੀਨੇ ਬੀਤਣ ਤੋਂ ਬਾਅਦ ਵੀ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਕੋਈ ਕਾਰਵਾਈ ਨਾ ਕੀਤੀ, ਜਿਸ ਖ਼ਿਲਾਫ਼ ਅਦਾਲਤ ਨੇ ਸਖ਼ਤ ਹੁਕਮ ਜਾਰੀ ਕੀਤੇ ਹਨ, ਜਿਸ ਵਿਚ ਉਸ ਨੇ ਕਿਹਾ ਕਿ ਪੁਲਿਸ ਜਾਂ ਤਾਂ ਸਬੰਧਤ ਮੁਲਾਜ਼ਮਾਂ ਖ਼ਿਲਾਫ਼ 15 ਦਿਨਾਂ ਅੰਦਰ ਕਾਰਵਾਈ ਕਰੇ ਨਹੀਂ ਤਾਂ ਪੁਲਿਸ ਕਮਿਸ਼ਨਰ ਨੂੰ 50 ਹਜ਼ਾਰ ਰੁਪਏ ਦਾ ਜੁਰਮਾਨਾ ਲਗਾਇਆ ਜਾਏਗਾ।

ਮਨੀ ਖੇੜਾ ਨੇ ਪੁਲਿਸ ਮੁਲਾਜ਼ਮਾਂ ਉਤੇ ਕੁੱਟਮਾਰ, ਤਸ਼ੱਦਦ ਕਰਨ ਅਤੇ ਉਸ ਦਾ ਮੈਡੀਕਲ ਨਾ ਕਰਵਾਉਣ ਦੇਣ ਦੇ ਦੋਸ਼ ਲਾਏ ਸਨ। ਪੁਲਿਸ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ 'ਤੇ ਮਨੀ ਖੇੜਾ ਨੇ ਹਾਈਕੋਰਟ ਤੱਕ ਪਹੁੰਚ ਕੀਤੀ ਸੀ। ਅਦਾਲਤ ਨੇ ਇਸ ਮਾਮਲੇ ਵਿਚ ਅਧਿਕਾਰੀਆਂ ਨੂੰ ਕਾਰਵਾਈ ਕਰਕੇ ਅਦਾਲਤ ਵਿਚ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ। ਮਨੀ ਖੇੜਾ ਨੇ ਦੱਸਿਆ ਕਿ ਪੁਲਿਸ ਮੁਲਾਜ਼ਮਾਂ ਨੇ ਉਸ ਦੀ ਕੁੱਟਮਾਰ ਕੀਤੀ ਸੀ। ਉਹ ਇਸ ਗੱਲੋਂ ਰੰਜਿਸ਼ ਰੱਖਦੇ ਸਨ ਕਿ ਉਸ ਨੇ ਪੁਲਿਸ ਵਿਰੁੱਧ ਵੀ ਕਾਰਵਾਈ ਨਾ ਕਰਨ ਸਬੰਧੀ ਕਈ ਸ਼ਿਕਾਇਤਾਂ ਕੀਤੀਆਂ ਸਨ।

## ਐਮੀ ਐਵਾਰਡ: ਭਾਰਤੀ ਡਿਜ਼ਾਈਨਰ ਸਬਿਆਸਾਚੀ ਤੇ ਗੌਰਵ ਚਮਕੇ

**ਨਵੀਂ ਦਿੱਲੀ:** ਭਾਰਤੀ ਡਿਜ਼ਾਈਨਰ ਸਬਿਆਸਾਚੀ ਮੁਖਰਜੀ ਅਤੇ ਗੌਰਵ ਗੁਪਤਾ ਨੇ 'ਐਮੀ ਐਵਾਰਡਜ਼ 2024' ਆਪਣੀ ਮੌਜੂਦਗੀ ਦਰਜ ਕਰਵਾਈ। ਅਦਾਕਾਰਾ ਲੌਰਾ ਡਰਨ ਨੇ ਲਾਸ ਏਂਜਲਸ ਦੇ ਪੀਕੌਕ ਥੀਏਟਰ ਵਿਚ ਹੋਏ ਸਮਾਰੋਹ ਵਿਚ ਦਿਲ ਖਿੱਚਵੇਂ ਗਹਿਣੇ ਪਹਿਨੇ ਹੋਏ ਸਨ।




ਲੌਰਾ ਡਰਨ ਨੇ 'ਐਪਲ ਟੀਵੀ+ ਦੀ ਟੈਲੀਵਿਜ਼ਨ ਲੜੀ 'ਪਾਮ ਆਇਲ' ਵਿਚ ਅਦਾਕਾਰੀ ਕੀਤੀ ਹੈ ਅਤੇ ਉਹ ਇਸ ਲੜੀ ਦੀ ਕਾਰਜਕਾਰੀ ਨਿਰਮਾਤਾ ਵੀ ਸੀ। ਸੋਸ਼ਲ ਮੀਡੀਆ ਪਲੇਟਫਾਰਮ 'ਇੰਸਟਾਗ੍ਰਾਮ' ਉਤੇ ਸਬਿਆਸਾਚੀ ਮੁਖਰਜੀ ਦੇ ਬਰਾਂਡ ਸਬਿਆਸਾਚੀ ਨੇ ਐਮੀ ਐਵਾਰਡਜ਼ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ, ਜਿਨ੍ਹਾਂ ਵਿਚ ਉਹ (ਡਰਨ) ਸਬਿਆਸਾਚੀ ਵੱਲੋਂ ਡਿਜ਼ਾਈਨ ਕੀਤੇ ਗਹਿਣੇ ਪਹਿਨੀ ਹੋਈ ਦਿਖ ਰਹੀ ਹੈ। ਮੁਖਰਜੀ ਦੇ ਬਰਾਂਡ (ਸਬਿਆਸਾਚੀ) ਨੇ ਕਿਹਾ, 'ਡਰਨ ਨੇ ਐਮੀ ਐਵਾਰਡਜ਼' ਦੇ 76ਵੇਂ ਐਡੀਸ਼ਨ ਵਿਚ ਸਬਿਆਸਾਚੀ ਜਿਊਲਰੀ ਦੇ ਝੁਮਕੇ, ਚੂੜੀ ਅਤੇ ਹਾਰ ਪਹਿਨਿਆ।' ਪ੍ਰੋਗਰਾਮ ਵਿਚ ਨੈੱਟਫਲਿਕਸ ਦੀ ਚੀਫ਼ ਕੰਟੈਂਟ ਆਫਿਸਰ ਬੇਲਾ ਬਜਰੀਆ ਸਬਿਆਸਾਚੀ ਹੈਰੀਟੇਜ ਬਰਾਈਡਲ ਕੁਲੈਕਸ਼ਨ ਦਾ ਮਟਕਾ ਲਹਿੰਗਾ ਪਹਿਨੀ ਹੋਈ ਦਿਖੀ। 'ਦਿ ਆਫਿਸ', 'ਦਿ ਮਿੰਡੀ ਪ੍ਰਾਜੈਕਟ' ਅਤੇ 'ਨੈਵਰ ਹੈਵ ਆਈ ਐਵਰ' ਲਈ ਮਸ਼ਹੂਰ ਅਦਾਕਾਰਾ ਮਿੰਡੀ ਕੈਲਿੰਗ ਨੇ ਐਮੀ ਐਵਾਰਡਜ਼ ਦੇ 76ਵੇਂ ਐਡੀਸ਼ਨ ਦੇ ਆਪਣੇ ਕੱਪੜਿਆਂ ਲਈ ਆਪਣੇ ਪਸੰਦ ਦੇ ਡਿਜ਼ਾਈਨਰ ਗੌਰਵ ਗੁਪਤਾ ਨੂੰ ਚੁਣਿਆ। ਕਲਿੰਗ ਨੇ ਗੌਰਵ ਗੁਪਤਾ ਵੱਲੋਂ ਡਿਜ਼ਾਈਨ ਕੀਤਾ ਕਾਲੇ ਰੰਗ ਦਾ ਗਾਊਨ ਪਹਿਨਿਆ ਸੀ। ਉਸ ਨੇ ਇੰਸਟਾਗ੍ਰਾਮ 'ਤੇ ਇਸ ਪੁਸ਼ਾਕ ਵਿਚ ਕਈ ਤਸਵੀਰਾਂ ਸਾਂਝੀਆਂ ਕੀਤੀਆਂ ਅਤੇ ਗਾਊਨ ਨੂੰ ਗੌਰਵ ਗੁਪਤਾ ਦੀ 'ਡਰੀਮ ਡਰੈੱਸ' ਦੱਸਿਆ। ਅਦਾਕਾਰਾ ਰੈਬਲ ਵਿਲਸਨ ਅਤੇ ਐਲੀਸਨ ਜੈਨੀ ਨੇ ਵੀ ਗੁਪਤਾ ਵੱਲੋਂ ਡਿਜ਼ਾਈਨ ਕੀਤੇ ਗਏ ਕੱਪੜੇ ਪਹਿਨੇ।

# ਪੰਚਾਇਤੀ ਚੋਣਾਂ: ਰਾਖਵੇਂਕਰਨ ਦੀ ਪੁਰਾਣੀ ਪ੍ਰਥਾ ਨੂੰ ਹਰੀ ਝੰਡੀ

**ਚੰਡੀਗੜ੍ਹ:** ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਵਿਧਾਨ ਸਭਾ ਦੇ ਲੰਘੇ ਮੌਨਸੂਨ ਸੈਸ਼ਨ 'ਚ ਪਾਸ 'ਪੰਜਾਬ ਪੰਚਾਇਤੀ ਰਾਜ (ਸੋਧ) ਬਿੱਲ, 2024' ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਨਵੇਂ ਰਾਜਪਾਲ ਵੱਲੋਂ ਬਿੱਲ ਨੂੰ ਹਰੀ ਝੰਡੀ ਦਿੱਤੇ ਜਾਣ ਨਾਲ ਪੰਚਾਇਤੀ ਚੋਣਾਂ 'ਚ ਰਾਖਵੇਂਕਰਨ ਦੀ ਪੁਰਾਣੀ ਪ੍ਰਥਾ ਬਹਾਲ ਹੋ ਗਈ ਹੈ।

ਸੂਬਾ ਸਰਕਾਰ ਅਕਤੂਬਰ ਦੇ ਅੱਧ 'ਚ ਪੰਚਾਇਤੀ ਚੋਣਾਂ ਕਰਾਉਣ ਦੇ ਰੌਂਅ ਵਿਚ ਹੈ। ਸੋਧ ਬਿੱਲ ਨੂੰ ਪ੍ਰਵਾਨਗੀ ਮਿਲਣ ਨਾਲ ਹੁਣ ਪੰਚਾਇਤੀ ਚੋਣਾਂ ਦੀ ਪ੍ਰਕਿਰਿਆ ਤੇਜ਼ ਹੋ ਜਾਵੇਗੀ। ਨਵੇਂ ਰਾਜਪਾਲ ਨੇ ਆਪਣੇ ਕਾਰਜਕਾਲ ਦੇ ਪਹਿਲੇ ਬਿੱਲ ਨੂੰ ਹਰੀ ਝੰਡੀ ਦਿੱਤੀ ਹੈ, ਜੋ ਰਾਜ ਭਵਨ ਦੇ ਸੂਬਾ ਸਰਕਾਰ ਨਾਲ ਸੁਖਾਵੇਂ ਰਿਸ਼ਤੇ ਹੋਣ ਵੱਲ ਵੀ ਇਸ਼ਾਰਾ ਹੈ। ਮੌਨਸੂਨ ਸੈਸ਼ਨ ਦੌਰਾਨ ਸਦਨ ਨੇ 'ਪੰਜਾਬ ਪੰਚਾਇਤੀ ਰੂਲਜ਼, 1994' ਵਿਚ ਵੀ ਸੋਧ ਕੀਤੀ ਸੀ। ਇਸ ਸੋਧ ਮਗਰੋਂ ਕੋਈ ਵੀ ਉਮੀਦਵਾਰ ਪਾਰਟੀ ਚੋਣ ਨਿਸ਼ਾਨ ਉਤੇ ਚੋਣ ਨਹੀਂ ਲੜ ਸਕੇਗਾ। ਇਸ ਦੀ ਪ੍ਰਵਾਨਗੀ ਰਾਜਪਾਲ ਤੋਂ ਲੈਣੀ ਜ਼ਰੂਰੀ ਨਹੀਂ ਹੁੰਦੀ ਹੈ। ਰਾਜਪਾਲ ਵੱਲੋਂ ਸੋਧ ਬਿੱਲ ਨੂੰ ਪ੍ਰਵਾਨਗੀ ਦੇਣ ਨਾਲ ਸੂਬਾ ਸਰਕਾਰ ਨੂੰ ਰਾਹਤ ਮਿਲੀ ਹੈ ਅਤੇ ਪੰਚਾਇਤੀ ਚੋਣਾਂ ਲਈ ਰਾਹ ਪੱਧਰਾ ਹੋ ਗਿਆ ਹੈ। 'ਪੰਜਾਬ ਪੰਚਾਇਤੀ ਰਾਜ ਐਕਟ, 1994' ਦੀ ਧਾਰਾ 12 (4) 'ਚ ਸੋਧ ਹੋਣ ਨਾਲ ਹੁਣ ਸਰਪੰਚਾਂ ਦੇ ਰਾਖਵੇਂਕਰਨ ਲਈ ਬਲਾਕ ਨੂੰ ਇਕਾਈ ਮੰਨ ਕੇ ਰਾਖਵੇਂਕਰਨ ਦਾ ਨਵਾਂ ਰੋਸਟਰ ਤਿਆਰ ਹੋਵੇਗਾ, ਜਦੋਂ ਕਿ ਪਹਿਲਾਂ ਜ਼ਿਲ੍ਹੇ ਨੂੰ ਇਕਾਈ ਮੰਨਿਆ ਜਾਂਦਾ ਸੀ। ਰਾਖਵੇਂਕਰਨ ਦੇ ਪੈਟਰਨ 'ਚ ਬਦਲਾਅ ਨਾਲ



ਰਾਖਵੇਂਕਰਨ ਲਈ ਰੋਸਟਰ ਨਵੇਂ ਸਿਰਿਓਂ ਤਿਆਰ ਹੋਵੇਗਾ। ਪਹਿਲਾਂ ਜ਼ਿਲ੍ਹੇ ਨੂੰ ਬਤੌਰ ਮੂਲ ਇਕਾਈ ਮੰਨਦੇ ਹੋਏ ਸਮੁੱਚੀ ਕਾਰਵਾਈ ਸਮੇਤ ਰੋਟੇਸ਼ਨ ਕੀਤੀ ਜਾਂਦੀ ਸੀ, ਜਿਸ ਨਾਲ ਬਲਾਕ ਦੀ ਅਸਲ ਆਬਾਦੀ ਨਜ਼ਰਅੰਦਾਜ਼ ਹੋ ਜਾਂਦੀ ਸੀ। ਮੌਜੂਦਾ ਸਰਕਾਰ ਨੇ ਨਵੀਂ ਸੋਧ ਨਾਲ ਸਰਪੰਚਾਂ ਦਾ ਰਾਖਵਾਂਕਰਨ ਆਪਣੀ ਇੱਛਾ ਮੁਤਾਬਕ ਕਰਨ ਦਾ ਮੌਕਾ ਆਪਣੇ ਹੱਥ ਰੱਖ ਲਿਆ ਹੈ। ਰਾਖਵੇਂਕਰਨ ਦਾ ਪੁਰਾਣਾ ਰੋਸਟਰ ਹੁਣ ਆਪਣੇ ਆਪ ਹੀ ਖ਼ਤਮ ਹੋ ਗਿਆ ਹੈ, ਜਦੋਂ ਸੂਬੇ ਵਿਚ ਅਕਾਲੀ-ਭਾਜਪਾ ਗੱਠਜੋੜ ਸਰਕਾਰ ਸੀ ਤਾਂ ਉਸ ਸਮੇਂ ਵੀ ਪੰਚਾਇਤੀ ਚੋਣਾਂ ਮੌਕੇ ਰਾਖਵੇਂਕਰਨ ਲਈ ਮੂਲ ਇਕਾਈ ਬਲਾਕ ਨੂੰ ਹੀ ਮੰਨਿਆ ਜਾਂਦਾ ਸੀ ਪਰ ਕੈਪਟਨ ਅਮਰਿੰਦਰ ਸਿੰਘ ਨੇ ਜੁਲਾਈ 2018 ਵਿਚ ਸਰਪੰਚਾਂ ਦੇ ਰਾਖਵੇਂਕਰਨ ਲਈ ਬਲਾਕ ਨੂੰ ਇਕਾਈ ਮੰਨਣ ਵਾਲੀ ਪ੍ਰਥਾ ਖ਼ਤਮ ਕਰਕੇ ਜ਼ਿਲ੍ਹੇ ਨੂੰ ਮੂਲ ਇਕਾਈ ਮੰਨ ਕੇ ਰਾਖਵੇਂਕਰਨ ਨੂੰ ਪ੍ਰਵਾਨਗੀ ਦਿੱਤੀ ਸੀ। ਮੌਜੂਦਾ ਸਰਕਾਰ ਨੇ ਸੋਧ ਬਿੱਲ ਜ਼ਰੀਏ ਪੁਰਾਣੀ ਪ੍ਰਥਾ ਬਹਾਲ ਕਰ ਦਿੱਤੀ ਹੈ। ਆਉਂਦੇ ਦਿਨਾਂ ਵਿਚ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਪੰਚਾਇਤੀ ਚੋਣਾਂ ਨੂੰ ਲੈ ਕੇ ਸਰਪੰਚਾਂ ਦੇ ਅਹੁਦੇ ਦੇ ਰਾਖਵੇਂਕਰਨ ਆਦਿ ਲਈ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਸੂਬਾ ਸਰਕਾਰ ਪਹਿਲੇ ਪੜਾਅ 'ਚ ਇਕੱਲੀਆਂ ਪੰਚਾਇਤੀ ਚੋਣਾਂ ਕਰਾ ਰਹੀ ਹੈ, ਜਦੋਂ ਕਿ ਪੰਚਾਇਤੀ ਸਮਿਤੀ ਅਤੇ ਜ਼ਿਲ੍ਹਾ ਪਰਿਸ਼ਦ ਦੀਆਂ ਚੋਣਾਂ ਉਸ ਮਗਰੋਂ ਹੋਣਗੀਆਂ। ਨਗਰ ਨਿਗਮਾਂ ਅਤੇ ਕੌਂਸਲਾਂ ਦੀਆਂ ਚੋਣਾਂ ਅਖੀਰ ਵਿਚ ਹੋਣ ਦੀ ਸੰਭਾਵਨਾ ਹੈ।

# ਰਾਹੁਲ ਗਾਂਧੀ ਨੂੰ 'ਅਤਿਵਾਦੀ' ਆਖ ਕੇ ਘਿਰੇ ਰਵਨੀਤ ਬਿੱਟੂ

**ਨਵੀਂ ਦਿੱਲੀ:** ਕੇਂਦਰੀ ਮੰਤਰੀ ਅਤੇ ਭਾਜਪਾ ਆਗੂ ਰਵਨੀਤ ਬਿੱਟੂ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ 'ਦੇਸ਼ ਨੰਬਰ ਇਕ ਅਤਿਵਾਦੀ' ਕਰਾਰ ਦਿੰਦਿਆਂ ਨਵਾਂ ਵਿਵਾਦ ਛੇੜ ਦਿੱਤਾ ਹੈ। ਬਿੱਟੂ ਨੇ ਇਹ ਟਿੱਪਣੀ ਰਾਹੁਲ ਵੱਲੋਂ ਅਮਰੀਕਾ 'ਚ ਪਿਛਲੇ ਹਫ਼ਤੇ ਸਿੱਖ ਭਾਈਚਾਰੇ ਸਬੰਧੀ ਦਿੱਤੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਕੀਤੀ।

ਭਾਗਲਪੁਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੇਲ ਰਾਜ ਮੰਤਰੀ ਰਵਨੀਤ ਬਿੱਟੂ ਨੇ ਰਾਹੁਲ ਗਾਂਧੀ ਨੂੰ 'ਦੇਸ਼ ਦਾ ਨੰਬਰ ਇਕ ਅਤਿਵਾਦੀ' ਕਰਾਰ ਦਿੱਤਾ ਅਤੇ ਕਿਹਾ ਕਿ 'ਉਹ ਭਾਰਤੀ ਨਹੀਂ ਹੈ।" ਦੂਜੇ ਪਾਸੇ ਕਾਂਗਰਸ ਨੇ ਬਿੱਟੂ ਦੀ ਟਿੱਪਣੀ ਦੀ ਨਿਖੇਧੀ ਕੀਤੀ ਹੈ। ਰਾਹੁਲ ਗਾਂਧੀ ਦੀਆਂ ਅਮਰੀਕਾ ਵਿਚ ਸਿੱਖ ਭਾਈਚਾਰੇ ਬਾਰੇ ਟਿੱਪਣੀਆਂ ਸਬੰਧੀ ਸਵਾਲ ਉਤੇ ਬਿੱਟੂ ਨੇ ਆਖਿਆ ਕਿ 'ਉਹ ਦੇਸ਼ ਦਾ ਸਭ ਤੋਂ ਵੱਡਾ ਦੁਸ਼ਮਣ ਹੈ।" ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਅਤੇ



ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ 'ਚ ਸ਼ਾਮਲ ਹੋਏ ਬਿੱਟੂ ਨੇ ਕਿਹਾ, "ਪਹਿਲਾਂ ਉਨ੍ਹਾਂ (ਕਾਂਗਰਸ) ਨੇ ਮੁਸਲਮਾਨਾਂ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਪਰ ਅਜਿਹਾ ਨਹੀਂ ਹੋਇਆ ਅਤੇ ਹੁਣ ਉਹ ਸਿੱਖਾਂ 'ਚ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਰਾਹੁਲ ਗਾਂਧੀ ਤੋਂ ਪਹਿਲਾਂ ਦੇਸ਼ ਦੇ ਸਭ ਤੋਂ ਵੱਧ ਲੋੜੀਂਦੇ ਲੋਕਾਂ ਨੇ ਅਜਿਹੇ ਬਿਆਨ ਦਿੱਤੇ ਸਨ। ਇੱਥੋਂ ਤੱਕ ਕਥਿਤ ਅਤਿਵਾਦੀਆਂ ਨੇ ਵੀ ਰਾਹੁਲ ਦੀ ਟਿੱਪਣੀ ਦੀ ਸ਼ਲਾਘਾ ਕੀਤੀ ਹੈ। ਜਦੋਂ ਅਜਿਹੇ ਲੋਕ ਰਾਹੁਲ ਗਾਂਧੀ ਦਾ ਸਮਰਥਨ ਕਰ ਰਹੇ ਹਨ ਤਾਂ ਉਹ ਦੇਸ਼ ਦਾ ਨੰਬਰ ਇਕ ਅਤਿਵਾਦੀ ਹੈ।"

### ਭਾਜਪਾ ਨੇ ਬਿੱਟੂ ਅਤੇ ਕੰਗਨਾ ਨੂੰ ਕਾਂਗਰਸ ਖਿਲਾਫ ਬੋਲਣ ਲਈ ਰੱਖਿਆ: ਵੜਿੰਗ

**ਜਗਰਾਉਂ:** ਪੰਜਾਬ ਕਾਂਗਰਸ ਪ੍ਰਧਾਨ ਅਤੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਭਾਜਪਾ ਨੇ ਰਵਨੀਤ ਬਿੱਟੂ ਤੇ ਕੰਗਨਾ ਰਣੌਤ ਵਰਗੇ ਆਗੂ ਸਿਰਫ ਕਾਂਗਰਸ ਤੇ ਰਾਹੁਲ ਗਾਂਧੀ ਖ਼ਿਲਾਫ਼ ਬੋਲਣ ਲਈ ਰੱਖੇ ਹਨ। ਇਹ ਆਗੂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਅੱਗੇ ਨੰਬਰ ਬਣਾਉਣ ਲਈ ਮਰਿਆਦਾ ਦੀ ਉਲੰਘਣਾ ਕਰਦਿਆਂ ਬਿਆਨਬਾਜ਼ੀ ਕਰਦੇ ਹਨ।

### ਬਿੱਟੂ ਦੀਆਂ ਟਿੱਪਣੀਆਂ ਜਮਹੂਰੀਅਤ ਦਾ ਅਪਮਾਨ: ਬਾਜਵਾ

**ਚੰਡੀਗੜ੍ਹ:** ਕਾਂਗਰਸ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਖਿਆ ਕਿ ਰਵਨੀਤ ਸਿੰਘ ਬਿੱਟੂ ਵੱਲੋਂ ਰਾਹੁਲ ਗਾਂਧੀ ਖ਼ਿਲਾਫ਼ ਕੀਤੀ ਟਿੱਪਣੀ 'ਅਪਮਾਨਜਨਕ ਤੇ ਗ਼ੈਰਸੰਵਿਧਾਨਕ' ਹੈ।

# ਚੰਡੀਗੜ੍ਹ ਗ੍ਰਨੇਡ ਹਮਲਾ: ਇਕ ਹੋਰ ਮੁਲਜ਼ਮ ਦਿੱਲੀ ਤੋਂ ਗ੍ਰਿਫ਼ਤਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਚੰਡੀਗੜ੍ਹ ਦੇ ਸੈਕਟਰ-10 ਵਿਚ ਗ੍ਰਨੇਡ ਹਮਲਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਦਿਆਂ ਕੇਂਦਰੀ ਜਾਂਚ ਏਜੰਸੀਆਂ ਤੇ ਦਿੱਲੀ ਪੁਲਿਸ ਨਾਲ ਸਾਂਝੇ ਅਪਰੇਸ਼ਨ ਦੌਰਾਨ ਇਕ ਹੋਰ ਮੁਲਜ਼ਮ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕਰ ਲਿਆ ਹੈ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਵਿਸ਼ਾਲ ਮਸੀਹ ਪੁੱਤਰ ਸਾਬੀ ਮਸੀਹ ਵਾਸੀ ਪਿੰਡ ਰਾਏ ਮੱਲ ਬਟਾਲਾ (ਜ਼ਿਲ੍ਹਾ ਗੁਰਦਾਸਪੁਰ) ਵਜੋਂ ਹੋਈ ਹੈ। ਡੀ.ਜੀ.ਪੀ. ਯਾਦਵ ਨੇ ਆਪਣੇ ਐਕਸ ਅਕਾਊਂਟ 'ਤੇ ਦੱਸਿਆ ਕਿ ਵੱਖ-ਵੱਖ ਸੂਤਰਾਂ ਤੋਂ ਮਿਲੇ ਸੁਰਾਗ ਦੇ ਆਧਾਰ 'ਤੇ ਸਟੇਟ ਸਪੈਸ਼ਲ ਆਪਰੇਸ਼ਨ ਸੈੱਲ (ਐਸ.ਐਸ.ਓ.ਸੀ.) ਨੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਮੁਲਜ਼ਮ ਵਿਸ਼ਾਲ ਮਸੀਹ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਹੈ।

ਇਸ ਮਾਮਲੇ 'ਚ ਮੁੱਖ ਮੁਲਜ਼ਮ ਰੋਹਨ ਮਸੀਹ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਉਨ੍ਹਾਂ ਮੁਤਾਬਕ ਪੁਲਸ ਜਾਂਚ ਵਿੱਚ ਸਾਹਮਣੇ ਆਇਆ ਕਿ ਦੋਵੇਂ ਮੁਲਜ਼ਮ ਵਾਰਦਾਤ ਨੂੰ ਅੰਜਾਮ ਦੇਣ ਮਗਰੋਂ ਅੰਮ੍ਰਿਤਸਰ ਗਏ ਅਤੇ ਉਥੋਂ ਵੱਖ-ਵੱਖ ਹੋ ਗਏ। ਇਸ ਮਗਰੋਂ ਵਿਸ਼ਾਲ ਪਹਿਲਾਂ ਜੰਮੂ-ਕਸ਼ਮੀਰ ਗਿਆ ਅਤੇ ਉਥੋਂ ਫਿਰ ਦਿੱਲੀ ਚਲਾ ਗਿਆ, ਜਿਸ ਨੂੰ ਪੁਲਿਸ ਨੇ ਦਿੱਲੀ ਤੋਂ ਕਾਬੂ ਕਰ ਲਿਆ। ਦੱਸਣਯੋਗ ਹੈ ਕਿ 11 ਸਤੰਬਰ ਨੂੰ ਚੰਡੀਗੜ੍ਹ ਦੇ ਸੈਕਟਰ 10 ਵਿਚ ਇਕ ਘਰ 'ਤੇ ਦੋ ਵਿਅਕਤੀਆਂ ਵੱਲੋਂ ਗ੍ਰਨੇਡ ਨਾਲ ਹਮਲਾ ਕੀਤਾ ਗਿਆ ਸੀ।

# 'ਆਪ' ਵਿਧਾਇਕ ਗੱਜਣਮਾਜਰਾ ਦੀ ਜ਼ਮਾਨਤ ਅਰਜ਼ੀ ਰੱਦ

**ਮੁਹਾਲੀ:** ਇਥੋਂ ਦੀ ਵਿਸ਼ੇਸ਼ ਅਦਾਲਤ ਨੇ ਆਮ ਆਦਮੀ ਪਾਰਟੀ ਦੇ ਅਮਰਗੜ੍ਹ ਤੋਂ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਦੀ ਜ਼ਮਾਨਤ ਅਰਜ਼ੀ ਨੂੰ ਮੁੱਢੋਂ ਰੱਦ ਕਰ ਦਿੱਤਾ ਹੈ। ਤਕਰੀਬਨ 40 ਕਰੋੜ ਰੁਪਏ ਦੇ ਬੈਂਕ ਧੋਖਾਧੜੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ 'ਆਪ' ਆਗੂ ਗੱਜਣ ਮਾਜਰਾ ਨੂੰ ਹੁਣ ਰਾਹਤ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਬੂਹਾ ਖੜਕਾਉਣਾ ਪਵੇਗਾ।

ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ 6 ਦਸੰਬਰ 2023 ਨੂੰ ਗੱਜਣਮਾਜਰਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਉਦੋਂ ਤੋਂ ਹੀ ਜੇਲ੍ਹ ਵਿਚ ਬੰਦ ਹੈ। ਮੁਹਾਲੀ ਅਦਾਲਤ ਵਿਚ ਜ਼ਮਾਨਤ ਪਟੀਸ਼ਨ ਦਾਇਰ ਕਰਨ ਤੋਂ ਪਹਿਲਾਂ ਗੱਜਣਮਾਜਰਾ ਨੇ ਸੁਪਰੀਮ ਕੋਰਟ ਤੋਂ ਆਪਣੀ ਪਟੀਸ਼ਨ ਵਾਪਸ ਲਈ ਸੀ, ਜਿੱਥੇ ਉਸ ਨੇ ਬੈਂਕ ਧੋਖਾਧੜੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ



ਵਿਚ ਆਪਣੀ ਗ੍ਰਿਫ਼ਤਾਰੀ ਅਤੇ ਰਿਮਾਂਡ ਨੂੰ ਚੁਣੌਤੀ ਦਿੱਤੀ ਸੀ।

ਸੀ.ਬੀ.ਆਈ. ਨੇ 40 ਕਰੋੜ ਰੁਪਏ ਦੀ ਧੋਖਾਧੜੀ ਦੀਆਂ ਰਿਪੋਰਟਾਂ ਸਾਹਮਣੇ ਆਉਣ ਤੋਂ ਬਾਅਦ ਮਈ 2023 ਵਿਚ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਸੀ। ਛਾਪੇ ਮਗਰੋਂ ਸੀ.ਬੀ.ਆਈ. ਨੇ ਮਾਮਲਾ ਈ.ਡੀ. ਨੂੰ ਸੌਂਪ ਦਿੱਤਾ ਸੀ।

ਮਗਰੋਂ ਈ.ਡੀ. ਵੱਲੋਂ ਪਿਛਲੇ ਸਾਲ ਸਤੰਬਰ ਵਿਚ ਗੱਜਣਮਾਜਰਾ ਖ਼ਿਲਾਫ਼ ਕਰਜ਼ਾ ਧੋਖਾਧੜੀ ਦਾ ਵੱਖਰਾ ਕੇਸ ਦਰਜ ਕੀਤਾ ਗਿਆ ਸੀ। ਛਾਪੇ ਦੌਰਾਨ ਈਡੀ ਦੀ ਟੀਮ ਨੇ ਉਸ ਦੀ ਜਾਇਦਾਦ ਤੋਂ 32 ਲੱਖ ਰੁਪਏ ਦੀ ਨਗਦੀ, ਕਈ ਮੋਬਾਈਲ ਫੋਨ ਅਤੇ ਹਾਰਡ ਡਰਾਈਵ ਜ਼ਬਤ ਕੀਤੀ ਸੀ। ਗ੍ਰਿਫ਼ਤਾਰੀ ਤੋਂ ਬਾਅਦ ਵਿਧਾਇਕ ਗੱਜਣਮਾਜਰਾ ਨਾਭਾ ਜੇਲ੍ਹ ਵਿਚ ਬੰਦ ਹੈ। ਜੇਲ੍ਹ ਵਿਚ ਜ਼ਮੀਨ 'ਤੇ ਫਿਸਲਣ ਕਾਰਨ ਸੱਟ ਲੱਗਣ 'ਤੇ ਉਸ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ। ਮਗਰੋਂ ਬਿਮਾਰੀ ਕਾਰਨ ਮੁੜ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਇਸ ਕਾਰਨ ਸਿਆਸੀ ਹਲਕਿਆਂ ਵਿਚ ਵਿਵਾਦ ਛਿੜ ਗਿਆ। ਸਿਆਸੀ ਵਿਰੋਧੀਆਂ ਦੀ ਦੂਸ਼ਣਬਾਜ਼ੀ ਤੇ ਲੋਕਾਂ ਦੇ ਰੋਹ ਨੂੰ ਦੇਖਦੇ ਹੋਏ ਗੱਜਣਮਾਜਰਾ ਨੂੰ ਵਾਪਸ ਜੇਲ੍ਹ ਭੇਜ ਦਿੱਤਾ ਗਿਆ ਸੀ।

# ਕਿਸਾਨਾਂ ਵੱਲੋਂ ਮਹਾਪੰਚਾਇਤ ਵਿਚ ਕੇਂਦਰ ਖਿਲਾਫ ਆਵਾਜ਼ ਬੁਲੰਦ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਤੇ ਕਿਸਾਨ-ਮਜ਼ਦੂਰ ਮੋਰਚਾ ਵੱਲੋਂ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਤੇ ਹੋਰ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਹਰਿਆਣਾ ਦੇ ਉਚਾਨਾ ਵਿਚ ਕਿਸਾਨ ਮਹਾਪੰਚਾਇਤ ਕੀਤੀ ਗਈ। ਹਰਿਆਣਾ ਪੁਲਿਸ ਨੇ ਕਿਸਾਨਾਂ ਦੇ ਹਰਿਆਣਾ ਵਿਚ ਦਾਖਲੇ ਰੋਕਣ ਲਈ ਹਰਿਆਣਾ ਦੀਆਂ ਹੱਦਾਂ 'ਤੇ ਵੱਡੇ-ਵੱਡੇ ਪੱਥਰ ਲਗਾ ਕੇ ਰਾਹ ਬੰਦ ਕਰਨ ਦੀ ਕੋਸ਼ਿਸ਼ ਕੀਤੀ ਪਰ ਪੰਜਾਬ ਤੇ ਹਰਿਆਣਾ ਭਰ ਤੋਂ ਵੱਡੀ ਗਿਣਤੀ ਕਿਸਾਨ ਮਹਾਪੰਚਾਇਤ ਵਿਚ ਪਹੁੰਚੇ ਅਤੇ ਕੇਂਦਰ ਸਰਕਾਰ ਦੇ ਕਿਸਾਨ ਵਿਰੋਧੀ ਰਵੱਈਏ ਖ਼ਿਲਾਫ਼ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕੀਤੀ।

ਕਿਸਾਨਾਂ ਨੇ ਹੁਣ 22 ਸਤੰਬਰ ਨੂੰ ਕੁਰੂਕਸ਼ੇਤਰ ਦੇ ਪਿਪਲੀ ਵਿੱਚ ਕਿਸਾਨ ਮਹਾਪੰਚਾਇਤ ਸੱਦੀ ਹੈ। ਇਸ ਮਹਾਪੰਚਾਇਤ ਵਿਚ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ, ਸਰਵਨ ਸਿੰਘ ਪੰਧੇਰ, ਅਭਿਮਨਿਊ ਕੋਹਾੜ,



ਅਮਰਜੀਤ ਸਿੰਘ ਮੋੜੀ, ਲਖਵਿੰਦਰ ਸਿੰਘ ਔਲਖ, ਜਰਨੈਲ ਸਿੰਘ ਚਾਹਲ, ਮਨਜੀਤ ਰਾਏ, ਜਸਵਿੰਦਰ ਲੌਂਗੋਵਾਲ, ਸ਼ਾਂਤਾਕੁਮਾਰ, ਹਰਪਾਲ ਚੌਧਰੀ, ਜਸਦੇਵ ਸਿੰਘ ਤੇ ਹੋਰਾਂ ਨੇ ਸ਼ਮੂਲੀਅਤ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਲ 2011 ਵਿਚ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਪੱਤਰ ਲਿਖ ਕੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੇਣ ਦੀ ਮੰਗ ਕੀਤੀ ਸੀ ਪਰ ਮੋਦੀ ਖੁਦ ਸੱਤਾ ਵਿਚ ਆ ਕੇ ਇਹ ਗਾਰੰਟੀ ਦੇਣਾ ਭੁੱਲ ਗਏ ਹਨ। ਅਜਿਹਾ ਕਰ ਕੇ ਮੋਦੀ ਨੇ ਕਿਸਾਨਾਂ ਨਾਲ ਵਾਅਦਾਖ਼ਿਲਾਫ਼ੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸੇ ਮੰਗ ਨੂੰ ਲੈ ਕੇ ਦਿੱਲੀ ਦੀਆਂ ਬਰੂਹਾਂ 'ਤੇ 13 ਮਹੀਨੇ ਚੱਲੇ ਕਿਸਾਨ ਅੰਦੋਲਨ ਵਿਚ 800 ਤੋਂ ਵੱਧ ਕਿਸਾਨ ਸ਼ਹੀਦ ਹੋ ਗਏ ਪਰ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ।

ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਅੰਦੋਲਨ ਸੰਸਦ ਜਾਂ ਵਿਧਾਇਕ ਬਣਨ ਜਾਂ ਬਣਾਉਣ ਲਈ ਨਹੀਂ ਸਗੋਂ ਭਵਿੱਖ ਦੀਆਂ ਪੀੜ੍ਹੀਆਂ ਬਚਾਉਣ ਲਈ ਕੀਤਾ ਜਾ ਰਿਹਾ ਹੈ। ਉਹ ਚੋਣਾਂ ਵਿਚ ਕਿਸੇ ਵੀ ਸਿਆਸੀ ਪਾਰਟੀ ਦੀ ਹਮਾਇਤ ਨਹੀਂ ਕਰ ਰਹੇ। ਉਹ ਸਰਕਾਰਾਂ ਦੀਆਂ ਨੀਤੀਆਂ ਖ਼ਿਲਾਫ਼ ਆਵਾਜ਼ ਬੁਲੰਦ ਕਰ ਰਹੇ ਹਨ।

### 'ਸੰਘਰਸ਼ ਭਵਿੱਖ ਦੀਆਂ ਪੀੜ੍ਹੀਆਂ ਬਚਾਉਣ ਲਈ'

**ਚੰਡੀਗੜ੍ਹ:** ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵਿਸ਼ਵ ਵਪਾਰ ਸੰਗਠਨ ਤੇ ਵਿਸ਼ਵ ਬੈਂਕ ਦੀਆਂ ਨੀਤੀਆਂ ਕਿਸਾਨਾਂ 'ਤੇ ਥੋਪ ਰਹੀ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਮੰਨੀਆਂ ਨਹੀਂ ਜਾਂਦੀਆਂ, ਉੱਦੋਂ ਤੱਕ ਕਿਸਾਨਾਂ ਤੇ ਮਜ਼ਦੂਰਾਂ ਦਾ ਸੰਘਰਸ਼ ਜਾਰੀ ਰਹੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਅੰਦੋਲਨ ਸੰਸਦ ਜਾਂ ਵਿਧਾਇਕ ਬਣਨ ਜਾਂ ਬਣਾਉਣ ਲਈ ਨਹੀਂ ਸਗੋਂ ਭਵਿੱਖ ਦੀਆਂ ਪੀੜ੍ਹੀਆਂ ਬਚਾਉਣ ਲਈ ਕੀਤਾ ਜਾ ਰਿਹਾ ਹੈ।

# ਪੰਜਾਬ ਸਰਕਾਰ ਨੇ ਕੁੰਡੀ ਫੜੋ ਮੁਹਿੰਮ ਹੋਰ ਭਖਾਈ



**ਚੰਡੀਗੜ੍ਹ**: ਪੰਜਾਬ ਸਰਕਾਰ ਨੇ 'ਕੁੰਡੀ ਫੜੋ ਮੁਹਿੰਮ' ਤਹਿਤ ਅਗਸਤ ਦੌਰਾਨ ਸੂਬੇ ਭਰ ਦੇ ਐਂਟੀ ਪਾਵਰ ਥੈਫਟ ਥਾਣਿਆਂ ਵਿਚ 296 ਐਫ.ਆਈ.ਆਰ. ਦਰਜ ਕੀਤੀਆਂ ਹਨ। ਇਸ ਤੋਂ ਇਲਾਵਾ 38 ਕਰਮਚਾਰੀਆਂ ਨੂੰ ਭ੍ਰਿਸ਼ਟ ਗਤੀਵਿਧੀਆਂ ਵਿਚ ਸ਼ਾਮਲ ਹੋਣ ਕਾਰਨ ਬਰਖ਼ਾਸਤ ਕੀਤਾ ਗਿਆ ਹੈ। 'ਆਪ' ਸਰਕਾਰ ਨੇ ਬਿਜਲੀ ਚੋਰੀ ਖ਼ਿਲਾਫ਼ ਇਹ ਦੂਸਰੇ ਗੇੜ ਦੀ ਕਾਰਵਾਈ ਸ਼ੁਰੂ ਕੀਤੀ ਹੈ। ਪਾਵਰਕੌਮ ਨੇ ਇਹ ਮੁਹਿੰਮ ਹੁਣ ਤੇਜ਼ ਕਰ ਦਿੱਤੀ ਹੈ, ਜਿਸ ਵਿਚ ਬਿਜਲੀ ਚੋਰਾਂ ਨੂੰ ਕਰੋੜਾਂ ਰੁਪਏ ਦੇ ਜੁਰਮਾਨੇ ਵੀ ਪਾਏ ਗਏ ਹਨ।

ਪਾਵਰਕੌਮ ਨੇ ਪਿਛਲੇ ਦੋ ਮਹੀਨਿਆਂ ਦੌਰਾਨ 37 ਆਊਟਸੋਰਸ ਮੀਟਰ ਰੀਡਰਾਂ ਅਤੇ ਸੁਪਰਵਾਈਜ਼ਰ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਬਰਖ਼ਾਸਤ ਕੀਤਾ ਹੈ। ਉਪ ਮੰਡਲ ਮਜੀਠਾ-2 ਅਧੀਨ ਪੈਂਦੇ ਪਿੰਡਾਂ ਵਿਚ ਜੇਈ ਵੱਲੋਂ ਪ੍ਰਾਈਵੇਟ ਬੰਦੇ ਰੱਖ ਕੇ ਮਚਾਈ ਲੁੱਟ ਦੇ ਮਾਮਲੇ ਵਿਚ ਪਾਵਰਕੌਮ ਦੇ ਚੇਅਰਮੈਨ ਤੋਂ ਕਾਰਵਾਈ ਮੰਗੀ ਗਈ ਹੈ। ਸੂਬੇ ਵਿਚ ਨਿਯਮਤ ਚੈਕਿੰਗਾਂ ਅਤੇ ਛਾਪੇਮਾਰੀ ਦੌਰਾਨ ਪਟਿਆਲਾ ਜ਼ੋਨ ਵਿਚ 90, ਅੰਮ੍ਰਿਤਸਰ 79, ਬਠਿੰਡਾ 71, ਲੁਧਿਆਣਾ 29 ਅਤੇ ਜਲੰਧਰ ਜ਼ੋਨ ਵਿਚ 27 ਐਫ਼.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਭ੍ਰਿਸ਼ਟਾਚਾਰ ਅਤੇ ਬਿਜਲੀ ਚੋਰੀ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਬਿਜਲੀ ਚੋਰੀ ਕਰਨ ਵਾਲਿਆਂ ਨੂੰ ਸਖ਼ਤ ਚਿਤਾਵਨੀ ਦਿੱਤੀ ਕਿ ਉਹ ਆਪਣੀਆਂ ਗਤੀਵਿਧੀਆਂ ਬੰਦ ਕਰਕੇ ਆਪਣੇ ਬਿਜਲੀ ਕੁਨੈਕਸ਼ਨ ਨਿਯਮਤ ਕਰਵਾਉਣ। ਉਨ੍ਹਾਂ ਕਿਹਾ ਕਿ ਬਿਜਲੀ ਚੋਰੀ ਸੂਬੇ ਦੇ ਖ਼ਜ਼ਾਨੇ ਨੂੰ ਵੱਡਾ ਖੋਰਾ ਲਾਉਂਦੀ ਹੈ ਅਤੇ ਇਸ ਨੂੰ ਮੁਕੰਮਲ ਤੌਰ 'ਤੇ ਖ਼ਤਮ ਕਰਨ ਲਈ ਬਿਜਲੀ ਵਿਭਾਗ ਦ੍ਰਿੜ੍ਹ ਸੰਕਲਪ ਹੈ। ਬਿਜਲੀ ਮੰਤਰੀ ਨੇ ਪਹਿਲਾਂ ਹੀ ਬਿਜਲੀ ਵਿਭਾਗ ਦੇ ਅਧਿਕਾਰੀਆਂ ਨੂੰ ਸੂਬੇ ਭਰ ਵਿਚ ਵਿਆਪਕ ਪੱਧਰ 'ਤੇ ਵਿਸ਼ੇਸ਼ ਨਿਰੀਖਣ ਕਰਨ ਲਈ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਇਨ੍ਹਾਂ ਨਿਰੀਖਣਾਂ ਦਾ ਉਦੇਸ਼ ਬਿਜਲੀ ਚੋਰੀ ਨੂੰ ਰੋਕਣਾ ਅਤੇ ਇਨ੍ਹਾਂ ਗੈਰ-ਕਾਨੂੰਨੀ ਗਤੀਵਿਧੀਆਂ ਕਾਰਨ ਹੋਏ ਮਾਲੀਏ ਦੇ ਨੁਕਸਾਨ ਦੀ ਭਰਪਾਈ ਕਰਨਾ ਹੈ।

ਲੋਕ ਚਰਚਾ ਅਨੁਸਾਰ ਪੰਜਾਬ ਸਰਕਾਰ ਲਈ ਇਸ ਮੁਹਿੰਮ ਨੂੰ ਮੁਕੰਮਲ ਨੇਪਰੇ ਚਾੜ੍ਹਨਾ ਸੌਖਾ ਨਹੀਂ ਹੋਵੇਗਾ ਬਲਕਿ ਇਹ ਮੁਹਿੰਮ ਚੁਣੌਤੀ ਵੀ ਬਣ ਸਕਦੀ ਹੈ। ਮੁਹਿੰਮ ਦੌਰਾਨ ਹਾਕਮ ਧਿਰ ਦੇ ਆਗੂਆਂ ਦੀ ਭੂਮਿਕਾ ਵੇਖਣ ਵਾਲੀ ਹੋਵੇਗੀ। ਕੀ ਉਹ ਬਿਜਲੀ ਚੋਰੀ ਰੋਕਣ ਲਈ ਸ਼ੁਰੂ ਕੀਤੀ ਮੁਹਿੰਮ ਦੇ ਸਹਿਯੋਗੀ ਬਣਦੇ ਹਨ ਜਾਂ ਅੜਿੱਕੇ ਖੜ੍ਹੇ ਕਰਦੇ ਹਨ।

## ਆਮ ਆਦਮੀ ਕਲੀਨਿਕਾਂ 'ਚ ਰੋਜ਼ਾਨਾ 58 ਹਜ਼ਾਰ ਲੋਕਾਂ ਦੇ ਮੁਫਤ ਇਲਾਜ ਦਾ ਦਾਅਵਾ

**ਚੰਡੀਗੜ੍ਹ**: ਪੰਜਾਬ ਵਿਚ ਆਮ ਆਦਮੀ ਕਲੀਨਿਕਾਂ ਵਿਚ ਪਿਛਲੇ ਦੋ ਸਾਲਾਂ ਦੌਰਾਨ ਦੋ ਕਰੋੜ ਤੋਂ ਵੱਧ ਲੋਕ ਮੁਫ਼ਤ ਵਿਚ ਇਲਾਜ ਕਰਵਾ ਚੁੱਕੇ ਹਨ। ਇਸ ਤਰ੍ਹਾਂ ਰੋਜ਼ਾਨਾ ਲਗਭਗ 58,900 ਮਰੀਜ਼ ਆਪਣਾ ਇਲਾਜ ਆਮ ਆਦਮੀ ਕਲੀਨਿਕਾਂ ਰਾਹੀਂ ਕਰਵਾ ਰਹੇ ਹਨ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬੇ ਵਿਚ ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ 15 ਅਗਸਤ 2022 ਤੋਂ ਕੀਤੀ ਗਈ ਸੀ। ਹੁਣ ਤੱਕ ਸੂਬੇ ਵਿਚ 842 ਆਮ ਆਦਮੀ ਕਲੀਨਿਕ ਖੋਲ੍ਹੇ ਜਾ ਚੁੱਕੇ ਹਨ। ਇਨ੍ਹਾਂ 'ਤੇ ਇਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਖਰਚ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹਰੇਕ ਕਲੀਨਿਕ ਆਈਟੀ ਬੁਨਿਆਦੀ ਢਾਂਚੇ ਨਾਲ ਲੈਸ ਹੈ, ਜ਼ਿਕਰਯੋਗ ਹੈ ਕਿ ਪੰਜਾਬ ਵਿਚ 30 ਹੋਰ ਆਮ ਆਦਮੀ ਕਲੀਨਿਕ ਖੁੱਲ੍ਹਣ ਜਾ ਰਹੇ ਹਨ। ਇਸ ਬਾਰੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਿਛਲੇ ਦਿਨੀਂ ਐਲਾਨ ਕਰ ਚੁੱਕੇ ਹਨ।

## 118 ਸਾਲਾ ਬੇਬੇ ਦਾ ਦੇਹਾਂਤ

**ਜਲਾਲਾਬਾਦ:** ਨਜ਼ਦੀਕੀ ਪਿੰਡ ਘੁਬਾਇਆ ਵਿਚ 118 ਸਾਲ ਦੀ ਬਜ਼ੁਰਗ ਔਰਤ ਇੰਦਰੋ ਬਾਈ ਦਾ ਦੇਹਾਂਤ ਹੋ ਗਿਆ ਹੈ। 200 ਤੋਂ ਵੱਧ ਮੈਂਬਰਾਂ ਵਾਲੇ ਪਰਿਵਾਰ ਵਾਲੀ ਔਰਤ ਇੰਦਰੋ ਬਾਈ ਨੇ ਲੋਕ ਸਭਾ ਚੋਣਾਂ ਦੌਰਾਨ ਆਪਣੀ ਆਖਰੀ ਵੋਟ ਪਾਈ। ਮ੍ਰਿਤਕ ਔਰਤ ਦੇ ਪੋਤੇ ਦਾ ਕਹਿਣਾ ਹੈ ਕਿ ਉਸ ਦੀ ਦਾਦੀ ਇੰਦਰੋ ਬਾਈ ਦੀ ਆਖਰੀ ਇੱਛਾ ਸੀ ਕਿ ਜਦੋਂ ਉਸ ਦੀ ਮੌਤ ਹੋ ਜਾਵੇ ਤਾਂ ਉਸ ਨੂੰ ਵਾਜੇ ਗਾਜੇ ਅਤੇ ਸ਼ਾਨੋ ਸ਼ੌਕਤ ਨਾਲ ਅੰਤਿਮ ਵਿਦਾਈ ਦਿੱਤੀ ਜਾਵੇ। ਉਸ ਨੇ ਦੱਸਿਆ ਕਿ ਉਸ ਦੀ ਦਾਦੀ ਦਾ ਜਨਮ 1906 ਵਿਚ ਪਾਕਿਸਤਾਨ ਵਿਚ ਹੋਇਆ ਸੀ। ਇੰਦਰੋ ਬਾਈ ਦੇ 8 ਬੱਚੇ ਹਨ, ਜਿਨ੍ਹਾਂ ਵਿਚੋਂ ਇਕ ਪੁੱਤਰ ਕਰਨੈਲ ਸਿੰਘ ਅਤੇ 7 ਲੜਕੀਆਂ ਹਨ। ਉਸ ਦੀਆਂ ਸਾਰੀਆਂ ਧੀਆਂ ਵਿਆਹੀਆਂ ਹੋਈਆਂ ਹਨ ਅਤੇ ਬੱਚਿਆਂ ਤੋਂ ਅੱਗੇ 35 ਤੋਂ ਵੱਧ ਪੋਤੇ-ਪੋਤੀਆਂ ਅਤੇ ਦੋਹਤੇ ਦੋਹਤੀਆਂ ਹਨ, ਜਿਨ੍ਹਾਂ ਦੇ ਵਿਆਹ ਹੋ ਚੁੱਕੇ ਹਨ।

# ਪੰਜਾਬ ਸਰਕਾਰ ਹੁਣ ਅਕਤੂਬਰ 'ਚ ਪੰਚਾਇਤੀ ਚੋਣਾਂ ਕਰਾਉਣ ਦੇ ਰੌਂਅ 'ਚ

**ਚੰਡੀਗੜ੍ਹ:** ਪੰਜਾਬ ਸਰਕਾਰ ਹੁਣ ਅਕਤੂਬਰ ਮਹੀਨੇ ਪੰਚਾਇਤੀ ਚੋਣਾਂ ਕਰਾਉਣ ਦੇ ਰੌਂਅ ਵਿਚ ਜਾਪਦੀ ਹੈ। ਪਤਾ ਲੱਗਾ ਹੈ ਕਿ ਸੂਬਾ ਸਰਕਾਰ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਦੋ ਪੜਾਵਾਂ ਵਿਚ ਕਰਾਏਗੀ। ਪਹਿਲੇ ਪੜਾਅ 'ਚ ਸਿਰਫ਼ ਪਿੰਡਾਂ ਦੇ ਸਰਪੰਚਾਂ ਤੇ ਪੰਚਾਂ ਦੀ ਚੋਣ ਹੋਣੀ ਹੈ ਅਤੇ ਅਕਤੂਬਰ ਮਹੀਨੇ ਦੇ ਅੱਧ ਤੋਂ ਬਾਅਦ ਇਹ ਚੋਣ ਕਿਸੇ ਵੇਲੇ ਵੀ ਸੰਭਵ ਹੈ।

ਰਾਜ ਚੋਣ ਕਮਿਸ਼ਨ ਨੇ ਚੋਣ ਨਿਸ਼ਾਨਾਂ ਦੀ ਸੂਚੀ ਵੀ ਜਾਰੀ ਕਰ ਦਿੱਤੀ ਹੈ। ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿਚ ਪੰਚਾਇਤੀ ਰਾਜ ਐਕਟ 1994 ਵਿਚ ਕੀਤੀਆਂ ਸੋਧਾਂ 'ਤੇ ਹਾਲੇ ਰਾਜਪਾਲ ਦੀ ਮੋਹਰ ਲੱਗਣੀ ਬਾਕੀ ਹੈ। ਸੂਬਾ ਸਰਕਾਰ ਨੇ ਇਸ ਵਾਰ ਬਿੱਲ ਰਾਹੀਂ ਪੰਚਾਇਤੀ ਚੋਣਾਂ ਲਈ ਸਰਪੰਚਾਂ ਦੇ ਅਹੁਦੇ ਦੇ ਰਾਖਵੇਂਕਰਨ ਵਿਚ ਤਬਦੀਲੀ ਕਰ ਦਿੱਤੀ ਹੈ ਜਿਸ ਵਾਸਤੇ ਹੁਣ ਬਲਾਕ ਨੂੰ ਆਧਾਰ ਬਣਾਇਆ ਜਾਵੇਗਾ ਜਦਕਿ ਪਹਿਲਾਂ ਜ਼ਿਲ੍ਹੇ ਨੂੰ ਇਕਾਈ ਮੰਨ ਕੇ ਰਾਖਵੇਂਕਰਨ ਦਾ ਰੋਸਟਰ ਤਿਆਰ ਕੀਤਾ ਜਾਂਦਾ ਸੀ। ਸਦਨ ਵਿਚ ਸੋਧ ਰਾਹੀਂ ਹੁਣ ਨਵੇਂ ਸਿਰੇ ਤੋਂ ਰੋਸਟਰ ਬਣਾਉਣ ਲਈ ਰਾਹ ਪੱਧਰਾ ਕੀਤਾ ਗਿਆ ਹੈ। ਉਮੀਦਵਾਰ ਸਿਆਸੀ ਪਾਰਟੀਆਂ ਦੇ ਚੋਣ ਨਿਸ਼ਾਨ 'ਤੇ ਚੋਣ ਨਹੀਂ ਲੜ ਸਕਣਗੇ। ਇਸ ਬਾਰੇ ਵੀ ਸੋਧ ਕੀਤੀ ਗਈ ਹੈ।




ਪਤਾ ਲੱਗਾ ਹੈ ਕਿ ਪੰਚਾਇਤੀ ਚੋਣਾਂ ਹਰਿਆਣਾ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਮਗਰੋਂ ਕਰਾਈਆਂ ਜਾਣਗੀਆਂ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਇਸ ਸਬੰਧੀ ਪ੍ਰਕਿਰਿਆ ਵਿੱਢੀ ਹੋਈ ਹੈ। ਪੰਜਾਬ ਸਰਕਾਰ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵੱਖਰੇ ਤੌਰ 'ਤੇ ਕਰਾਏਗੀ। ਪੰਚਾਇਤੀ ਚੋਣਾਂ ਮਗਰੋਂ ਹੀ ਨਗਰ ਨਿਗਮਾਂ ਆਦਿ ਦੀਆਂ ਚੋਣਾਂ ਲਈ ਰਾਹ ਪੱਧਰਾ ਹੋਣਾ ਹੈ। ਪੰਜਾਬ ਵਿਚ ਚਾਰ ਵਿਧਾਨ ਸਭਾ ਹਲਕਿਆਂ ਵਿਚ ਜ਼ਿਮਨੀ ਚੋਣਾਂ ਵੀ ਹੋਣੀਆਂ ਹਨ ਜਿਨ੍ਹਾਂ ਦਾ ਚੋਣ ਕਮਿਸ਼ਨ ਵੱਲੋਂ ਐਲਾਨ ਕੀਤਾ ਜਾਣਾ ਬਾਕੀ ਹੈ। ਪੰਚਾਇਤੀ ਚੋਣਾਂ ਤੋਂ ਪਹਿਲਾਂ ਸਰਕਾਰ ਨੇ ਪਿੰਡਾਂ ਵਿਚ ਫ਼ੰਡ ਦੇਣੇ ਸ਼ੁਰੂ ਕਰ ਦਿੱਤੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਅਖ਼ਤਿਆਰੀ ਕੋਟੇ ਦੇ ਕਰੀਬ 50 ਕਰੋੜ ਦੇ ਫ਼ੰਡ ਸਾਰੇ ਹਲਕਿਆਂ ਨੂੰ ਜਾਰੀ ਕਰ ਦਿੱਤੇ ਹਨ।

# ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰ ਡਰੱਗ ਇੰਸਪੈਕਟਰ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਨਸ਼ਾ ਤਸਕਰਾਂ ਦੀ ਮਦਦ ਕਰਨ ਵਾਲੇ ਡਰੱਗ ਇੰਸਪੈਕਟਰ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਬੈਂਕ ਖ਼ਾਤਿਆਂ 'ਚ ਪਏ 7 ਕਰੋੜ ਰੁਪਏ ਜ਼ਬਤ ਕੀਤੇ ਹਨ। ਇਸ ਤੋਂ ਇਲਾਵਾ ਵੱਡੀ ਮਾਤਰਾ 'ਚ ਸੋਨਾ ਅਤੇ ਵਿਦੇਸ਼ੀ ਕਰੰਸੀ ਵੀ ਬਰਾਮਦ ਕੀਤੀ ਗਈ ਹੈ। ਐਂਟੀ ਨਾਰਕੋਟਿਕਸ ਟਾਸਕ ਫੋਰਸ (ਏਐਨਟੀਐਫ) ਨੇ ਡਰੱਗ ਇੰਸਪੈਕਟਰ ਸ਼ੀਸ਼ਨ ਮਿੱਤਲ ਨੂੰ ਮੁਹਾਲੀ ਦੇ ਐਰੋਸਿਟੀ ਤੋਂ ਕਾਬੂ ਕੀਤਾ ਹੈ ਜਿਸ 'ਤੇ ਗੈਰ-ਕਾਨੂੰਨੀ ਦਵਾਈਆਂ, ਮੈਡੀਕਲ ਸਟੋਰਾਂ ਨਾਲ ਜੁੜੀਆਂ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਸਬੰਧੀ ਗਤੀਵਿਧੀਆਂ 'ਚ ਮਦਦ ਕਰਨ ਅਤੇ ਮਨੀ ਲਾਂਡਰਿੰਗ ਦੀ ਰਕਮ ਰਿਸ਼ਤੇਦਾਰਾਂ ਦੇ ਨਾਮ 'ਤੇ ਬੇਨਾਮੀ ਖ਼ਾਤਿਆਂ ਵਿੱਚ ਰੱਖਣ ਦੇ ਇਲਜ਼ਾਮ ਹਨ।

ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਇੱਥੇ ਦੱਸਿਆ ਕਿ ਡਰੱਗ ਇੰਸਪੈਕਟਰ ਦੇ ਦੋ ਦਰਜਨ ਬੈਂਕ ਖ਼ਾਤੇ ਖੰਗਾਲੇ ਗਏ, ਜਿਨ੍ਹਾਂ 'ਚੋਂ 7.09 ਕਰੋੜ ਰੁਪਏ ਦੀ ਰਕਮ ਦਾ ਪਤਾ ਲੱਗਿਆ ਹੈ ਅਤੇ ਇਨ੍ਹਾਂ ਨੂੰ ਫਰੀਜ਼ ਕਰ ਦਿੱਤਾ ਗਿਆ ਹੈ। ਪੁਲੀਸ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ 'ਚ ਡਰੱਗ ਇੰਸਪੈਕਟਰ ਦੇ ਟਿਕਾਣਿਆਂ 'ਤੇ ਛਾਪੇ ਮਾਰੇ ਜਿਥੋਂ ਭਾਰੀ ਮਾਤਰਾ ਵਿਚ ਨਗਦੀ ਅਤੇ ਵਿਦੇਸ਼ੀ ਕਰੰਸੀ ਬਰਾਮਦ ਹੋਈ ਹੈ। ਮੁਲਜ਼ਮ ਦੇ ਦੋ ਬੈਂਕ ਲਾਕਰ ਵੀ ਜ਼ਬਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਡਰੱਗ ਇੰਸਪੈਕਟਰ ਜੇਲ੍ਹ 'ਚ ਬੰਦ ਨਸ਼ਾ ਤਸਕਰਾਂ ਦੇ ਸੰਪਰਕ ਵਿੱਚ ਸੀ ਅਤੇ ਬਾਹਰੋਂ ਉਨ੍ਹਾਂ ਦੇ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਚਲਾਉਣ ਵਿੱਚ ਸਹਾਇਤਾ ਕਰ ਰਿਹਾ ਸੀ। ਜਾਂਚ ਦੌਰਾਨ ਇਹ ਵੀ ਪਤਾ ਲੱਗਾ ਕਿ ਉਹ ਸਰਕਾਰ ਤੋਂ ਇਜਾਜ਼ਤ ਲਏ ਜਾਂ ਐਕਸ-ਇੰਡੀਆ ਲੀਵ ਲਏ ਬਿਨਾਂ ਅਕਸਰ ਵਿਦੇਸ਼ਾਂ ਵਿੱਚ ਘੁੰਮਦਾ ਰਹਿੰਦਾ ਸੀ। ਸਪੈਸ਼ਲ ਡੀਜੀਪੀ ਕੁਲਦੀਪ ਸਿੰਘ ਨੇ ਦੱਸਿਆ ਕਿ ਏਐਨਟੀਐਫ ਨੇ ਮਿੱਤਲ ਕੋਲੋਂ 1.49 ਕਰੋੜ ਰੁਪਏ ਦੀ ਨਗਦੀ, 260 ਗ੍ਰਾਮ ਸੋਨਾ ਅਤੇ 515 ਦਿਰਹਾਮ ਬਰਾਮਦ ਕੀਤੇ ਹਨ। ਇਸ ਤੋਂ ਇਲਾਵਾ ਗ਼ੈਰ-ਕਾਨੂੰਨੀ ਢੰਗ ਨਾਲ ਬਣਾਈਆਂ ਸੰਪਤੀਆਂ ਦੀ ਪਛਾਣ ਕੀਤੀ ਗਈ ਹੈ ਜਿਸ ਵਿੱਚ ਜ਼ੀਰਕਪੁਰ 'ਚ 2 ਕਰੋੜ ਰੁਪਏ ਦੇ ਮੁੱਲ ਦੇ ਫਲੈਟ, ਡੱਬਵਾਲੀ ਵਿੱਚ 40 ਲੱਖ ਰੁਪਏ ਦਾ ਪਲਾਟ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਦੱਸਣਯੋਗ ਹੈ ਕਿ ਮਿੱਤਲ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਨੂੰ ਹਾਲ ਹੀ ਵਿੱਚ ਸੈਸ਼ਨ ਅਦਾਲਤ ਵੱਲੋਂ ਰੱਦ ਕਰ ਦਿੱਤਾ ਗਿਆ ਸੀ, ਜਿਸ ਨਾਲ ਉਸ ਵਿਰੁੱਧ ਦੋਸ਼ਾਂ ਦੀ ਗੰਭੀਰਤਾ ਹੋਰ ਵਧੇਰੇ ਸਪੱਸ਼ਟ ਹੋ ਗਈ ਸੀ। ਇਸ ਸਬੰਧੀ ਐਫਆਈਆਰ ਨੰ. 121/2024 ਤਹਿਤ ਐਨਡੀਪੀਐੱਸ ਐਕਟ ਦੀ ਧਾਰਾ 29 ਅਤੇ 59 ਅਤੇ ਭਾਰਤੀ ਨਿਆ ਸੰਹਿਤਾ (ਬੀਐਨਐੱਸ) ਦੀ ਧਾਰਾ 111 ਅਧੀਨ ਪਹਿਲਾਂ ਹੀ ਮਾਮਲਾ ਦਰਜ ਕੀਤਾ ਜਾ ਚੁੱਕਾ ਹੈ।



## ਅਕਾਲੀ ਦਲ ਨੂੰ ਖ਼ਤਮ ਕਰਨ ਦੇ ਮਨਸੂਬੇ ਸਫਲ ਨਹੀਂ ਹੋਣਗੇ: ਭੂੰਦੜ



**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਪਾਰਟੀ ਨੂੰ ਖ਼ਤਮ ਕਰਨ ਲਈ ਵੱਡੇ ਪੱਧਰ 'ਤੇ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ ਪਰ ਵਿਰੋਧੀਆਂ ਦੇ ਮਨਸੂਬੇ ਕਦੇ ਵੀ ਸਫ਼ਲ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਸਮੇਂ ਵਾਪਰੀਆਂ ਬੇਅਦਬੀਆਂ ਦੀਆਂ ਘਟਨਾਵਾਂ ਮੰਦਭਾਗੀਆਂ ਸਨ ਪਰ ਇਨ੍ਹਾਂ ਦਾ ਸਿਆਸੀਕਰਨ ਕਰ ਕੇ ਸਾਜ਼ਿਸ਼ ਤਹਿਤ ਅਕਾਲੀ ਦਲ ਦੀ ਬਦਨਾਮੀ ਕੀਤੀ ਗਈ ਹੈ ਪਰ ਉਸ ਤੋਂ ਬਾਅਦ ਦੀਆਂ ਘਟਨਾਵਾਂ ਬਾਰੇ ਅਖੌਤੀ ਪੰਥਕ ਆਗੂਆਂ ਨੇ ਚੁੱਪ ਧਾਰ ਲਈ ਹੈ। ਹੁਣ ਸੁਧਾਰ ਲਹਿਰ ਦੇ ਨਾਮ ਹੇਠਾਂ ਵੀ ਇਹ ਅਖੌਤੀ ਆਗੂ ਅਕਾਲੀ ਦਲ ਦੀ ਬਦਨਾਮੀ ਕਰਨ 'ਤੇ ਤੁਲੇ ਹੋਏ ਹਨ।

# ਮੁੱਖ ਮੰਤਰੀ ਦੀ ਕੋਠੀ ਨੇੜੇ ਅਧਿਆਪਕਾਂ ਤੇ ਪੁਲਿਸ ਵਿਚਾਲੇ ਖਿੱਚ-ਧੂਹ



**ਸੰਗਰੂਰ:** ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਅੱਗੇ ਈ.ਟੀ.ਟੀ. ਟੈਟ ਪਾਸ 5994 ਬੈਕਲਾਗ ਯੂਨੀਅਨ ਦੀ ਅਗਵਾਈ ਹੇਠ ਪੁੱਜੇ ਬੇਰੁਜ਼ਗਾਰ ਅਧਿਆਪਕਾਂ ਅਤੇ ਪੁਲਿਸ ਵਿਚਕਾਰ ਖਿੱਚ-ਧੂਹ ਹੋਈ। ਇਸ ਦੌਰਾਨ ਕਈਆਂ ਦੀਆਂ ਪੱਗਾਂ ਤੇ ਚੁੰਨੀਆਂ ਲੱਥ ਗਈਆਂ ਅਤੇ ਦੋ ਪ੍ਰਦਰਸ਼ਨਕਾਰੀਆਂ ਦੇ ਸੱਟਾਂ ਵੀ ਲੱਗੀਆਂ ਹਨ।

ਪ੍ਰਦਰਸ਼ਨਕਾਰੀ 5994 ਈ.ਟੀ.ਟੀ. ਭਰਤੀ ਵਿਚ 2994 ਬੈਕਲਾਗ ਸਮੇਤ ਅਸਾਮੀਆਂ ਭਰਨ ਦੀ ਮੰਗ ਕਰ ਰਹੇ ਸਨ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਬੇਰੁਜ਼ਗਾਰ ਈ.ਟੀ.ਟੀ. ਅਧਿਆਪਕ ਸਥਾਨਕ ਵੇਰਕਾ ਮਿਲਕ ਪਲਾਂਟ ਨੇੜੇ ਇਕੱਠੇ ਹੋਏ ਜਿੱਥੋਂ ਬਾਅਦ ਦੁਪਹਿਰ ਮਾਰਚ ਕਰਦਿਆਂ ਜਿਉਂ ਹੀ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਮੁੱਖ ਗੇਟ ਨੇੜੇ ਪੁੱਜੇ ਤਾਂ ਵੱਡੀ ਤਾਦਾਦ 'ਚ ਤਾਇਨਾਤ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਰੋਕ ਲਿਆ ਪਰ ਪ੍ਰਦਰਸ਼ਨਕਾਰੀਆਂ ਨੇ ਜਬਰੀ ਅੱਗੇ ਵਧਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਅਤੇ ਪੁਲੀਸ ਵਿਚਕਾਰ ਧੱਕਾ-ਮੁੱਕੀ ਹੋਈ।

ਇਸ ਮੌਕੇ ਯੂਨੀਅਨ ਦੇ ਸੂਬਾਈ ਆਗੂਆਂ ਸੁਰਿੰਦਰ ਪਾਲ ਗੁਰਦਾਸਪੁਰ, ਰਾਜ ਕੁਮਾਰ ਅਬੋਹਰ, ਮਨਦੀਪ ਫਾਜ਼ਿਲਕਾ ਅਤੇ ਅਜੀਤ ਸਿੰਘ ਮਾਨਸਾ ਨੇ ਦੱਸਿਆ ਕਿ 5994 ਈ.ਟੀ.ਟੀ. ਅਧਿਆਪਕਾਂ ਦੀ ਭਰਤੀ ਸਬੰਧੀ 2468 ਦੀ ਪਹਿਲੀ ਸੂਚੀ ਜਾਰੀ ਕੀਤੀ ਗਈ ਹੈ ਪਰ ਅਜੇ ਤੱਕ ਇਨ੍ਹਾਂ ਅਧਿਆਪਕਾਂ ਨੂੰ ਨੌਕਰੀ 'ਤੇ ਜੁਆਇਨ ਨਹੀਂ ਕਰਵਾਇਆ ਗਿਆ ਅਤੇ ਨਾ ਹੀ 2994 ਬੈਕਲਾਗ ਦੀਆਂ ਲਿਸਟਾਂ ਜਾਰੀ ਕੀਤੀਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਬੇਰੁਜ਼ਗਾਰ ਈ.ਟੀ.ਟੀ. ਅਧਿਆਪਕਾਂ ਦੀਆਂ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਜਿਸ ਕਾਰਨ ਹੀ ਪੜ੍ਹੇ-ਲਿਖੇ ਨੌਜਵਾਨਾਂ ਨੂੰ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਬੁਲਾਰਿਆਂ ਨੇ ਮੰਗ ਕੀਤੀ ਕਿ ਜੇਕਰ ਜਲਦ ਮਸਲਾ ਹੱਲ ਨਾ ਕੀਤਾ ਗਿਆ ਤਾਂ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ।

# ਕੌਮਾਂਤਰੀ ਬਾਜ਼ਾਰ ਵਿਚ ਮਹਿਕੇਗੀ ਪੰਜਾਬ ਦੀ ਬਾਸਮਤੀ



**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਬਾਸਮਤੀ ਉਤੇ ਆਪਣਾ ਕੀਮਤ ਕੰਟਰੋਲ ਹੁਕਮ ਵਾਪਸ ਲੈਣ ਨਾਲ ਕਿਸਾਨਾਂ ਨੂੰ ਬਾਸਮਤੀ ਦਾ ਚੰਗਾ ਭਾਅ ਮਿਲਣ ਦੇ ਆਸਾਰ ਬਣ ਗਏ ਹਨ। ਪੰਜਾਬ ਤੇ ਹਰਿਆਣਾ ਦੀ ਬਾਸਮਤੀ ਹੁਣ ਕੌਮਾਂਤਰੀ ਬਾਜ਼ਾਰ ਵਿਚ ਮਹਿਕੇਗੀ ਅਤੇ ਐਤਕੀਂ ਦੋਵੇਂ ਸੂਬਿਆਂ ਤੋਂ ਬਾਸਮਤੀ ਦੀ ਬਰਾਮਦ ਵਧੇਗੀ।

ਮਿਲੀ ਜਾਣਕਾਰੀ ਮੁਤਾਬਿਕ, ਪੰਜਾਬ ਦੇ ਮਾਝੇ ਖਿੱਤੇ ਵਿਚ ਹੁਣ ਤੱਕ 5663 ਟਨ ਬਾਸਮਤੀ ਖਰੀਦੀ ਜਾ ਚੁੱਕੀ ਹੈ ਅਤੇ ਇਸ ਦਾ ਭਾਅ 2220 ਰੁਪਏ ਤੋਂ ਲੈ ਕੇ 2985 ਰੁਪਏ ਪ੍ਰਤੀ ਕੁਇੰਟਲ ਤੱਕ ਰਿਹਾ ਹੈ। ਇਹ ਵੀ ਪਤਾ ਲੱਗਿਆ ਹੈ ਕਿ ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਵਿਚ ਬਾਸਮਤੀ 3000 ਰੁਪਏ ਪ੍ਰਤੀ ਕੁਇੰਟਲ ਤੱਕ ਵਿਕੀ ਹੈ।

ਪਿਛਲੇ ਸਾਲ ਬਾਸਮਤੀ ਦਾ ਭਾਅ 2700 ਰੁਪਏ ਤੋਂ ਲੈ ਕੇ 3410 ਰੁਪਏ ਪ੍ਰਤੀ ਕੁਇੰਟਲ ਰਿਹਾ ਸੀ। ਹਾਲਾਂਕਿ ਸਾਲ 2022 ਵਿਚ ਇਹੋ ਭਾਅ 3800 ਰੁਪਏ ਪ੍ਰਤੀ ਕੁਇੰਟਲ ਤੱਕ ਵੀ ਰਿਹਾ। ਪਿਛਲੇ ਸਾਲ ਕੇਂਦਰ ਵੱਲੋਂ ਬਰਾਮਦ ਮੁੱਲ ਦੇ ਸ਼ਰਤਾਂ ਤੈਅ ਕੀਤੇ ਜਾਣ ਕਾਰਨ ਕਿਸਾਨਾਂ ਨੂੰ ਨੁਕਸਾਨ ਝੱਲਣਾ ਪਿਆ ਸੀ।

ਭਾਰਤ ਸਰਕਾਰ ਦੇ ਕੇਂਦਰੀ ਵਣਜ ਮੰਤਰਾਲੇ ਦੀ ਟੀਮ ਨੇ ਪਿਛਲੇ ਸਾਲ ਪੰਜਾਬ ਤੇ ਹਰਿਆਣਾ ਦਾ ਦੌਰਾ ਵੀ ਕੀਤਾ ਸੀ। ਕੇਂਦਰੀ ਵਣਜ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਨੇ ਅੱਜ ਦੱਸਿਆ ਕਿ 950 ਡਾਲਰ ਪ੍ਰਤੀ ਟਨ ਦੇ ਘੱਟੋ-ਘੱਟ ਬਰਾਮਦ ਮੁੱਲ (ਐਮ.ਈ.ਪੀ) ਵਾਪਸ ਲੈਣ ਦਾ ਫ਼ੈਸਲਾ ਲਿਆ ਗਿਆ ਹੈ ਅਤੇ ਇਸ ਨੂੰ ਹੁਣ ਖੇਤੀਬਾੜੀ ਤੇ ਪ੍ਰੋਸੈਸਡ ਫੂਡ ਪ੍ਰੋਡਕਟਸ ਐਕਸਪੋਰਟ ਡਿਵੈਲਪਮੈਂਟ ਅਥਾਰਿਟੀ (ਏ.ਪੀ.ਈ.ਡੀ.ਈ.) ਨੂੰ ਭੇਜ ਦਿੱਤਾ ਗਿਆ ਹੈ।

ਮਾਹਿਰ ਆਖਦੇ ਹਨ ਕਿ ਬਾਸਮਤੀ ਦੀਆਂ ਕੁਝ ਕਿਸਮਾਂ ਦੀਆਂ ਕੌਮਾਂਤਰੀ ਕੀਮਤਾਂ ਸਰਕਾਰ ਦੁਆਰਾ ਲਗਾਏ ਗਏ ਐਮ.ਈ.ਪੀ. ਤੋਂ ਹੇਠਾਂ ਆ ਗਈਆਂ ਸਨ।

ਕੇਂਦਰ ਸਰਕਾਰ ਵੱਲੋਂ ਐਮ.ਈ.ਪੀ. ਲਾਗੂ ਕੀਤੇ ਜਾਣ ਮਗਰੋਂ ਕੌਮਾਂਤਰੀ ਖਰੀਦਦਾਰਾਂ ਨੇ ਭਾਰਤ ਦੀ ਥਾਂ ਪਾਕਿਸਤਾਨ ਵੱਲ ਮੂੰਹ ਕਰ ਲਏ ਸਨ। ਪਿਛਲੇ ਸਾਲ ਪੰਜਾਬ ਦੇ ਬਾਸਮਤੀ ਬਰਾਮਦਕਾਰਾਂ ਨੂੰ ਬਾਸਮਤੀ ਦੀ ਬਰਾਮਦ ਦਾ ਇਕ ਵੀ ਆਰਡਰ ਨਹੀਂ ਮਿਲਿਆ ਸੀ। ਕੇਂਦਰ ਸਰਕਾਰ ਹੁਣ 20 ਫ਼ੀਸਦੀ ਬਰਾਮਦ ਡਿਊਟੀ ਖ਼ਤਮ ਕਰ ਦੇਵੇਗੀ ਜਿਸ ਨਾਲ ਚੌਲ ਉਦਯੋਗ ਸੁਰਜੀਤ ਹੋ ਜਾਵੇਗਾ।

ਆਲ ਇੰਡੀਆ ਰਾਈਸ ਐਕਸਪੋਰਟਰਜ਼ ਐਸੋਸੀਏਸ਼ਨ ਦੇ ਸਾਬਕਾ ਚੇਅਰਮੈਨ ਵਿਜੇ ਸੇਤੀਆ ਨੇ ਪੁਸ਼ਟੀ ਕੀਤੀ ਕਿ ਬਰਾਮਦ ਤੋਂ ਐਮ.ਈ.ਪੀ. ਹਟਾਏ ਜਾਣ ਦੀ ਭਿਣਕ ਪੈਣ ਮਗਰੋਂ ਹੀ ਬਾਸਮਤੀ ਦੇ ਭਾਅ ਵਧਣੇ ਸ਼ੁਰੂ ਹੋ ਗਏ ਹਨ।

# ਪੰਜਾਬ 'ਚ ਪਾਣੀ ਪ੍ਰਦੂਸ਼ਣ ਖਿਲਾਫ ਇਕਜੁੱਟ ਹੋਏ ਆਗੂ



**ਚੰਡੀਗੜ੍ਹ:** ਪੰਜਾਬ ਵਿਚ ਲੰਮੇ ਸਮੇਂ ਤੋਂ ਵਾਤਾਵਰਨ ਦੀ ਸੰਭਾਲ ਲਈ ਕੰਮ ਕਰ ਰਹੀਆਂ ਸੰਸਥਾਵਾਂ ਨਰੋਆ ਪੰਜਾਬ ਮੰਚ, ਪਬਲਿਕ ਐਕਸ਼ਨ ਕਮੇਟੀ ਮੱਤੇਵਾੜਾ, ਪੰਜਾਬ ਵਾਤਾਵਰਨ ਚੇਤਨਾ ਲਹਿਰ ਤੇ ਹੋਰਨਾਂ ਜਥੇਬੰਦੀਆਂ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਪੰਜਾਬ ਦੇ ਪਾਣੀਆਂ ਅਤੇ ਬੁੱਢਾ ਦਰਿਆ ਦਾ ਪਾਣੀ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਸੈਮੀਨਾਰ ਕਰਵਾਇਆ ਗਿਆ।

ਇਸ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੋਂ ਸਿਮਰਨਜੀਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ ਤੋਂ ਮਨਪ੍ਰੀਤ ਇਆਲੀ, ਕਾਂਗਰਸ ਦੇ ਸਾਬਕਾ ਮੰਤਰੀ ਪਰਗਟ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ, ਭਾਜਪਾ ਤੋਂ ਅਨਿਲ ਸਰੀਨ, ਬਸਪਾ ਤੋਂ ਬਲਵਿੰਦਰ ਕੁਮਾਰ, ਕਾਰਕੁਨ ਅਮਿਤੋਜ ਮਾਨ, ਲੱਖਾ ਸਿਧਾਣਾ ਸਣੇ ਵੱਡੀ ਗਿਣਤੀ ਵਿਚ ਵਾਤਾਵਰਨ ਪ੍ਰੇਮੀ ਮੌਜੂਦ ਸਨ। ਦੂਜੇ ਪਾਸੇ ਇਸ ਸਮਾਗਮ ਵਿਚ 'ਆਪ' ਵੱਲੋਂ ਕੋਈ ਵੀ ਆਗੂ ਨਹੀਂ ਪੁੱਜਿਆ। ਸੈਮੀਨਾਰ ਵਿਚ ਬੁੱਧੀਜੀਵੀਆਂ ਵੱਲੋਂ ਪਾਣੀ ਦੇ ਪ੍ਰਦੂਸ਼ਣ ਨੂੰ ਲੈ ਕੇ ਆਪਣੇ ਵਿਚਾਰ ਰੱਖੇ ਗਏ।

ਬੁਲਾਰਿਆਂ ਨੇ ਕਿਹਾ ਕਿ ਸੂਬਾ ਸਰਕਾਰ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਕੁਝ ਨਹੀਂ ਕਰ ਰਹੀ, ਜਿਸ ਨੇ ਪਹਿਲਾਂ ਵਿਧਾਨ ਸਭਾ ਵਿਚ ਬੁੱਢੇ ਦਰਿਆ ਦੇ ਪਾਣੀ ਦੇ ਪ੍ਰਦੂਸ਼ਿਤ ਹੋਣ ਬਾਰੇ ਵਿਚਾਰ-ਚਰਚਾ ਤੋਂ ਟਾਲਾ ਵੱਟ ਲਿਆ ਹੈ। ਜਦੋਂ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਵਿਚਾਰ-ਚਰਚਾ ਲਈ ਸਾਰਿਆਂ ਨੂੰ ਸੱਦਿਆ ਗਿਆ ਤਾਂ ਵੀ ਸੂਬਾ ਸਰਕਾਰ ਦਾ ਕੋਈ ਨੁਮਾਇੰਦਾ ਨਹੀਂ ਪਹੁੰਚਿਆ। ਉਨ੍ਹਾਂ ਕਿਹਾ ਕਿ ਜੇ ਸੂਬਾ ਸਰਕਾਰ ਵੱਲੋਂ ਜਲਦ ਹੀ ਬੁੱਢੇ ਦਰਿਆ ਦੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਨਾ ਰੋਕਿਆ ਗਿਆ ਤਾਂ ਵਾਤਾਵਰਨ ਪੱਖੀ ਲੋਕ ਅੱਗੇ ਆਉਣਗੇ ਅਤੇ ਪਾਣੀ ਅੱਗੇ ਜਾਣ ਤੋਂ ਰੋਕਣ ਲਈ ਬੰਨ੍ਹ ਲਾਉਣ ਦਾ ਕੰਮ ਕਰਨਗੇ।

# ਕੈਨੇਡਾ ਯੂਨੀਵਰਸਿਟੀ ਨੇ ਫੀਸ ਨਾ ਭਰਨ 'ਤੇ ਵਿਦਿਆਰਥੀ ਨੂੰ ਵਾਪਸ ਭੇਜਿਆ



**ਸ੍ਰੀ ਮੁਕਤਸਰ ਸਾਹਿਬ:** ਟਰੈਵਲ ਏਜੰਟ ਦੀ ਠੱਗੀ ਕਾਰਨ ਪੜ੍ਹਾਈ ਲਈ ਕੈਨੇਡਾ ਗਏ ਵਿਦਿਆਰਥੀ ਨੂੰ ਦੇਸ਼ ਪਰਤਣਾ ਪਿਆ ਹੈ। ਟਰੈਵਲ ਏਜੰਟ ਨੇ ਵਿਦਿਆਰਥੀ ਦੀ ਦੂਜੇ ਸਮੈਸਟਰ ਦੀ 10 ਹਜ਼ਾਰ ਡਾਲਰ ਫੀਸ ਨਾ ਭਰਨ ਕਰ ਕੇ ਯੂਨੀਵਰਸਿਟੀ ਨੇ ਉਸ ਨੂੰ ਵਾਪਸ ਭੇਜ ਦਿੱਤਾ ਹੈ।

ਮੁਕਤਸਰ ਦੇ ਸਤਵਿੰਦਰ ਕੁਮਾਰ ਨੇ ਆਪਣੇ ਪੁੱਤਰ ਸੁਮਿਤ ਸਿਡਾਨਾ ਨੂੰ ਕੋਟਕਪੂਰਾ ਦੇ 'ਬਲਿਯੂ ਕੋਸਟ ਇਮੀਗ੍ਰੇਸ਼ਨ ਸਰਵਿਸ ਐਂਡ ਐਕਸਪ੍ਰੈੱਸ ਵੇਅ' ਦੇ ਮਾਲਕ ਡੇਵਿਡ ਅਰੋੜਾ ਰਾਹੀਂ ਕੈਨੇਡਾ ਭੇਜਿਆ ਸੀ ਪਰ ਡੇਵਿਡ ਅਰੋੜਾ ਨੇ ਸੁਮਿਤ ਦੀ ਦੂਜੇ ਸਮੈਸਟਰ ਦੀ 10 ਹਜ਼ਾਰ ਡਾਲਰ ਫੀਸ ਨਹੀਂ ਭਰੀ। ਥਾਣਾ ਸਿਟੀ ਮੁਕਤਸਰ ਪੁਲਿਸ ਨੇ ਡੇਵਿਡ ਅਰੋੜਾ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ। ਪੀੜਤ ਸਤਵਿੰਦਰ ਕੁਮਾਰ ਨੇ ਦੱਸਿਆ ਕਿ ਡੇਵਿਡ ਅਰੋੜਾ ਨੇ ਕਰੀਬ 16 ਲੱਖ ਰੁਪਏ ਲੈ ਕੇ ਉਸ ਦੇ ਪੁੱਤਰ ਦਾ ਕੈਨੇਡਾ ਦੀ ਯੂਨੀਵਰਸਿਟੀ ਵਿਚ ਦਾਖਲਾ ਕਰਵਾਇਆ ਸੀ। ਪੀੜਤ ਪਿਤਾ ਨੇ ਦੋਸ਼ ਲਾਇਆ ਹੈ ਕਿ ਡੇਵਿਡ ਅਰੋੜਾ ਨੇ ਸੁਮਿਤ ਦੀ ਦੂਜੇ ਸਮੈਸਟਰ ਦੀ 10 ਹਜ਼ਾਰ ਕੈਨੇਡੀਅਨ ਡਾਲਰ ਫੀਸ ਉਨ੍ਹਾਂ ਕੋਲੋਂ ਤਾਂ ਲੈ ਲਈ ਸੀ ਪਰ ਅੱਗੇ ਯੂਨੀਵਰਸਿਟੀ ਵਿਚ ਨਹੀਂ ਭੇਜੀ।

ਡੇਵਿਡ ਨੇ ਫੀਸ ਭਰੀ ਹੋਣ ਦੀ ਜੋ ਰਸੀਦ ਸੁਮਿਤ ਕੁਮਾਰ ਨੂੰ ਦਿੱਤੀ ਸੀ, ਉਸ ਰਸੀਦ ਨੂੰ ਯੂਨੀਵਰਸਿਟੀ ਅਧਿਕਾਰੀਆਂ ਨੇ ਜਾਅਲੀ ਕਰਾਰ ਦੇ ਦਿੱਤਾ। ਸਤਵਿੰਦਰ ਕੁਮਾਰ ਨੇ ਦੱਸਿਆ ਕਿ ਉਸ ਦੇ ਬੱਚੇ ਦਾ ਭਵਿੱਖ ਤੇ ਘਰ ਦੀ ਸਾਰੀ ਜਮ੍ਹਾਂ ਪੂੰਜੀ ਬਰਬਾਦ ਹੋ ਗਈ ਹੈ।

# ਪੁਲਿਸ ਨੇ ਭਗੌੜੇ ਅੰਮ੍ਰਿਤਪਾਲ ਸਿੰਘ ਨੂੰ ਆਸਟਰੀਆ ਤੋਂ ਵਾਪਸ ਲਿਆਂਦਾ



**ਬਟਾਲਾ:** ਪੰਜਾਬ ਪੁਲਿਸ ਨੇ ਵਿਦੇਸ਼ ਫ਼ਰਾਰ ਹੋਏ ਭਗੌੜੇ ਅੰਮ੍ਰਿਤਪਾਲ ਸਿੰਘ ਵਾਸੀ ਪਿੰਡ ਭੋਮਾ ਨੂੰ ਆਸਟਰੀਆ ਤੋਂ ਆਉਂਦਿਆਂ ਨਵੀਂ ਦਿੱਲੀ ਵਿਚ ਗ੍ਰਿਫ਼ਤਾਰ ਕੀਤਾ ਹੈ। ਇਸ ਤੋਂ ਪਹਿਲਾਂ ਕੇਂਦਰੀ ਏਜੰਸੀਆਂ ਦੇ ਤਾਲਮੇਲ ਨਾਲ ਉਸ ਨੂੰ ਆਸਟਰੀਆ ਤੋਂ ਡਿਪੋਰਟ ਕਰਵਾਇਆ ਗਿਆ ਸੀ।

ਅੰਮ੍ਰਿਤਪਾਲ ਸਿੰਘ ਜਦੋਂ ਸਵੇਰੇ 7 ਵਜੇ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਿਆ ਤਾਂ ਉਸ ਨੂੰ ਕਾਬੂ ਕਰ ਲਿਆ ਗਿਆ। ਬਟਾਲਾ ਦੇ ਐਸ.ਐਸ.ਪੀ. ਸੁਹੇਲ ਮੀਰ ਕਾਸਿਮ ਨੇ ਦੱਸਿਆ ਕਿ ਪੰਜਾਬ ਪੁਲਿਸ ਵੱਲੋਂ ਕੇਂਦਰੀ ਏਜੰਸੀਆਂ ਦੇ ਤਾਲਮੇਲ ਨਾਲ ਅੰਮ੍ਰਿਤਪਾਲ ਸਿੰਘ ਵਾਸੀ ਪਿੰਡ ਭੋਮਾ, ਥਾਣਾ ਘੁਮਾਣ ਨੂੰ ਆਸਟਰੀਆ ਤੋਂ ਡਿਪੋਰਟ ਕਰਵਾਇਆ ਗਿਆ। ਉਹ ਕਈ ਸਾਲਾਂ ਤੋਂ ਗੈਰਕਾਨੂੰਨੀ ਢੰਗ ਨਾਲ ਆਸਟਰੀਆ ਵਿਚ ਰਹਿ ਰਿਹਾ ਸੀ। ਉਸ ਖ਼ਿਲਾਫ਼ ਕਤਲ, ਇਰਾਦਾ ਕਤਲ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਅਸਲਾ ਐਕਟ ਸਬੰਧੀ ਕਈ ਮਾਮਲੇ ਦਰਜ ਹਨ। ਐਸ.ਐਸ.ਪੀ. ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਨੂੰ ਕਈ ਕੇਸਾਂ ਵਿਚ ਭਗੌੜਾ ਐਲਾਨਿਆ ਗਿਆ ਸੀ ਅਤੇ ਉਹ 2022 ਵਿਚ ਦੁਬਈ ਅਤੇ ਸਰਬੀਆ ਦੇ ਰਸਤੇ ਆਸਟਰੀਆ ਭੱਜ ਗਿਆ ਸੀ ਅਤੇ ਉਦੋਂ ਤੋਂ ਹੀ ਗ੍ਰਿਫਤਾਰੀ ਤੋਂ ਬਚਦਾ ਆ ਰਿਹਾ ਸੀ।

# ਨਹਿਰਾਂ 'ਤੇ ਬੇਆਬਾਦ ਘਰਾਟ ਚਾਲੂ ਕੀਤੇ ਜਾਣਗੇ



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਹੁਣ ਨਹਿਰਾਂ 'ਤੇ ਬੇਆਬਾਦ ਪਏ ਘਰਾਟਾਂ ਨੂੰ ਸੁਰਜੀਤ ਕੀਤਾ ਜਾਵੇਗਾ ਤਾਂ ਜੋ ਨੌਜਵਾਨਾਂ ਨੂੰ ਰੁਜ਼ਗਾਰ ਦੇ ਵਸੀਲੇ ਪੈਦਾ ਕੀਤੇ ਜਾ ਸਕਣ। ਕਰੀਬ ਡੇਢ ਦਰਜਨ ਘਰਾਟ ਹੁਣ ਪੰਜਾਬ ਦੀਆਂ ਨਹਿਰਾਂ 'ਤੇ ਮੁੜ ਚਾਲੂ ਕੀਤੇ ਜਾਣੇ ਹਨ ਜਿਨ੍ਹਾਂ ਵਿਚ 10 ਥਾਵਾਂ 'ਤੇ ਪੁਰਾਣੇ ਬੇਆਬਾਦ ਘਰਾਟ ਸੁਰਜੀਤ ਕੀਤੇ ਜਾਣੇ ਹਨ ਜਦੋਂ ਕਿ 8 ਨਵੀਆਂ ਥਾਵਾਂ 'ਤੇ ਘਰਾਟ ਚਾਲੂ ਕੀਤੇ ਜਾਣੇ ਹਨ।

ਜਲ ਸਰੋਤ ਵਿਭਾਗ ਵੱਲੋਂ ਮੁਢਲੇ ਪੜਾਅ 'ਤੇ ਪੁਰਾਣੇ ਰਜਵਾਹੇ ਤੇ ਖਾਲਿਆਂ ਨੂੰ ਸੁਰਜੀਤ ਕੀਤਾ ਗਿਆ ਸੀ ਅਤੇ ਹੁਣ ਦੂਸਰੇ ਪੜਾਅ 'ਤੇ ਘਰਾਟਾਂ ਨੂੰ ਚਾਲੂ ਕੀਤਾ ਜਾਣਾ ਹੈ। ਜਲ ਸਰੋਤ ਵਿਭਾਗ ਨੇ ਹੁਣ ਬੇਆਬਾਦ ਘਰਾਟਾਂ ਦੀ ਸ਼ਨਾਖ਼ਤ ਕੀਤੀ ਹੈ, ਜਿਨ੍ਹਾਂ ਵਿਚ ਲਹਿਲ ਕੈਨਾਲ ਡਿਵੀਜ਼ਨ, ਬਿਸਤ ਦੋਆਬ ਕੈਨਾਲ, ਫ਼ਰੀਦਕੋਟ ਕੈਨਾਲ, ਮਜੀਠਾ ਕੈਨਾਲ, ਲਾਹੌਰ ਬਰਾਂਚ, ਜੰਡਿਆਲਾ ਡਿਵੀਜ਼ਨ 'ਚ ਪੈਂਦੇ ਪੁਰਾਣੇ ਘਰਾਟ ਸ਼ਾਮਲ ਹਨ।

ਸਭ ਤੋਂ ਵੱਧ ਜੰਡਿਆਲਾ ਡਿਵੀਜ਼ਨ ਵਿਚ ਪੈਂਦੇ ਪੁਰਾਣੇ ਘਰਾਟ ਮੁੜ ਚਾਲੂ ਕੀਤੇ ਜਾਣੇ ਹਨ, ਜਿਨ੍ਹਾਂ ਵਾਸਤੇ ਕਰੀਬ 4.25 ਕਰੋੜ ਦੀ ਲਾਗਤ ਆਵੇਗੀ। ਇਨ੍ਹਾਂ ਘਰਾਟਾਂ ਨੂੰ ਸਰਕਾਰ ਦੀ ਲੀਜ਼ 'ਤੇ ਦੇਣ ਦੀ ਯੋਜਨਾ ਹੈ ਅਤੇ ਖ਼ਾਸ ਕਰਕੇ ਬੇਰੁਜ਼ਗਾਰ ਨੌਜਵਾਨਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪੰਜਾਬ ਸਰਕਾਰ ਇਨ੍ਹਾਂ ਘਰਾਟਾਂ ਨੂੰ ਪੰਜ ਸਾਲ ਲਈ ਲੀਜ਼ ਉਤੇ ਦੇਵੇਗੀ, ਜਿਸ ਸਬੰਧੀ ਸਰਕਾਰੀ ਕਮੇਟੀ ਵੀ ਕਾਇਮ ਕੀਤੀ ਜਾਵੇਗੀ, ਜੋ ਇਨ੍ਹਾਂ ਘਰਾਟਾਂ ਦੀ ਲੀਜ਼ ਦੀ ਕੀਮਤ ਅਤੇ ਖ਼ਰਚਿਆਂ ਆਦਿ ਬਾਰੇ ਫ਼ੈਸਲਾ ਲਵੇਗੀ।

ਇਨ੍ਹਾਂ ਘਰਾਟਾਂ ਦੀ ਟੈਂਡਰਿੰਗ ਦੀ ਪ੍ਰਕਿਰਿਆ ਚੱਲ ਰਹੀ ਹੈ। ਪੰਜਾਬ 'ਚ ਟਾਵੇਂ ਘਰਾਟ ਹਨ ਜੋ ਚੱਲ ਰਹੇ ਹਨ। ਜ਼ਿਲ੍ਹਾ ਬਰਨਾਲਾ ਵਿਚ ਹਰੀਗੜ੍ਹ ਨਹਿਰ ਦੇ ਲਾਗੇ ਮੁੱਖ ਸੜਕ 'ਤੇ ਘਰਾਟਾਂ ਦਾ ਆਟਾ ਵੇਚਣ ਵਾਲੇ ਦਰਜਨਾਂ ਦੁਕਾਨਦਾਰ ਬੈਠੇ ਹਨ। ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਲਈ ਇਹ ਘਰਾਟ ਮਾਲੀਏ ਦਾ ਵਸੀਲਾ ਬਣਨਗੇ ਅਤੇ ਉਨ੍ਹਾਂ ਤੋਂ ਦੋ ਕਰੋੜ ਰੁਪਏ ਦੀ ਸਾਲਾਨਾ ਆਮਦਨ ਹੋਵੇਗੀ। ਪੇਂਡੂ ਭਾਸ਼ਾ 'ਚ ਘਰਾਟ ਪਾਣੀ ਨਾਲ ਚੱਲਣ ਵਾਲੀ ਆਟਾ ਚੱਕੀ ਹੈ। ਨਹਿਰੀ ਪਾਣੀ ਨਾਲ ਇਹ ਘਰਾਟ ਚੱਲਦੇ ਹਨ ਅਤੇ ਧੀਮੀ ਰਫ਼ਤਾਰ ਨਾਲ ਪਿਸਾਈ ਹੋਣ ਕਰ ਕੇ ਆਟੇ ਦੇ ਪੌਸ਼ਟਿਕ ਤੱਤ ਸੁਰੱਖਿਅਤ ਰਹਿੰਦੇ ਹਨ। ਪੰਜਾਬ ਦਾ ਨਹਿਰੀ ਸਿਸਟਮ ਬਹੁਤ ਪੁਰਾਣਾ ਹੈ ਅਤੇ ਪੁਰਾਣੇ ਸਮਿਆਂ ਵਿਚ ਇਨ੍ਹਾਂ ਘਰਾਟਾਂ ਦਾ ਕਾਫ਼ੀ ਮਹੱਤਵ ਰਿਹਾ ਹੈ। ਹੌਲੀ-ਹੌਲੀ ਇਹ ਘਰਾਟ ਲੋਪ ਹੋ ਗਏ ਸਨ।

# ਸਾਬਕਾ ਵਿਧਾਇਕ ਗੈਰ-ਕਾਨੂੰਨੀ ਮਾਈਨਿੰਗ ਦੇ ਕੇਸ 'ਚੋਂ ਬਰੀ

**ਪਠਾਨਕੋਟ:** ਭੋਆ ਦੇ ਸਾਬਕਾ ਵਿਧਾਇਕ ਜੋਗਿੰਦਰ ਪਾਲ ਸਣੇ 5 ਵਿਅਕਤੀਆਂ ਖ਼ਿਲਾਫ਼ ਤਾਰਾਗੜ੍ਹ ਥਾਣੇ ਵਿਚ ਗੈਰ-ਕਾਨੂੰਨੀ ਮਾਈਨਿੰਗ ਦੇ ਦੋਸ਼ ਹੇਠ ਦਰਜ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਵੱਲੋਂ ਸਾਰੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ। ਸਾਬਕਾ ਵਿਧਾਇਕ ਜੋਗਿੰਦਰ ਪਾਲ ਨੇ ਦੱਸਿਆ ਕਿ ਸਿਆਸੀ ਰੰਜਿਸ਼ ਤਹਿਤ ਕੇਸ ਦਰਜ ਕੀਤਾ ਗਿਆ ਸੀ, ਇਸ ਫੈਸਲੇ ਨਾਲ ਸੱਚਾਈ ਦੀ ਜਿੱਤ ਹੋਈ ਹੈ। ਜ਼ਿਕਰਯੋਗ ਹੈ ਕਿ 8 ਜੂਨ 2022 ਨੂੰ ਸਾਬਕਾ ਕਾਂਗਰਸੀ ਵਿਧਾਇਕ ਜੋਗਿੰਦਰ ਪਾਲ ਦੇ ਪਿੰਡ ਮੈਰਾ ਸਥਿਤ ਸਟੋਨ ਕਰੱਸ਼ਰ ਤੋਂ ਪੁਲਿਸ ਅਤੇ ਮਾਈਨਿੰਗ ਵਿਭਾਗ ਨੇ ਨਾਜਾਇਜ਼ ਮਾਈਨਿੰਗ ਵਿਚ ਲੱਗੀ ਮਸ਼ੀਨਰੀ ਕਬਜ਼ੇ ਵਿਚ ਲੈ ਕੇ ਕੇਸ ਦਰਜ ਕੀਤਾ ਸੀ।

# ਪੰਜ ਸਾਲ ਪਹਿਲਾਂ ਰੋਜ਼ੀ-ਰੋਟੀ ਕਮਾਉਣ ਦੁਬਈ ਗਏ ਨੌਜਵਾਨ ਦੀ ਮੌਤ

**ਜਲੰਧਰ:** ਪਰਿਵਾਰ ਲਈ ਰੋਜ਼ੀ-ਰੋਟੀ ਕਮਾਉਣ ਲਈ ਪੰਜ ਸਾਲ ਪਹਿਲਾਂ ਦੁਬਈ ਗਏ ਪਿੰਡ ਸ਼ਾਲਾ ਪੁਰ ਬੇਟ ਦੇ ਨਵਜੋਤ ਸਿੰਘ ਦੀ ਕੈਂਸਰ ਕਾਰਨ ਮੌਤ ਹੋ ਗਈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਘਰ ਦੀਆਂ ਆਰਥਿਕ ਤੰਗੀਆਂ ਨੂੰ ਦੂਰ ਕਰਨ ਲਈ ਨਵਜੋਤ ਰੁਪਏ ਉਧਾਰ ਫੜ ਕੇ ਦੁਬਈ ਗਿਆ ਸੀ। ਨਵਜੋਤ ਦੀ ਪਤਨੀ ਨੇ ਦੱਸਿਆ ਕਿ ਉਸ ਦੇ ਦੋ ਛੋਟੇ ਬੱਚੇ ਹਨ। ਉਸ ਦਾ ਪਤੀ ਜਿਸ ਕੰਪਨੀ ਵਿਚ ਕੰਮ ਕਰਦਾ ਸੀ ਉਹ ਕੰਪਨੀ ਉਸ ਨੂੰ ਸਮੇਂ ਸਿਰ ਤਨਖਾਹ ਨਹੀਂ ਦਿੰਦੀ ਸੀ ਜਿਸ ਕਾਰਨ ਪਿੱਛੇ ਘਰ ਦਾ ਗੁਜ਼ਾਰਾ ਔਖਾ ਹੀ ਚਲਦਾ ਸੀ।

ਇਸੇ ਕਰਕੇ ਨਵਜੋਤ ਸਿੰਘ ਨੇ ਕੰਪਨੀ ਤੋਂ ਵੱਖ ਹੋ ਕੇ ਬਾਹਰ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਦੁਬਈ ਵਿਚ ਵੀਜ਼ੇ ਦੀ ਮਿਆਦ ਵੀ ਲੰਘ ਗਈ ਸੀ ਫਿਰ ਵੀ ਨਵਜੋਤ ਕੰਮ 'ਤੇ ਡਟਿਆ ਰਿਹਾ। ਇਸੇ ਦੌਰਾਨ ਉਹ ਕੈਂਸਰ ਤੋਂ ਪੀੜਤ ਹੋ ਗਿਆ। ਬਿਮਾਰੀ ਕਾਰਨ ਨਵਜੋਤ ਸਿੰਘ ਕੰਮ ਵੀ ਨਹੀਂ ਕਰ ਸਕਦਾ ਸੀ। ਅਚਾਨਕ ਨਵਜੋਤ ਦੇ ਕੁਝ ਦੋਸਤਾਂ ਨੇ ਫੋਨ 'ਤੇ ਦੱਸਿਆ ਕਿ ਕੈਂਸਰ ਕਾਰਨ ਨਵਜੋਤ ਸਿੰਘ ਦੀ ਮੌਤ ਹੋ ਗਈ ਹੈ। ਪਰਿਵਾਰਕ ਮੈਂਬਰਾਂ ਨੇ ਭਾਰਤ ਸਰਕਾਰ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਤੋਂ ਮੰਗ ਕੀਤੀ ਹੈ ਕਿ ਨਵਜੋਤ ਸਿੰਘ ਦੀ ਮ੍ਰਿਤਕ ਦੇਹ ਵਾਪਿਸ ਲਿਆਉਣ ਵਿਚ ਮਦਦ ਕੀਤੀ ਜਾਵੇ।

ਪੰਜਾਬ ਟਾਈਮਜ਼

ਸ਼ਨਿਚਰਵਾਰ, 21 ਸਤੰਬਰ, 2024

# ਖੇਤੀ ਨੀਤੀ ਦਾ ਮਸਲਾ

ਪੰਜਾਬ ਦੀ ਖੇਤੀ ਨੀਤੀ ਦਾ ਖਰੜਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਖਰਕਾਰ ਜਾਰੀ ਕਰ ਦਿੱਤਾ ਹੈ। ਇਸ ਮਸਲੇ 'ਤੇ ਸਰਕਾਰ ਦੀ ਵਾਹਵਾ ਆਲੋਚਨਾ ਹੋ ਰਹੀ ਸੀ। ਇਹ ਨੀਤੀ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਦੀ ਅਗਵਾਈ ਹੇਠ 11 ਮੈਂਬਰੀ ਕਮੇਟੀ ਨੇ ਤਿਆਰ ਕਰ ਕੇ ਚਿਰ ਪਹਿਲਾਂ ਸਰਕਾਰ ਨੂੰ ਸੌਂਪ ਦਿੱਤੀ ਸੀ ਪਰ ਇਸ ਤੋਂ ਬਾਅਦ ਸਰਕਾਰ ਇਸ ਬਾਰੇ ਉਕਾ ਹੀ ਖਾਮੋਸ਼ ਹੋ ਗਈ ਸੀ। ਪੰਜਾਬ ਲਈ ਖੇਤੀ ਨੀਤੀ ਬਣਾਉਣ ਬਾਰੇ ਮਾਹਿਰ ਅਤੇ ਕਿਸਾਨ ਜਥੇਬੰਦੀਆਂ ਇਸ ਲਈ ਜ਼ੋਰ ਪਾ ਰਹੀਆਂ ਹਨ ਕਿਉਂਕਿ ਕਣਕ-ਝੋਨੇ ਦੇ ਫਸਲੀ ਚੱਕਰ ਨੇ ਵਾਤਾਵਰਨ ਨੂੰ ਡਾਢੀ ਸੱਟ ਮਾਰੀ ਹੈ। ਕੁਝ ਮਾਹਿਰਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਇਸ ਨਾਲ ਪੰਜਾਬ ਨੂੰ ਕਦੀ ਵੀ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ। ਫਸਲੀ ਵੰਨ-ਸਵੰਨਤਾ ਬਾਰੇ ਗੱਲਾਂ ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਵਿਚ ਕੀਤੀ ਜਾ ਰਹੀਆਂ ਹਨ। ਸਭ ਤੋਂ ਪਹਿਲਾਂ 1986 ਵਿਚ ਡਾ. ਸਰਦਾਰਾ ਸਿੰਘ ਜੌਹਲ ਦੀ ਅਗਵਾਈ ਹੇਠ ਬਣੀ ਕਮੇਟੀ ਨੇ ਪੰਜਾਬ ਨੂੰ ਖੇਤੀ ਸੰਕਟ ਵਿਚੋਂ ਕੱਢਣ ਲਈ ਫਸਲੀ ਵੰਨ-ਸਵੰਨਤਾ ਦਾ ਸੁਝਾਅ ਦਿੱਤਾ ਸੀ ਪਰ ਉਦੋਂ ਤੋਂ ਲੈ ਕੇ ਹੁਣ ਤੱਕ ਅਨੇਕ ਸਰਕਾਰਾਂ ਬਣੀਆਂ ਪਰ ਫਸਲੀ ਵੰਨ-ਸਵੰਨਤਾ ਦਾ ਮੁੱਦਾ ਕਦੀ ਕਿਸੇ ਸਰਕਾਰ ਦੇ ਏਜੰਡੇ 'ਤੇ ਨਹੀਂ ਰਿਹਾ। ਸਿੱਟੇ ਵਜੋਂ ਖੇਤੀ ਪ੍ਰਧਾਨ ਸੂਬੇ ਪੰਜਾਬ ਵਿਚ ਖੇਤੀ ਸੰਕਟ ਆਏ ਦਿਨ ਡੂੰਘਾ ਹੋ ਰਿਹਾ ਹੈ।

ਹੁਣ ਜਿਹੜੀ ਨਵੀਂ ਖੇਤੀ ਨੀਤੀ ਤਿਆਰ ਕੀਤੀ ਗਈ ਹੈ, ਉਸ ਵਿਚ ਉਨ੍ਹਾਂ 15 ਬਲਾਕਾਂ ਜਿੱਥੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੱਕ ਹੇਠਾਂ ਜਾ ਚੁੱਕਾ ਹੈ, ਵਿਚ ਝੋਨੇ ਦੀ ਕਾਸ਼ਤ ਖ਼ਾਸਕਰ ਜ਼ਿਆਦਾ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਉਪਰ ਪਾਬੰਦੀ ਲਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਝੋਨੇ ਦੀ ਕਾਸ਼ਤ ਲਈ ਬਹੁਤ ਜ਼ਿਆਦਾ ਪਾਣੀ ਦੀ ਲੋੜ ਪੈਂਦੀ ਹੈ ਅਤੇ ਨਹਿਰੀ ਪਾਣੀ ਨਾ ਮਿਲਣ ਕਰ ਕੇ ਕਿਸਾਨਾਂ ਨੂੰ ਇਸ ਦੀ ਭਰਪਾਈ ਟਿਊਬਵੈੱਲਾਂ ਰਾਹੀਂ ਜ਼ਮੀਨ ਹੇਠਲਾ ਪਾਣੀ ਕੱਢ ਕੇ ਕਰਨੀ ਪੈਂਦੀ ਹੈ। ਯਾਦ ਰਹੇ ਕਿ ਜਦੋਂ ਮੁਲਕ ਅੰਨ ਸੰਕਟ ਨਾਲ ਜੂਝ ਰਿਹਾ ਸੀ ਤਾਂ ਝੋਨੇ ਦੀ ਫ਼ਸਲ ਪੰਜਾਬ ਸਿਰ ਮੜ੍ਹ ਦਿੱਤੀ ਗਈ ਸੀ। ਉਸ ਵਕਤ ਮੁਲਕ ਤਾਂ ਅੰਨ ਪੱਖੋਂ ਆਤਮ-ਨਿਰਭਰ ਹੋ ਗਿਆ ਪਰ ਝੋਨੇ ਦੀ ਖੇਤੀ ਨੇ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਜੋ ਅਗਾਂਹ ਭਿਆਨਕ ਖੇਤੀ ਸੰਕਟ ਦਾ ਰੂਪ ਧਾਰ ਗਿਆ। ਪੰਜਾਬ ਦੇ ਕੁਦਰਤੀ ਸਰੋਤਾਂ ਨੂੰ ਬਹੁਤ ਬੇਕਿਰਕ ਹੋ ਕੇ ਵਰਤਿਆ ਗਿਆ। ਪੰਜਾਬ ਦੀ ਜ਼ਰਖੇਜ਼ ਧਰਤੀ ਰਸਾਇਣਕ ਖਾਦਾਂ ਅਤੇ ਜ਼ਹਿਰਾਂ ਨੇ ਬੰਜਰ ਤੇ ਬੇਜਾਨ ਬਣਾ ਦਿੱਤੀ ਹੈ। ਪੰਜਾਬ ਦਾ ਪਾਣੀ ਨਾ ਕੇਵਲ ਗੰਧਲਾ ਹੋਇਆ ਸਗੋਂ ਇਸ ਦਾ ਪੱਧਰ ਵੀ ਬਹੁਤ ਹੇਠਾਂ ਚਲਾ ਗਿਆ। ਇਸ ਕਰ ਕੇ ਇਸ ਨੂੰ ਹੁਣ ਵੱਡੇ ਵਾਤਾਵਰਨ ਸੰਕਟ ਦੀ ਮਾਰ ਝੱਲਣੀ ਪੈ ਰਹੀ ਹੈ।

ਇਹ ਵੀ ਧਿਆਨ ਦੇਣ ਵਾਲਾ ਤੱਥ ਹੈ ਕਿ ਪੰਜਾਬ ਵਿਚ ਚੌਲਾਂ ਦੀ ਖਪਤ ਨਾ-ਮਾਤਰ ਹੈ ਪਰ ਕਿਸਾਨ ਝੋਨੇ ਦੀ ਕਾਸ਼ਤ ਦੇ ਚੱਕਰ ਵਿਚ ਫਸੇ ਹੋਏ ਹਨ। ਇਸ ਦਾ ਇਕੋ-ਇਕ ਕਾਰਨ ਇਹ ਹੈ ਕਿ ਉਨ੍ਹਾਂ ਨੂੰ ਹੋਰ ਫ਼ਸਲਾਂ ਦੀ ਯਕੀਨੀ ਖਰੀਦ ਅਤੇ ਲਾਹੇਵੰਦ ਕੀਮਤ ਨਹੀਂ ਦਿੱਤੀ ਜਾ ਰਹੀ। ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਦਾ ਹਾਲ ਹੁਣ ਇਹ ਹੈ ਕਿ ਮਾਹਿਰਾਂ ਅਨੁਸਾਰ, ਸੂਬੇ ਕੋਲ ਹੁਣ ਸਿਰਫ਼ ਦੋ ਕੁ ਦਹਾਕਿਆਂ ਜੋਗਾ ਪਾਣੀ ਬਚਿਆ ਹੈ। ਇਸ ਜਿਸ ਤੋਂ ਬਾਅਦ ਖੇਤੀ ਕਰਨ ਲਈ ਤਾਂ ਕੀ, ਪੀਣ ਲਈ ਵੀ ਪਾਣੀ ਨਹੀਂ ਮਿਲਣਾ। ਇਹੀ ਨਹੀਂ, ਝੋਨੇ ਨਾਲ ਜੁੜੀਆਂ ਹੋਰ ਸਮੱਸਿਆਵਾਂ ਵੀ ਹਨ। ਬਹੁਤ ਜ਼ਿਆਦਾ ਰਕਬੇ ਵਿਚ ਝੋਨੇ ਦੀ ਕਾਸ਼ਤ ਕਰ ਕੇ ਕਿਸਾਨਾਂ ਨੂੰ ਮਜਬੂਰੀ ਵੱਸ ਝੋਨੇ ਦੀ ਪਰਾਲੀ ਸਾੜਨੀ ਪੈਂਦੀ ਹੈ ਜਿਸ ਕਰ ਕੇ ਅਕਤੂਬਰ ਅਤੇ ਨਵੰਬਰ ਦੇ ਦਿਨਾਂ ਵਿਚ ਹਵਾ ਦਾ ਪ੍ਰਦੂਸ਼ਣ ਬਹੁਤ ਵਧ ਜਾਂਦਾ ਹੈ। ਪਿਛਲੇ ਕਈ ਸਾਲਾਂ ਤੋਂ ਸਰਕਾਰ ਨੇ ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਦੀ ਕਾਸ਼ਤ ਅਤੇ ਝੋਨੇ ਦੀ ਲੁਆਈ ਦਾ ਸਮਾਂ ਮਿੱਥਣ ਵਰਗੇ ਕੁਝ ਕਦਮ ਉਠਾਏ ਪਰ ਇਨ੍ਹਾਂ ਨਾਲ ਅੰਸ਼ਕ ਸਫ਼ਲਤਾ ਹੀ ਮਿਲ ਸਕੀ ਹੈ। ਮਾੜੀ ਗੱਲ ਇਹ ਵੀ ਹੋਈ ਕਿ ਫ਼ਸਲੀ ਵੰਨ-ਸਵੰਨਤਾ ਨੂੰ ਜਿੰਨੀ ਹੱਲਾਸ਼ੇਰੀ ਦੇਣ ਦੀ ਲੋੜ ਸੀ, ਉਹ ਨਹੀਂ ਦਿੱਤੀ ਗਈ। ਵੱਖ-ਵੱਖ ਸਰਕਾਰਾਂ ਨੇ ਇਸ ਮਾਮਲੇ ਵਿਚ ਖਾਨਾਪੂਰਤੀ ਹੀ ਕੀਤੀ। ਫ਼ਸਲੀ ਵੰਨ-ਸਵੰਨਤਾ ਲਈ ਕਿਸਾਨਾਂ ਨੂੰ ਵਾਜਬ ਇਮਦਾਦ ਦੇ ਕੇ ਝੋਨੇ ਦੀ ਕਾਸ਼ਤ ਤੋਂ ਮੋੜ ਕੇ ਹੋਰ ਫ਼ਸਲਾਂ ਵੱਲ ਤੋਰਿਆ ਜਾ ਸਕਦਾ ਹੈ।

ਹੁਣ ਪੰਜਾਬ ਸਰਕਾਰ ਨੇ ਖੇਤੀ ਨੀਤੀ ਦਾ ਖਰੜਾ ਤਾਂ ਜਾਰੀ ਕਰ ਦਿੱਤਾ ਹੈ ਅਤੇ ਇਸ ਬਾਰੇ ਵੱਖ-ਵੱਖ ਧਿਰਾਂ ਦੇ ਸੁਝਾਅ ਵੀ ਮੰਗੇ ਹਨ ਪਰ ਆਮ ਕਰ ਕੇ ਅਜਿਹੀਆਂ ਕਾਰਵਾਈਆਂ ਕਾਗਜ਼ਾਂ ਵਿਚ ਹੀ ਰਹਿ ਜਾਂਦੀਆਂ ਹਨ। ਇਸ ਲਈ ਖੇਤੀ ਸੰਕਟ ਦੇ ਮੱਦੇਨਜ਼ਰ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਸੁਝਾਅ ਲੈਣ ਦੀ ਪ੍ਰਕਿਰਿਆ ਛੇਤੀ ਤੋਂ ਛੇਤੀ ਨਿਬੇੜ ਲਵੇ ਅਤੇ ਖੇਤੀ ਨੀਤੀ ਲਾਗੂ ਕਰਨ ਦੀ ਚਾਰਾਜੋਈ ਕਰੇ। ਪੰਜਾਬ ਦਾ ਕਿਸਾਨ ਇਸ ਵਕਤ ਚਾਰ-ਚੁਫੇਰਿਓਂ ਸੰਕਟ ਵਿਚ ਘਿਰਿਆ ਹੋਇਆ ਹੈ। ਕਹਿਣ ਨੂੰ ਬਥੇਰੇ ਲੋਕ ਕਿਸਾਨਾਂ ਨੂੰ ਮੱਤਾਂ ਦਿੰਦੇ ਹਨ ਪਰ ਹਕੀਕਤ ਇਹੀ ਹੈ ਕਿ ਜਿੰਨਾ ਚਿਰ ਸਰਕਾਰ ਕੁਝ ਨਹੀਂ ਕਰਦੀ, ਇਸ ਸੰਕਟ ਨਾਲ ਨਜਿੱਠਣਾ ਮੁਸ਼ਕਿਲ ਹੀ ਨਹੀਂ, ਅਸੰਭਵ ਹੈ। ਪਿਛਲੇ ਸਾਲ ਨਵੰਬਰ ਵਿਚ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਝੋਨੇ ਦੀ ਕਾਸ਼ਤ ਘਟਾਉਣ ਅਤੇ ਕਿਸਾਨਾਂ ਨੂੰ ਮੋਟੇ ਅਨਾਜ (ਮਿੱਲਟਸ) ਦੀ ਕਾਸ਼ਤ ਲਈ ਪ੍ਰੇਰਨ ਵਾਸਤੇ ਪੰਜਾਬ ਸਰਕਾਰ ਦੇ ਪੇਸ਼ ਸੁਝਾਅ 'ਤੇ ਸੰਜੀਦਗੀ ਨਾਲ ਗ਼ੌਰ ਕਰਨ ਲਈ ਕਿਹਾ ਸੀ। ਹੁਣ ਪੰਜਾਬ ਸਰਕਾਰ ਨੂੰ ਇਸ ਮਸਲੇ 'ਤੇ ਅਗਵਾਨੂੰ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਇਸ ਸੰਕਟ ਦੇ ਹੱਲ ਲਈ ਕੇਂਦਰ ਸਰਕਾਰ ਨਾਲ ਰਾਬਤਾ ਵਧਾਉਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਹੋਕਾ ਵਿਰਸੇ ਦਾ!

ਦੌੜਾਂ ਲੱਗੀਆਂ ਸਭ ਦੀਆਂ ਸੁੱਖ ਪਿੱਛੇ ਐਪਰ ਪੈਂਦੇ ਨੇ ਦੁੱਖ ਵਿਚ ਝੋ.ਲੀਆਂ ਦੇ।
ਸਿੱਟੇ ਖੁਦ ਬੀਮਾਰ ਹੋ ਭੁਗਤ ਰਹੇ ਆਂ ਜ਼ਹਿਰਾਂ ਆਪ ਹੀ ਖੇਤਾਂ 'ਚ ਘੋ.ਲੀਆਂ ਦੇ।
ਦੇਸੀ ਨੁਸਖੇ ਵੀ ਨਾ.ਲੇ ਹੀ ਖਤਮ ਹੋ ਗਏ ਮਾਵਾਂ ਨਾਨੀਆਂ ਦਾਦੀਆਂ ਭੋ.ਲੀਆਂ ਦੇ।
'ਰੈਡੀ ਮੇਡ' ਖਾਣਾ ਹੁਣ ਚਾਹੁੰਦੀਆਂ ਨੇ ਜੋ ਆਉਂਦੀਆਂ ਬਹਿ ਕੇ ਵਿਚ ਡੋ.ਲੀਆਂ ਦੇ।
ਖਾਣਾ ਪੀਣਾ ਤੇ ਪਹਿਨਣਾ ਬਦਲ ਕੇ ਜੀ ਪੈ ਗਏ ਵੱਸ 'ਵਿਟਾਮਨਾਂ-ਗੋ.ਲੀਆਂ' ਦੇ।
ਹੋਕਾ ਦੇਈ ਜਾਹ ਵਿਰਸੇ ਦਾ ਕਲਮਕਾਰਾ ਕਿੱਸੇ ਪੜ੍ਹਦਿਆਂ 'ਵਹੀਆਂ' ਫਰੋਲੀਆਂ ਦੇ!

# ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਅਤੇ ਸਿਆਸੀ ਧਿਰਾਂ

**ਹਕੀਕਤ ਇਹ ਹੈ ਕਿ ਹਰਿਆਣਾ ਵਿਚ ਚੋਣ ਪ੍ਰਚਾਰ ਸਿਖਰ 'ਤੇ ਹੋਣ ਦੇ ਬਾਵਜੂਦ ਕੋਈ ਵੀ ਪਾਰਟੀ ਲੋਕਾਂ ਦੇ ਹਕੀਕੀ ਮੁੱਦਿਆਂ ਦੀ ਗੱਲ ਨਹੀਂ ਕਰ ਰਹੀ। ਕਿਸਾਨ ਸੰਘਰਸ਼ ਦੇ ਬਾਵਜੂਦ ਕਿਸਾਨਾਂ, ਮਜ਼ਦੂਰਾਂ ਦੇ ਮਸਲੇ ਕਿਸੇ ਵੀ ਪਾਰਟੀ ਦੇ ਏਜੰਡੇ ਉਪਰ ਨਹੀਂ। ਬੇਰੁਜ਼ਗਾਰੀ, ਪੂੰਜੀਵਾਦੀ ਮੁਲਕਾਂ ਵੱਲ ਬੇਲੋੜਾ ਪਰਵਾਸ, ਨਸ਼ੇ, ਮਿਆਰੀ ਸਿਹਤ ਸਹੂਲਤਾਂ ਦੀ ਘਾਟ ਹਰਿਆਣਾ ਵਿਚ ਵੀ ਵੱਡੇ ਮਸਲੇ ਹਨ ਪਰ ਚੋਣ ਲੜ ਰਹੀ ਹਾਕਮ ਜਮਾਤ ਦੀ ਕੋਈ ਵੀ ਪਾਰਟੀ ਇਨ੍ਹਾਂ ਮਾਮਲਿਆਂ ਉਪਰ ਗੱਲ ਨਹੀਂ ਕਰ ਰਹੀ।**

ਹਰਿਆਣਾ ਦੀ 90 ਮੈਂਬਰੀ ਵਿਧਾਨ ਸਭਾ ਲਈ 5 ਅਕਤੂਬਰ ਨੂੰ ਪੈ ਰਹੀਆਂ ਵੋਟਾਂ ਕਾਰਨ ਸੂਬੇ ਦੀ ਸਿਆਸਤ ਭਖੀ ਹੋਈ ਹੈ। ਤਾਜ਼ਾ ਹਾਲਾਤ ਦਰਸਾਉਂਦੇ ਹਨ ਕਿ ਪੰਜ ਧਿਰੀ ਮੁਕਾਬਲਾ ਹੋਣ ਦੇ ਬਾਵਜੂਦ ਮੁੱਖ ਮੁਕਾਬਲਾ ਭਾਜਪਾ ਅਤੇ ਕਾਂਗਰਸ ਦਰਮਿਆਨ ਹੀ ਨਜ਼ਰ ਆ ਰਿਹਾ ਹੈ। ਇਨ੍ਹਾਂ ਚੋਣਾਂ ਵਿਚ ਸੂਬੇ ਦੀਆਂ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ), ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਵਰਗੀਆਂ ਖੇਤਰੀ ਪਾਰਟੀਆਂ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਹੀਆਂ ਹਨ ਤਾਂ 'ਆਪ' ਹਰਿਆਣੇ ਵਿਚ ਆਪਣੀਆਂ ਜੜ੍ਹਾਂ ਲਾਉਣ ਦੀ ਤਾਕ ਵਿਚ ਹੈ।

ਹਰਿਆਣਾ ਵਿਚ ਪਿਛਲੇ 10 ਸਾਲ ਤੋਂ



ਹਰਿਆਣਾ ਦੀ ਸਰਕਾਰ ਹੈ। 2019 ਵਾਲੀਆਂ ਚੋਣਾਂ ਵਿਚ ਭਾਜਪਾ ਨੂੰ 40 ਸੀਟਾਂ ਮਿਲੀਆਂ ਸਨ ਜੋ ਬਹੁਮਤ ਤੋਂ 6 ਘੱਟ ਸਨ। ਸਿਆਸੀ ਗਿਣਤੀਆਂ ਤਹਿਤ


ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਭਾਜਪਾ ਨੇ ਦੁਸ਼ਿਅੰਤ ਚੌਟਾਲਾ ਨਾਲ ਮਿਲ ਕੇ ਸਰਕਾਰ ਬਣਾ ਲਈ ਸੀ। ਸਰਕਾਰ ਖਿਲਾਫ ਨਜ਼ਰ ਆ ਰਹੀ ਸੱਤਾ ਵਿਰੋਧੀ ਲਹਿਰ ਨੂੰ ਸ਼ਾਂਤ ਕਰਨ ਲਈ ਭਾਜਪਾ ਨੇ ਆਪਣੇ ਪੁਰਾਣੇ ਫਾਰਮੂਲੇ ਤਹਿਤ ਸਾਢੇ ਨੌਂ ਸਾਲ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਬਦਲ ਕੇ ਨਾਇਬ ਸਿਘ ਸੈਣੀ ਨੂੰ ਮੁੱਖ ਮੰਤਰੀ ਬਣਾ ਦਿੱਤਾ। ਸਾਢੇ ਚਾਰ ਸਾਲ ਸਿਆਸੀ ਮੌਕਾਪ੍ਰਸਤੀ ਤਹਿਤ ਸਰਕਾਰ ਦਾ ਹਿੱਸਾ ਬਣੇ ਰਹੇ ਦੁਸ਼ਿਅੰਤ ਚੌਟਾਲਾ ਸਾਰਾ ਕੁਝ ਭਾਜਪਾ ਗਲ ਪਾ ਕੇ ਲੱਗਭੱਗ 7 ਮਹੀਨੇ ਪਹਿਲਾਂ ਸਰਕਾਰ ਤੋਂ ਬਾਹਰ ਆ ਗਿਆ। ਕੇਂਦਰੀ ਸੱਤਾ ਹਾਸਲ ਕਰਨ ਤੋਂ ਬਾਅਦ ਹਰ ਸੂਬੇ ਦੀ ਚੋਣ ਵਿਚ ਪੂਰੀ ਤਿਆਰੀ ਨਾਲ ਉਤਰਦੀ ਮੋਦੀ-ਸ਼ਾਹ ਜੋੜੀ ਨੂੰ ਪਹਿਲੀ ਵਾਰ ਹਰਿਆਣਾ ਵਿਚ ਵੱਖਰੀ ਤਰ੍ਹਾਂ ਦੀਆਂ ਬਾਗੀ ਸੁਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਿਕਟਾਂ ਦੀ ਵੰਡ ਤੋਂ ਬਾਅਦ ਜਿਸ ਤਰ੍ਹਾਂ ਦੀ ਧੜੇਬੰਦੀ ਅਤੇ ਨਾਰਾਜ਼ਗੀ ਹਰਿਆਣਾ ਵਿਚ ਸਾਹਮਣੇ ਆ ਰਹੀ ਹੈ, ਭਾਜਪਾ ਲੀਡਰਸ਼ਿਪ ਲਈ ਅਣਕਿਆਸੀ ਹੈ। ਪਾਰਟੀ ਦੇ ਕੈਬਨਿਟ ਮੰਤਰੀ ਤੱਕ ਅਸਤੀਫਾ ਦੇ ਕੇ ਆਜ਼ਾਦ ਖੜ੍ਹ ਗਏ ਹਨ। ਛੇ ਵਾਰ ਦੇ ਵਿਧਾਇਕ ਅਤੇ ਸਾਬਕਾ ਮੰਤਰੀ ਅਨਿਲ ਵਿੱਜ ਨੇ ਜਨਤਕ ਰੂਪ ਵਿਚ ਬਾਗੀ ਸੁਰਾਂ ਦਿਖਾ ਦਿੱਤੀਆਂ ਹਨ ਕਿ ਜੇ ਵਿਧਾਨ ਸਭਾ ਚੋਣਾਂ ਤੋਂ ਬਾਅਦ ਭਾਜਪਾ ਸੱਤਾ ਵਿਚ ਆਈ ਤਾਂ ਉਹ ਮੁੱਖ ਮੰਤਰੀ ਦੇ ਅਹੁਦੇ ਲਈ ਦਾਅਵਾ ਪੇਸ਼ ਕਰਨਗੇ। ਜਿਉਂ-ਜਿਉਂ ਚੋਣਾਂ ਦੀ ਤਰੀਕ ਨੇੜੇ ਆ ਰਹੀ ਹੈ, ਤਿਉਂ-ਤਿਉਂ ਸੂਬੇ 'ਚ ਭਾਜਪਾ ਦੀਆਂ ਮੁਸ਼ਕਿਲਾਂ ਵਧ ਰਹੀਆਂ ਹਨ। ਇਸ ਦੇ ਦਰਜਨਾਂ ਆਗੂਆਂ ਵੱਲੋਂ ਅਸਤੀਫ਼ਾ ਦੇ ਕੇ ਆਜ਼ਾਦ ਤੌਰ 'ਤੇ ਚੋਣ ਲੜਨ ਦਾ ਅਮਲ ਪਿਛਲੇ ਦਹਾਕੇ ਵਿਚ ਪਹਿਲੀ ਵਾਰ ਸਾਹਮਣੇ ਆਇਆ ਹੈ। ਚੌਧਰੀ ਦੇਵੀ ਲਾਲ ਦੇ ਪੋਤੇ ਆਦਿੱਤਿਆ ਵਰਗੇ ਆਗੂ ਵੀ ਭਾਜਪਾ ਛੱਡ ਗਏ ਹਨ।

ਤਿੰਨ ਖੇਤੀ ਕਾਨੂੰਨਾਂ ਖਿਲਾਫ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਦਾ ਹਰਿਆਣਾ ਗੜ੍ਹ ਰਿਹਾ ਹੈ। ਹੁਣ ਵੀ ਪੰਜਾਬ-ਹਰਿਆਣਾ ਦੇ ਬਾਰਡਰਾਂ 'ਤੇ ਸ਼ੰਭੂ ਅਤੇ ਖਨੌਰੀ ਵਿਖੇ ਕਿਸਾਨਾਂ ਦੇ ਪੱਕੇ ਮੋਰਚੇ ਜਾਰੀ ਹਨ। ਪੁਲਿਸ ਰੋਕਾਂ ਦੇ ਬਾਵਜੂਦ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਤੇ ਕਿਸਾਨ-ਮਜ਼ਦੂਰ ਮੋਰਚਾ ਵੱਲੋਂ 15 ਸਤੰਬਰ ਨੂੰ ਉਚਾਨਾ (ਹਰਿਆਣਾ) ਵਿਚ ਕੀਤੀ ਕਿਸਾਨ ਮਹਾਂ ਪੰਚਾਇਤ ਵਿਚ ਦਹਿ-ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨਾਂ ਦੀ ਸ਼ਮੂਲੀਅਤ ਦਰਸਾਉਂਦੀ ਹੈ ਕਿ ਹਰਿਆਣਾ ਦਾ ਕਿਸਾਨ ਭਾਜਪਾ ਤੋਂ ਨਾਰਾਜ਼ ਹੈ। ਕਿਸਾਨਾਂ ਦੀ 22 ਸਤੰਬਰ ਨੂੰ ਪਿਪਲੀ (ਕੁਰੂਕਸ਼ੇਤਰ) ਵਿਚ ਹੋ ਰਹੀ ਕਿਸਾਨ ਮਹਾਂ ਪੰਚਾਇਤ ਦੀ ਤਿਆਰੀ ਵੀ ਇਹੀ ਦਰਸਾ ਰਹੀ ਹੈ।

ਭਾਜਪਾ ਕੋਲ ਵਿਧਾਨ ਸਭਾ ਵਿਚ ਪਿਛਲੇ ਚਾਰ ਮਹੀਨਿਆਂ ਤੋਂ ਬਹੁਮਤ ਨਹੀਂ ਸੀ, ਇਸ ਹਿਸਾਬ ਨਾਲ ਇਸ ਨੂੰ ਨੈਤਿਕ ਆਧਾਰ ਉਪਰ ਚਾਰ ਮਹੀਨੇ ਪਹਿਲਾਂ ਵਿਧਾਨ ਸਭਾ ਭੰਗ ਕਰਨੀ ਚਾਹੀਦੀ ਸੀ ਪਰ ਜਦ ਭਾਜਪਾ ਕੋਲ ਕੋਈ ਰਾਹ ਨਹੀਂ ਬਚਿਆ ਤਾਂ ਵਿਧਾਨ ਸਭਾ ਭੰਗ ਕਰਨ ਦੀ ਸਿਫਾਰਸ਼ ਕਰਨੀ ਪਈ।

ਲੋਕ ਸਭਾ ਚੋਣਾਂ ਵਿਚ ਕਾਂਗਰਸ ਅਤੇ



'ਆਪ' ਵੱਲੋਂ ਗੱਠਜੋੜ ਤਹਿਤ 9 ਸੀਟਾਂ ਤੋਂ ਕਾਂਗਰਸ ਅਤੇ ਇਕ ਤੋਂ 'ਆਪ' ਨੇ ਉਮੀਦਵਾਰ ਉਤਾਰਿਆ ਸੀ। ਕਾਂਗਰਸ ਨੇ 9 ਵਿਚੋਂ 5 ਸੀਟਾਂ ਜਿੱਤ ਲਈਆਂ। ਉਂਝ, ਸੂਬੇ ਦੇ ਬਹੁ-ਗਿਣਤੀ ਵਿਧਾਨ ਸਭਾ ਹਲਕਿਆਂ ਵਿਚ ਕਾਂਗਰਸ ਉਮੀਦਵਾਰ ਅੱਗੇ ਰਹੇ। ਚਾਰ ਮਹੀਨੇ ਪਹਿਲਾਂ ਦੇ ਅੰਕੜਿਆਂ ਦੇ ਹਿਸਾਬ ਨਾਲ ਕਾਂਗਰਸ ਇਹ ਮੰਨ ਕੇ ਚੱਲ ਰਹੀ ਹੈ ਕਿ ਉਸ ਦੀ ਜਿੱਤ ਪੱਕੀ ਹੈ ਹਾਲਾਂਕਿ ਉਸ ਕਰਾਗੁਜ਼ਾਰੀ ਪਿੱਛੇ ਕਾਂਗਰਸ ਨਾਲ 'ਆਪ' ਦੇ ਗੱਠਜੋੜ ਦੀ ਵੀ ਅਹਿਮ ਭੂਮਿਕਾ ਰਹੀ ਹੋਵੇਗੀ। ਵਿਧਾਨ ਸਭਾ ਚੋਣਾਂ ਲਈ ਵੀ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਕਾਰ ਚੋਣ ਗੱਠਜੋੜ ਦੀ ਚਰਚਾ ਚੱਲੀ ਸੀ ਪਰ ਕਿਸੇ ਕਾਰਨ ਨੇਪਰੇ ਨਾ ਚੜ੍ਹ ਸਕੀ। ਉਲੰਪਿਕ ਭਲਵਾਨ ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ ਦੀ ਕਾਂਗਰਸ ਵਿਚ ਸ਼ਮੂਲੀਅਤ ਦਾ ਵੀ ਕਾਂਗਰਸ ਨੂੰ ਲਾਹਾ ਮਿਲਿਆ ਹੈ। ਅੰਦਰੂਨੀ ਧੜੇਬੰਦੀ ਦੇ ਬਾਵਜੂਦ ਹਰਿਆਣਾ ਵਿਚ ਕਾਂਗਰਸ ਨੂੰ ਭਾਜਪਾ ਦੇ ਬਦਲ ਵਜੋਂ ਦੇਖਿਆ ਜਾ ਰਿਹਾ ਹੈ। ਮਜ਼ਬੂਤ ਅਤੇ ਫਿਰਕੂ ਪਾਰਟੀ ਨਾਲ ਮੁਕਾਬਲੇ ਲਈ ਵਿਰੋਧੀ ਧਿਰਾਂ ਨੂੰ ਇਕਜੁਟੱਤਾ ਬਣਾਉਣੀ ਚਾਹੀਦੀ ਹੈ। ਹਰਿਆਣਾ ਵਿਚ ਕਾਂਗਰਸ ਦੀ ਜ਼ਿੰਮੇਵਾਰੀ ਸੀ ਕਿ ਉਹ ਸਭ ਨੂੰ ਨਾਲ ਲੈਣ ਦੀ ਕੋਸ਼ਿਸ਼ ਕਰਦੇ। ਇਸ ਨੇ ਸੀ.ਪੀ.ਐਮ. ਨੂੰ ਇਕ ਸੀਟ ਦੇ ਕੇ ਉਸ ਨਾਲ ਗੱਠਜੋੜ ਕੀਤਾ ਹੈ।

ਲੋਕ ਸਭਾ ਚੋਣਾਂ ਦੌਰਾਨ ਕਈ ਸੂਬਿਆਂ ਵਿਚ ਖੇਤਰੀ ਪਾਰਟੀਆਂ ਦੇ ਪੱਖ ਵਿਚ ਮਾਹੌਲ ਨਜ਼ਰ ਆਇਆ ਸੀ ਪਰ ਹਰਿਆਣਾ ਤੇ ਪੰਜਾਬ ਦੀਆਂ ਪੁਰਾਣੀਆਂ ਖੇਤਰੀ ਪਾਰਟੀਆਂ ਕੋਈ ਕ੍ਰਿਸ਼ਮਾ ਨਹੀਂ ਸਨ ਦਿਖਾ ਸਕੀਆਂ। ਹੁਣ ਵੀ ਹਰਿਆਣਾ ਦਾ ਹਾਲ ਇਹ ਹੈ ਕਿ ਕਿਸੇ ਸਮੇਂ ਚੰਗਾ ਦਮ-ਖਮ ਰੱਖਣ ਵਾਲੀਆਂ ਇਨੈਲੋ ਅਤੇ ਜੇ.ਜੇ.ਪੀ. ਜਿਹੀਆਂ ਖੇਤਰੀ ਪਾਰਟੀਆਂ ਕਿਸੇ ਗਿਣਤੀ ਵਿਚ ਨਜ਼ਰ ਨਹੀਂ ਆ ਰਹੀਆਂ। ਕਿਸੇ ਸਮੇਂ ਹਰਿਆਣਾ ਵਿਚ ਜਿਸ ਇਨੈਲੋ ਅਤੇ ਚੌਟਾਲਾ ਪਰਿਵਾਰ ਦੀ ਤੂਤੀ ਬੋਲਦੀ ਸੀ, ਹੁਣ ਉਸੇ ਇਨੈਲੋ ਤੇ ਚੌਟਾਲਾ ਪਰਿਵਾਰ ਦੀ ਹਾਲਤ ਬਹੁਤੀ ਵਧੀਆ ਨਹੀਂ। ਇਨੈਲੋ ਬਹੁਜਨ ਸਮਾਜ ਪਾਰਟੀ ਨਾਲ ਰਲ ਕੇ ਚੋਣਾਂ ਲੜ ਰਹੀ ਹੈ।

ਭਾਜਪਾ ਨਾਲ ਮੌਕਾਪ੍ਰਸਤ ਗੱਠਜੋੜ ਤਹਿਤ ਸਾਢੇ ਚਾਰ ਸਾਲ ਸੱਤਾ ਦਾ ਆਨੰਦ ਮਾਨਣ ਵਾਲੇ ਸਾਬਕਾ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਨੂੰ ਭਾਜਪਾ ਨਾਲ ਭਿਆਲੀ ਕਾਰਨ ਆਪਣੇ ਸਮਰਥਕਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੰਦਰ ਸ਼ੇਖਰ ਆਜ਼ਾਦ ਦੀ ਅਜ਼ਾਦ ਸਮਾਜ ਪਾਰਟੀ (ਕਾਂਸ਼ੀਰਾਮ) ਨਾਲ ਗੱਠਜੋੜ ਤਹਿਤ ਚੋਣਾਂ ਲੜ ਰਹੀ ਦੁਸ਼ਿਅੰਤ ਦੀ ਜਨਨਾਇਕ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ ਲੋਕ, ਇਕੱਠਾਂ ਵਿਚ ਕਿਸਾਨ ਸੰਘਰਸ਼ ਉਪਰ ਕੀਤੇ ਤਸ਼ੱਦਦ ਬਾਰੇ ਸਵਾਲ ਕਰ ਰਹੇ ਹਨ। ਕਈ ਚੋਣ ਸਭਾਵਾਂ ਵਿਚ ਵੋਟਰਾਂ ਨੇ ਦੁਸ਼ਿਅੰਤ ਚੌਟਾਲਾ ਨੂੰ ਨੌਜਵਾਨ ਕਿਸਾਨ ਸ਼ੁੱਭਕਰਨ ਸਿੰਘ ਦੇ ਕਤਲ ਬਾਰੇ ਸਵਾਲ ਪੁੱਛ ਕੇ ਲਾਜਵਾਬ ਕੀਤਾ। ਇਨੈਲੋ ਹੁਣ ਭਾਵੇਂ ਅਕਾਲੀ ਦਲ ਵਾਂਗ ਆਪਣੀ ਕਿਸਾਨ ਪੱਖੀ ਵਿਰਾਸਤ ਦੀ ਦੁਹਾਈ ਦੇ ਰਹੀ ਹੈ ਪਰ ਬੀਤੇ ਵਿਚ ਇਸ ਪਾਰਟੀ ਦੀ ਭੂਮਿਕਾ ਕਾਰਨ ਲੋਕ ਇਸ ਪਾਰਟੀ 'ਤੇ ਦਾਅ ਖੇਡਣ ਲਈ ਤਿਆਰ ਨਹੀਂ ਜਾਪਦੇ।

2019 ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੇ ਹਰਿਆਣਾ ਦੀਆਂ 46 ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਸਨ ਪਰ ਪਾਰਟੀ ਮਹਿਜ਼ 0.48 ਫੀਸਦੀ ਵੋਟਾਂ ਹਾਸਲ ਕਰ ਸਕੀ। ਇਸ ਵਾਰ ਇਕ ਤਾਂ 'ਆਪ' ਦੀ ਹਾਲਤ ਵਿਚ ਪਹਿਲਾਂ ਦੇ ਮੁਕਾਬਲੇ ਸੁਧਾਰ ਨਜ਼ਰ ਆ ਰਿਹਾ ਹੈ; ਦੂਜਾ, ਇਨੈਲੋ ਵਰਗੀਆਂ ਖੇਤਰੀ ਪਾਰਟੀਆਂ ਦੀ ਹਾਲਤ ਪਤਲੀ ਹੋਣ ਕਾਰਨ 'ਆਪ' ਉਨ੍ਹਾਂ ਦੀ ਥਾਂ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਉਂਝ 'ਆਪ' ਵੱਲੋਂ ਅਲੱਗ ਚੋਣ ਲੜਨ ਨਾਲ ਕਾਂਗਰਸ ਨੂੰ ਸੱਟ ਵੱਜ ਸਕਦੀ ਹੈ ਕਿਉਂਕਿ 'ਆਪ' ਦੇ ਅਲੱਗ ਰੂਪ ਵਿਚ ਆਉਣ ਨਾਲ ਵਿਰੋਧੀ ਧਿਰ ਦੀ ਵੋਟ ਵੰਡੀ ਜਾ ਸਕਦੀ ਹੈ ਅਤੇ ਇਸ ਦਾ ਸੰਭਾਵੀ ਤੌਰ 'ਤੇ ਭਾਜਪਾ ਨੂੰ ਅਸਿੱਧਾ ਲਾਭ ਹੋ ਸਕਦਾ ਹੈ। ਪੰਜਾਬ ਵਿਚ 2012 ਦੀ ਚੋਣ ਵਿਚ ਕਾਂਗਰਸ ਦੀ ਹਾਰ ਦਾ ਮੁੱਖ ਕਾਰਨ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਾਲੀ ਪੀ.ਪੀ.ਪੀ. ਦੇ ਤੀਜੀ ਧਿਰ ਵਜੋਂ ਚੋਣ ਮੈਦਾਨ ਵਿਚ ਨਿੱਤਰਨਾ ਬਣਿਆ ਸੀ। ਪੀ.ਪੀ.ਪੀ. ਨੇ ਭਾਵੇਂ ਇੱਕ ਵੀ ਸੀਟ ਨਹੀਂ ਸੀ ਜਿੱਤੀ ਪਰ ਦਰਜਨ ਦੇ ਕਰੀਬ ਸੀਟਾਂ 'ਤੇ ਵੋਟ ਵੰਡੇ ਜਾਣ ਦਾ ਫਾਇਦਾ ਉਸ ਸਮੇਂ ਅਸਿੱਧੇ ਢੰਗ ਨਾਲ ਪੰਜਾਬ ਦੀ ਸੱਤਾ ਧਿਰ ਨੂੰ ਹੋਇਆ ਸੀ। ਇਸ ਸਮੇਂ ਹਰਿਆਣਾ ਵਿਚ 10-12 ਸੀਟਾਂ ਅਜਿਹੀਆਂ ਹਨ ਜਿੱਥੇ 'ਆਪ' ਉਮੀਦਵਾਰ ਭਾਵੇਂ ਜਿੱਤਣ ਦੀ ਹਾਲਤ ਵਿਚ ਤਾਂ ਨਹੀਂ ਪਰ ਉਹ ਕਾਫੀ ਵੋਟਾਂ ਲਿਜਾ ਸਕਦੇ ਹਨ ਜਿਸ ਦਾ ਸਭ ਤੋਂ ਵੱਧ ਨੁਕਸਾਨ ਕਾਂਗਰਸ ਨੂੰ ਹੋਵੇਗਾ। ਵੈਸੇ ਵੀ ਅਰਵਿੰਦ ਕੇਜਰੀਵਾਲ ਦਾ ਪਿਛੋਕੜ ਹਰਿਆਣਾ ਦਾ ਹੋਣਾ ਅਤੇ ਹਰਿਆਣਾ ਦੇ ਦੋ ਗੁਆਂਢੀ ਸੂਬਿਆਂ ਪੰਜਾਬ ਤੇ ਦਿੱਲੀ ਵਿਚ 'ਆਪ' ਦੀ ਸਰਕਾਰ ਹੋਣ ਦਾ ਲਾਹਾ 'ਆਪ' ਨੂੰ ਮਿਲ ਸਕਦਾ ਹੈ। ਕੇਜਰੀਵਾਲ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਵਜੋਂ ਅਸਤੀਫਾ ਦੇਣ ਦੇ ਐਲਾਨ ਨੂੰ ਹਰਿਆਣਾ ਚੋਣਾਂ ਵਿਚ 'ਕੁਰਬਾਨੀ' ਵਜੋਂ ਪ੍ਰਚਾਰ ਕੇ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਹਕੀਕਤ ਇਹ ਹੈ ਕਿ ਹਰਿਆਣਾ ਵਿਚ ਚੋਣ ਪ੍ਰਚਾਰ ਸਿਖਰ 'ਤੇ ਹੋਣ ਦੇ ਬਾਵਜੂਦ ਕੋਈ ਵੀ ਪਾਰਟੀ ਲੋਕਾਂ ਦੇ ਹਕੀਕੀ ਮੁੱਦਿਆਂ ਦੀ ਗੱਲ ਨਹੀਂ ਕਰ ਰਹੀ। ਕਿਸਾਨ ਸੰਘਰਸ਼ ਦੇ ਬਾਵਜੂਦ ਕਿਸਾਨਾਂ, ਮਜ਼ਦੂਰਾਂ ਦੇ ਮਸਲੇ ਕਿਸੇ ਵੀ ਪਾਰਟੀ ਦੇ ਏਜੰਡੇ ਉਪਰ ਨਹੀਂ। ਬੇਰੁਜ਼ਗਾਰੀ, ਪੂੰਜੀਵਾਦੀ ਮੁਲਕਾਂ ਵੱਲ ਬੇਲੋੜਾ ਪਰਵਾਸ, ਨਸ਼ੇ, ਮਿਆਰੀ ਸਿਹਤ ਸਹੂਲਤਾਂ ਦੀ ਘਾਟ ਹਰਿਆਣਾ ਵਿਚ ਵੀ ਵੱਡੇ ਮਸਲੇ ਹਨ ਪਰ ਚੋਣ ਲੜ ਰਹੀ ਹਾਕਮ ਜਮਾਤ ਦੀ ਕੋਈ ਵੀ ਪਾਰਟੀ ਇਨ੍ਹਾਂ ਮਾਮਲਿਆਂ ਉਪਰ ਗੱਲ ਨਹੀਂ ਕਰ ਰਹੀ। ਹਰਿਆਣਾ ਦੇ ਵੋਟਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਵੋਟਾਂ ਮੰਗਣ ਆਉਣ ਵਾਲੇ ਉਮੀਦਵਾਰਾਂ, ਖਾਸਕਰ ਸੱਤਾ ਵਿਚ ਰਹਿ ਚੁੱਕੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਲੋਕ ਮੁੱਦਿਆਂ 'ਤੇ ਸਵਾਲ ਕਰਨ ਅਤੇ ਲੋਕਾਂ ਦੇ ਮੁੱਦੇ ਉਭਾਰਨ ਲਈ ਯਤਨ ਕਰਨ।

# ਵਧ ਰਹੀਆਂ ਆਲਮੀ ਸਮੱਸਿਆਵਾਂ ਅਤੇ ਸਿਆਸਤ

**ਅਰੁਣ ਮੈਰਾ**

ਲੇਖ ਦੀ ਸ਼ੁਰੂਆਤ ਕੁਝ ਵੱਡੇ ਬਿਆਨਾਂ ਨਾਲ ਕਰ ਰਿਹਾ ਹਾਂ: ਆਲਮੀ ਸ਼ਾਸਨ ਵਿਵਸਥਾ ਢਹਿ-ਢੇਰੀ ਹੋ ਗਈ ਹੈ; ਭੂ-ਰਾਜਸੀ ਸ਼ਾਸਨ ਹਿੱਲ ਗਿਆ ਹੈ; ਆਲਮੀ ਵਿੱਤੀ ਪ੍ਰਣਾਲੀਆਂ ਤੇ ਸਪਲਾਈ ਚੇਨਾਂ ਟੁੱਟ ਰਹੀਆਂ ਹਨ; ਸੰਯੁਕਤ ਰਾਸ਼ਟਰ (ਯੂ.ਐੱਨ.ਓ.) ਫ਼ਲਸਤੀਨ ਵਿਚ ਔਰਤਾਂ ਤੇ ਬੱਚਿਆਂ ਦਾ ਕਤਲੇਆਮ ਰੁਕਵਾਉਣ ਵਿਚ ਨਾਕਾਮ ਹੋ ਗਿਆ ਹੈ ਕਿਉਂਕਿ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਇਹ ਚਾਹੁੰਦਾ ਹੀ ਨਹੀਂ ਹੈ; ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦੇਸ਼ਾਂ ਦੇ ਵਿਕਾਸ ਦੇ ਪੱਧਰ ਦਾ ਸੂਚਕ ਬਣ ਗਿਆ ਹੈ ਜਿਸ ਦਾ ਉੱਚਾ ਮਰਤਬਾ ਪਾਉਣ ਦੀਆਂ ਆਪਣੀਆਂ ਖਾਹਿਸ਼ਾਂ ਕਰ ਕੇ ਦੇਸ਼ ਦੇ ਕੁਦਰਤੀ ਸਰੋਤਾਂ ਦੀ ਬਲੀ ਦਿੱਤੀ ਜਾ ਰਹੀ ਹੈ।

ਸਭ ਤੋਂ ਵੱਧ ਅਮੀਰ ਮੁਲਕਾਂ ਵਿਚ ਵੀ ਨਾਗਰਿਕ ਆਪਣੀਆਂ ਸਰਕਾਰਾਂ 'ਤੇ ਇਹ ਭਰੋਸਾ ਨਹੀਂ ਕਰ ਰਹੇ ਕਿ ਉਹ ਮੁਨਾਸਬ ਸ਼ਾਸਨ ਕਰ ਰਹੀਆਂ ਹਨ। ਆਰਥਿਕ ਸ਼ੋਸ਼ਣ ਦਾ ਦਬਾਓ ਕੁਦਰਤ ਦੀ ਆਪਣੇ ਆਪ ਨੂੰ ਹੰਢਣਸਾਰ ਬਣਾਉਣ ਦੀ ਕਾਬਲੀਅਤ ਨੂੰ ਤੋੜ ਰਿਹਾ ਹੈ। ਸਾਫ਼ ਪਾਣੀ ਦੇ ਸਰੋਤ ਘਟ ਰਹੇ ਹਨ, ਜ਼ਮੀਨ ਦਾ ਉਪਜਾਊਪਣ ਖਰਾਬ ਹੋ ਰਿਹਾ ਹੈ ਅਤੇ ਜਲਵਾਯੂ ਲਗਾਤਾਰ ਤਬਦੀਲੀ ਵਧ ਰਹੀ ਹੈ ਜਿਸ ਕਰ ਕੇ ਮਾਨਵਤਾ ਸਾਹਮਣੇ ਹੋਂਦ ਦਾ ਸੰਕਟ ਖੜ੍ਹਾ ਹੋ ਗਿਆ ਹੈ। ਸ਼ਕਤੀਸ਼ਾਲੀ ਦੇਸ਼ ਹੋਰ ਜ਼ਿਆਦਾ ਤਕਨਾਲੋਜੀਆਂ ਅਤੇ ਮਸਨੂਈ ਬੁੱਧੀ (ਏ.ਆਈ.) ਨਾਲ ਆਪੋ-ਆਪਣੀਆਂ ਫ਼ੌਜਾਂ ਨੂੰ ਮਜ਼ਬੂਤ ਬਣਾ ਰਹੇ ਹਨ। ਇਹ ਖ਼ਤਰਾ ਪੈਦਾ ਹੋ ਗਿਆ ਹੈ ਕਿ ਭਵਿੱਖ ਵਿਚ ਜਿੰਨੀਆਂ ਮੌਤਾਂ ਦਾ ਕਾਰਨ ਜਲਵਾਯੂ ਤਬਦੀਲੀ ਬਣੇਗੀ, ਉਸ ਤੋਂ ਵੱਧ ਤੇਜ਼ੀ ਨਾਲ ਲੋਕ ਜੰਗਾਂ ਵਿਚ ਮਾਰੇ ਜਾਣਗੇ।

ਕੀ ਸਾਨੂੰ ਆਲਮੀ ਸਮੱਸਿਆਵਾਂ ਦੇ ਉਪਰੋਂ ਠੋਸੇ ਜਾ ਰਹੇ ਹੱਲਾਂ ਦੀ ਨਾਕਾਮੀ ਦੇ ਹੋਰ ਸਬੂਤਾਂ ਦੀ ਲੋੜ ਹੈ? ਜਿਵੇਂ ਅਲਬਰਟ ਆਈਨਸਟਾਈਨ ਅਤੇ ਹੋਰਨਾਂ ਨੇ ਕਿਹਾ ਸੀ ਕਿ ਜਿਸ ਸੋਚ ਕਰ ਕੇ ਸਮੱਸਿਆਵਾਂ ਪੈਦਾ ਹੋਈਆਂ ਹਨ, ਉਸੇ ਸੋਚ ਨਾਲ ਉਨ੍ਹਾਂ ਨੂੰ ਹੱਲ ਕਰਨ ਦੀ ਅੜੀ ਪਾਗਲਪਣ ਹੈ। ਆਓ, ਇਕ ਪਲ ਲਈ ਵਿਗਿਆਨਕ ਢੰਗ ਨਾਲ ਸੋਚ ਕੇ ਦੇਖੀਏ। 17 ਹੰਢਣਸਾਰ ਵਿਕਾਸ ਟੀਚੇ (ਐੱਸ.ਡੀ.ਜੀਜ਼) ਹਨ ਜਿਨ੍ਹਾਂ ਸਾਰਿਆਂ ਨੂੰ ਤੇਜ਼ੀ ਨਾਲ ਮੁਖ਼ਾਤਬ ਹੋਣਾ ਜ਼ਰੂਰੀ ਹੈ; ਸਗੋਂ ਇਨ੍ਹਾਂ 'ਚੋਂ ਕਿਸੇ ਨੂੰ ਵੱਖਰੇ ਤੌਰ 'ਤੇ ਹੱਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸਾਰੇ ਅੰਤਰ ਸਬੰਧਿਤ ਹਨ। ਹਰੇਕ ਐੱਸ.ਡੀ.ਜੀ. ਹਰ ਕਿਤੇ ਇਕੋ ਢੰਗ ਨਾਲ ਪ੍ਰਗਟ ਨਹੀਂ ਹੁੰਦਾ ਕਿਉਂਕਿ ਅਲਾਸਕਾ ਅਤੇ ਬਾਰਬਾਡੋਸ ਜਾਂ ਉਤਰਾਖੰਡ ਅਤੇ ਕੇਰਲਾ ਵਾਂਗ ਹਰੇਕ ਖੇਤਰ ਦੇ ਵਾਤਾਵਰਨ ਅਤੇ ਜਲਵਾਯੂ ਦੀਆਂ ਸਮੱਸਿਆਵਾਂ ਵੱਖੋ-ਵੱਖਰੀਆਂ ਹਨ। ਨਿਊ ਯਾਰਕ ਦੇ ਸਲੱਮ ਖੇਤਰ ਅਤੇ ਬਿਹਾਰ ਦੇ ਦਿਹਾਤ ਵਿਚ ਰੋਜ਼ੀ ਰੋਟੀ ਦੀਆਂ ਸਮੱਸਿਆਵਾਂ ਵੱਖੋ-ਵੱਖਰੀਆਂ ਹਨ। ਇਸ ਕਰ ਕੇ ਸਾਰੀਆਂ ਸਮੱਸਿਆਵਾਂ ਨੂੰ ਮੁਕਾਮੀ ਪੱਧਰ 'ਤੇ ਹੱਲ ਕੀਤੇ ਜਾਣ ਦੀ ਲੋੜ ਹੈ; ਤੇ ਦੁਨੀਆ ਵਿਚ ਹਰ ਜਗ੍ਹਾ ਘੱਟੋ-ਘੱਟ ਹੰਢਣਸਾਰ ਵਿਕਾਸ ਟੀਚਿਆਂ ਦੀਆਂ 17 ਸਮੱਸਿਆਵਾਂ 'ਚੋਂ ਸੱਤ ਸਮੱਸਿਆਵਾਂ ਨੂੰ ਫੌਰੀ ਹੱਲ ਕੀਤਾ ਜਾਣਾ ਚਾਹੀਦਾ ਹੈ।



ਮਾਹਿਰਾਂ ਦਾ ਅਨੁਮਾਨ ਹੈ ਕਿ ਜੇ ਅਸੀਂ ਸਮੱਸਿਆਵਾਂ ਹੱਲ ਕਰਨ ਦੀ ਉਪਰੋਂ ਥੋਪੀ ਜਾਣ ਵਾਲੀ ਅਤੇ ਖਾਨਿਆਂ ਵਿਚ ਵੰਡ ਕੇ ਕੰਮ ਕਰਨ ਵਾਲੀ ਮੌਜੂਦਾ ਪਹੁੰਚ ਨਾਲ ਚਲਦੇ ਰਹੇ ਤਾਂ ਹੰਢਣਸਾਰ ਵਿਕਾਸ ਦੇ ਟੀਚੇ ਹਾਸਲ ਕਰਨ ਲਈ 2087 ਤੱਕ ਇੰਤਜ਼ਾਰ ਕਰਨਾ ਪਵੇਗਾ ਜਦਕਿ ਇਨ੍ਹਾਂ ਨੂੰ 2030 ਤੱਕ ਸਿਰੇ ਚਾੜ੍ਹਨ ਦਾ ਟੀਚਾ ਮਿੱਥਿਆ ਗਿਆ ਸੀ। ਇਕ ਸਮੇਂ 17 ਵਿਚੋਂ ਸੱਤ ਸਮੱਸਿਆਵਾਂ ਦੇ ਕਿੰਨੇ ਜੁੱਟ ਬਣਾਏ ਜਾ ਸਕਦੇ ਹਨ? 9 ਕਰੋੜ 40 ਲੱਖ! 17 ਐੱਸ.ਡੀ.ਜੀਜ਼ ਦੀਆਂ ਸਮੱਸਿਆਵਾਂ ਜ਼ਮੀਨੀ ਪੱਧਰ 'ਤੇ ਪ੍ਰਤੱਖ ਹਨ ਅਤੇ ਉਹ ਹਰ ਜਗ੍ਹਾ ਵੱਖੋ-ਵੱਖਰੇ ਰੂਪਾਂ ਵਿਚ ਪ੍ਰਗਟ ਹੁੰਦੀਆਂ ਹਨ। ਸਾਨੂੰ ਸਮੱਸਿਆ ਹੱਲ ਕਰਨ ਦੇ ਨਵੇਂ ਪੈਰਾਡਾਈਮ (ਮਾਡਲ) ਦੀ ਲੋੜ ਹੈ। ਨਾ-ਬਰਾਬਰੀ, ਸਮਾਜਿਕ ਬਦਅਮਨੀ ਅਤੇ ਵਾਤਾਵਰਨ ਬਰਬਾਦੀ ਦੀਆਂ ਆਲਮੀ ਵਿਵਸਥਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਮੁਕਾਮੀ, ਭਾਈਚਾਰੇ ਦੀ ਅਗਵਾਈ ਵਾਲੇ ਸਮਾਧਾਨ ਰਾਹ ਦਰਸਾਵਾਂ ਬਣ ਸਕਦੇ ਹਨ।

ਸਾਨੂੰ ਹੁਣ ਨਵੇਂ ਮਾਰਗ 'ਤੇ ਤੁਰਨਾ ਪਵੇਗਾ ਤਾਂ ਕਿ ਅਸੀਂ ਆਪਣੀ ਸਮੂਹਿਕਤਾ ਦੇ ਉਸ ਵਾਅਦੇ ਨੂੰ ਸਾਕਾਰ ਕਰ ਸਕੀਏ ਜਿਸ ਨੂੰ ਸਾਡੀ ਸੋਚ ਅਤੇ ਕਰਮ ਦੇ ਸਥਾਪਤ ਢੰਗਾਂ ਨੇ 'ਸਮੂਹਿਕਤਾ ਦੇ ਦੁਖਾਂਤ' ਵਿਚ ਬਦਲ ਦਿੱਤਾ ਹੈ। ਨਵੀਂ ਸੋਚ ਅਤੇ ਕਰਮ ਦੇ ਵਿਵਸਥਾਈ ਢੰਗ ਨੂੰ ਹਰ ਪਾਸੇ ਫੈਲਾਉਣਾ ਪਵੇਗਾ। ਇਸ ਲਈ ਸਮੱਸਿਆਵਾਂ ਹੱਲ ਕਰਨ ਅਤੇ ਜਥੇਬੰਦ ਹੋਣ ਦੇ ਸਰਬਵਿਆਪੀ ਬਣ ਚੁੱਕੇ ਗ਼ੈਰ-ਵਿਵਸਥਾਈ ਢੰਗਾਂ ਨੂੰ ਭੁਲਾਉਣਾ ਪਵੇਗਾ। ਵੱਡੇ ਪੈਮਾਨੇ 'ਤੇ ਜਥੇਬੰਦ ਹੋਣ ਦੇ ਸਥਾਪਤ ਢੰਗ ਵਿਚ ਵਿਵਸਥਾ ਨਾਲ ਜੁੜੀਆਂ ਸਮੱਸਿਆਵਾਂ ਨੂੰ ਮਾਹਿਰਾਂ ਅਤੇ ਸਰੋਤਾਂ ਦੇ ਹਿਸਾਬ ਨਾਲ ਹਿੱਸਿਆਂ ਵਿਚ ਵੰਡ ਦਿੱਤਾ ਜਾਂਦਾ ਹੈ ਅਤੇ ਫਿਰ ਵਿਅਕਤੀਗਤ ਸਮੱਸਿਆਵਾਂ ਨੂੰ ਵੱਖਰੇ ਤੌਰ 'ਤੇ ਹੱਲ ਕੀਤਾ ਜਾਂਦਾ ਹੈ। ਬਹਰਹਾਲ, ਵੱਖੋ-ਵੱਖਰੇ ਖਾਨਿਆਂ ਵਿਚ ਕੀਤੇ ਜਾਂਦੇ ਫ਼ੈਸਲੇ ਸਿਸਟਮ ਦੇ ਦੂਜੇ ਹਿੱਸਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ।

ਅਰਥਚਾਰੇ ਨੂੰ ਹੁਲਾਰਾ ਦੇਣ ਲਈ ਬਣਾਇਆ ਜਾਂਦਾ ਬੁਨਿਆਦੀ ਢਾਂਚਾ ਵਾਤਾਵਰਨ ਨੂੰ ਤਬਾਹ ਕਰ ਦਿੰਦਾ ਹੈ। ਇਨਸਾਨਾਂ ਨੂੰ ਜੰਗਲਾਂ 'ਚੋਂ ਹਟਾ ਕੇ ਜਾਂ ਚਰਾਦਾਂ 'ਚੋਂ ਪਸ਼ੂਆਂ ਨੂੰ ਕੱਢ ਕੇ ਵਾਤਾਵਰਨ ਨੂੰ ਬਚਾਉਣ ਦੇ ਹੱਲਾਂ ਨਾਲ ਰੋਜ਼ੀ ਰੋਟੀ ਨੂੰ ਸੱਟ ਵੱਜਦੀ ਹੈ। ਖੇਤੀਬਾੜੀ ਦਾ ਉਤਪਾਦਨ ਵਧਾਉਣ ਲਈ ਹੋਰ ਜ਼ਿਆਦਾ ਰਸਾਇਣਕ ਖਾਦਾਂ ਦੀ ਵਰਤੋਂ ਅਤੇ ਕਿਸਾਨਾਂ ਦੀ ਥਾਂ ਹੋਰ ਜ਼ਿਆਦਾ ਮਸ਼ੀਨਾਂ ਲਾਉਣ ਨਾਲ ਜ਼ਮੀਨ ਦੀ ਉਤਪਾਦਕਤਾ ਘਟਦੀ ਹੈ ਜਿਸ ਦੇ ਸਿੱਟੇ ਵਜੋਂ ਹੋਰ ਜ਼ਿਆਦਾ ਰਸਾਇਣਾਂ ਦੀ ਲੋੜ ਪੈਂਦੀ ਹੈ। ਇਸ ਦੌਰਾਨ, ਉਜਾੜੇ ਗਏ ਕਿਸਾਨਾਂ ਨੂੰ ਨਿਰਮਾਣ ਫੈਕਟਰੀਆਂ ਵਿਚ ਰੁਜ਼ਗਾਰ ਨਹੀਂ ਮਿਲ ਰਿਹਾ ਕਿਉਂਕਿ ਉੱਥੇ ਪਹਿਲਾਂ ਹੀ ਕਾਮਿਆਂ ਦੀ ਥਾਂ ਰੋਬੋਟ ਲਾਏ ਜਾ ਰਹੇ ਹਨ ਤਾਂ ਕਿ ਫੈਕਟਰੀਆਂ ਦੀ ਉਤਪਾਦਕਤਾ ਵਧਾਈ ਜਾ ਸਕੇ।

ਸਾਨੂੰ ਚਾਹੀਦਾ ਹੈ ਕਿ 'ਜੀ.ਡੀ.ਪੀ. ਦੇ ਭਗਵਾਨ' ਨੂੰ ਕੁਦਰਤ ਤੇ ਮਨੁੱਖਾਂ ਦਾ ਸ਼ੋਸ਼ਣ ਕਰਨ ਤੋਂ ਰੋਕਿਆ ਜਾਵੇ ਜੋ ਲਾਲਚੀ ਆਰਥਿਕ ਮਸ਼ੀਨਰੀ ਦੀ ਤਰੱਕੀ ਕਾਇਮ ਰੱਖਣ ਖਾਤਰ ਇਨ੍ਹਾਂ ਨਾਲ ਖਿਲਵਾੜ ਕਰ ਰਿਹਾ ਹੈ; ਇਸ ਦੀ ਬਜਾਇ ਅਰਥਚਾਰਾ ਅਜਿਹਾ ਬਣਨਾ ਚਾਹੀਦਾ ਹੈ ਕਿ ਇਹ ਸਮਾਜ ਤੇ ਕੁਦਰਤ ਦੀ ਸੇਵਾ ਕਰੇ। 'ਗਰੀਨ' ਤੇ 'ਸਨੇਹੀ' ਅਰਥਚਾਰੇ ਜਿਨ੍ਹਾਂ ਬਾਰੇ ਅਰਥ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਇਹ ਭਵਿੱਖ ਵਿਚ ਰੁਜ਼ਗਾਰ ਪੈਦਾ ਕਰਨਗੇ, ਨੂੰ 'ਰਸਮੀ' ਫੈਕਟਰੀ ਆਧਾਰਿਤ ਕੰਮਕਾਜੀ ਤੌਰ-ਤਰੀਕਿਆਂ ਦੀ ਥਾਂ ਲੈਣ ਲਈ 'ਗ਼ੈਰ-ਰਸਮੀ' ਕੰਮਕਾਜੀ ਤੌਰ-ਤਰੀਕਿਆਂ ਦੀ ਲੋੜ ਪਏਗੀ ਜੋ ਚੰਗੇ ਸਮਾਜ ਦੀ ਸਿਰਜਣਾ ਵਿਚ ਸਹਾਈ ਹੋਵੇਗਾ ਜਦਕਿ ਮੌਜੂਦਾ ਤੌਰ-ਤਰੀਕੇ ਆਰਥਿਕਤਾ ਤੇ ਉਤਪਾਦਨ ਨੂੰ ਵਧਾਉਣ ਉਤੇ ਜ਼ੋਰ ਦਿੰਦੇ ਹਨ।

ਇਹ ਸੰਪੂਰਨ ਬਦਲਾਓ ਸੌਖਾ ਨਹੀਂ ਹੋਵੇਗਾ ਕਿਉਂਕਿ ਉਪਰੋਂ ਤਾਕਤ ਲੈ ਕੇ ਹੇਠਾਂ ਲੋਕਾਂ ਨੂੰ ਸੌਂਪਣੀ ਪਏਗੀ। ਬੁਨਿਆਦੀ ਤਬਦੀਲੀਆਂ ਕਦੇ ਵੀ ਆਸਾਨ ਨਹੀਂ ਹੁੰਦੀਆਂ ਕਿਉਂਕਿ ਸੰਪਤੀ ਤੇ ਤਾਕਤ 'ਸਮੂਹਿਕ ਕਾਰਜ' ਦੀ ਪ੍ਰਕਿਰਿਆ ਨਾਲ ਇਕੱਠੀ ਹੁੰਦੀ ਹੈ। ਜਿਨ੍ਹਾਂ ਕੋਲ ਜਾਇਦਾਦ ਤੇ ਤਾਕਤ ਹੁੰਦੀ ਹੈ, ਉਹ ਇਸ ਦੀ ਵਰਤੋਂ ਅਜਿਹੇ ਨਿਯਮਾਂ ਦੀ ਪੈਰਵੀ ਲਈ ਕਰਦੇ ਹਨ ਜਿਹੜੇ ਉਨ੍ਹਾਂ ਦੀ ਸੰਪਤੀ ਤੇ ਤਾਕਤ ਨੂੰ ਹੋਰ ਵਧਾਉਣ। ਉਹ ਆਪਣੀ ਜਾਇਦਾਦ ਤੇ ਤਾਕਤ ਨੂੰ ਖੋਜ ਕਾਰਜਾਂ ਲਈ ਵਰਤਦੇ ਹਨ, ਸੰਮੇਲਨ ਕਰਵਾਉਂਦੇ ਹਨ ਤੇ ਅਜਿਹੀਆਂ ਨੀਤੀਆਂ ਬਣਵਾਉਣ ਲਈ ਲੌਬੀਇੰਗ ਕਰਦੇ ਹਨ ਜੋ ਉਨ੍ਹਾਂ ਦੀਆਂ ਵਿਚਾਰਧਾਰਾਵਾਂ ਮੁਤਾਬਕ ਹੋਣ। ਜਿਹੜੇ ਉਨ੍ਹਾਂ ਲਈ ਚੁਣੌਤੀ ਬਣਦੇ ਹਨ, ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਵਿਚਾਰਾਂ ਦੇ ਮਾਡਲਾਂ 'ਤੇ ਸ਼ਿਕੰਜਾ ਕੱਸ ਦਿੱਤਾ ਜਾਂਦਾ ਹੈ।

ਕਿਸੇ ਮਾਡਲ ਨੂੰ ਤਬਦੀਲ ਕਰਨ ਦੀ ਚਾਬੀ ਉਸ ਦੇ ਮੂਲ ਦਾਇਰੇ ਤੋਂ ਬਾਹਰ ਹੀ ਲੱਭੇਗੀ। ਉਮੀਦ ਕਾਇਮ ਹੈ। ਆਮ ਲੋਕਾਂ ਦੇ ਨੇਤਾ ਜੁੜ ਰਹੇ ਹਨ, ਇਕੱਠੇ ਸਿੱਖ ਕੇ ਅੱਗੇ ਵਧ ਰਹੇ ਹਨ ਅਤੇ ਬਦਲਾਓ ਦੀ ਅਹਿੰਸਕ ਮੁਹਿੰਮ ਨੂੰ ਥੱਲਿਓਂ ਹੋਰ ਚੌੜਾ ਕਰ ਰਹੇ ਹਨ। ਉਪਰ ਬੈਠੇ ਆਗੂ ਜਿਹੜੇ ਭਾਰਤ ਦੀ ਸ਼ਕਤੀਹੀਣ ਜਨਤਾ ਦਾ ਭਲਾ ਕਰਨ ਵਾਲੇ ਸੁਧਾਰਾਂ ਦਾ ਪੱਖ ਪੂਰਦੇ ਹਨ, ਨੂੰ ਇਨ੍ਹਾਂ ਬਦਲਾਓ ਲਿਆਉਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਸੁਣਨਾ ਚਾਹੀਦਾ ਹੈ ਤੇ ਇਨ੍ਹਾਂ ਤੋਂ ਸਿੱਖਣਾ ਚਾਹੀਦਾ ਹੈ। ਇਨ੍ਹਾਂ ਵਿਚੋਂ ਸੈਂਕੜੇ 27 ਤੋਂ 29 ਅਗਸਤ ਤੱਕ ਨਵੀਂ ਦਿੱਲੀ ਦੇ ਅੰਬੇਡਕਰ ਇੰਟਰਨੈਸ਼ਨਲ ਇੰਸਟੀਚਿਊਟ ਵਿਚ 'ਕਾਮਨਜ਼ ਕਨਵੀਨਿੰਗ' ਲਈ ਜੁੜੇ ਸਨ। ਇਹ ਜ਼ਮੀਨੀ ਸਬੂਤ ਸੀ ਕਿ ਹੇਠੋਂ-ਉਪਰ ਵੱਲ ਨੂੰ ਸਹਿਕਾਰੀ ਬਦਲਾਓ ਦਾ ਮਾਡਲ ਸਮਾਜ ਵਿਚ ਹਰੇਕ ਦਾ ਜੀਵਨ ਪੱਧਰ ਸੁਧਾਰ ਸਕਦਾ ਹੈ ਅਤੇ ਮਾਹਿਰਾਂ ਦੇ ਸੁਝਾਏ ਤਰੱਕੀ ਦੇ ਤਰੀਕਿਆਂ ਨਾਲ ਵਾਤਾਵਰਨ ਦੇ ਹੋਏ ਨੁਕਸਾਨ ਦੀ ਪੂਰਤੀ ਵੀ ਹੋ ਸਕਦੀ ਹੈ।

ਬਦਲਾਓ ਦੇ ਇਹ 'ਰੋਲ ਮਾਡਲ' ਭਾਰਤ ਨੂੰ 2047 ਤੱਕ ਵਿਕਸਿਤ ਬਣਾਉਣ ਦਾ ਸਹੀ ਰਸਤਾ ਦੱਸਦੇ ਹਨ। ਉਪਰਲੀਆਂ ਪਦਵੀਆਂ 'ਤੇ ਬੈਠਣ ਵਾਲਿਆਂ ਨੂੰ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਅਪਣਾਉਣਾ ਚਾਹੀਦਾ ਹੈ ਤੇ ਜਲਦੀ ਨਤੀਜੇ ਲੈਣ ਲਈ ਤੇਜ਼ੀ ਨਾਲ ਫੈਲਾਉਣਾ ਚਾਹੀਦਾ ਹੈ; ਨਹੀਂ ਤਾਂ 'ਵਿਕਸਤ ਭਾਰਤ' ਵੀ 'ਇੰਡੀਆ 75' ਵਾਂਗ, ਤੇ 'ਕਿਸਾਨਾਂ ਦੀ ਆਮਦਨ ਦੁੱਗਣੀ ਕਰਨ' ਤੇ ਸਾਰਿਆਂ ਨੂੰ ਰੁਜ਼ਗਾਰ ਦੇਣ ਦੇ ਦਾਅਵੇ ਵਾਂਗ ਬਸ ਇਕ ਹੋਰ ਨਿਰਾਰਥਕ ਖਿਆਲ ਬਣ ਕੇ ਹੀ ਰਹਿ ਜਾਵੇਗਾ।

# ਚੀਨ ਨਾਲ ਨਜਿੱਠਣ ਲਈ ਭਾਰਤ ਦੀ ਨੀਤੀ

**ਮਨੋਜ ਜੋਸ਼ੀ**

ਦਸ ਸਾਲ ਪਹਿਲਾਂ ਸੰਸਾਰ ਚੀਨ ਦਾ ਉਭਾਰ ਦੇਖ ਕੇ ਅਚਨਚੇਤ ਦੰਗ ਰਹਿ ਗਿਆ ਸੀ। ਪੂਰਬੀ ਏਸ਼ੀਆ ਦੇ ਇਸ ਮੁਲਕ ਨੂੰ ਆਪਣੇ ਖ਼ਿਆਲ ਵਜੋਂ ਦੇਖਦੇ ਆ ਰਹੇ ਅਮਰੀਕਾ ਨੇ ਮਹਿਸੂਸ ਕੀਤਾ ਕਿ ਉਸ ਨੂੰ ਸੰਭਾਵੀ ਵਿਰੋਧੀ ਨਾਲ ਨਜਿੱਠਣਾ ਪੈ ਰਿਹਾ ਹੈ। ਜਿਉਂ ਹੀ ਚੀਨ ਦੇ 'ਬੈਲਟ ਐਂਡ ਰੋਡ ਇਨੀਸ਼ੀਏਟਿਵ' (ਬੀ.ਆਰ.ਆਈ.) ਦਾ ਤਾਣਾ-ਬਾਣਾ ਦੁਨੀਆ ਭਰ ਵਿਚ ਫੈਲ ਗਿਆ ਤਾਂ ਤੇਜ਼ੀ ਨਾਲ ਵਧ ਰਿਹਾ ਇਸ ਦਾ ਪ੍ਰਭਾਵ ਅਤੇ ਸ਼ਕਤੀ ਆਲਮੀ ਬਿਰਤਾਂਤ ਬਣ ਗਿਆ ਹੈ। 2020 ਵਿਚ ਚੀਨ ਦੀ ਫ਼ੌਜੀ ਤਾਕਤ ਵਿਚ ਜ਼ਬਰਦਸਤ ਵਾਧੇ ਦਾ ਮੁਜ਼ਾਹਰਾ ਕਰਦਿਆਂ ਸਮੁੰਦਰੀ ਜਹਾਜ਼ਾਂ ਦੀ ਤਾਦਾਦ ਦੇ ਲਿਹਾਜ਼ ਨਾਲ ਪੀ.ਐੱਲ.ਏ. (ਪੀਪਲਜ਼ ਲਿਬਰੇਸ਼ਨ ਆਰਮੀ) ਨੇਵੀ ਨੇ ਅਮਰੀਕੀ ਸੈਨਾ ਨੂੰ ਪਿਛਾਂਹ ਧੱਕ ਦਿੱਤਾ ਸੀ। ਤਾਇਵਾਨ, ਦੱਖਣੀ ਚੀਨੀ ਸਾਗਰ ਦੀ ਆਰਕ ਤੋਂ ਲੈ ਕੇ ਡੋਕਲਾਮ ਅਤੇ ਲੱਦਾਖ ਤੱਕ ਚੀਨ ਦੀ ਫ਼ੌਜ ਦਾ ਰਵੱਈਆ ਜ਼ਿਆਦਾ ਤਿੱਖਾ ਹੋ ਗਿਆ ਹੈ।

ਉਂਝ, ਅੱਜ ਚੀਨ ਨੂੰ ਅਜਿਹੀਆਂ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਨ੍ਹਾਂ ਕਰ ਕੇ ਇਸ ਦੇ ਉਭਾਰ 'ਤੇ ਅਸਰ ਪੈ ਰਿਹਾ ਹੈ। ਇਸ ਦੇ ਜਾਣੇ-ਪਛਾਣੇ ਆਰਥਿਕ ਵਿਕਾਸ ਦੀ ਗਤੀ ਰੁਕ ਗਈ ਹੈ ਅਤੇ ਨੌਜਵਾਨਾਂ ਦੀ ਬੇਰੁਜ਼ਗਾਰੀ ਸਮਾਜਿਕ ਸਥਿਰਤਾ ਲਈ ਵੱਡੀ ਚੁਣੌਤੀ ਬਣ ਗਈ ਹੈ। ਆਲਮੀ ਪੱਧਰ 'ਤੇ ਚੀਨ ਦੀ ਬਰਾਮਦ ਮੁਖੀ ਵਿਕਾਸ ਰਣਨੀਤੀ ਦਾ ਵਿਰੋਧ ਦੇਖਣ ਨੂੰ ਮਿਲ ਰਿਹਾ ਹੈ। ਸੁਰੱਖਿਆ ਦੇ ਮੁਹਾਜ਼ 'ਤੇ ਕਈ ਦੇਸ਼ ਚੀਨ ਖਿਲਾਫ ਇਕਜੁੱਟ ਹੋ ਗਏ ਹਨ। 2017 ਵਿਚ ਕੁਆਡ ਦੀ ਸੁਰਜੀਤੀ ਖਿੱਤੇ ਅੰਦਰ ਨਵੀਂ ਭੂ-ਰਾਜਨੀਤੀ ਦਾ ਪਹਿਲਾ ਸੰਕੇਤ ਸੀ; ਇਸ ਤੋਂ ਬਾਅਦ ਯੂ.ਐੱਸ.-ਫਿਲਪੀਨਜ਼ ਗੱਠਜੋੜ ਸੁਰਜੀਤ ਹੋਇਆ ਅਤੇ ਹੌਲੀ-ਹੌਲੀ ਭਾਰਤ-ਅਮਰੀਕਾ ਸੁਰੱਖਿਆ ਸਬੰਧਾਂ ਵਿਚ ਮਜ਼ਬੂਤੀ ਆਈ।

ਚੀਨ ਭਾਵੇਂ ਬਾਘੀਆਂ ਪਾਉਂਦਾ ਹੋਵੇ ਜਾਂ ਮੂਧੇ ਮੂੰਹ ਡਿੱਗਿਆ ਪਿਆ ਹੋਵੇ, ਜਿੰਨੀ ਦੇਰ ਤੱਕ ਉੱਥੇ ਕਮਿਊਨਿਸਟ ਪਾਰਟੀ ਦਾ ਰਾਜ ਕਾਇਮ ਹੈ, ਇਹ ਦੁਨੀਆ ਲਈ ਖ਼ਤਰਾ ਬਣਿਆ ਰਹੇਗਾ। ਇਹ ਪਾਰਟੀ ਵਿਚਾਰਧਾਰਾ ਤੋਂ ਸੰਚਾਲਿਤ ਹੈ ਅਤੇ ਇਸ ਦਾ ਮੰਨਣਾ ਹੈ ਕਿ ਇੱਕ ਦਿਨ ਚੀਨ ਦਾ ਆਲਮੀ ਸ਼ਕਤੀ ਬਣਨਾ ਅਤੇ ਪੱਛਮ ਦਾ ਪਤਨ ਹੋਣਾ ਤੈਅ ਹੈ। ਚੀਨ ਦੀ ਫ਼ੌਜੀ ਅਤੇ ਸਨਅਤੀ ਤਾਕਤ ਦੇ ਮੱਦੇਨਜ਼ਰ ਇਸ ਨੂੰ ਡਰਾ ਕੇ ਜਾਂ ਲਾਲਚ ਦੇ ਕੇ ਕਿਸੇ ਖ਼ਾਸ ਮਾਰਗ 'ਤੇ ਤੋਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੁੱਖ ਚੁਣੌਤੀ ਚੀਨ ਦੇ ਉਭਾਰ ਨੂੰ ਸੰਭਾਲਣ ਦੀ ਹੈ, ਠੀਕ ਜਿਵੇਂ ਅੱਜ ਸਾਨੂੰ ਇਸ ਦੀ ਗਿਰਾਵਟ ਨਾਲ ਨਜਿੱਠਣਾ ਪਵੇਗਾ ਜਿਸ ਨਾਲ ਇਹ ਖੜੋਤ ਦਾ ਸ਼ਿਕਾਰ ਹੋ ਸਕਦਾ ਹੈ ਅਤੇ ਇੰਝ ਦਰਮਿਆਨੀ ਆਮਦਨ ਵਰਗ ਵਿਚ ਫਸ ਕੇ ਰਹਿ ਜਾਵੇਗਾ।

ਜਿਵੇਂ ਹੀ ਅਮਰੀਕਾ ਅਤੇ ਯੂਰਪ ਵੱਲੋਂ ਇਸ ਨੂੰ ਖ਼ਿਆਲ ਦੀ ਬਜਾਇ ਮੁੱਢੋਂ-ਸੁੱਢੋਂ ਵਿਰੋਧੀ ਦੇ ਰੂਪ ਵਿਚ ਦੇਖਿਆ ਜਾਣ ਲੱਗਿਆ ਤਾਂ ਉਨ੍ਹਾਂ ਦੀ ਰਣਨੀਤੀ ਵਿਚ ਤਬਦੀਲੀ ਆ ਗਈ। ਚੀਨ ਨਾਲ ਨਜਿੱਠਣ ਦੀ ਟਰੰਪ ਪ੍ਰਸ਼ਾਸਨ ਦੀ ਰਣਨੀਤੀ ਕਾਫ਼ੀ ਉਥਲ-ਪੁਥਲ ਭਰੀ ਸੀ ਜਦੋਂਕਿ ਬਾਇਡਨ ਪ੍ਰਸ਼ਾਸਨ ਨੇ ਵਧੇਰੇ ਬੱਝਵੀਂ ਪਹੁੰਚ ਅਪਣਾਈ। 2022 ਤੋਂ ਲੈ ਕੇ ਚੀਨ ਨੂੰ ਸੈਮੀ-ਕੰਡਕਟਰਾਂ ਦੀ ਬਰਾਮਦ ਉੱਪਰ ਪਾਬੰਦੀ ਲਗਾਈ ਹੋਈ ਹੈ ਪਰ ਇਸ ਦੇ ਨਾਲ ਹੀ ਚੀਨ ਦੇ ਆਰਥਿਕ ਤਾਕਤ ਵਜੋਂ ਉਭਾਰ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਵੀ ਹੋ ਰਹੀ ਹੈ। ਬਾਇਡਨ ਪ੍ਰਸ਼ਾਸਨ ਦੀ ਚੀਨ ਪ੍ਰਬੰਧਨ ਰਣਨੀਤੀ ਵਿਚ ਅਮਰੀਕੀ ਨਿਰਮਾਣ ਦੀ ਸੁਰਜੀਤੀ ਦੀਆਂ ਅਹਿਮ ਯੋਜਨਾਵਾਂ ਸ਼ਾਮਿਲ ਹਨ। ਅਮਰੀਕਾ ਨੇ ਚਿੱਪ ਨਿਰਮਾਣਕਾਰਾਂ ਨੂੰ ਅਮਰੀਕਾ ਵਿਚ ਪਲਾਂਟ ਲਾਉਣ ਲਈ 52 ਅਰਬ ਡਾਲਰ ਦੀ ਸਬਸਿਡੀ ਦੇਣ ਲਈ ਚਿਪਸ ਐਂਡ ਸਾਇੰਸ ਐਕਟ ਪਾਸ ਕੀਤਾ ਅਤੇ ਅਮਰੀਕੀ ਸਾਇੰਸ ਸੰਸਥਾਵਾਂ ਦੀ ਮਜ਼ਬੂਤੀ ਲਈ 200 ਅਰਬ ਡਾਲਰ ਦੀ ਹੋਰ ਸਹਾਇਤਾ ਦਿੱਤੀ ਗਈ ਹੈ।

ਬਾਇਡਨ ਨੇ ਕੁਆਡ ਤੇ ਆਸਟਰੇਲੀਆ-ਯੂ.ਕੇ.-ਯੂ.ਐੱਸ. (ਆਕਸ) ਗੱਠਜੋੜ ਨੂੰ ਹੱਲਾਸ਼ੇਰੀ ਦੇਣ ਅਤੇ ਅਮਰੀਕਾ ਵੱਲੋਂ ਚੀਨ ਦੀ ਘੇਰਾਬੰਦੀ ਦੀ ਨੀਤੀ ਦੇ ਫ਼ੌਜੀ, ਰਾਜਸੀ ਅਤੇ ਕੂਟਨੀਤਕ ਚੌਖਟੇ ਲਈ ਆਰਥਿਕ ਸਹਾਇਤਾ ਤਹਿਤ ਇੰਡੋ-ਪੈਸੇਫਿਕ ਇਕੋਨੌਮਿਕ ਫੋਰਮ ਕਾਇਮ ਕਰਨ ਲਈ ਕਾਫ਼ੀ ਸਮਾਂ ਲਾਇਆ ਹੈ। ਉਂਝ, ਚੀਨ ਨੂੰ ਸੰਭਾਲਣ ਪੱਖੋਂ ਭਾਰਤ ਦੀ ਵਿਸ਼ੇਸ਼ ਥਾਂ ਬਣਦੀ ਹੈ। ਜੀ.ਡੀ.ਪੀ. ਦੇ ਲਿਹਾਜ਼ ਤੋਂ ਕਿਸੇ ਸਮੇਂ ਦੋਵੇਂ ਦੇਸ਼ ਲਗਭਗ ਇੱਕੋ ਪੱਧਰ 'ਤੇ ਸਨ ਅਤੇ ਦੋਵੇਂ ਆਪਣੇ ਰਾਜਸੀ ਸਬੰਧਾਂ ਵਿਚ ਆਏ ਨਿਘਾਰ ਨੂੰ ਸੰਭਾਲਣ ਦੀ ਤਾਂਘ ਵੀ ਰੱਖਦੇ ਸਨ। ਇਹ 1993, 1996 ਅਤੇ 2005 ਵਿਚ ਹੋਏ ਕਈ ਸਮਝੌਤਿਆਂ ਤੋਂ ਪ੍ਰਤੱਖ ਹੁੰਦਾ ਹੈ ਕਿ ਨਾ ਕੇਵਲ ਸ਼ਾਂਤੀ ਤੇ ਸਥਿਰਤਾ ਕਾਇਮ ਕਰਨ ਸਗੋਂ ਇਨ੍ਹਾਂ ਵਿਚਕਾਰ ਬਹੁਤ ਹੀ ਜਟਿਲ ਸਰਹੱਦੀ ਵਿਵਾਦ ਨੂੰ ਸੁਲਝਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ।

ਉਂਝ, ਜਿਵੇਂ ਹੀ ਆਲਮੀ ਦਰਜਾਬੰਦੀਆਂ 'ਚ ਚੀਨ ਦੀ ਚੜ੍ਹਤ ਦੇਖੀ ਗਈ, ਖ਼ਾਸ ਤੌਰ 'ਤੇ 2008 ਦੇ ਕੌਮਾਂਤਰੀ ਵਿੱਤੀ ਸੰਕਟ ਤੋਂ ਬਾਅਦ, ਤਾਂ ਭਾਰਤ ਨਾਲ ਇਸ ਦੇ ਸਮੀਕਰਨ ਵਿਗੜਨੇ ਸ਼ੁਰੂ ਹੋ ਗਏ। ਕੌਮਾਂਤਰੀ ਸਰਹੱਦ ਤੇ ਦੱਖਣ ਏਸ਼ਿਆਈ ਖੇਤਰ ਵਿਚ ਚੀਨ ਵੱਧ ਹਮਲਾਵਰ ਹੋ ਗਿਆ; ਇੱਕ ਦਹਾਕੇ ਦੇ ਅੰਦਰ ਹੀ ਇਸ ਨੇ ਹਿੰਦ ਮਹਾਸਾਗਰ ਖੇਤਰ ਵਿਚ ਵੀ ਆਪਣੀ ਮੌਜੂਦਗੀ ਦਰਜ ਕਰਾਉਣੀ ਸ਼ੁਰੂ ਕਰ ਦਿੱਤੀ। ਸਾਲ 2020 ਦਾ ਪੂਰਬੀ ਲੱਦਾਖ ਦਾ ਸੰਕਟ ਇਸੇ ਪ੍ਰਕਿਰਿਆ ਦਾ ਸਿਖ਼ਰ ਸੀ।

ਇਸ ਸਥਿਤੀ ਨੂੰ ਸੰਭਾਲਣ ਲਈ ਭਾਰਤ ਕੋਲ ਪਾਬੰਦੀਆਂ ਦੇ ਰੂਪ ਵਿਚ ਇੱਕੋ-ਇੱਕ ਬਦਲ ਬਚਿਆ ਸੀ। ਭਾਰਤ 'ਚ ਚੀਨੀ ਨਿਵੇਸ਼ ਸੀਮਤ ਕਰਨਾ, ਦੇਸ਼ ਵਿਚ ਹਰਮਨਪਿਆਰੀਆਂ ਹੋ ਰਹੀਆਂ ਚੀਨੀ ਐਪਸ ਨੂੰ ਬੰਦ ਕਰਨਾ ਤੇ ਹਵਾਈ ਸੰਪਰਕ ਘਟਾਉਣਾ ਇਨ੍ਹਾਂ 'ਚ ਸ਼ਾਮਿਲ ਸਨ। ਨਾਲ ਹੀ ਇਸ ਨੇ ਅਮਰੀਕਾ ਨੂੰ ਇਹ ਸੰਕੇਤ ਭੇਜਣ ਦੇ ਫ਼ੈਸਲੇ ਕੀਤੇ ਕਿ ਇਹ ਇਸ ਦੇ ਵਿਆਪਕ ਹਿੰਦ-ਪ੍ਰਸ਼ਾਂਤ ਗੱਠਜੋੜ ਦਾ ਹਿੱਸਾ ਬਣੇਗਾ ਤਾਂ ਕਿ ਚੀਨ ਦੀ ਹਮਲਾਵਰ ਪਹੁੰਚ 'ਤੇ ਨਜ਼ਰ ਰੱਖੀ ਜਾ ਸਕੇ।

ਫਿਰ ਵੀ ਭਾਰਤ ਪੱਛਮੀ ਮੁਲਕਾਂ ਤੇ ਚੀਨ ਦਰਮਿਆਨ ਲਗਾਤਾਰ ਵਧੀ ਦੂਰੀ ਦਾ ਲਾਹਾ ਲੈਣ ਦੇ ਯੋਗ ਨਹੀਂ ਹੋ ਸਕਿਆ ਜਿਸ ਨੇ ਇਸ ਦੀ ਅਖੌਤੀ 'ਚੀਨ ਪਲੱਸ ਵਨ' ਰਣਨੀਤੀ ਨੂੰ ਜਨਮ ਦਿੱਤਾ। ਨਾ ਹੀ ਇਹ ਕਈ ਉਦਯੋਗਿਕ ਉਤਪਾਦਾਂ ਤੇ ਫਾਰਮਾ ਸਮੱਗਰੀਆਂ ਲਈ ਚੀਨ ਉੱਤੇ ਆਪਣੀ ਨਿਰਭਰਤਾ ਤੋੜਨ ਵਿਚ ਕਾਮਯਾਬ ਹੋ ਸਕਿਆ ਹੈ।

ਹੁਣ ਤੱਕ ਚੀਨ ਨਾਲ ਨਜਿੱਠਣ ਦੀ ਭਾਰਤ ਦੀ ਨੀਤੀ ਨਕਾਰਨ ਵਾਲੀ ਹੀ ਰਹੀ ਹੈ। ਭਾਰਤ ਦਾ ਕਹਿਣਾ ਹੈ ਕਿ ਚੀਨ ਜਦੋਂ ਤੱਕ ਪੂਰਬੀ ਲੱਦਾਖ ਵਿਚ ਮਾਰਚ 2020 ਤੋਂ ਪਹਿਲਾਂ ਵਾਲੀ ਸਥਿਤੀ ਬਹਾਲ ਕਰਨ ਲਈ ਸਹਿਮਤ ਨਹੀਂ ਹੁੰਦਾ, ਉਦੋਂ ਤੱਕ ਉਸ ਨਾਲ ਰਿਸ਼ਤੇ ਆਮ ਵਰਗੇ ਨਹੀਂ ਹੋ ਸਕਦੇ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਜਿੰਨੀ ਵਾਰ ਵੀ ਆਪਣੇ ਚੀਨੀ ਹਮਰੁਤਬਾ ਵੈਂਗ ਯੀ ਨੂੰ ਮਿਲੇ, ਉਨ੍ਹਾਂ ਇਸ ਮੰਗ ਦੀ ਪੂਰਤੀ ਨੂੰ ਹੀ ਸਾਰੇ ਰੋਗਾਂ ਦੀ ਦਾਰੂ ਦੱਸਿਆ। ਭਾਰਤ ਨੂੰ ਹੁਣ ਲੋੜ ਹੈ ਕਿ ਉਹ ਚੀਨ ਨਾਲ ਨਜਿੱਠਣ ਲਈ ਸਕਾਰਾਤਮਕ ਰੁਖ਼ ਅਪਣਾਏ। ਇਹ ਸਵੈ-ਮਜ਼ਬੂਤੀ ਦੀ ਦੋ-ਮਾਰਗੀ ਨੀਤੀ ਹੋਣੀ ਚਾਹੀਦੀ ਹੈ। ਪਿਛਲੇ ਮਹੀਨੇ ਮਿਲਦਾ-ਜੁਲਦਾ ਸੰਕੇਤ ਦਿੰਦਿਆਂ ਵਿੱਤ ਮੰਤਰਾਲੇ ਨੇ ਉਦੋਂ ਹੈਰਾਨ ਕਰ ਦਿੱਤਾ ਜਦੋਂ ਆਪਣੇ ਸਾਲਾਨਾ ਆਰਥਿਕ ਸਰਵੇਖਣ ਵਿਚ ਇਸ ਨੇ ਚੀਨ ਤੋਂ ਸਿੱਧਾ ਵਿਦੇਸ਼ੀ ਨਿਵੇਸ਼ (ਐੱਫ.ਡੀ.ਆਈ.) ਵਧਾਉਣ ਦਾ ਸੱਦਾ ਦਿੱਤਾ। ਇਸ ਦਾ ਉਦੇਸ਼ ਆਲਮੀ ਸਪਲਾਈ ਲੜੀ ਤੇ ਬਰਾਮਦਾਂ ਵਿਚ ਭਾਰਤੀ ਹਿੱਸੇਦਾਰੀ ਨੂੰ ਵਧਾਉਣਾ ਹੈ। ਇਸ 'ਚ ਨਾਲ ਹੀ ਕਿਹਾ ਗਿਆ- 'ਚੀਨੀ ਕੰਪਨੀਆਂ ਨੂੰ ਭਾਰਤ ਵਿਚ ਨਿਵੇਸ਼ ਕਰਨ ਦੇਣਾ ਜ਼ਿਆਦਾ ਅਸਰਦਾਰ ਹੈ ਤੇ ਮਗਰੋਂ ਉਤਪਾਦਾਂ ਨੂੰ ਇਨ੍ਹਾਂ ਬਾਜ਼ਾਰਾਂ 'ਚ ਸੁੱਟਿਆ ਜਾਵੇ, ਬਜਾਇ ਇਸ ਦੇ ਕਿ ਇਨ੍ਹਾਂ ਨੂੰ ਚੀਨ ਤੋਂ ਮੰਗਵਾਇਆ ਜਾਵੇ ਜਿਸ ਨਾਲ ਕੀਮਤ ਘੱਟੋ-ਘੱਟ ਰਹੇਗੀ।'

ਭਾਰਤ ਨੂੰ ਰਣਨੀਤਕ ਰੋਕਥਾਮ ਯੋਜਨਾ ਵੀ ਬਣਾਉਣੀ ਪਏਗੀ ਤਾਂ ਕਿ ਚੀਨ 2020 ਦੀ ਐੱਲ.ਏ.ਸੀ. ਵਾਲੀ ਸ਼ਰਾਰਤ ਨਾ ਦੁਹਰਾ ਸਕੇ। ਇਹ ਲਾਜ਼ਮੀ ਤੌਰ 'ਤੇ ਫ਼ੌਜੀ ਯੋਜਨਾ ਹੈ ਜਿਸ ਤਹਿਤ ਚੀਨ ਨਾਲ ਲੱਗਦੀ ਜ਼ਮੀਨੀ ਸਰਹੱਦ ਦੇ ਨਾਲ ਢੁੱਕਵੀਂ ਸੈਨਿਕ ਸਮਰੱਥਾ ਵਿਕਸਿਤ ਹੋਵੇ ਤੇ ਨਾਲ ਹੀ ਹਿੰਦ ਮਹਾਸਾਗਰ ਖੇਤਰ ਵਿਚ ਵੀ ਫ਼ੌਜੀ ਤਾਕਤ ਵਧਾਈ ਜਾਵੇ। ਇੱਕ ਹੋਰ ਖੇਤਰ ਜਿੱਥੇ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ, ਉਹ ਹੈ ਪਰਮਾਣੂ ਡਰਾਵਾ ਕਿਉਂਕਿ ਚੀਨ ਤੇਜ਼ੀ ਨਾਲ ਆਪਣੀ ਪਰਮਾਣੂ ਸਮਰੱਥਾ ਦਾ ਵਿਸਤਾਰ ਕਰ ਰਿਹਾ ਹੈ।

ਇਸ 'ਚ ਕੋਈ ਸ਼ੱਕ ਨਹੀਂ ਕਿ ਅਜਿਹੇ ਪ੍ਰਬੰਧ ਲਈ ਨਵੀਂ ਦਿੱਲੀ ਨੂੰ ਦੁਨੀਆ ਦੇ ਹੋਰਾਂ ਹਿੱਸਿਆਂ ਵਿਚ ਵੀ ਆਪਣੇ ਵਰਗੇ ਭਾਈਵਾਲਾਂ ਨਾਲ ਹੱਥ ਮਿਲਾਉਣਾ ਪਏਗਾ ਨਾ ਕਿ ਸਿਰਫ਼ ਵਿਕਸਤ ਮੁਲਕਾਂ ਨਾਲ। ਉਸ ਨੂੰ 'ਗਲੋਬਲ ਸਾਊਥ' ਮੁਲਕਾਂ ਨਾਲ ਵੀ ਸਹਿਯੋਗ ਕਰਨਾ ਪਏਗਾ। ਇਹ ਭਾਵੇਂ ਲੰਮੇ ਸਮੇਂ ਦੇ ਟੀਚਿਆਂ ਦੀ ਪ੍ਰਾਪਤੀ ਦੇ ਮਾਧਿਅਮ ਹਨ ਪਰ ਹੁਣ ਤੋਂ ਹੀ ਕੰਮ ਕਰਨਾ ਬਿਹਤਰ ਹੋਵੇਗਾ।

# ਲਾਲੀ ਬਾਬਾ: ਪਟਿਆਲੇ ਦੇ ਭੂਤਵਾੜੇ ਦਾ ਇਕ ਅਦਭੁਤ ਵਰਤਾਰਾ

ਭੂਤਵਾੜਾ ਤੋਂ ਸਾਡੀ ਮੁਰਾਦ 1961-62 ਤੋਂ ਲੈ ਕੇ 1964-65 ਤੱਕ ਪਟਿਆਲੇ ਵਿਚ ਪੈਦਾ ਹੋਏ ਭੂਤਵਾੜੇ ਤੋਂ ਹੈ। ਮੁਢਲੇ ਤੌਰ 'ਤੇ ਇਹ ਸ਼ਬਦ ਮਹਿੰਦਰਾ ਕਾਲਜ, ਪਟਿਆਲਾ ਦੀ ਐਮ.ਏ. ਪੰਜਾਬੀ ਦੇ 1961-62 ਵਿਚ ਦਾਖਲ ਹੋਏ ਵਿਦਿਆਰਥੀਆਂ ਦੇ ਉਸ ਟੋਲੇ ਨਾਲ ਜੁੜਿਆ ਜਿਹੜਾ ਲੋਅਰ ਮਾਲ ਯਾਨੀ ਫੁਹਾਰਾ ਚੌਕ ਤੋਂ ਮਹਿੰਦਰਾ ਕਾਲਜ ਵੱਲ ਜਾਂਦੀ ਸੜਕ 'ਤੇ ਉਸਤਾਦਾਂ ਦੇ ਉਸਤਾਦ ਪ੍ਰੋਫੈਸਰ ਪ੍ਰੀਤਮ ਸਿੰਘ (ਮਹਾਂਭੂਤ) ਦੇ ਘਰ ਦੇ ਸਾਹਮਣੇ ਇੱਕ ਸੁੰਨੀ ਜਿਹੀ ਕੋਠੀ ਵਿਚ ਰਹਿੰਦੇ ਸਨ। ਇਸ ਜਮਾਤ ਵਿਚ ਨਵਤੇਜ ਭਾਰਤੀ, ਹਰਿੰਦਰ ਮਹਿਬੂਬ, ਹਰਬੰਸ ਬਰਾੜ, ਸੁਰਜੀਤ ਬੈਂਸ,



ਰਾਜਿੰਦਰ ਪਾਲ ਸਿੰਘ ਬਰਾੜ
ਫੋਨ: +91-98150-50617

ਸੁਰਿੰਦਰ ਚਾਹਲ, ਅਨੂਪ ਸਿੰਘ ਸਨ ਜਦੋਂਕਿ ਕੁਲਵੰਤ ਗਰੇਵਾਲ ਇੱਕ ਜਮਾਤ ਅੱਗੇ ਅਤੇ ਦਰਬਾਰਾ ਸਿੰਘ ਇੱਕ ਜਮਾਤ ਪਿੱਛੇ ਸਨ। ਪ੍ਰੋਫੈਸਰ ਪ੍ਰੀਤਮ ਸਿੰਘ, ਪ੍ਰੋਫੈਸਰ ਦਲੀਪ ਕੌਰ ਟਿਵਾਣਾ, ਪ੍ਰੋਫੈਸਰ ਗੁਰਚਰਨ ਸਿੰਘ ਅਤੇ ਪ੍ਰੋਫੈਸਰ ਉਮਰਾਓ ਸਿੰਘ ਇਨ੍ਹਾਂ ਦੇ ਅਧਿਆਪਕ ਸਨ ਅਤੇ ਉਸ ਸਮੇਂ ਅੰਗਰੇਜ਼ੀ ਦੇ ਪ੍ਰੋਫੈਸਰ ਸੋਮ ਪ੍ਰਕਾਸ਼ ਰੰਚਨ ਅਤੇ ਪ੍ਰੋਫੈਸਰ ਰਾਜ਼ਦਾਨ ਵੀ ਇੱਥੇ ਹੀ ਸਨ।

ਇਸ ਭੂਤਵਾੜੇ ਦਾ ਇੱਕ ਪਾਤਰ ਲਾਲੀ ਬਾਬਾ ਉਰਫ਼ ਹਰਦਿਲਜੀਤ ਸਿੰਘ ਸਿੱਧੂ ਸੀ। ਲਾਲੀ ਬਾਬੇ ਨੇ ਬਹੁਤ ਸਾਹਿਤ ਪੜ੍ਹਿਆ ਪਰ ਜਿੰਨਾ ਪੜ੍ਹਿਆ ਉਸ ਤੋਂ ਵੱਧ ਜੀਵਿਆ। ਉਸਨੇ ਸਾਰੀ ਜ਼ਿੰਦਗੀ ਭੂਤਵਾੜੇ ਦੀ ਮਿੱਥ ਜਿਉਂਈ। ਇਸੇ ਕਰਕੇ ਹਰ ਮਿਲਣ ਵਾਲੇ ਬੰਦੇ ਦਾ ਆਪਣੇ ਹਿੱਸੇ ਦਾ ਆਪਣਾ ਲਾਲੀ ਹੈ। ਇਹ ਨਵਤੇਜ ਭਾਰਤੀ ਦੀ ਕਾਵਿਕ ਅੱਖ ਰਾਹੀਂ ਹੋਰ ਤਰ੍ਹਾਂ ਦਿਸਦਾ ਹੈ। ਹਰਪਾਲ ਪੰਨੂ ਨੂੰ ਲਾਲੀ ਤੋਂ ਪਹਿਲਾਂ ਲਾਲੀ ਦਾ ਪਿਓ ਦਿਸਦਾ ਹੈ। ਸਿਧਾਰਥ ਨੂੰ ਲਾਲੀ ਹੋਰੂੰ ਪ੍ਰਭਾਵਿਤ ਕਰਦਾ ਸੀ ਜਿਸਨੂੰ ਅੱਜ ਲਾਲੀ ਦੀ ਔਲਾਦ ਬਾਰੇ ਵੀ ਫ਼ਿਕਰਮੰਦੀ ਹੈ। ਨੂਰ ਸਾਹਿਬ ਪਰਿਵਾਰਕ ਪਿਛੋਕੜ ਬਾਰੇ ਤਰਸ਼ਿੰਦਰ ਨੂੰ ਇਸ ਤਰ੍ਹਾਂ ਦੱਸਦੇ ਹਨ, "ਲਾਲੀ ਦਾ ਜਿਹੜਾ ਪਿਉ ਸੀ ਨਾ ਉਹ ਮਹਾਰਾਜੇ ਦੇ ਸਰਦਾਰਾਂ ਵਿਚੋਂ ਇੱਕ ਸੀ। ਮਹਾਰਾਜਾ ਪਟਿਆਲਾ ਨੇ ਕ੍ਰਿਕਟ ਟੀਮ ਵੀ ਸਭ ਤੋਂ ਪਹਿਲਾਂ ਬਣਾਈ ਸੀ। ਕ੍ਰਿਕਟ ਦੀ ਗਰਾਊਂਡ ਵੀ ਬਣਾਈ, ਮੈਚ ਹੁੰਦੇ ਸੀ ਇੰਗਲੈਂਡ ਨਾਲ। ਲਾਲੀ ਦਾ ਪਿਤਾ ਕ੍ਰਿਕਟ ਦਾ ਖਿਡਾਰੀ ਵੀ ਸੀ, ਪਰ ਬਹੁਤ ਵੱਡਾ ਰਾਠ ਆਦਮੀ ਸੀ ਜਗੀਰਦਾਰ, ਪਰ ਉਂਝ ਬਹੁਤ ਅੱਛਾ ਆਦਮੀ ਸੀ। ਲਾਲੀ ਦੇ ਵਿਚ ਇੱਕ ਤਾਂ ਇਹ ਸੀ ਬਈ ਉਹ ਫਿਊਡਲਿਜ਼ਮ ਤੋਂ ਬਦਲਾ ਲੈਣ ਦੀ ਇੱਛਾ ਰੱਖਦਾ ਸੀ, ਇਕੱਲਾ-ਇਕੱਲਾ ਪੁੱਤਰ ਸੀ, ਜ਼ਮੀਨਾਂ ਤੇ ਦੂਜੀ ਜਾਇਦਾਦ ਛੱਡ ਵੀ ਨਹੀਂ ਸੀ ਸਕਦਾ। ਜਿਹੜੇ ਫਿਊਡਲ ਮੁੰਡੇ ਨੇ ਜਿਹੜੇ ਪੜ੍ਹ-ਲਿਖ ਵੀ ਜਾਂਦੇ ਨੇ ਤੇ ਵਿਦਰੋਹ ਵੀ ਕਰਦੇ ਨੇ, ਉਹ ਆਪਣੀ ਜਾਇਦਾਦ ਨਹੀਂ ਛੱਡਦੇ। ਲਾਲੀ ਪੜ੍ਹ-ਲਿਖ ਕੇ ਬੰਬੇ ਚਲਾ ਗਿਆ। ਇਹਦੇ ਮਨ ਵਿਚ ਸ਼ੌਕ ਉਠਿਆ ਬਈ ਐਕਟਰ ਬਣਿਆ ਜਾਏ, ਪਰ ਐਕਟਰ ਕਿੱਥੇ ਬਣਨਾ ਸੀ, ਪਿਉ ਨੇ ਫਲੈਟ ਵੀ ਲੈ ਦਿੱਤਾ ਬੰਬੇ 'ਚ ਕੁਝ ਦਿਨ ਰਹਿੰਦਾ ਵੀ ਰਿਹਾ। ਫਿਰ ਬਾਅਦ 'ਚ ਉਹਦਾ ਜੀਅ ਨਹੀਂ ਲੱਗਿਆ ਬੰਬੇ ਤੇ ਵਾਪਸ ਆ ਗਿਆ। ਫਿਰ ਇਹ ਪੜ੍ਹਨ-ਲਿਖਣ 'ਚ ਜ਼ਿਆਦਾ ਲੀਨ ਹੋ ਗਿਆ। ਉਹ ਉਸ ਤਰ੍ਹਾਂ ਨਹੀਂ ਸੀ ਭੁਤਵਾੜੇ 'ਚ ਰਹਿੰਦਾ, ਉਹਦਾ ਘਰ ਪਟਿਆਲੇ ਹੀ ਸੀ। ਨਾਨਕੇ ਬੂਟਰ ਨੇ ਤੇ ਮੋਗੇ ਕੋਲੇ ਸਨ, ਮੋਗੇ ਉਹਦਾ ਮਾਮਾ ਹੁੰਦਾ ਸੀ ਰਣਜੀਤ ਸਿੰਘ ਗਿੱਲ। ਰਣਜੀਤ ਸਿੰਘ ਗਿੱਲ ਮੋਗੇ 'ਚ ਜੁਡੀਸ਼ੀਅਲ ਮੈਜਿਸਟਰੇਟ ਹੁੰਦਾ ਸੀ, ਉਹਨੂੰ ਸਰਕਾਰ ਨੇ ਘਰ ਵਿਚ ਹੀ ਅਦਾਲਤ ਲਾਉਣ ਦੀ ਇਜਾਜ਼ਤ ਦਿੱਤੀ ਹੋਈ ਸੀ, ਬੜਾ ਪੜ੍ਹਿਆ-ਲਿਖਿਆ ਬੰਦਾ ਸੀ ਉਹ। ਬਾਅਦ ਵਿਚ ਉਸ ਨੂੰ ਫਿਊਡਲਿਜ਼ਮ ਦੇ ਜਾਣ ਦੇ ਝੋਰੇ ਕਰਕੇ ਬੜਾ ਧੱਕਾ ਲੱਗਾ ਤੇ ਉਹ ਪਾਗਲ ਹੋ ਗਿਆ। ਹੁਣ ਸ਼ਾਇਦ ਉਸ ਦੀ ਮੌਤ ਹੋ ਚੁੱਕੀ ਐ। ਉਹ ਆਪਣਾ ਸ਼ਰਾਬ ਦਾ ਗਲਾਸ ਲੈ ਕੇ ਬਾਜ਼ਾਰ 'ਚ ਨਿਕਲ ਤੁਰਦਾ ਸੀ। ਉਸ ਦੇ ਮਨ ਵਿਚ ਤਾਂ ਇਹ ਸੀ ਪਈ ਮੈਂ ਜਗੀਰਦਾਰ ਹਾਂ, ਵੈਸੇ ਉਹ ਪੜ੍ਹਿਆ-ਲਿਖਿਆ ਵੀ ਸੀ। ਲਾਲੀ ਵਿਚ ਪੜ੍ਹਨ-ਲਿਖਣ ਦੀ ਸਾਰੀ ਗੱਲ ਆਪਣੇ ਮਾਮੇ ਤੋਂ ਆਈ। ਮਾਮੇ ਨਾਲ ਉਹਦਾ ਬਹੁਤ ਜ਼ਿਆਦਾ ਲਗਾਉ ਸੀ। ਲਾਲੀ ਨੇ ਪੜ੍ਹਿਆ ਬਹੁਤ, ਹਰ ਨਵੀਂ ਕਿਤਾਬ ਪਹਿਲਾਂ-ਪਹਿਲਾਂ ਭੁਤਵਾੜੇ 'ਚ ਇੰਟਰੋਡਿਊਸ ਲਾਲੀ ਨੇ ਹੀ ਕੀਤੀ ਕਿਉਂਕਿ ਉਹ ਆਰਥਿਕ ਤੌਰ 'ਤੇ ਮਜ਼ਬੂਤ ਸੀ। ਉਹ ਰਈਸ ਤਾਂ ਸੀ ਪਰ ਉਹਨੇ ਲਿਖਿਆ ਕੁਝ ਨਹੀਂ।"

ਜਦੋਂ ਅਸੀਂ ਪਿਛਲੀ ਸਦੀ ਦੇ ਨੌਵੇਂ ਦਹਾਕੇ ਪੰਜਾਬੀ ਯੂਨੀਵਰਸਿਟੀ ਆਏ ਤਾਂ ਉਸ ਸਮੇਂ ਭੂਤਵਾੜਾ ਬਿਖਰੇ ਨੂੰ ਤਿੰਨ ਦਹਾਕੇ ਹੋ ਗਏ ਸਨ। ਸਭ ਆਪੋ ਆਪਣੇ ਰਾਹ ਪਏ ਸਨ। ਖਿੰਡੇ-ਪੁੰਡੇ ਭੂਤਵਾੜੇ ਦੀ ਦਰਬਾਨੀ ਤੇ ਸ਼ਹਿਨਸ਼ਾਹੀ ਦੋਵੇਂ ਲਾਲੀ ਜ਼ਿੰਮੇ ਸੀ। ਉਸਨੇ ਹੀ ਝਾੜੂ ਲਗਾਉਣਾ ਸੀ, ਉਸਨੇ ਹੀ ਗੱਦੀ ਬੈਠਣਾ ਸੀ। ਵਿਦਿਆਰਥੀ ਜੀਵਨ ਦੀ ਮਲੰਗੀ ਨੂੰ ਕਬੀਲਦਾਰੀ ਤੇ ਨੌਕਰੀ ਦੀ ਜੋਗ ਨੇ ਦੁਨੀਆਦਾਰੀ ਦੀ ਗਾਡੀ ਰਾਹ 'ਤੇ ਪਾ ਦਿਆ ਸੀ। ਅਜਿਹੀ ਸਥਿਤੀ ਵਿਚ ਲਾਲੀ ਬਾਬਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕੌਫੀ ਹਾਊਸ ਵਿਚ ਸਾਡੇ ਵਰਗੇ ਨਵੇਂ ਟੋਟਰੂਆਂ ਨੂੰ ਦਰਸ਼ਨ ਦਿੰਦਾ ਸੀ। ਕੱਟੀ ਦਾੜ੍ਹੀ, ਕੱਟੇ ਵਾਲ, ਥੋੜ੍ਹੇ ਕਾਲੇ- ਬਹੁਤੇ ਚਿੱਟੇ। ਅਤਿ ਸਾਧਾਰਨ ਪੈਂਟ ਕਮੀਜ਼, ਬਹੁਤੀ ਵਾਰ ਹੱਥ ਵਿਚ ਕਿਤਾਬ, ਗਲ ਲੰਮੀ ਤਣੀ ਵਾਲਾ ਝੋਲਾ, ਤੁਰਦਾ ਫਿਰਦਾ ਦਾਰਸ਼ਨਿਕਤਾ ਦਾ ਮੌਖਿਕ ਦਰਿਆ। ਮੈਂ ਹਮੇਸ਼ਾ ਦੂਰੋਂ ਦੇਖਦਾ, ਸੁਣੀਆਂ ਕਹਾਣੀਆਂ ਦੇ ਪ੍ਰਭਾਵ ਅਧੀਨ ਮਿਲ ਬੈਠਣਾ ਸੋਚਦਾ ਪਰ ਸਬੱਬ ਨਾ ਬਣਦਾ। ਮੈਨੂੰ ਉਹ ਕਾਮੂ ਲਗਦਾ ਤੇ ਫੈਸੀਨੇਟ ਕਰਦਾ। ਰਿਸਰਚ ਸਕਾਲਰ ਬਣਨ ਬਾਅਦ ਇਕੱਲੇ ਹੀ ਲਾਲੀ ਦੀ ਸੰਗਤ ਮਾਣਨ ਦਾ ਮੌਕਾ ਬਣਨ ਲੱਗਾ। ਅੱਧਾ ਸੈੱਟ ਚਾਹ 'ਤੇ ਅੱਧੀ ਦਿਹਾੜੀ ਗੁਜ਼ਰਨ ਲੱਗੀ। ਮੇਰੇ ਅੰਦਰੋਂ ਲਾਲੀ ਦਾ ਰਹੱਸਮਈ ਉੱਚ ਬੌਧਿਕ ਰੁਤਬਾ ਤਾਂ ਖੁੱਸਦਾ ਗਿਆ ਪਰ ਉਸ ਨੂੰ ਜਾਣਨ ਦੀ ਭੁੱਖ ਵਧੇਰੇ ਵਧ ਗਈ। ਦੱਸਿਆ ਗਿਆ ਸੀ ਕਿ ਉਹ ਬਹੁਤ ਵਿਦਵਾਨ ਹੈ। ਬਿਨਾਂ ਸ਼ੱਕ ਉਹ ਸਾਰਤਰ ਦੀ ਕਿਤਾਬ ਤੋਂ ਲੈ ਕੇ ਬੰਗਾਲੀ ਨਾਟਕਕਾਰ ਬਾਦਲ ਸਰਕਾਰ ਤੱਕ, ਸੱਤਿਆਜੀਤ ਰੇਅ ਦੀਆਂ ਫਿਲਮਾਂ ਤੋਂ ਲੈ ਕੇ ਵਾਨਗਾਗ ਦੀਆਂ ਪੇਂਟਿੰਗ ਤੱਕ ਹਰ ਵਿਸ਼ੇ 'ਤੇ ਜਾਣਕਾਰੀ ਦਾ ਭੰਡਾਰ ਸੀ। ਹਰ ਵਿਸ਼ੇ 'ਤੇ ਬੋਲ ਸਕਦਾ ਸੀ। ਉਸ ਕੋਲ ਆਪਣੇ ਵਿਸ਼ੇ ਬਾਰੇ ਦਲੀਲਾਂ ਦਾ ਸੰਗ੍ਰਹਿ ਹੁੰਦਾ ਸੀ ਪਰ ਜੇ ਇੱਕ ਤੋਂ ਵੱਧ ਵਾਰ ਸੁਣ ਲੈਣਾ ਤਾਂ ਪਤਾ ਲਗਦਾ ਕਿ ਉਸ ਦੇ ਕੋਈ ਪੱਕੇ ਪੀਢੇ ਵਿਚਾਰ ਨਹੀਂ। ਜੇ ਅੱਜ ਚੈਖਵ ਦੁਨੀਆ ਦਾ ਮਹਾਨ ਕਥਾਕਾਰ ਹੈ ਤਾਂ ਕੱਲ੍ਹ ਦੋਸਤੋਵਸਕੀ ਵੀ ਹੋ ਸਕਦਾ ਹੈ। ਅੱਜ ਜੇ ਸਭ ਕੁਝ ਸਾਰਤਰ ਹੈ ਤਾਂ ਕੱਲ੍ਹ ਮੋਰਲੀ ਪੋਂਟੀ ਵੀ ਹੋ ਸਕਦਾ ਹੈ। ਵੱਡੀ ਗੱਲ ਤਾਂ ਇਹ ਹੁੰਦੀ ਕਿ ਚਲਦੇ ਪ੍ਰਸੰਗ ਵਿਚ ਬਾਬੇ ਨੇ ਕਿਹੜੀ ਤੰਦ ਛੋਹੀ ਹੈ, ਦਲੀਲਾਂ ਦਾ ਪਾਣੀ ਜਿੱਧਰ ਵਗ ਪਿਆ, ਓਧਰ ਹੀ ਵਹਾਅ ਬਣ ਜਾਂਦਾ ਸੀ।

ਦਲੀਪ ਕੌਰ ਟਿਵਾਣਾ ਨੇ ਨਵਾਂ ਨਾਵਲ ਲਿਖਿਆ। ਇੱਕ ਬੈਠਕ ਵਿਚ ਪੜ੍ਹਿਆ ਗਿਆ। ਮੈਡਮ ਨੇ ਰਾਇ ਪੁੱਛੀ। ਮੈਡਮ ਅੱਗੇ ਹਮਾਤੜਾਂ ਤੁਮਾਤੜਾਂ ਨੇ ਕੀ ਰਾਇ ਦੇਣੀ ਸੀ। ਲਾਲੀ ਬਾਬਾ ਬੋਲਿਆ, "ਨਾਵਲ ਛਾਪਣ ਸਮੇਂ ਆਖਰੀ ਕੁਝ ਪੰਨੇ ਖਾਲੀ ਛੱਡ ਦਿਓ। ਅਗਲਾ ਆਪਣੀ ਰਾਇ ਲਿਖ ਕੇ ਨਾਵਲ ਮੁਕੰਮਲ ਕਰ ਦੇਵੇਗਾ।" ਮੈਡਮ ਨੇ ਪੁੱਛਿਆ, "ਤੁਸੀਂ ਆਪਣੀ ਰਾਇ ਦੇਵੋਂ।" ਲਾਲੀ ਬਾਬੇ ਨੇ ਫ਼ੁਰਮਾਇਆ, 'ਮੇਰੀ ਇਹੀ ਰਾਇ ਐ ਆਖਰੀ ਪੰਨੇ ਖਾਲੀ ਛੱਡੇ ਜਾਣ।" ਉਸ ਸਮੇਂ ਐਂਥਰੋਪੋਲੋਜੀ ਲਿੰਗੁਇਸਟਿਕ ਡਿਪਾਰਟਮੈਂਟ ਹਰਜੀਤ ਗਿੱਲ ਵਾਲੀ ਚੜ੍ਹਤ ਗੁਆ ਚੁੱਕਾ ਸੀ। ਵਿਭਾਗ ਵਿਚ ਐੱਸ.ਐੱਸ. ਜੋਸ਼ੀ, ਸੁਰਜੀਤ ਲੀ, ਮੁਖਤਾਰ ਗਿੱਲ, ਬੀ. ਪ੍ਰਕਾਸ਼ਮ ਅਤੇ ਚੰਚਲ ਸਿੰਘ ਕੰਮ ਕਰ ਰਹੇ ਸਨ। ਜੋਗਿੰਦਰ ਸਿੰਘ ਪੁਆਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਚੱਕਰ ਕੱਟ ਕੇ ਪੰਜਾਬੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਆ ਲੱਗਾ ਸੀ। ਲਾਲੀ ਬਾਬਾ ਵਿਭਾਗ ਘੱਟ ਹੀ ਜਾਂਦਾ। ਸਿੱਧਾ ਕੌਫੀ ਹਾਊਸ ਹੀ ਆਉਂਦਾ। ਉਸੇ ਸਮੇਂ ਲਾਲੀ ਦੀ ਰਿਟਾਇਰਮੈਂਟ ਹੋਈ। ਉਸ ਸਮੇਂ ਦੇ ਨਿਯਮਾਂ ਅਨੁਸਾਰ ਐਕਸਟੈਨਸ਼ਨ ਵੀ ਹੋਈ। ਪਤਾ ਲੱਗਾ ਕਿ ਅਕਸਟੈਨਸ਼ਨ ਦੀ ਤਨਖਾਹ ਲੈਣ ਲਈ ਕੋਈ ਕੀਤੇ ਕੰਮ ਦੀ ਰਿਪੋਰਟ ਜਮ੍ਹਾਂ ਕਰਾਉਣੀ ਪੈਂਦੀ ਸੀ। ਉਨ੍ਹਾਂ ਨੂੰ ਆਖਿਆ ਗਿਆ ਕਿ ਰਿਪੋਰਟ ਜਮ੍ਹਾਂ ਕਰਵਾਈ ਜਾਵੇ, ਨਹੀਂ ਤਾਂ ਤਨਖਾਹ ਵਾਪਸ ਜਮ੍ਹਾਂ ਕਰਾਉਣੀ ਪਵੇਗੀ। ਪਤਾ ਚੱਲਿਆ ਕਿ ਉਸ ਨੇ ਤਾਂ ਅਕਸਟੈਨਸ਼ਨ ਦੇ ਸਮੇਂ ਤਨਖਾਹ ਚਾਲੂ ਹੀ ਨਹੀਂ ਕਰਵਾਈ ਸੀ। ਅਜਿਹੀ ਮਸਤ ਮਲੰਗੀ ਸੀ।

ਇੱਕ ਵਾਰ ਮੈਂ ਪੁੱਛਿਆ, "ਕੀ ਪੜ੍ਹਨਾ ਚਾਹੀਦਾ ਹੈ?" ਬਾਬਾ ਕਹਿੰਦਾ, "ਲਾਇਬ੍ਰੇਰੀ ਭਰੀ ਪਈ ਹੈ, ਕੁਝ ਵੀ ਪੜ੍ਹ ਲਓ।" ਮੈਂ ਕਿਹਾ, "ਲਾਇਬ੍ਰੇਰੀ ਤਾਂ ਭਰੀ ਪਈ ਐ, ਕਿਹੜੇ ਪਾਸਿਉਂ ਲੱਗੀਏ?" ਕਹਿੰਦਾ, "ਜਿਹੜੇ ਮਰਜ਼ੀ ਪਾਸਿਉਂ ਲੱਗ ਜੋ।" ਮੈਂ ਖਹਿੜਾ ਛੱਡਣ ਵਾਲਾ ਨਹੀਂ ਸੀ। ਪੁੱਛਿਆ, "ਗੋਰਕੀ ਪੜ੍ਹੀਏ ਜਾਂ ਤੁਰਗਨੇਵ?" ਕਹਿੰਦਾ, "ਚੈਖਵ ਜਾਂ ਦੋਸਤੋਵਸਕੀ ਤੋਂ ਵੀ ਪਹਿਲਾਂ ਬਾਲਜ਼ਾਕ ਪੜ੍ਹਨਾ ਚਾਹੀਦੈ।" ਫੇਰ ਨੋਬਾਕੋਵ ਦੀ 'ਲੋਲਿਤਾ' ਦੀ ਕਹਾਣੀ ਸੁਣਾਉਣ ਲੱਗਾ। ਮੈਂ ਨਾਵਲ ਪੜ੍ਹਿਆ ਸੀ। ਇਸ ਕਰਕੇ ਭਰਵਾਂ ਹੁੰਗਾਰਾ ਭਰ ਰਿਹਾ ਸੀ ਕਿ ਉਹ ਕਾਂਟਾ ਮੋੜ ਕੇ ਹੈਮਿੰਗਵੇ ਵੱਲ ਲੈ ਗਿਆ। ਮੈਂ 'ਫੇਅਰਵੈੱਲ ਟੂ ਆਰਮਜ਼' ਬਾਰੇ ਕੁਝ ਪੁੱਛਣ ਹੀ ਲੱਗਾ ਸੀ ਕਿ ਉਸ ਨੇ ਮੰਟੋ ਦੀ ਕਹਾਣੀ ਬਾਰੇ ਗੱਲ ਸ਼ੁਰੂ ਕਰ ਦਿੱਤੀ। ਖ਼ੈਰ! ਇੱਕ ਪਹਿਰ ਦੀ ਮੀਟਿੰਗ ਪਿੱਛੋਂ ਪੁਸਤਕਾਂ ਦੇ ਨਾਂ ਤਾਂ ਬਹੁਤ ਆਏ, ਪਰ ਗੱਲ ਕਿਸੇ ਤਣ-ਪੱਤਣ ਨਾ ਲੱਗੀ। ਇੱਕ ਹੋਰ ਦਿਨ ਮੈਂ ਪੁੱਛਿਆ, "ਬਾਬਿਓ, ਪੰਜਾਬੀ ਵਿਚ ਕੌਣ ਵਧੀਆ ਲਿਖਦਾ ਹੈ?" ਕਹਿੰਦਾ, "ਕਹਿਣ ਨੂੰ ਤਾਂ ਸਾਰੇ ਵਧੀਆ ਲਿਖਦੇ ਐ ਪਰ ਲਿਖਣਾ ਕੋਈ ਬੰਗਾਲੀਆਂ ਤੋਂ ਸਿੱਖੇ।" ਬੰਗਾਲੀਆਂ ਤੋਂ ਗੱਲ ਸੱਤਿਆਜੀਤ ਰਾਹੀਂ ਫਿਲਮ ਇੰਡਸਟਰੀ ਵਿਚ ਵੜ ਗਈ ਜੋ ਸਿਤਾਰਾ ਦੇਵੀ ਤੋਂ ਲੈ ਕੇ ਸਮਿਤਾ ਪਾਟਿਲ ਤੱਕ ਘੁੰਮਦੀ ਰਹੀ ਪਰ ਇਹ ਸਾਰੀਆਂ ਗੱਲਾਂ ਤਾਂ ਪਿਆਜ਼ ਦੇ ਛਿਲਕਿਆਂ ਨਿਆਈਂ ਹੀ ਸੀ, ਬਦਾਮ ਦੀ ਗਿਰੀ ਤਾਂ ਉਹ ਆਪ ਹੀ ਖਾ ਜਾਂਦਾ ਸੀ। ਉਸ ਕੋਲ ਪੜ੍ਹਨ ਦਾ ਆਨੰਦ ਸੀ, ਸਰੋਤੇ ਪੱਲੇ ਤਾਂ ਲਾਲੀ ਨੂੰ ਸੁਣਨ ਦਾ ਆਨੰਦ ਹੀ ਸੀ। ਪਹਿਲਾਂ ਪਹਿਲ ਉਸ ਦੀਆਂ ਸਾਹਿਤ ਸੱਭਿਆਚਾਰ ਤੇ ਕਲਾ ਬਾਰੇ ਗੱਲਾਂ ਤਲਿਸਮ ਸਿਰਜਦੀਆਂ। ਮੈਂ ਮੰਤਰ ਮੁਗਧ ਹੋ ਕੇ ਸੁਣਦਾ। ਹੌਲੀ-ਹੌਲੀ ਤਲਿਸਮ ਘਟਣ ਲੱਗਿਆ। ਲਾਲੀ ਬਾਬਾ ਅਜੇ ਵੀ ਕੌਫੀ ਹਾਊਸ ਆਉਂਦਾ, ਬੈਠਦਾ, ਕੁਝ ਪੁਰਾਣੇ ਅਧਿਆਪਕ ਮਿਲਦੇ, ਕੁਝ ਨਵੇਂ ਖੋਜਾਰਥੀ ਗੱਲਾਂ ਸੁਣਦੇ ਪਰ ਉਸ ਦੀਆਂ ਗੱਲਾਂ ਘਟ ਗਈਆਂ। ਹੱਥਾਂ ਦੇ ਇਸ਼ਾਰੇ ਵਧ ਗਏ। ਕੌਫੀ ਹਾਊਸ ਉਜੜ ਗਿਆ ਤੇ ਅਖੀਰ ਬੰਦ ਹੋ ਗਿਆ। ਬਾਬੇ ਦੇ ਚੱਕਰ ਘਟ ਗਏ। ਪਤਾ ਲੱਗਾ ਕਿ ਉਹ ਮਿਊਟ ਹੋ ਗਿਆ ਤੇ ਇੱਕ ਦਿਨ ਤੁਰ ਗਿਆ ਭਰਿਆ ਭਰਿਆ, ਸੱਖਣਾ ਸੱਖਣਾ। ਪਿੱਛੇ ਰਹਿ ਗਈਆਂ ਯਾਦਾਂ, ਯਾਦਾਂ ਨਾਲ ਜੁੜੀ ਮੌਖਿਕ ਇਤਿਹਾਸਕਾਰੀ।

ਕੁੱਲ ਕਹਾਣੀ ਤਾਂ ਏਨੀ ਕੁ ਹੈ ਕਿ ਜ਼ਿਲ੍ਹਾ ਸੰਗਰੂਰ ਦੇ ਪਿੰਡ ਫਤਿਹਗੜ੍ਹ ਦੇ ਜਾਗੀਰਦਾਰ ਪਰਿਵਾਰ ਦਾ ਪੁੱਤਰ ਹਰਦਿਲਜੀਤ ਸਿੰਘ ਸਿੱਧੂ (ਲਾਲੀ) ਦੀ ਤਰਜ਼ੇ ਜ਼ਿੰਦਗੀ ਨਾ ਮੱਧਕਾਲੀ ਜਾਗੀਰਦਾਰਾਂ ਵਾਲੀ ਸੀ ਅਤੇ ਨਾ ਹੀ ਆਧੁਨਿਕ ਪ੍ਰੋਫੈਸਰਾਂ ਵਾਲੀ। ਉਸ ਦੀ ਜ਼ਿੰਦਗੀ ਸੂਫ਼ੀ ਫ਼ਕੀਰਾਂ ਵਾਲੀ ਸੀ ਜਿਸ ਨੇ ਸਭ ਕੁਝ ਤਿਆਗਿਆ ਹੋਵੇ। ਜਾਗੀਰਦਾਰੀ ਸ਼ਾਨ ਵੀ ਤੇ ਆਧੁਨਿਕ ਸ਼ਹਿਰੀ ਐਸ਼ੋ-ਇਸ਼ਰਤ ਵਾਲੀਆਂ ਸੁੱਖ ਸਹੂਲਤਾਂ ਵੀ। ਲਾਲੀ ਦੇ ਧੀਆਂ ਪੁੱਤਰਾਂ ਦਾ ਪਿਛੋਕੜ ਤਾਂ ਜਾਗੀਰਦਾਰੀ ਸੀ ਤੇ ਇੱਛਾਵਾਂ ਆਧੁਨਿਕ ਸਾਰੀਆਂ ਸੁੱਖ ਸਹੂਲਤਾਂ ਨੂੰ ਭੋਗਣ ਦੀਆਂ ਸਨ, ਪਰ ਇਸ ਲਈ ਕੀਤੇ ਜਾਣ ਵਾਲੇ ਸਾਰੇ ਮਿਹਨਤੀ ਅਤੇ ਮੀਸਣੇ ਦੋਵਾਂ ਕਾਰਜਾਂ ਤੋਂ ਅਣਜਾਣ ਸਨ। ਮੱਧਵਰਗੀ ਸ਼ਹਿਰੀ ਨੌਕਰੀਸ਼ੁਦਾ ਜ਼ਿੰਦਗੀ ਸੰਜਮ ਅਤੇ ਜੁਗਾੜ ਨਾਲ ਚੱਲਦੀ ਹੈ। ਟੱਬਰ ਸੰਜਮੀ ਨਹੀਂ ਸੀ ਅਤੇ ਲਾਲੀ ਜੁਗਾੜੀ ਨਹੀਂ ਸੀ। ਬੱਚੇ ਯਾਦਵਿੰਦਰਾ ਸਕੂਲ ਵਿਚ ਪੜ੍ਹੇ, ਚੰਗੀਆਂ ਗੱਡੀਆਂ ਵਿਚ ਘੁੰਮੇ, ਵਧੀਆ ਕੋਠੀਆਂ ਵਿਚ ਰਹੇ, ਆਪਣੀ ਤਰਜ਼ ਦੀ ਸ਼ਾਹਾਨਾ ਜ਼ਿੰਦਗੀ ਵਿਚ ਪਲੇ ਪਰ ਇਸੇ ਲਾਲੀ ਪਰਿਵਾਰ ਕੋਲ ਆਖਰੀ ਸਮੇਂ ਸਿਰ ਲੁਕਾਉਣ ਲਈ ਛੱਤ ਮਸਾਂ ਹੀ ਬਚੀ ਸੀ। ਮਾਲ ਰੋਡ ਵਾਲੀ ਕੋਠੀ ਨਵਜੋਤ ਸਿੰਘ ਸਿੱਧੂ ਕੋਲ ਵਿਕ ਚੁੱਕੀ ਸੀ। ਲਾਲੀ ਦੀ ਦੁਨੀਆ ਹੋਰ ਤੇ ਪਰਿਵਾਰ ਦੀ ਦੁਨੀਆ ਹੋਰ ਸੀ। ਉਹ ਪਰਿਵਾਰ ਵਿਚ ਵੀ ਬਾਹਰਲਾ ਹੀ ਸੀ। ਆਪ ਸਹੇੜੀ ਫ਼ਕੀਰੀ ਤੋਂ ਵੀ ਬੇਲਾਗਤਾ ਦਾ ਸ਼ਿਕਾਰ ਸੀ।

ਮਹਿਫ਼ਿਲ ਵਿਚ ਬੈਠਾ ਹੱਥ ਵਿਚ ਪੈਗ, ਹੌਲੀ-ਹੌਲੀ ਸਿੱਪ ਕਰ ਰਿਹਾ। ਸਾਰੇ ਰੌਲਾ ਪਾਉਂਦੇ ਹਨ, ਚੱਕੋ ਚੱਕੋ। ਉਹ ਸਹਿਜ ਨਾਲ ਆਖਦਾ ਹੈ, "ਕਾਹਲੀ ਕਾਹਦੀ ਐ?" ਮਿੱਤਰ ਦੇ ਘਰ ਮਹਿਫ਼ਿਲ ਹੈ। ਮਿੱਤਰ ਪਤਾ ਨਹੀਂ ਘਰਵਾਲੀ ਦੇ ਦਬਾਅ ਕਾਰਨ ਜਾਂ ਮਹਿਫ਼ਿਲ ਦੇ ਖਰਚ ਤੋਂ ਡਰ ਕੇ ਅਚਾਨਕ ਮਹਿਫ਼ਿਲ ਖ਼ਤਮ ਹੋਣ ਦਾ ਐਲਾਨ ਕਰ ਦਿੰਦਾ ਹੈ। ਸਾਰੇ ਉਠ ਖੜ੍ਹਦੇ ਹਨ। ਕਿਸੇ ਹੋਰ ਮਿੱਤਰ ਦੇ ਘਰ ਮਹਿਫ਼ਿਲ ਜਾ ਜੁੜਦੀ ਹੈ। ਸਾਰੇ ਅੱਧ ਵਿਚਾਲੇ ਮਹਿਫ਼ਿਲ ਬਰਖ਼ਾਸਤ ਕਰਨ ਵਾਲੇ ਮਿੱਤਰ ਦੀ ਅਹੀ ਤਹੀ ਫੇਰਦੇ ਹਨ ਪਰ ਲਾਲੀ ਬਾਬਾ ਸਹਿਜ ਹੀ ਆਖਦਾ ਹੈ, "ਫੇਰ ਕੀ ਹੋਇਆ?"

ਉਸ ਨੇ ਪੁਸਤਕਾਂ ਨਹੀਂ ਲਿਖੀਆਂ, ਚੇਲੇ ਨਹੀਂ ਮੁੰਨੇ, ਉਹ ਮੌਖਿਕਤਾ ਦਾ ਬਾਦਸ਼ਾਹ ਸੀ। ਸਾਹਿਤ, ਸੱਭਿਆਚਾਰ, ਸਿਨੇਮਾ, ਕਲਾ, ਰਾਜਨੀਤਿਕ ਹਲਚਲ ਸਭ ਉਸ ਦੇ ਵਿਸ਼ੇ ਸਨ। ਉਸ ਦੀ ਪਹੁੰਚ ਮੌਲਿਕ ਤੇ ਦਾਰਸ਼ਨਿਕ ਸੀ ਜਿਸ ਵਿਚੋਂ ਕਿਸੇ ਨੂੰ ਮਾਰਕਸਵਾਦੀ ਤੇ ਕਿਸੇ ਨੂੰ ਅਸਤਿਤਵੀ ਧੁਨਾਂ ਸੁਣਾਈ ਦਿੰਦੀਆਂ ਸਨ। ਲਾਲੀ ਦੀ ਕਹਾਣੀ ਨੂੰ ਹਰਪਾਲ ਪੰਨੂ ਉਸ ਦੇ ਰਈਸ ਪਿਓ ਤੋਂ ਸ਼ੁਰੂ ਕਰਦਾ ਹੈ ਜਿਸ ਨੇ ਉਸ ਨੂੰ ਵਿਦਿਆਰਥੀ ਜੀਵਨ ਸਮੇਂ ਰਹਿਣ ਲਈ ਆਸਰਾ ਦਿੱਤਾ ਸੀ। ਕੰਵਲ ਧਾਲੀਵਾਲ ਉਸ ਦੀ ਕਹਾਣੀ ਉਸ ਦੀ ਔਲਾਦ 'ਤੇ ਖ਼ਤਮ ਕਰਦਾ ਹੈ। ਇਸ ਸਭ ਦਾ ਲੱਬੋ ਲਬਾਬ ਇਹੀ ਹੈ ਕਿ ਤਿੰਨ ਪੀੜ੍ਹੀਆਂ ਵਿਚ ਜ਼ਮੀਨ ਜਾਇਦਾਦਾਂ ਦੇ ਮਾਲਕ ਪੈਸੇ ਪੱਖੋਂ ਮੁਥਾਜ ਕਿਵੇਂ ਹੋ ਗਏ? ਕਿਉਂਕਿ ਕੁਝ ਵਿਅਕਤੀਗਤ ਕਮਜ਼ੋਰੀਆਂ ਵਾਲੇ ਜਾਗੀਰਦਾਰਾਂ ਨੂੰ ਛੱਡ ਕੇ ਸਭ ਦੇ ਰੁਤਬੇ ਨਵੇਂ ਯੁੱਗ ਵਿਚ ਵਧੇ ਹੀ ਹਨ ਤੇ ਲਾਲੀ ਦੇ ਪਰਿਵਾਰ ਨਾਲ ਐਸਾ ਕੀ ਵਾਪਰਿਆ ਕਿ ਇਸ ਦਾ ਕਾਰਨ ਲਾਲੀ ਸੀ ਜਾਂ ਪਰਿਵਾਰ, ਕਿਹਾ ਨਹੀਂ ਜਾ ਸਕਦਾ। ਪਰ ਇੱਕ ਗੱਲ ਪੱਕੀ ਹੈ ਕਿ ਪਰਿਵਾਰ ਦੀਆਂ ਇੱਛਾਵਾਂ ਉਚੀਆਂ ਸਨ ਅਤੇ ਲਾਲੀ ਦੁਨੀਆਦਾਰੀ ਤੋਂ ਪਰ੍ਹੇ ਸੀ।

ਸਰੋਤਾ ਸੁਣਦਾ ਵੇਖ ਕੇ ਉਸ ਦੀਆਂ ਅੱਖਾਂ ਵਿਚ ਚਮਕ ਆ ਜਾਂਦੀ। ਪਿੱਛੋਂ ਆ ਕੇ ਉਹ ਗੱਲ ਸੁਣਾਉਂਦਿਆਂ ਹੱਸਦਾ ਹੱਸਦਾ ਨੇੜੇ ਬੈਠੇ ਦੇ ਪੱਟ ਜਾਂ ਵੱਖੀ ਵਿਚ ਘੁੰਮਦੇ ਹੱਥ ਦਾ ਹਲਕਾ ਜਿਹਾ ਧੱਫਾ ਮਾਰਦਾ। ਉਸ ਸਮੇਂ ਉਹ ਪੂਰੇ ਜਲੌਅ ਵਿਚ ਹੁੰਦਾ ਸੀ। ਉਹ ਸਮਕਾਲੀ ਰਾਜਸੀ ਵੱਡੀਆਂ ਘਟਨਾਵਾਂ ਨੂੰ ਵਿਸ਼ਵ ਪਰਿਪੇਖ ਵਿਚ ਰੱਖ ਕੇ ਨਿਗੂਣੀਆਂ ਬਣਾ ਦਿੰਦਾ ਸੀ। ਸਾਹਿਤਕ ਹਵਾਲੇ ਦੇ ਕੇ ਫਿਲਮਾਂ ਵਿਚੋਂ ਪ੍ਰਸੰਗ ਸੁਣਾ ਕੇ ਘਟਨਾਵਾਂ ਨੂੰ ਦਾਰਸ਼ਨਿਕ ਰੰਗ ਵਿਚ ਰੰਗ ਦਿੰਦਾ ਤੇ ਕਈ ਵਾਰ ਉਹ ਨਿਗੂਣੀਆਂ ਘਟਨਾਵਾਂ ਨੂੰ ਵੱਡੇ ਅਰਥਾਂ ਵਿਚ ਫੈਲਾ ਦਿੰਦਾ ਸੀ।

ਉਹ ਸੰਵਾਦ ਨਹੀਂ, ਪ੍ਰਵਚਨ ਸਿਰਜਦਾ ਸੀ। ਇੱਕ ਤਰ੍ਹਾਂ ਨਾਲ ਏਕਾਲਾਪ ਸੀ ਪਰ ਇਹ ਏਕਾਲਾਪ ਸਰੋਤਿਆਂ ਦੀ ਮੌਜੂਦਗੀ ਵਿਚ ਜਲੌਅ ਫੜਦਾ ਸੀ। ਉਸ ਦਾ ਸੰਦਰਭ ਬਿੰਦੂ ਕੋਈ ਪੋਥੀ, ਪੇਂਟਿੰਗ ਜਾਂ ਫਿਲਮ ਹੁੰਦੀ ਜਿਸ ਨੂੰ ਉਹ ਆਪਣੇ ਮੌਖਿਕ ਬੌਧਿਕ ਪ੍ਰਵਚਨ ਨਾਲ ਵਿਸਤਾਰ ਦਿੰਦਾ। ਉਸ ਦੇ ਪ੍ਰਵਚਨ ਵਿਚ ਜੜ੍ਹਤਾ ਨਹੀਂ ਸੀ। ਇੱਕ ਨਹੀਂ ਦਰਜਨਾਂ ਕਲਾਕਾਰਾਂ, ਕਲਮਕਾਰਾਂ, ਕਲਾਧਾਰੀਆਂ ਦੇ ਦਿਮਾਗ਼ ਲਾਲੀ ਛਾਪ ਨੇ ਖੁਣੇ ਹੋਏ ਹਨ। ਉਸ ਦੇ ਸ਼ਬਦ ਨਵਿਆਂ ਲਈ ਬੌਧਿਕ ਰਸ ਪੈਦਾ ਕਰਦੇ ਜਿਸ ਵਿਚ ਨਸ਼ਾ ਹੁੰਦਾ ਸੀ। ਉਹ ਨਸ਼ਾ ਨਵਿਆਂ ਨੂੰ ਉਡਣ ਲਾ ਦਿੰਦਾ ਜਿਸ ਦੇ ਸਹਾਰੇ ਉਹ ਅਣਜਾਣੇ ਸੰਸਾਰ ਵਿਚ ਪਰਵਾਜ਼ ਭਰਨ ਦਾ ਹੌਸਲਾ ਕਰਦੇ। ਵੱਡੇ ਵੱਡੇ ਦਿੱਗਜਾਂ ਨੂੰ ਮੂੰਹ ਭਾਰ ਸੁੱਟਦੇ। ਕਿਸੇ ਮਨਪਸੰਦ ਵੱਡੇ ਦੀ ਹੋਰ ਵੀ ਵੱਡੀ ਮੂਰਤ ਸਥਾਪਤ ਕਰ ਦਿੰਦੇ। ਇੰਜ ਕਹਾਣੀਆਂ ਚਲਦੀਆਂ ਰਹਿੰਦੀਆਂ। ਇਨ੍ਹਾਂ ਕਹਾਣੀਆਂ ਨਾਲ ਲਾਲੀ ਆਪਣੇ ਆਲੇ-ਦੁਆਲੇ ਦੀ ਚੇਤਨਾ ਦੀ ਘਾੜਤ ਘੜਦਾ ਰਹਿੰਦਾ। ਮੌਖਿਕਤਾ ਤੋਂ ਬਾਅਦ ਲਾਲੀ ਦਾ ਦੂਜਾ ਹਥਿਆਰ ਸੀ ਆਪਣੀ ਦੇਹ ਦੀ ਮੌਜੂਦਗੀ ਨਾਲ ਹੋਂਦ ਦਾ ਅਹਿਸਾਸ ਦੇਣਾ। ਨਾਲ ਦੇ ਨੂੰ ਨਾਲ ਹੋਣ ਦੀ ਭਾਵਨਾ ਨਾਲ ਭਰ ਦੇਣਾ। ਕੁਝ ਵਾਪਰਨ ਦੀ ਘੜੀ ਦਾ ਗਵਾਹ ਬਣ ਜਾਣਾ। ਸਾਖਸ਼ੀ ਹੋ ਜਾਣਾ। ਕੋਈ ਪੇਂਟਿੰਗ ਪ੍ਰਦਰਸ਼ਨੀ ਹੋਣੀ, ਕਿਤੇ ਕਲਾਸੀਕਲ ਸੰਗੀਤ ਹੋਣਾ, ਕਿਧਰੇ ਨਾਚ ਹੋਣਾ, ਕਿਤੇ ਨਾਟਕ ਹੋਣਾ, ਫਿਲਮ ਚੱਲਣੀ ਲਾਲੀ ਹਾਜ਼ਰ ਹੁੰਦਾ ਸੀ। ਉਸ ਦਾ ਸਰੋਤਿਆਂ ਦਰਸ਼ਕਾਂ ਵਿਚ ਬੈਠੇ ਹੋਣਾ ਹੀ ਕਲਾਕਾਰ ਲਈ ਇਨਾਮ ਸੀ ਕਿ ਇਹ ਚੀਜ਼ ਉਸ ਲਾਲੀ ਨੇ ਵੀ ਮਾਣੀ ਹੈ ਜਿਸ ਨੇ ਹਜ਼ਾਰਾਂ ਚੰਗੀਆਂ ਕਲਾਤਮਿਕ ਚੀਜ਼ਾਂ ਮਾਣੀਆਂ ਨੇ। ਉਸ ਦੀ ਹੋਂਦ ਹੀ ਕਾਫ਼ੀ ਸੀ ਜੇ ਕੁਝ ਉਚਰ ਦਿੰਦਾ ਤਾਂ ਬੰਦੇ ਦੀ ਚਾਂਦੀ ਸੀ। ਲਾਲੀ ਆਪਣੀ ਮਿਸਾਲ ਆਪ ਸੀ, ਉਸ ਦੀ ਨਕਲ ਨਹੀਂ ਹੋ ਸਕਦੀ। ਉਸ ਦੀ ਕੋਈ ਫੋਟੋਕਾਪੀ ਤਿਆਰ ਨਹੀਂ ਹੋ ਸਕਦੀ ਸੀ। ਉਸ ਵਰਗੀ ਜ਼ਿੰਦਗੀ ਜਿਉਣੀ ਹਰੇਕ ਦੇ ਹਿੱਸੇ ਨਹੀਂ ਆਉਂਦੀ। ਉਸ ਵਿਚ ਸਵੈ ਨੂੰ ਪੀੜਨ ਦੀ ਅਤੇ ਉਸ ਪੀੜਾ ਵਿਚੋਂ ਮੁਸਕਰਾ ਕੇ ਆਨੰਦ ਲੈਣ ਦੀ ਸਮਰੱਥਾ ਸੀ। ਸ਼ਾਇਦ ਉਸ ਦਾ ਜ਼ਿੰਦਗੀ ਜਿਉਣ ਦਾ ਇਹੀ ਤਰੀਕਾ ਸੀ। ਜਦੋਂ ਨਵਤੇਜ ਭਾਰਤੀ ਦੀ ਕਿਤਾਬ 'ਲਾਲੀ' ਆਈ ਤਾਂ ਮੈਂ ਉਸ ਬਹਾਨੇ, ਸਾਰੇ ਨੇੜੇ-ਤੇੜੇ ਦੇ ਭੂਤਵਾੜੀਆਂ ਨੂੰ ਸੱਦਾ ਦਿੱਤਾ। ਵੱਡਾ ਸਮਾਗਮ ਹੋਇਆ। ਸਭ ਨੇ ਲਾਲੀ 'ਤੇ 'ਲਾਲੀ' ਬਹਾਨੇ ਆਪਣੀ ਗੌਰਵ ਗਾਥਾ ਆਖੀ, ਬੱਸ ਕੇਵਲ ਲਾਲੀ ਚੁੱਪ ਸੀ। ਉਸ ਨੇ ਆਪਣੀ ਮਰਜ਼ੀ ਨਾਲ ਲੰਮੇ ਸਮੇਂ ਤੋਂ ਮੌਨ ਧਾਰਿਆ ਹੋਇਆ ਸੀ। ਨੇੜੇ ਦੇ ਦੱਸਣ ਵਾਲੇ ਦੱਸਦੇ ਹਨ ਅਤੇ ਲਿਖ ਕੇ ਗਵਾਹੀ ਦਿੰਦੇ ਹਨ ਕਿ ਲਾਲੀ ਦੀ ਸੁਪਤਨੀ ਸਤਵੰਤ ਕੌਰ ਅਕਸਰ ਆਖਦੀ ਸੀ ਤੁਸੀਂ ਇਸ ਨੂੰ ਸਿਰ 'ਤੇ ਚੜ੍ਹਾਇਆ ਹੋਇਆ ਹੈ, ਮੈਨੂੰ ਤਾਂ ਇਸ ਵਿਚ ਕਦੇ ਕੋਈ ਅਜਿਹੀ ਗੱਲ ਨਹੀਂ ਲੱਭੀ। ਉਸ ਨੇ ਉਸ ਦਿਨ ਵੇਖ ਲਿਆ ਸੀ ਕਿ ਸੱਚਮੁੱਚ ਉਹ ਲੋਕਾਂ ਨੇ ਸਿਰ 'ਤੇ ਨਹੀਂ ਚੜ੍ਹਾਇਆ ਸਗੋਂ ਸਿਰ 'ਤੇ ਬਿਠਾਇਆ ਹੋਇਆ ਸੀ ਕਿਉਂਕਿ ਉਹ ਜਾਣਦੇ ਸਨ ਕਿ ਉਹ ਪੰਜਾਬੀ ਚੇਤਨਾ ਦੀ ਉਹ ਉਡਾਣ ਹੈ ਜਿਸ ਵਿਚ ਘਰ ਫੂਕ ਤਮਾਸ਼ਾ ਵੇਖਣਾ ਵੀ ਸ਼ਾਮਲ ਸੀ ਤੇ ਭਰਥਰੀ ਹਰੀ ਦਾ ਰਾਜ ਮਹਿਲ ਤਿਆਗ ਕੇ ਯੋਗ ਨੂੰ ਤੁਰ ਜਾਣਾ ਵੀ ਸੀ। ਲਾਲੀ ਗਿਆਨ ਨਹੀਂ, ਗਿਆਨ ਲਈ ਭੁੱਖ ਪੈਦਾ ਕਰਦਾ ਸੀ। ਉਸ ਨੇ ਇੱਕ ਪੂਰੀ ਪੀੜ੍ਹੀ ਦੇ ਕਾਫ਼ੀ ਵੱਡੇ ਸੰਵੇਦਨਸ਼ੀਲ ਹਿੱਸੇ ਨੂੰ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਅੱਗੇ ਦੀਵੇ ਨਾਲ ਦੀਵਾ ਜਗਾਇਆ ਹੈ। ਉਹ ਸਾਹਿਤ ਰਾਹੀਂ ਸੰਵੇਦਨਾ ਦਾ ਸੰਚਾਰ ਕਰਦਾ ਸੀ ਅਤੇ ਬੌਧਿਕ ਸੱਭਿਆਚਾਰ ਦਾ ਨਿਰਮਾਣ ਕਰਦਾ ਸੀ। ਲਾਲੀਵਾਦ ਦੇ ਕੇਂਦਰ ਵਿਚ ਕਿਤਾਬ ਸੀ ਅਤੇ ਮਾਇਆ ਤੋਂ ਬੇਨਿਆਜ਼ੀ ਸੀ ਜਿਸ ਨਾਲ ਮਲੰਗੀ ਪੈਦਾ ਹੁੰਦੀ ਸੀ। ਇਹ ਮਲੰਗੀ ਗਰੀਬਾਂ ਲਈ ਅਮੀਰ ਨਾ ਹੋਣ ਤੋਂ ਬਚਣ ਲਈ ਓਢਣ ਸੀ, ਅਮੀਰ ਨਾ ਹੋਣ ਦੇ ਸੰਤਾਪ ਤੋਂ ਬਚਣ ਦੀ ਸ਼ਰਨਗਾਹ ਸੀ ਜਦੋਂਕਿ ਅਮੀਰਾਂ ਲਈ ਇਹ ਮਲੰਗੀ, ਆਪਣੇ ਅਮੀਰ ਹੋਣ ਦੇ ਅਪਰਾਧਬੋਧ ਤੋਂ ਮੁਕਤੀ ਦੀ ਅਯਾਸ਼ੀ ਸੀ। ਹੈਰਾਨੀ ਵਾਲੀ ਗੱਲ ਹੈ ਕਿ ਭੂਤਵਾੜੇ ਦੇ ਭੂਤ ਅਮੀਰ ਹੋ ਗਏ ਅਤੇ ਅਮੀਰ ਮਲੰਗ ਹੋ ਗਏ।

ਅਜੇ ਪਟਿਆਲਾ ਵਿਕਾਊ ਨਹੀਂ ਹੋਇਆ
ਅਜੇ ਇਹਦੀਆਂ ਗਲੀਆਂ ਵਿਚ ਲਾਲੀ ਘੁੰਮਦਾ ਹੈ।

ਲਾਲੀ ਦੇ ਜਿਉਂਦਿਆਂ ਨਵਤੇਜ ਭਾਰਤੀ ਨੇ ਲਿਖਿਆ ਸੀ, "ਮੈਂ ਆਖਦਾ ਪਟਿਆਲਾ ਅਜੇ ਵੀ ਵਿਕਾਊ ਨਹੀਂ, ਇੱਥੋਂ ਦੀ ਫ਼ਿਜ਼ਾ ਵਿਚ ਲਾਲੀ ਅਤੇ ਭੂਤਵਾੜੇ ਦੀਆਂ ਕਥਾਵਾਂ ਘੁੰਮਦੀਆਂ ਹਨ।"



ਹਰਦਿਲਜੀਤ ਸਿੰਘ ਸਿੱਧੂ ਉਰਫ਼ ਲਾਲੀ ਬਾਬਾ (ਸੱਜੇ) ਦੀ ਆਪਣੇ ਦੋਸਤਾਂ ਨਾਲ ਇਕ ਪੁਰਾਣੀ ਤਸਵੀਰ।

# ਲਾਹੌਰ ਦਾ ਸ਼ਾਦਮਨ ਚੌਕ ਅਤੇ ਭਗਤ ਸਿੰਘ

ਸਿੱਖ ਯਾਤਰੀਆਂ ਦੇ ਜਥੇ ਨਾਲ ਪਾਕਿਸਤਾਨ ਦੌਰੇ ਵੇਲੇ ਸਖ਼ਤ ਸੁਰੱਖਿਆ ਪਾਬੰਦੀਆਂ ਤੇ ਵਕਤ ਦੀ ਘਾਟ ਰੜਕਦੀ ਹੈ। ਜਥਾ ਆਮ ਕਰਕੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਤੇ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਵਾਪਸੀ ਵੇਲੇ ਦੋ-ਤਿੰਨ ਦਿਨ ਲਾਹੌਰ ਰੁਕਦਾ ਹੈ। ਮੇਰਾ ਫੇਸਬੁੱਕ ਦੋਸਤ ਮੁਨੀਰ ਹੁਸ਼ਿਆਰਪੁਰੀਆ ਇੱਕ ਵਿਦਵਾਨ, ਲੇਖਕ ਅਤੇ ਮੁਲਤਾਨ ਕੋਲ ਵਿਹਾੜੀ ਜ਼ਿਲ੍ਹੇ ਦੇ ਇੱਕ ਪ੍ਰਾਈਵੇਟ ਕਾਲਜ ਵਿੱਚ ਡਾਇਰੈਕਟਰ ਹੈ। ਉਸ ਨੇ ਵਕਤ ਕੱਢ ਕੇ ਸਾਨੂੰ ਆਪਣੀ ਕਾਰ 'ਚ ਬਿਠਾ ਕੇ ਲਾਹੌਰ ਦੀਆਂ ਖ਼ਾਸ-ਖ਼ਾਸ ਥਾਵਾਂ ਅਤੇ ਇਮਾਰਤਾਂ ਵਿਖਾਈਆਂ ਜਿਵੇਂ: ਪੰਜਾਬ ਅਸੈਂਬਲੀ ਬਿਲਡਿੰਗ, ਸਕੱਤਰੇਤ, ਭੰਗੀ ਤੋਪ, ਲਾਹੌਰ ਰੇਲਵੇ ਸਟੇਸ਼ਨ, ਵਾਪਡਾ (ਵਾਟਰ ਐਂਡ ਪਾਵਰ ਡਿਵੈਲਪਮੈਂਟ ਅਥਾਰਟੀ) ਬਿਲਡਿੰਗ, ਮਾਡਲ ਟਾਊਨ, ਅਲਹਮਰਾ ਆਰਟ ਸੈਂਟਰ, ਜਿਨਾਹ ਗਾਰਡਨ, ਨੀਲਾ ਗੁੰਬਦ, ਮਾਡਲ ਟਾਊਨ,



ਇੱਛਰਾ, ਕਿੰਗ ਐਡਵਰਡ ਮੈਡੀਕਲ ਕਾਲਜ ਹਸਪਤਾਲ, ਸ਼ੇਖ਼ ਜ਼ਾਇਦ ਹਸਪਤਾਲ ਅਤੇ ਲਾਹੌਰ ਦਾ ਜੈਨ ਮੰਦਰ। ਮੈਂ ਕਾਰ ਰੁਕਵਾ ਕੇ ਕੁਝ ਫੋਟੋ

**ਡਾ. ਮਨਜੀਤ ਸਿੰਘ ਬੱਲ**
**ਫੋਨ: +91-98728-43491**

ਖਿੱਚੀਆਂ ਤੇ ਇਨ੍ਹਾਂ ਸਥਾਨਾਂ ਬਾਰੇ ਜਾਣਕਾਰੀ ਹਾਸਲ ਕੀਤੀ। 1991 ਵਿੱਚ ਮੈਂ ਅੰਮ੍ਰਿਤਸਰ ਦੇ ਮੈਡੀਕਲ ਕਾਲਜ ਵਿੱਚ ਸਹਾਇਕ ਪ੍ਰੋਫੈਸਰ ਸਾਂ। ਇੱਕ ਪੈਥਾਲੋਜੀ ਕਾਨਫਰੰਸ 'ਚ ਆਪਣਾ ਪਰਚਾ ਪੜ੍ਹਨ ਵਾਸਤੇ ਲਾਹੌਰ ਗਿਆ ਸਾਂ ਤਾਂ ਮੈਨੂੰ ਸ਼ੇਖ਼ ਜ਼ਾਇਦ ਹਸਪਤਾਲ ਦੇ ਗੈਸਟ ਹਾਊਸ ਵਿੱਚ ਠਹਿਰਾਇਆ ਗਿਆ ਸੀ। ਅੱਜ ਇਨ੍ਹਾਂ ਥਾਵਾਂ ਦੇ ਕੋਲੋਂ ਦੀ ਲੰਘਦਿਆਂ ਐਵੇਂ ਓਪਰੀ ਜਿਹੀ ਨਜ਼ਰ ਮਾਰ ਕੇ ਵੇਖ ਸਕੇ ਤੇ ਕੁਝ ਤਸਵੀਰਾਂ ਖਿੱਚੀਆਂ।

ਇਸੇ ਦੌਰਾਨ ਸਾਨੂੰ ਸ਼ਾਦਮਨ ਚੌਕ (ਚੌਕ ਭਗਤ ਸਿੰਘ) ਜਾਣ ਦਾ ਸੰਖੇਪ ਜਿਹਾ ਮੌਕਾ ਮਿਲਿਆ। ਜਦੋਂ ਅਸੀਂ ਕਾਰ 'ਚੋਂ ਉਤਰ ਰਹੇ ਸਾਂ ਤਾਂ ਮੇਰੇ ਜ਼ਿਹਨ ਵਿੱਚ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਫਾਂਸੀ ਦਾ ਦ੍ਰਿਸ਼ ਘੁੰਮ ਰਿਹਾ ਸੀ ਪਰ ਕੋਲ਼ੋਂ ਲੰਘਦੇ ਸਾਈਕਲਾਂ, ਸਕੂਟਰਾਂ ਵਾਲੇ ਤੇ ਪੈਦਲ ਜਾਂਦੇ ਕਾਫ਼ੀ ਲੋਕ ਰੁਕ ਕੇ ਸਾਡਾ ਹਾਲ-ਚਾਲ ਪੁੱਛਣ ਅਤੇ ਸਾਡੇ ਨਾਲ ਫੋਟੋਆਂ ਖਿਚਵਾਉਣ ਲੱਗੇ। ਤੇਈ ਮਾਰਚ 1931 ਨੂੰ ਮਹਾਨ ਦੇਸ਼ਭਗਤਾਂ ਨੂੰ ਫਾਂਸੀਆਂ ਦਿੱਤੀਆਂ ਗਈਆਂ ਸਨ। ਉਦੋਂ ਇਹ ਜਗ੍ਹਾ ਜੇਲ੍ਹ ਦੇ ਅੰਦਰ ਸੀ। 1961 ਵਿੱਚ ਜੇਲ੍ਹ ਦਾ ਕੁਝ ਹਿੱਸਾ ਤੋੜ ਕੇ ਮੱਧਵਰਗੀ ਆਵਾਮ ਵਾਸਤੇ ਇੱਕ ਕਾਲੋਨੀ ਬਣਾਈ ਗਈ ਜਿਸ ਦਾ ਨਾਮ 'ਸ਼ਾਦਮਨ ਕਾਲੋਨੀ' ਅਤੇ ਫਾਂਸੀ ਵਾਲੀ ਅਸਲ ਜਗ੍ਹਾ 'ਤੇ ਫੁਹਾਰਿਆਂ ਵਾਲਾ ਚੌਕ ਉਸਾਰ ਦਿੱਤਾ ਗਿਆ ਜਿਸ ਦਾ ਨਾਮ 'ਸ਼ਾਦਮਨ ਚੌਕ' ਹੈ। ਭਾਰਤ ਤੇ ਪਾਕਿਸਤਾਨ ਦੇ ਕੁਝ ਸਿਵਿਲ ਗਰੁੱਪਾਂ ਦੇ ਉਪਰਾਲਿਆਂ ਸਦਕਾ ਫਾਂਸੀ ਵਾਲੀ ਇਸ ਜਗ੍ਹਾ (ਚੌਕ) ਦਾ ਨਾਮ ਭਗਤ ਸਿੰਘ ਚੌਕ ਰੱਖਣ ਦੀ ਸਹਿਮਤੀ ਬਣੀ ਹੋਈ ਹੈ ਪਰ ਕੁਝ ਲੋਕਾਂ ਦੇ ਵਿਰੋਧ ਕਾਰਨ ਅਦਾਲਤੀ ਫ਼ੈਸਲੇ ਦੇ ਬਾਵਜੂਦ ਪਾਕਿਸਤਾਨ ਸਰਕਾਰ ਅਜੇ ਤੱਕ ਇਸ ਨੂੰ ਅਮਲ ਵਿੱਚ ਨਹੀਂ ਲਿਆ ਸਕੀ।

ਇਸ ਜਗ੍ਹਾ ਦਾ ਨਾਂ 'ਭਗਤ ਸਿੰਘ ਚੌਕ' ਰੱਖਣ ਦਾ ਉਪਰਾਲਾ ਕਰਨ ਵਾਲੇ ਲੋਕ ਸ਼ਹੀਦਾਂ ਦੀ ਕੁਰਬਾਨੀ, ਉਨ੍ਹਾਂ ਦੇ ਜਜ਼ਬੇ ਤੇ ਹੌਸਲੇ ਦੀ ਕਦਰ ਕਰਦੇ ਹਨ ਜਿਸ ਦੇ ਮੱਦੇਨਜ਼ਰ ਲਾਹੌਰ ਹਾਈ ਕੋਰਟ ਦੇ ਵਕੀਲ ਇਮਤਿਆਜ਼ ਰਸ਼ੀਦ ਕੁਰੈਸ਼ੀ ਦੀ ਸਰਪ੍ਰਸਤੀ ਹੇਠ 'ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ' ਬਣਾਈ ਹੋਈ ਹੈ। ਇਹ ਤਨਜ਼ੀਮ ਸ. ਭਗਤ ਸਿੰਘ ਨੂੰ ਆਜ਼ਾਦੀ ਦੀ ਜੰਗ ਦਾ ਨਾਇਕ ਮੰਨਦੀ ਹੈ। ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਅਤੇ ਜਨਮ ਦਿਨ ਮੌਕੇ ਸ਼ਾਦਮਨ ਚੌਕ 'ਤੇ ਹਮ-ਖ਼ਿਆਲ ਲੋਕ ਇਕੱਠੇ ਹੁੰਦੇ, ਮੋਮਬੱਤੀਆਂ ਜਗਾਉਂਦੇ ਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੰਦੇ ਹਨ। ਇਸ ਫਾਊਂਡੇਸ਼ਨ ਨੇ ਮੰਗਾਂ ਰੱਖੀਆਂ ਹੋਈਆਂ ਹਨ ਕਿ 1) ਸ. ਭਗਤ ਸਿੰਘ ਨੂੰ ਪਾਕਿਸਤਾਨ ਦਾ ਸਰਬਉੱਚ ਬਹਾਦਰੀ ਐਜਾਜ਼ ਮਿਲਣਾ ਚਾਹੀਦਾ ਹੈ, 2) ਬਰਤਾਨੀਆ ਦੇ ਕਿੰਗ ਚਾਰਲਸ (ਤੀਜੇ) ਨੂੰ ਇਸ ਜੁਡੀਸ਼ੀਅਲ ਕਤਲ ਵਾਸਤੇ ਮੁਆਫ਼ੀ ਮੰਗਣ ਦੇ ਨਾਲ-ਨਾਲ ਸ਼ਹੀਦਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ ਅਤੇ 3) 'ਸ਼ਾਦਮਨ ਚੌਕ' ਦਾ ਨਾਂ ਬਦਲ ਕੇ 'ਭਗਤ ਸਿੰਘ ਚੌਕ' ਰੱਖਣਾ ਚਾਹੀਦਾ ਹੈ। ਕਈ ਸਾਲਾਂ ਤੋਂ ਉਪਰਾਲੇ ਜਾਰੀ ਹਨ। 'ਸ਼ਾਦਮਨ' ਫ਼ਾਰਸੀ ਦਾ ਸ਼ਬਦ ਹੈ ਜਿਸ ਦਾ ਮਤਲਬ ਹੈ ਖ਼ੁਸ਼ੀ। ਸੋ ਸ਼ਾਦਮਨ ਮਤਲਬ ਕਿ ਖ਼ੁਸ਼ੀ ਵਾਲਾ ਚੌਕ। ਪਰ ਉਹ ਜਗ੍ਹਾ ਜਿੱਥੇ ਆਜ਼ਾਦੀ ਦੇ ਪਰਵਾਨਿਆਂ ਨੂੰ ਫਾਂਸੀਆਂ ਦਿੱਤੀਆਂ ਗਈਆਂ ਹੋਣ, ਖ਼ੁਸ਼ੀ ਵਾਲੀ ਜਗ੍ਹਾ ਕਿਵੇਂ ਹੋ ਸਕਦੀ ਹੈ? ਸ਼ਹੀਦ ਭਗਤ ਸਿੰਘ ਭਾਰਤ ਜਾਂ ਪਾਕਿਸਤਾਨ ਦਾ ਨਹੀਂ ਸੀ, ਉਹ ਤਾਂ ਪੂਰੇ ਉਪ-ਮਹਾਂਦੀਪ ਦਾ ਪੁੱਤ ਸੀ। ਉਸ ਦੀ ਸ਼ਹਾਦਤ (ਫਾਂਸੀ) ਵਾਲੀ ਜਗ੍ਹਾ 'ਤੇ ਉਸਰੇ ਚੌਕ ਦਾ ਬਿਲਕੁਲ ਢੁਕਵਾਂ ਨਾਂ ਤਾਂ 'ਭਗਤ ਸਿੰਘ ਚੌਕ' ਹੀ ਹੋਣਾ ਚਾਹੀਦਾ ਹੈ, ਪਰ ਹਕੂਮਤਾਂ ਨੇ ਅੱਜ ਤੱਕ ਇਸ ਦਾ ਨਾਂ ਬਦਲਿਆ ਨਹੀਂ। ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਨੇ ਸ਼ਾਦਮਨ ਚੌਕ ਦਾ ਨਾਂ ਭਗਤ ਸਿੰਘ ਚੌਕ ਰੱਖਣ ਵਾਸਤੇ ਲਾਹੌਰ ਹਾਈ ਕੋਰਟ ਵਿੱਚ ਕੇਸ ਵੀ ਕੀਤਾ ਹੋਇਆ ਹੈ, ਪਰ ਅਗਸਤ 2018 ਵਿੱਚ ਐਡਵੋਕੇਟ ਕੁਰੈਸ਼ੀ ਦੇ ਇਸ ਉਪਰਾਲੇ ਵਿਰੁੱਧ, ਕੁਝ ਗਰੁੱਪਾਂ ਨੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਸਰਕਾਰਾਂ ਬਦਲ ਜਾਣ ਤੋਂ ਬਾਅਦ ਵੀ ਧਮਕੀਆਂ ਮਿਲਣੀਆਂ ਬੰਦ ਨਹੀਂ ਹੋਈਆਂ। ਲਾਹੌਰ ਵਿੱਚ ਭਗਤ ਸਿੰਘ ਚੌਕ ਤੇ ਇਸ ਜੇਲ੍ਹ ਤੋਂ ਇਲਾਵਾ ਸ਼ਹੀਦਾਂ ਨਾਲ ਸਬੰਧਤ ਹੋਰ ਵੀ ਕਈ ਥਾਵਾਂ ਹਨ, ਜਿਵੇਂ: ਅੰਗਰੇਜ਼ ਸਮਾਜਿਕ ਕਾਰਕੁਨ ਚਾਰਲਸ ਬ੍ਰੈਡਲੇ (ਜੋ ਭਾਰਤ ਦੀ ਆਜ਼ਾਦੀ ਦਾ ਹਮਾਇਤੀ ਸੀ) ਦੀ ਯਾਦ ਵਿੱਚ ਬਣਿਆ ਬਰੈਡਲੇ ਹਾਲ ਪੰਜਾਬ ਕਾਂਗਰਸ ਦਾ ਅੱਡਾ ਹੁੰਦਾ ਸੀ, ਨੈਸ਼ਨਲ ਕਾਲਜ ਲਾਹੌਰ ਜਿੱਥੇ ਭਗਤ ਸਿੰਘ ਤੇ ਸੁਖਦੇਵ ਨੇ ਪੜ੍ਹਾਈ ਕੀਤੀ ਸੀ ਤੇ ਲਾਹੌਰ ਜੇਲ੍ਹ ਜਿੱਥੇ ਭਗਤ ਸਿੰਘ ਨੇ ਆਪਣੇ ਜੀਵਨ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਬਿਤਾਇਆ ਸੀ। ਲਾਹੌਰ ਵਿੱਚ ਹੀ ਲਾਲਾ ਲਾਜਪਤ ਰਾਏ ਉੱਤੇ ਬਰਤਾਨਵੀ ਹਿੰਦੋਸਤਾਨ ਦੀ ਪੁਲੀਸ ਨੇ 10 ਅਕਤੂਬਰ 1928 ਨੂੰ ਲਾਠੀਆਂ ਵਰ੍ਹਾਈਆਂ ਸਨ। ਉਨ੍ਹਾਂ ਨੂੰ ਕਾਫ਼ੀ ਸੱਟਾਂ ਲੱਗੀਆਂ ਸਨ। ਅਜੇ ਉਹ ਸੱਟਾਂ ਠੀਕ ਨਹੀਂ ਸਨ ਹੋਈਆਂ ਕਿ ਲਾਲਾ ਜੀ ਨੂੰ ਦਿਲ ਦਾ ਦੌਰਾ ਪਿਆ ਤੇ ਤਕਰੀਬਨ ਸਵਾ ਮਹੀਨੇ ਬਾਅਦ 17 ਨਵੰਬਰ ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਇਸ ਮੌਤ ਦਾ ਕਾਰਨ ਦਿਲ ਦਾ ਦੌਰਾ ਸੀ ਅਤੇ ਭਗਤ ਸਿੰਘ ਹੋਰਾਂ ਦੇ ਲਾਲਾ ਜੀ ਨਾਲ ਵਿਚਾਰਕ ਮਤਭੇਦ ਵੀ ਸਨ, ਫਿਰ ਵੀ ਆਜ਼ਾਦੀ ਦੇ ਪ੍ਰਵਾਨੇ ਭਾਰਤੀਆਂ ਨੇ ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਦੀ ਠਾਣ ਲਈ। ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਚੰਦਰ ਸ਼ੇਖ਼ਰ ਆਜ਼ਾਦ ਨੇ ਲਾਠੀਚਾਰਜ ਕਰਾਉਣ ਵਾਲੇ ਪੁਲੀਸ ਅਫਸਰ ਜੇਮਜ਼ ਸਕੌਟ ਨੂੰ ਮਾਰਨ ਦਾ ਫ਼ੈਸਲਾ ਕਰ ਲਿਆ, ਪਰ ਲਾਹੌਰ ਦੇ ਐੱਸ.ਐੱਸ.ਪੀ. ਦਫਤਰ 'ਚੋਂ ਮੋਟਰਸਾਈਕਲ 'ਤੇ ਨਿਕਲਿਆ 21 ਸਾਲਾ ਪ੍ਰੋਬੇਸ਼ਨਰੀ ਪੁਲੀਸ ਅਫਸਰ ਜੌਹਨ ਸਾਂਡਰਸ ਭੁਲੇਖੇ ਨਾਲ ਮਾਰਿਆ ਗਿਆ। ਸਾਂਡਰਸ ਨੂੰ ਮਾਰਨ ਤੋਂ ਬਾਅਦ ਜਦ ਭਗਤ ਸਿੰਘ ਤੇ ਸੁਖਦੇਵ ਨਿਕਲਣ ਲੱਗੇ ਤਾਂ ਬਰਤਾਨਵੀ ਪੁਲੀਸ ਦੇ ਇੱਕ ਸਿਪਾਹੀ ਚੰਨਣ ਸਿੰਘ ਨੇ ਉਨ੍ਹਾਂ ਦਾ ਪਿੱਛਾ ਕਰਨਾ ਚਾਹਿਆ ਜਿਸ ਨੂੰ ਚੰਦਰ ਸ਼ੇਖ਼ਰ ਆਜ਼ਾਦ ਨੇ ਗੋਲ਼ੀਆਂ ਮਾਰ ਕੇ ਉੱਥੇ ਹੀ ਮਾਰ ਦਿੱਤਾ। ਇਹ ਵਾਕਿਆ 17 ਦਸੰਬਰ 1928 ਦਾ ਹੈ। ਉਸ ਵੇਲੇ ਗੌਰਮਿੰਟ ਕਾਲਜ ਵਿੱਚ ਖੜ੍ਹੇ ਕਾਲਮਨਵੀਸ ਫ਼ੈਜ਼ ਅਹਿਮਦ ਫ਼ੈਜ਼ ਤੇ ਲੇਖਕ ਤਾਰਿਕ ਅਲੀ, ਮਜ਼ਹਰ ਅਲੀ ਨੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ। ਭੁਲੇਖੇ 'ਚ ਮਾਰੇ ਗਏ ਸਾਂਡਰਸ ਦੀ ਮੌਤ ਦਾ ਇਨਕਲਾਬੀਆਂ ਨੂੰ ਕੋਈ ਅਫ਼ਸੋਸ ਨਹੀਂ ਹੋਇਆ ਕਿਉਂਕਿ ਉਹ ਸਮਝਦੇ ਸਨ ਕਿ ਸਾਮਰਾਜਵਾਦ ਤੇ ਭਾਰਤ ਨੂੰ ਗ਼ੁਲਾਮ ਬਣਾਉਣ ਵਾਲਿਆਂ ਦਾ ਅਤੇ ਲਾਲਾ ਜੀ 'ਤੇ ਜ਼ੁਲਮ ਢਾਹੁਣ ਵਾਲਿਆਂ ਦਾ ਹੀ ਕਤਲ ਕੀਤਾ ਹੈ। ਇਸ ਕਾਂਡ ਨੂੰ 'ਲਾਹੌਰ ਸਾਜ਼ਿਸ਼' ਕਿਹਾ ਜਾਂਦਾ ਹੈ। ਇਸ ਕਾਂਡ ਤੋਂ ਬਾਅਦ ਭਗਤ ਸਿੰਘ ਤੇ ਉਸ ਦੇ ਸਾਥੀ ਪੁਲੀਸ ਦੇ ਹੱਥ ਨਹੀਂ ਆਏ। ਅੱਠ ਅਪਰੈਲ 1929 ਨੂੰ ਗੂੰਗੀ-ਬੋਲ਼ੀ ਤੇ ਸੁੱਤੀ ਹੋਈ ਅੰਗਰੇਜ਼ ਸਰਕਾਰ ਨੂੰ ਜਗਾਉਣ ਵਾਸਤੇ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਮਿਲ ਕੇ ਨਵੀਂ ਦਿੱਲੀ ਦੀ ਅਸੈਂਬਲੀ 'ਚ ਬੰਬ ਤੇ ਪਰਚੇ ਸੁੱਟੇ ਸਨ। ਇਹ ਬੰਬ ਕਿਸੇ ਨੂੰ ਮਾਰਨ ਜਾਂ ਜ਼ਖ਼ਮੀ ਕਰਨ ਵਾਸਤੇ ਨਹੀਂ ਸਗੋਂ ਅੰਗਰੇਜ਼ ਸਰਕਾਰ ਤੱਕ ਆਵਾਜ਼ ਪਹੁੰਚਾਉਣ ਵਾਸਤੇ ਸਨ। ਬੰਬ ਸੁੱਟਣ ਤੋਂ ਬਾਅਦ ਉਹ ਭੱਜੇ ਨਹੀਂ ਸਗੋਂ ਉੱਥੇ ਹੀ ਗ੍ਰਿਫ਼ਤਾਰੀ ਦੇ ਦਿੱਤੀ। ਲਾਹੌਰ ਸਾਜ਼ਿਸ਼ ਤੇ ਅਸੈਂਬਲੀ ਬੰਬ ਸਬੰਧੀ ਕੇਸ ਲਾਹੌਰ ਵਿੱਚ ਚੱਲਿਆ। 14 ਜੂਨ ਨੂੰ ਸਜ਼ਾ ਤੋਂ ਬਾਅਦ ਭਗਤ ਸਿੰਘ ਨੂੰ ਮੀਆਂਵਾ਼ਲੀ ਤੇ ਬਟੂਕੇਸ਼ਵਰ ਦੱਤ ਨੂੰ ਲਾਹੌਰ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਤੇ ਕੁਝ ਸਮੇਂ ਬਾਅਦ ਭਗਤ ਸਿੰਘ ਨੂੰ ਵੀ ਲਾਹੌਰ ਜੇਲ੍ਹ ਭੇਜ ਦਿੱਤਾ ਗਿਆ। 1929 ਵਿੱਚ ਹੀ ਬਟੂਕੇਸ਼ਵਰ ਦੱਤ ਨੂੰ ਅਸੈਂਬਲੀ ਬੰਬ ਕੇਸ ਵਿੱਚ ਉਮਰ ਕੈਦ ਹੋਈ ਸੀ ਜਦੋਂਕਿ ਲਾਹੌਰ ਸਾਜ਼ਿਸ਼ ਕੇਸ ਵਿੱਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਹੋਈ। ਸ਼ਾਦਮਨ ਚੌਕ ਵਾਲੀ ਜਗ੍ਹਾ 'ਤੇ ਤਿੰਨਾਂ ਨੂੰ ਫਾਂਸੀ ਦੇ ਤਖ਼ਤੇ 'ਤੇ ਲਟਕਾਇਆ ਗਿਆ। ਜੇਲ੍ਹ ਦੇ ਨਿਯਮਾਂ ਮੁਤਾਬਿਕ ਉਨ੍ਹਾਂ ਨੂੰ ਫਾਂਸੀ 24 ਮਾਰਚ ਨੂੰ ਸਵੇਰੇ ਤੜਕੇ ਹੋਣੀ ਸੀ। ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਕਿ ਪਹਿਲਾਂ ਤੋਂ ਜਾਰੀ ਹੋਏ ਸਰਕਾਰੀ ਹੁਕਮਾਂ ਨੂੰ ਛਿੱਕੇ ਟੰਗ ਕੇ ਇੱਕ ਦਿਨ ਪਹਿਲਾਂ 23 ਮਾਰਚ ਦੀ ਸ਼ਾਮ ਦੇ ਸੱਤ ਵਜੇ ਫਾਂਸੀ ਦੇ ਦਿੱਤੀ ਗਈ। ਖ਼ਲਕਤ ਦੇ ਰੋਹ ਤੋਂ ਬਚਣ ਲਈ ਸ਼ਹੀਦਾਂ ਦੀਆਂ ਲੋਥਾਂ ਨੂੰ ਗੁਪਤ ਢੰਗ ਨਾਲ ਰਾਤੋ-ਰਾਤ ਜੇਲ੍ਹ ਦੇ ਪਿਛਲੇ ਗੇਟ ਥਾਣੀਂ ਕਸੂਰ ਨੇੜਲੇ ਪਿੰਡ ਗੰਡਾ ਸਿੰਘ ਵਾਲਾ (ਇਸ ਵੇ਼ਲੇ ਪਾਕਿਸਤਾਨ 'ਚ) ਲਿਜਾ ਕੇ ਸਾੜਨ ਦੀ ਕੋਸ਼ਿਸ਼ ਕੀਤੀ ਗਈ ਪਰ ਲਾਹੌਰ ਤੋਂ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਪੁੱਜ ਗਏ ਸਨ। ਇਸ ਲਈ ਪੁਲੀਸ ਨੇ ਫਿਰੋਜ਼ਪੁਰ ਦੇ ਨਜ਼ਦੀਕ ਸਤਲੁਜ ਦਰਿਆ ਕੰਢੇ ਹੁਸੈਨੀਵਾਲਾ ਵਿਖੇ ਸ਼ਹੀਦਾਂ ਦਾ ਕਾਹਲੀ ਕਾਹਲੀ ਸਸਕਾਰ ਕੀਤਾ ਅਤੇ ਲੋਕ ਰੋਹ ਤੋਂ ਬਚਣ ਲਈ ਉਨ੍ਹਾਂ ਦੀਆਂ ਅਧਸੜੀਆਂ ਲੋਥਾਂ ਦਰਿਆ ਵਿੱਚ ਸੁੱਟ ਦਿੱਤੀਆਂ। ਛੱਬੀ ਮਾਰਚ 1931 ਨੂੰ ਲਾਹੌਰ ਤੋਂ ਛਪੇ ਅਖ਼ਬਾਰ 'ਦਿ ਟ੍ਰਿਬਿਊਨ' ਦੀ ਰਿਪੋਰਟ ਮੁਤਾਬਿਕ ਸਾਰਾ ਲਾਹੌਰ ਬੰਦ ਰਿਹਾ ਸੀ ਤੇ ਸ਼ਹੀਦਾਂ ਦੇ ਜਨਾਜ਼ੇ ਵਿੱਚ ਤਕਰੀਬਨ ਪੰਜਾਹ ਹਜ਼ਾਰ ਲੋਕ ਸ਼ਾਮਿਲ ਹੋਏ ਸਨ।



ਭਗਤ ਸਿੰਘ ਦੀ ਕਾਲਜ ਵੇਲੇ ਦੀ ਤਸਵੀਰ।

1965 ਦੀ ਭਾਰਤ ਪਾਕਿਸਤਾਨ ਜੰਗ ਤੋਂ ਪਹਿਲਾਂ ਦੋਹਾਂ ਦੂਜੇ ਮੁਲਕਾਂ ਦੇ ਬਾਸ਼ਿੰਦੇ ਆਸਾਨੀ ਨਾਲ ਇਧਰ ਉਧਰ ਜਾ ਸਕਦੇ ਸਨ, ਰੁਕਾਵਟਾਂ ਘੱਟ ਸਨ। ਗੁਰਦੁਆਰਿਆਂ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਂਦੇ ਯਾਤਰੀ ਲਾਹੌਰ ਤੋਂ ਤਕਰੀਬਨ 40 ਕਿਲੋਮੀਟਰ ਦੂਰੀ 'ਤੇ ਭਗਤ ਸਿੰਘ ਦੇ ਜਨਮ ਅਸਥਾਨ ਪਿੰਡ ਬੰਗਾ (ਜ਼ਿਲ੍ਹਾ ਲਾਇਲਪੁਰ/ਫੈਸਲਾਬਾਦ) ਵੀ ਹੋ ਕੇ ਆਉਂਦੇ ਸਨ। ਬਰਤਾਨਵੀ ਰਾਜ ਵੇਲੇ ਹਕੂਮਤ ਨੇ ਜਦ ਬਾਰਾਂ ਵਸਾਈਆਂ ਤਾਂ ਪੰਜਾਬ ਦੇ ਚੜ੍ਹਦੇ ਪਾਸੇ ਤੋਂ ਲੋਕਾਂ ਨੂੰ ਉੱਥੇ ਜ਼ਮੀਨਾਂ ਅਲਾਟ ਕੀਤੀਆਂ ਸਨ। ਉਦੋਂ ਭਗਤ ਸਿੰਘ ਹੋਰਾਂ ਦਾ ਟੱਬਰ ਨਵਾਂਸ਼ਹਿਰ ਕੋਲ ਖਟਕੜ ਕਲਾਂ ਤੋਂ ਲਾਇਲਪੁਰ ਜ਼ਿਲ੍ਹੇ ਦੇ ਬੰਗਾ ਪਿੰਡ ਵਿੱਚ ਆ ਵੱਸਿਆ ਸੀ। ਇਸੇ ਪਿੰਡ ਵਿੱਚ ਭਗਤ ਸਿੰਘ ਦਾ ਜਨਮ ਪਿਤਾ ਕਿਸ਼ਨ ਸਿੰਘ ਤੇ ਮਾਤਾ ਵਿਦਿਆਵਤੀ ਦੇ ਘਰ 27 ਸਤੰਬਰ 1907 ਨੂੰ ਹੋਇਆ ਸੀ। ਉਹ ਸੱਤ ਭੈਣਾਂ-ਭਰਾਵਾਂ 'ਚੋਂ ਦੂਜੇ ਨੰਬਰ 'ਤੇ ਸੀ। 1947 ਦੀ ਦੇਸ਼ ਵੰਡ ਤੋਂ ਬਾਅਦ ਇਹ ਟੱਬਰ ਵਾਪਸ ਆਪਣੇ ਪਿੰਡ ਖਟਕੜ ਕਲਾਂ ਆ ਗਿਆ ਸੀ।

ਅਜੋਕੇ ਸਮੇਂ ਵਿੱਚ ਪਿੰਡ ਬੰਗਾ ਵਾਲੀ ਜਗ੍ਹਾ (ਹਵੇਲੀ/ਘਰ) ਐਡਵੋਕੇਟ ਇਕਬਾਲ ਵਿਰਕ ਦੀ ਮਲਕੀਅਤ ਹੈ ਜਿਸ ਨੇ ਉੱਥੇ ਭਗਤ ਸਿੰਘ ਤੇ ਆਜ਼ਾਦੀ ਸੰਘਰਸ਼ ਦੇ ਹੋਰ ਸ਼ਹੀਦਾਂ ਦੀਆਂ ਤਸਵੀਰਾਂ ਤੇ ਵਸਤਾਂ ਇਕੱਠੀਆਂ ਕਰਕੇ ਸੰਭਾਲੀਆਂ ਹੋਈਆਂ ਹਨ ਤੇ ਅਜਾਇਬਘਰ ਬਣਾਇਆ ਹੋਇਆ ਹੈ। ਭਗਤ ਸਿੰਘ ਬਾਰੇ ਅਧਿਐਨ ਦਾ ਮਾਹਿਰ, ਜਵਾਹਰਲਾਲ ਨਹਿਰੂ ਯੂਨਵਿਰਸਿਟੀ ਦਾ ਸਾਬਕਾ ਪ੍ਰੋਫੈਸਰ ਚਮਨ ਲਾਲ ਲਿਖਦਾ ਹੈ: "ਮੈਂ 2007 ਵਿੱਚ ਭਗਤ ਸਿੰਘ ਦੇ ਘਰ ਗਿਆ ਸਾਂ। ਪਿੰਡ ਦੇ ਰਾਹ 'ਚ ਮੈਨੂੰ 82 ਸਾਲ ਦਾ ਇੱਕ ਸੇਵਾਮੁਕਤ ਬਜ਼ੁਰਗ ਫਰਹੱਦ ਖ਼ਾਨ ਮਿਲਿਆ। ਉਹ ਮੈਨੂੰ ਆਪਣੇ ਘਰ ਲੈ ਗਿਆ, ਉਨ੍ਹਾਂ ਨੇ ਆਪਣੀ ਗ਼ਲੀ ਦਾ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖਿਆ ਹੋਇਆ ਹੈ। ਉਸ ਨੇ ਆਪਣੇ ਡਰਾਇੰਗ ਰੂਮ ਵਿੱਚ ਸ. ਭਗਤ ਸਿੰਘ ਦੀ ਫੋਟੋ ਵੀ ਲਗਾਈ ਹੋਈ ਸੀ।" ਸ. ਭਗਤ ਸਿੰਘ ਤੇ ਉਸ ਦੀ ਵਿਚਾਰਧਾਰਾ ਵੱਲ ਕਈ ਲੇਖਕ ਤੇ ਇਤਿਹਾਸਕਾਰ ਆਕਰਸ਼ਿਤ ਹੋਏ ਹਨ। ਸਿੰਧੀ ਲੇਖਕ ਸ਼ੇਖ਼ ਅੱਯਾਜ਼ ਨੇ ਭਗਤ ਸਿੰਘ ਦੇ ਜੀਵਨ 'ਤੇ ਇੱਕ ਕਾਵਿ ਨਾਟਕ ਲਿਖਿਆ; ਪੰਜਾਬੀ ਅਦੀਬ ਅਹਿਮਦ ਸਲੀਮ ਨੇ ਭਗਤ ਸਿੰਘ ਬਾਰੇ ਬਹੁਤ ਕੁਝ ਲਿਖਿਆ, ਜਿਵੇਂ: ਭਗਤ ਸਿੰਘ ਦਾ ਜੀਵਨ ਅਤੇ ਆਦਰਸ਼ ਤੇ ਇੱਕ ਕਾਵਿਕ ਰਚਨਾ 'ਕਿਹੜੀ ਮਾਂ ਨੇ ਭਗਤ ਸਿੰਘ ਜੰਮਿਆ' ਲਿਖੀ ਹੈ। ਇਸੇ ਤਰ੍ਹਾਂ ਉਰਦੂ ਲੇਖਕਾ ਜ਼ਾਹਿਦਾ ਹਿਨਾ ਨੇ ਭਗਤ ਸਿੰਘ ਨੂੰ ਬਹੁਤ ਹੀ ਸਤਿਕਾਰਿਤ ਸ਼ਹੀਦ ਮੰਨਿਆ ਹੈ। ਮਹਾਨ ਲੇਖਕ ਫ਼ੈਜ਼ ਅਹਿਮਦ ਫ਼ੈਜ਼ ਦੀ ਧੀ ਸਲੀਮਾ ਹਾਸ਼ਮੀ ਨੇ ਵੀ ਭਗਤ ਸਿੰਘ ਬਾਰੇ ਲਿਖਿਆ ਹੈ। ਇਤਿਹਾਸਕਾਰ ਮੁਬਾਰਕ ਅਲੀ ਨੇ ਪਾਕਿਸਤਾਨ ਦੀ ਮਕਬੂਲ ਅਖ਼ਬਾਰ 'ਡਾਅਨ' ਵਿੱਚ ਭਗਤ ਸਿੰਘ ਬਾਰੇ ਬਹੁਤ ਲਿਖਿਆ ਹੈ। ਸਿਨਤੇ ਰਿਜ਼ਵੀ ਨੇ ਅਜੈ ਘੋਸ਼ ਦੀ ਕਿਤਾਬ 'ਭਗਤ ਸਿੰਘ ਤੇ ਉਹਦੇ ਸਾਥੀ' ਦਾ ਉਰਦੂ ਵਿੱਚ ਉਲਥਾ ਕੀਤਾ ਹੈ। ਪਾਕਿਸਤਾਨ ਦੇ ਖੱਬੇ-ਪੱਖੀ ਤੇ ਸਿਵਿਲ ਸੁਸਾਇਟੀ ਦੇ ਲੋਕਾਂ ਨੂੰ ਜੇਹਾਦੀ ਵਿਚਾਰਧਾਰਾ ਦਾ ਮੁਕਾਬਲਾ ਕਰਨ ਲਈ ਭਗਤ ਸਿੰਘ ਲੋੜੀਂਦਾ ਹੈ। ਸੜਕ ਜਾਂ ਚੌਕ ਦਾ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖਣਾ ਇੱਕ ਮਹੱਤਵਪੂਰਨ ਕਦਮ ਹੈ। ਇਹ ਗੱਲ ਵਧੀਆ ਹੈ ਕਿ ਪਾਕਿਸਤਾਨ ਦੇ ਮੀਡੀਆ ਵਿੱਚ ਭਗਤ ਸਿੰਘ ਗ਼ਰੀਬਾਂ ਮਜ਼ਦੂਰਾਂ ਦੇ ਨਾਇਕ ਤੇ ਸਾਮਰਾਜਵਾਦੀਆਂ ਦੇ ਵਿਰੋਧੀ ਵਜੋਂ ਉਭਰਿਆ ਹੈ। ਬਰਤਾਨਵੀ ਬਸਤੀਵਾਦੀ ਹਾਕਮਾਂ ਨੇ ਭਗਤ ਸਿੰਘ ਨਾਲ ਸਬੰਧਿਤ ਸਾਰੇ ਨਿਸ਼ਾਨ ਮਿਟਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਹੁਣ ਕਈ ਕੁਝ ਬਦਲ ਚੁੱਕਾ ਹੈ। ਭਗਤ ਸਿੰਘ ਦੇ ਜਨਮ ਸਥਾਨ 'ਤੇ ਇੱਕ ਵੱਡਾ ਅਜਾਇਬਘਰ ਬਣਾਉਣ ਦੀ ਵੀ ਮੰਗ ਉੱਠੀ ਹੈ। ਬ੍ਰੈਡਲੇ ਹਾਲ ਨੂੰ ਇੱਕ ਵਿਰਾਸਤੀ ਇਮਾਰਤ ਵਜੋਂ ਸੁਰੱਖਿਅਤ ਬਣਾਉਣ ਦੀ ਵੀ ਰਾਇ ਬਣੀ ਹੈ। ਐਸੀ ਵੀ ਗੱਲ ਨਹੀਂ ਕਿ ਐਨੇ ਲੰਮੇ ਸਮੇਂ ਤੋਂ ਚੌਕ ਦਾ ਨਾਂ ਭਗਤ ਸਿੰਘ ਚੌਕ ਰੱਖਣ ਦੇ ਉਪਰਾਲੇ ਨੂੰ ਕਾਮਯਾਬੀ ਨਾ ਮਿਲੀ ਹੋਵੇ। 2012 ਵਿੱਚ ਪਾਕਿਸਤਾਨ ਸਰਕਾਰ ਨੇ ਇਸ ਦਾ ਨਾਂ 'ਭਗਤ ਸਿੰਘ ਚੌਕ' ਰੱਖ ਦਿੱਤਾ ਸੀ, ਪਰ ਆ਼ਲੇ-ਦੁਆ਼ਲੇ ਦੀ ਮਾਰਕੀਟ ਦੇ ਦੁਕਾਨਦਾਰਾਂ, ਜੋ ਕਿ ਹਾਫ਼ਿਜ਼ ਸੱਯਦ ਦੀ ਤਨਜ਼ੀਮ ਜਮਾਤ-ਉਦ-ਦਾਵਾ ਦੇ ਮੈਂਬਰ ਸਨ, ਵੱਲੋਂ ਮੁਜ਼ਾਹਰੇ ਕਰਨ ਅਤੇ ਰੌ਼ਲਾ ਰੱਪਾ ਪਾਉਣ ਕਰਕੇ ਇਹ ਫ਼ੈਸਲਾ ਪਲਟ ਦਿੱਤਾ ਗਿਆ। ਇਸ ਦੇ ਬਾਵਜੂਦ ਸਰਕਾਰ ਨੇ ਨਾਂ ਬਦਲਣ ਦੇ ਹੱਕ ਵਿੱਚ 'ਦਿਲਕਸ਼ ਲਾਹੌਰ ਕਮੇਟੀ' ਬਣਾਈ ਕਿ ਉਹ ਇਸ ਨਾਂ ਦੀ ਸਿਫ਼ਾਰਿਸ਼ ਕਰੇ ਪਰ ਇਸ ਵਾਰ ਪਾਬੰਦੀਸ਼ੁਦਾ ਤਨਜ਼ੀਮ, ਜਮਾਤ ਉਦ ਦਾਅਵਾ ਨਾਲ ਸਬੰਧਾਂ ਵਾਲੀ ਤਹਿਰੀਕ-ਏ-ਹੁਰਮਤ-ਏ-ਰਸੂਲ ਨੇ ਹਾਈਕੋਰਟ ਦਾ ਦਰਵਾਜ਼ਾ ਖੜਕਾ ਦਿੱਤਾ ਤੇ ਦਲੀਲ ਇਹ ਦਿੱਤੀ ਕਿ ਚੌਕ ਦਾ ਨਾਂ ਬਦਲਣ ਪਿੱਛੇ ਭਾਰਤ ਦੀ ਖ਼ੁਫ਼ੀਆ ਏਜੰਸੀ ਰਾਅ ਦਾ ਹੱਥ ਹੈ। ਦੂਜੀ ਦਲੀਲ ਇਹ ਦਿੱਤੀ ਗਈ ਕਿ ਪਾਕਿਸਤਾਨ ਇੱਕ ਇਸਲਾਮੀ ਮੁਲਕ ਹੈ, ਕੋਈ ਵੀ ਮੁੱਖ ਰਸਤਾ ਜਾਂ ਚੌਕ ਕਿਸੇ ਗ਼ੈਰ ਮੁਸਲਿਮ ਦੇ ਨਾਂ 'ਤੇ ਨਹੀਂ ਹੋਣਾ ਚਾਹੀਦਾ। ਇਸ ਦੇ ਜੁਆਬ 'ਚ ਵਕੀਲ ਇਮਤਿਆਜ਼ ਕੁਰੈਸ਼ੀ ਨੇ ਕਿਹਾ ਸੀ ਕਿ "ਜੇ ਭਾਰਤ ਵਿੱਚ ਸਰ ਸੱਯਦ ਅਹਿਮਦ ਖਾਨ ਦਾ ਬੁੱਤ ਲੱਗ ਸਕਦਾ ਹੈ ਤਾਂ ਭਗਤ ਸਿੰਘ ਦਾ ਬੁੱਤ ਇਸ ਚੌਕ ਵਿੱਚ ਕਿਉਂ ਨਹੀਂ? ਮੁਹੰਮਦ ਅਲੀ ਜਿਨਾਹ ਨੇ ਵੀ ਤਾਂ ਭਗਤ ਸਿੰਘ ਦੀ ਸ਼ਹੀਦੀ ਨੂੰ ਵੱਡੀ ਕੁਰਬਾਨੀ ਦੱਸਿਆ ਅਤੇ ਸ਼ਹਾਦਤ ਨੂੰ ਸਲਾਮ ਕਰਦਿਆਂ ਕਿਹਾ ਸੀ ਕਿ ਭਗਤ ਸਿੰਘ ਬਹਾਦਰਾਂ 'ਚੋਂ ਬਹਾਦਰ ਸੀ।"

ਲਾਹੌਰ ਹਾਈ ਕੋਰਟ ਨੇ 2018 ਵਿੱਚ ਫ਼ੈਸਲਾ ਸੁਣਾਉਂਦਿਆਂ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਸ਼ਾਦਮਨ ਚੌਕ ਦਾ ਨਾਂ ਭਗਤ ਸਿੰਘ ਚੌਕ ਰੱਖ ਦਿੱਤਾ ਜਾਵੇ ਪਰ 2024 ਤੱਕ ਇਸ ਹਦਾਇਤ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ। ਸੋ ਇਸੇ ਸਾਲ ਅਪਰੈਲ ਵਿੱਚ ਭਗਤ ਸਿੰਘ ਫਾਊਂਡੇਸ਼ਨ ਦੇ ਕਾਰਕੁਨਾਂ ਨੇ ਪੰਜਾਬ ਸਰਕਾਰ ਦੇ ਤਿੰਨ ਅਫਸਰਾਂ ਖ਼ਿਲਾਫ਼ ਅਦਾਲਤੀ ਮਾਣਹਾਨੀ ਦਾ ਕੇਸ ਪਾਇਆ ਸੀ ਜਿਸ ਦੀ ਪੇਸ਼ੀ ਦੌਰਾਨ ਪੰਜਾਬ ਸਰਕਾਰ ਦੇ ਸਹਾਇਕ ਐਡਵੋਕੇਟ ਜਨਰਲ ਇਮਰਾਨ ਖਾਨ ਨੇ ਬੇਨਤੀ ਕਰਦਿਆਂ ਕਿਹਾ ਸੀ ਕਿ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਵਾਸਤੇ ਸਰਕਾਰ ਨੂੰ ਕੁਝ ਹੋਰ ਵਕਤ ਦਿੱਤਾ ਜਾਵੇ। ਪਟੀਸ਼ਨਰ ਵੱਲੋਂ ਐਡਵੋਕੇਟ ਖ਼ਾਲਿਦ ਜ਼ਮਾ ਕੱਕੜ ਨੇ ਕਿਹਾ ਕਿ ਇਸ ਮਾਮਲੇ 'ਚ ਪਹਿਲਾਂ ਹੀ ਬੜੀ ਦੇਰ ਹੋ ਚੁੱਕੀ ਹੈ, ਪਰ ਸਰਕਾਰੀ ਪੱਖ ਦੀ ਦਲੀਲ 'ਤੇ ਵਿਚਾਰ ਕਰਦਿਆਂ ਕੋਰਟ ਨੇ ਅਗਲੀ ਤਰੀਕ ਸੱਤ ਜੂਨ 2024 ਦਿੱਤੀ ਸੀ। ਸੱਤ ਜੂਨ ਨੂੰ ਵੀ ਇਹ ਕੇਸ ਮੁਲਤਵੀ ਕਰ ਦਿੱਤਾ ਗਿਆ ਤੇ ਹੁਣ ਅਗਲੀ ਸੁਣਵਾਈ ਸਤੰਬਰ 'ਚ ਹੋਵੇਗੀ। ਉਮੀਦ ਕਰਦੇ ਹਾਂ ਕਿ ਭਗਤ ਸਿੰਘ ਦੇ ਜਨਮ ਦਿਹਾੜੇ 27 ਸਤੰਬਰ ਨੂੰ ਅਦਾਲਤ ਇਸ ਚੌਕ ਦਾ ਨਾਂ ਭਗਤ ਸਿੰਘ ਚੌਕ ਰੱਖਣ ਵਾਲਾ ਆਖ਼ਰੀ ਫ਼ੈਸਲਾ ਦੇ ਦੇਵੇਗੀ।




ਲਾਹੌਰ ਦਾ ਸ਼ਾਦਮਨ ਚੌਕ।

# ‘ਬੁਲਡੋਜ਼ਰ ਨਿਆਂ’ ਦੇ ਦੌਰ ਵਿਚ ਹਾਵਰਡ ਜ਼ਿਨ ਦੇ ਭਾਸ਼ਣ ਦੀ ਪ੍ਰਸੰਗਿਕਤਾ

***‘ਫਰੰਟਲਾਈਨ’ ਨੇ ਭਾਰਤ ਵਿਚ ਫੈਲ ਰਹੇ ‘ਬੁਲਡੋਜ਼ਰ ਰਾਜ’ ਬਾਰੇ ਤੱਥ ਪੇਸ਼ ਕੀਤੇ ਸਨ। ਰਸਾਲੇ ਅਨੁਸਾਰ, ਸਿਰਫ਼ ਦੋ ਸਾਲਾਂ ਵਿਚ ਪੂਰੇ ਮੁਲਕ ਵਿਚ 1.5 ਲੱਖ ਤੋਂ ਵੱਧ ਘਰ ਢਾਹ ਦਿੱਤੇ ਗਏ ਜਿਸ ਨਾਲ 7.4 ਲੱਖ ਲੋਕ ਬੇਘਰ ਹੋ ਗਏ। ਇਹ ਬੁਲਡੋਜ਼ਰ ਮੁਸਲਮਾਨਾਂ ਅਤੇ ਧਾਰਮਿਕ-ਸਮਾਜਿਕ ਤੌਰ ’ਤੇ ਹਾਸ਼ੀਏ ’ਤੇ ਧੱਕੇ ਸਮੂਹਾਂ ਉਪਰ ਚੱਲਦਾ ਹੈ। ਇਸ ਬਾਰੇ ਚਰਚਾ ਸੁਭਾਸ਼ ਗਾਤਾੜੇ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

‘ਸਾਡੀ ਸਮੱਸਿਆ ਨਾਗਰਿਕ ਜੀ-ਹਜ਼ੂਰੀ ਹੈ’, ਇਹ ਸ਼ਬਦ ਉਘੇ ਅਮਰੀਕੀ ਇਤਿਹਾਸਕਾਰ, ਨਾਟਕਕਾਰ, ਦਾਰਸ਼ਨਿਕ ਅਤੇ ਸਮਾਜਵਾਦੀ ਸਿਧਾਂਤਕਾਰ ਹਾਵਰਡ ਜ਼ਿਨ ਦੇ ਹਨ ਜਿਸ ਦੀ ਲਿਖੀ ਕਿਤਾਬ ‘ਏ ਪੀਪਲਜ਼ ਹਿਸਟਰੀ ਆਫ ਯੂਨਾਈਟਿਡ ਸਟੇਟਸ’ ਦੀਆਂ ਲੱਖਾਂ ਕਾਪੀਆਂ ਵਿਕ ਚੁੱਕੀਆਂ ਹਨ। ਦੁਨੀਆ ਦੇ ਮੁਲਕਾਂ ’ਚ ਜਦੋਂ ਵੀ ਉਥੋਂ ਦੀ ਜਨਤਾ ਹੁਕਮਰਾਨਾਂ ਦੇ ਹਰ ਫਰਮਾਨ ਨੂੰ ਸਿਰ ਮੱਥੇ ਕਬੂਲ ਕਰਦੀ ਹੈ ਤਾਂ ਇਹ ਸ਼ਬਦ ਅੱਜ ਵੀ ਦੁਹਰਾਏ ਜਾਂਦੇ ਹਨ।

ਇਸ ਬਿਆਨ ਦੇ ਇਤਿਹਾਸ ਬਾਰੇ ਬਹੁਤ ਘੱਟ ਜਾਣਕਾਰੀ ਹੈ ਜੋ ਉਸ ਨੇ ਅਮਰੀਕਾ ਦੇ ਯੁੱਧ ਵਿਰੋਧੀ ਅੰਦੋਲਨ (1971) ਦੌਰਾਨ ਬਾਲਟੀਮੋਰ ਯੂਨੀਵਰਸਿਟੀ ਕੈਂਪਸ ਵਿਚ ਰੈਡੀਕਲ ਵਿਦਿਆਰਥੀਆਂ ਅਤੇ ਤਬਦੀਲੀ ਪਸੰਦ ਅਧਿਆਪਕਾਂ ਦੇ ਵਿਸ਼ਾਲ ਇਕੱਠ ’ਚ ਦਿੱਤਾ ਸੀ।



ਇਹ ਉਹ ਦੌਰ ਸੀ ਜਦੋਂ ਅਮਰੀਕਨ ਸਰਕਾਰ ਵੀਅਤਨਾਮ ਯੁੱਧ ਵਿਚ ਗ੍ਰਸਤ ਸੀ ਜਿੱਥੋਂ ਅਮਰੀਕੀ ਫ਼ੌਜੀਆਂ ਦੀਆਂ ਮਹਿਜ਼ ਲਾਸ਼ਾਂ ਹੀ ਵਾਪਸ ਆਉਂਦੀਆਂ ਸਨ।

**ਸੁਭਾਸ਼ ਗਾਤਾੜੇ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਇਸ ਨੂੰ ਲੈ ਕੇ ਲੋਕਾਂ ’ਚ ਗੁੱਸਾ ਵਧ ਰਿਹਾ ਸੀ ਅਤੇ ਜਨਤਕ ਅੰਦੋਲਨ ਵੱਲੋਂ ਅਮਰੀਕੀ ਸਰਕਾਰ ਉਪਰ ਉਥੋਂ ਆਪਣੀਆਂ ਫ਼ੌਜਾਂ ਵਾਪਸ ਸੱਦਣ ਲਈ ਦਬਾਅ ਪਾਇਆ ਜਾ ਰਿਹਾ ਸੀ।

ਇਸ ਇਤਿਹਾਸਕ ਸਾਬਤ ਹੋ ਚੁੱਕੇ ਭਾਸ਼ਣ ਤੋਂ ਇਕ ਦਿਨ ਪਹਿਲਾਂ ਜੋ ਵਾਪਰਿਆ ਉਹ ਅਣਵਿਉਂਤਿਆ ਤੇ ਅਣਕਿਆਸਿਆ ਸੀ। ਯੁੱਧ ਵਿਰੋਧੀ ਪ੍ਰਦਰਸ਼ਨ ’ਚ ਸ਼ਾਮਲ ਹੋਣ ਕਰ ਕੇ ਹਾਵਰਡ ਨੂੰ ਫੈਡਰਲ ਪੁਲਿਸ ਨੇ ਹਿਰਾਸਤ ’ਚ ਲਿਆ ਸੀ ਅਤੇ ਉਸ ਨੂੰ ਅਗਲੇ ਦਿਨ ਅਦਾਲਤ ’ਚ ਹਾਜ਼ਰ ਹੋਣ ਲਈ ਕਿਹਾ ਗਿਆ ਸੀ। ਸਵਾਲ ਇਹ ਸੀ ਕਿ ਕੀ ਉਹ ਅਗਲੇ ਦਿਨ ਅਦਾਲਤ ਦੇ ਸਾਹਮਣੇ ਹਾਜ਼ਰ ਹੋਵੇ ਜਿੱਥੇ ਉਸ ਨੂੰ ਚਿਤਾਵਨੀ ਦਿੱਤੀ ਜਾਵੇਗੀ ਅਤੇ ਫਿਰ ਘਰ ਜਾਣ ਨੂੰ ਕਿਹਾ ਜਾਵੇਗਾ ਜਾਂ ਉਹ ਬਾਲਟੀਮੋਰ ਜਾਣ ਦੇ ਆਪਣੇ ਫ਼ੈਸਲੇ ਉਪਰ ਡਟਿਆ ਰਹੇ? ਭਾਵ, ਰੈਡੀਕਲ ਵਿਦਿਆਰਥੀਆਂ ਨੇ ਉਸ ਨੂੰ ਜੋ ਸੱਦਾ ਭੇਜਿਆ ਸੀ, ਪਹਿਲਾਂ ਉਸ ਦਾ ਸਨਮਾਨ ਕਰੇ ਅਤੇ ਉਸ ਤੋਂ ਅਗਲੇ ਦਿਨ ਅਦਾਲਤ ਦੇ ਸਾਹਮਣੇ ਹਾਜ਼ਰ ਹੋਵੇ? ਇਹ ਸਪਸ਼ਟ ਸੀ ਕਿ ਇਸ ਹੁਕਮ ਅਦੂਲੀ ਲਈ ਉਸ ਨੂੰ ਘੱਟੋ-ਘੱਟ ਕੁਝ ਦਿਨ ਜਾਂ ਮਹੀਨੇ ਤਾਂ ਸੀਖ਼ਾਂ ਦੇ ਪਿੱਛੇ ਜਾਣਾ ਹੀ ਪੈਂਦਾ।

ਜ਼ਿਨ ਨੇ ਬਾਲਟੀਮੋਰ ਜਾਣ ਦਾ ਫ਼ੈਸਲਾ ਕੀਤਾ ਜਿੱਥੇ ਉਸ ਨੇ ਉਪਰੋਕਤ ਭਾਸ਼ਣ ਦਿੱਤਾ ਜਿਸ ਦਾ ਵਿਦਿਆਰਥੀਆਂ ਅਤੇ ਅਧਿਆਪਕਾਂ ’ਚ ਜ਼ਬਰਦਸਤ ਪ੍ਰਤੀਕਰਮ ਹੋਇਆ। ਵਾਪਸ ਆ ਕੇ ਅਗਲੇ ਹੀ ਦਿਨ ਉਹ ਅਦਾਲਤ ਦੇ ਸਾਹਮਣੇ ਹਾਜ਼ਰ ਹੋਇਆ। ਜਿਵੇਂ ਕਿ ਉਮੀਦ ਸੀ, ਉਸ ਨੂੰ ਕੁਝ ਹਫ਼ਤੇ ਲਈ ਜੇਲ੍ਹ ਭੇਜ ਦਿੱਤਾ ਗਿਆ।

ਇਸ ਵਕਤ ਜਦੋਂ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲੇ ਮੁਲਕ (ਭਾਰਤ) ਵਿਚ ‘ਬੁਲਡੋਜ਼ਰ ਨਿਆਂ’ ਦੀਆਂ ਘਟਨਾਵਾਂ ਵਾਰ-ਵਾਰ ਸਾਹਮਣੇ ਆ ਰਹੀਆਂ ਹਨ ਤਾਂ ਹਾਵਰਡ ਜ਼ਿਨ ਦੇ ਉਪਰੋਕਤ ਭਾਸ਼ਣ ਦੀ ਪ੍ਰਸੰਗਿਕਤਾ ਹੋਰ ਵੀ ਵਧ ਜਾਂਦੀ ਹੈ।

ਬੁਲਡੋਜ਼ਰ ਨੂੰ ਨਿਆਂ ਦਾ ‘ਵਾਹਕ’ ਬਣਾਉਣਾ ਹੁਣ ਆਮ ਗੱਲ ਹੋ ਗਈ ਹੈ।

ਅਜੇ ਬਹੁਤਾ ਸਮਾਂ ਨਹੀਂ ਹੋਇਆ ਜਦੋਂ ਅਹਿਮ ਨਿਊਜ਼ ਰਸਾਲੇ ‘ਫਰੰਟਲਾਈਨ’ ਨੇ ਭਾਰਤ ਵਿਚ ਫੈਲ ਰਹੇ ‘ਬੁਲਡੋਜ਼ਰ ਰਾਜ’ ਬਾਰੇ ਤੱਥ ਪੇਸ਼ ਕੀਤੇ ਸਨ। ਰਸਾਲੇ ਅਨੁਸਾਰ, ਸਿਰਫ਼ ਦੋ ਸਾਲਾਂ ਵਿਚ ਹੀ ਪੂਰੇ ਮੁਲਕ ਵਿਚ 1.5 ਲੱਖ ਤੋਂ ਵੱਧ ਘਰ ਢਾਹ ਦਿੱਤੇ ਗਏ ਹਨ ਅਤੇ 7.4 ਲੱਖ ਲੋਕ ਬੇਘਰ ਹੋ ਗਏ ਹਨ। ਲੇਖ ਵਿਚ ਇਹ ਚਰਚਾ ਵੀ ਕੀਤੀ ਗਈ ਕਿ ਜਦੋਂ ਛੋਟੀਆਂ-ਮੋਟੀਆਂ ਘਟਨਾਵਾਂ ਦੇ ਬਹਾਨੇ ਘਰਾਂ ਅਤੇ ਵਪਾਰਕ ਥਾਵਾਂ ਨੂੰ ਢਾਹੁਣ ਲਈ ਭੇਜਿਆ ਬੁਲਡੋਜ਼ਰ ਚੱਲਦਾ ਹੈ ਤਾਂ ਮੁਸਲਮਾਨਾਂ ਅਤੇ ਹੋਰ ਧਾਰਮਿਕ ਤੇ ਸਮਾਜਿਕ ਤੌਰ ’ਤੇ ਹਾਸ਼ੀਏ ’ਤੇ ਧੱਕੇ ਸਮੂਹਾਂ ਉਪਰ ਇਸ ਦੀ ਸਭ ਤੋਂ ਵੱਧ ਕਿਵੇਂ ਮਾਰ ਪੈਂਦੀ ਹੈ।

ਅਸੀਂ ਇਹ ਵੀ ਜਾਣਦੇ ਹਾਂ ਕਿ ਇਸ ਸਾਲ ਚੋਣ ਨਤੀਜੇ ਆਉਣ ਤੋਂ ਪੰਦਰਾਂ ਦਿਨ ਦੇ ਅੰਦਰ ਹੀ ਲਖਨਊ ਦੇ ਅਕਬਰ ਨਗਰ ਵਿਚ ਇਸੇ ਤਰ੍ਹਾਂ ਦੀ ਵਿਆਪਕ ਤਬਾਹੀ ਮੁਹਿੰਮ ਚਲਾਈ ਗਈ ਜਿਸ ਤਹਿਤ ਰਾਜ ਸਰਕਾਰ ਨੇ 1800 ਤੋਂ ਵੱਧ ਇਮਾਰਤਾਂ ਢਾਹ ਦਿੱਤੀਆਂ ਸਨ। ਇਨ੍ਹਾਂ ਵਿਚ 1169 ਘਰ ਅਤੇ 101 ਕਾਰੋਬਾਰੀ ਅਦਾਰੇ ਸ਼ਾਮਲ ਸਨ। ਲੋਕ ਕਈ ਦਹਾਕਿਆਂ ਤੋਂ ਉਥੇ ਰਹਿ ਰਹੇ ਸਨ। ਇਹ ਕਾਰਵਾਈ ਭਾਰਤ ਦੇ ਸੰਵਿਧਾਨ ਦੀ ਧਾਰਾ 21 ਦੀ ਉਲੰਘਣਾ ਸੀ ਜਿਸ ਤਹਿਤ ਰਾਜ ਲੋਕਾਂ ਨੂੰ ਜ਼ਿੰਦਗੀ ਅਤੇ ਨਿੱਜੀ ਆਜ਼ਾਦੀ ਦੀ ਗਰੰਟੀ ਦਿੰਦਾ ਹੈ ਤੇ ਇਸ ਗੱਲ ’ਤੇ ਜ਼ੋਰ ਦਿੰਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਨਿਆਂ ਦੀ ਸਹੀ ਪ੍ਰਕਿਰਿਆ ਤੋਂ ਬਿਨਾਂ ਬੁਨਿਆਦੀ ਅਧਿਕਾਰਾਂ ਤੋਂ ਵਿਰਵਾ ਨਹੀਂ ਕੀਤਾ ਜਾ ਸਕਦਾ।




*ਕਾਂਗਰਸ ਨੇਤਾ ਹਾਜੀ ਸ਼ਹਿਜਾਦ ਅਲੀ ਦਾ ਯਾਹਿਆ ਮਕਾਨ ਅਤੇ (ਸੱਜੇ) ਉਘਾ ਵਿਦਵਾਨ ਹਾਵਰਡ ਜ਼ਿਨ।*

ਬੁਲਡੋਜ਼ਰਾਂ ਰਾਹੀਂ ਮਕਾਨ ਢਾਹੁਣ ਦੀ ਮੁਹਿੰਮ ਦੇ ਤਹਿਤ ਤਾਜ਼ਾ ਕੇਸ ਮੱਧ ਪ੍ਰਦੇਸ਼ ਦੇ ਛਤਰਪੁਰ ਦਾ ਹੈ ਜਿੱਥੇ ਲੱਗਭੱਗ ਪੰਜ ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਮਕਾਨ ਢਾਹ ਦਿੱਤਾ ਗਿਆ। ਇਹ ਘਟਨਾ ਮੁਲਕ ਤੇ ਲੋਕਾਂ ਦੇ ਸਾਹਮਣੇ ਵਾਪਰੀ ਅਤੇ ਸਾਰੇ ਲੋਕ ਹਮੇਸ਼ਾ ਵਾਂਗ ਚੁੱਪ ਰਹੇ। ਦਿਨ-ਦਿਹਾੜੇ ਕਾਂਗਰਸ ਨੇਤਾ ਹਾਜੀ ਸ਼ਹਿਜਾਦ ਅਲੀ ਦਾ ਇਹ ਮਕਾਨ ਢਾਹ ਦਿੱਤਾ ਗਿਆ; ਬਗੈਰ ਕਿਸੇ ਨੋਟਿਸ ਅਤੇ ਅਗਾਊਂ ਸੂਚਨਾ ਦੇ! ਘਰ ਸਾਹਮਣੇ ਖੜ੍ਹੀਆਂ ਤਿੰਨ ਕਾਰਾਂ ਵੀ ਨਸ਼ਟ ਕਰ ਦਿੱਤੀਆਂ।

ਇਹ ਅਜੇ ਸਪੱਸ਼ਟ ਨਹੀਂ ਕਿ ਇਹ ਵਿਸ਼ਾਲ ਮਕਾਨ ਕਿਸ ਦੇ ਹੁਕਮ ’ਤੇ ਢਾਹਿਆ ਅਤੇ ਬਾਹਰ ਖੜ੍ਹੀਆਂ ਤਿੰਨ ਕਾਰਾਂ ਕਿਸ ਦੇ ਹੁਕਮ ’ਤੇ ਤੋੜੀਆਂ। ਆਖ਼ਿਰ ਕਿਸ ਕਾਨੂੰਨ ਨੇ ਪੁਲਿਸ ਅਤੇ ਪ੍ਰਸ਼ਾਸਨ ਨੂੰ ਭਾਰਤ ਦੇ ਨਾਗਰਿਕ ਨੂੰ ਇਸ ਤਰ੍ਹਾਂ ਦਾ ‘ਝੱਟਪੱਟ ਨਿਆਂ’ ਦਿੱਤਾ? ਕੀ ਸ਼ਿਕਾਇਤਾਂ ਪੇਸ਼ ਕਰਨ ਲਈ ਲੋਕਾਂ ਦੀ ਅਗਵਾਈ ਕਰਨਾ ਜਾਂ ਲੋਕਾਂ ਨੂੰ ਹਿੰਸਕ ਨਾ ਹੋਣ ਤੇ ਸ਼ਾਂਤਮਈ ਰਹਿਣ ਲਈ ਕਹਿਣਾ ਜੁਰਮ ਹੈ? ਤੇ ਜੇ ਹਜੂਮ ਬੇਕਾਬੂ ਵੀ ਹੋ ਜਾਵੇ ਤਾਂ ਕੀ ਇਸ ਦਾ ਭਾਵ ਇਹ ਹੈ ਕਿ ਭਾਈਚਾਰੇ ਦੇ ਆਗੂ ਜਾਂ ਇਲਾਕੇ ਦੇ ਜਾਣੇ-ਪਛਾਣੇ ਵਿਅਕਤੀ ਜੋ ਕਥਿਤ ਤੌਰ ’ਤੇ ਜਲੂਸ ਦੀ ਅਗਵਾਈ ਕਰ ਰਿਹਾ ਹੈ, ਨੂੰ ਆਪਣੇ ਹੀ ਘਰ ਅਤੇ ਕਾਰੋਬਾਰਾਂ ਨੂੰ ਤੋੜੇ ਜਾਣ ਦਾ ਸਾਹਮਣਾ ਕਰਨਾ ਪਵੇ? ਕਿਹੜਾ ਕਾਨੂੰਨ ਬੁਨਿਆਦੀ ਹੱਕਾਂ ’ਤੇ ਇਸ ਤਰ੍ਹਾਂ ਹਮਲਾ ਕਰਨ ਦਾ ਅਧਿਕਾਰ ਦਿੰਦਾ ਹੈ?

ਕੀ ਇਹ ਕਹਿਣਾ ਮੁਨਾਸਿਬ ਹੋਵੇਗਾ ਕਿ ਇਸ ਕਾਰਵਾਈ ਬਾਰੇ ਪ੍ਰਸ਼ਾਸਨ ਦੀਆਂ ਵੱਖੋ-ਵੱਖਰੀਆਂ ਵਿਆਖਿਆਵਾਂ ਇਸ ਮੁੱਦੇ ’ਤੇ ਉਨ੍ਹਾਂ ਦੇ ਘਚੋਲੇ ਨੂੰ ਦਰਸਾਉਂਦੀਆਂ ਹਨ, ਕਿ ਇਸ ਕਾਰਵਾਈ ਵਿਚ ਪ੍ਰਸ਼ਾਸਨ ਨੂੰ ਬਚਾਓਵਾਦੀ ਪੈਂਤੜਾ ਅਪਣਾਉਣਾ ਪੈ ਰਿਹਾ ਹੈ? ਜਿਵੇਂ ਵਿਸ਼ਲੇਸ਼ਣ ਕਰਤਾਵਾਂ ਨੇ ਕਿਹਾ ਹੈ ਕਿ ਪਹਿਲਾਂ ਇਸ ਤੋੜ-ਫੋੜ ਨੂੰ ਇਸ ਆਧਾਰ ’ਤੇ ਜਾਇਜ਼ ਠਹਿਰਾਇਆ ਗਿਆ ਕਿ ਇਹ ਸਰਕਾਰੀ ਜ਼ਮੀਨ ’ਤੇ ਬਣਿਆ ਸੀ, ਫਿਰ ਕਹਿਣਾ ਸ਼ੁਰੂ ਕਰ ਦਿੱਤਾ ਗਿਆ ਕਿ ਇਹ ਜਲ ਸਰੋਤ ਦੇ ਨੇੜੇ ਸੀ ਅਤੇ ਹੁਣ ਕਿਹਾ ਜਾ ਰਿਹਾ ਹੈ ਕਿ ਜ਼ਮੀਨ ਤਾਂ ਸ਼ਹਿਜਾਦ ਅਲੀ ਦੀ ਹੀ ਹੈ ਪਰ ਘਰ ਦਾ ਨਕਸ਼ਾ ਸਬੰਧਿਤ ਵਿਭਾਗ ਤੋਂ ਪਾਸ ਨਹੀਂ ਕਰਾਇਆ ਗਿਆ ਸੀ।

ਆਖ਼ਿਰ ਕਦੋਂ ਤੋਂ ਕੋਈ ਉਸਾਰੀ ਜਿਸ ਦਾ ਨਕਸ਼ਾ ਸਬੰਧਿਤ ਅਧਿਕਾਰੀਆਂ ਨੇ ਪਾਸ ਨਾ ਕੀਤਾ ਹੋਵੇ, ਇਸ ਤਰ੍ਹਾਂ ਤੁਰੰਤ ਢਾਹੀ ਜਾਣ ਲੱਗੀ ਹੈ, ਤਰੁੱਟੀ ਨੂੰ ਦਰੁਸਤ ਕਰਨ ਦੀ ਪ੍ਰਕਿਰਿਆ ਅਪਣਾਏ ਬਿਨਾਂ ਜਿਸ ਤਹਿਤ ਅਦਾਲਤ ਜਾਂ ਸਬੰਧਿਤ ਵਿਭਾਗ ਕੁਝ ਜੁਰਮਾਨਾ ਲਾਉਂਦਾ ਹੈ ਜਾਂ ਵਿਵਾਦਗ੍ਰਸਤ ਇਮਾਰਤ ਦੇ ਇਕ ਹਿੱਸੇ ਨੂੰ ਢਾਹ ਦਿੰਦਾ ਹੈ?

ਦਰਅਸਲ, ਜਿਸ ਤਰੀਕੇ ਨਾਲ ਇਹ ਮਹਿਲਨੁਮਾ ਮਕਾਨ ਢਾਹਿਆ ਅਤੇ ਹੁਣ ਇਕ ਤੋਂ ਬਾਅਦ ਇਕ ਨਵੇਂ ਸਪਸ਼ਟੀਕਰਨ ਸਾਹਮਣੇ ਆ ਰਹੇ ਹਨ, ਉਸ ਨੂੰ ਦੇਖਦਿਆਂ ਮੱਧ ਪ੍ਰਦੇਸ਼ ਸਰਕਾਰ ਦੇ ਅਧਿਕਾਰੀਆਂ ਨੂੰ ਹੁਣ ਇਨ੍ਹਾਂ ਦੋਸ਼ਾਂ ਤੋਂ ਬਚਣਾ ਮੁਸ਼ਕਿਲ ਲੱਗ ਰਿਹਾ ਹੈ ਕਿ ਉਨ੍ਹਾਂ ਨੇ ਪੱਖਪਾਤੀ ਤਰੀਕੇ ਨਾਲ ਵਿਹਾਰ ਕੀਤਾ ਅਤੇ ਸੰਵਿਧਾਨ ਦੇ ਰੱਖਿਅਕਾਂ ਵਜੋਂ ਨਹੀਂ ਸਗੋਂ ‘ਸੱਤਾਧਾਰੀ ਭਾਜਪਾ ਦੇ ਸੇਵਕਾਂ ਵਾਂਗ’ ਵਰਤਾਓ ਕੀਤਾ। ਇਹ ਵਿਵਾਦਪੂਰਨ ਇਮਾਰਤਾਂ ਢਾਹੁਣ ਤੋਂ ਸਿਰਫ਼ ਦੋ ਹਫ਼ਤੇ ਪਹਿਲਾਂ ਕਾਂਗਰਸ ਪਾਰਟੀ ਨੇ ਆਪਣੇ ਸਾਬਕਾ ਮੁੱਖ ਮੰਤਰੀ ਦਿਗਵਿਜੈ ਸਿੰਘ ਦੀ ਅਗਵਾਈ ’ਚ ਵਿਸ਼ਾਲ ਰੈਲੀ ਕੀਤੀ ਸੀ ਜਿਸ ਵਿਚ ਭਿੰਡ ਦੇ ਜ਼ਿਲ੍ਹਾ ਕੁਲੈਕਟਰ (ਡੀ.ਸੀ.) ਵਿਰੁੱਧ ਐੱਫ.ਆਈ.ਆਰ. ਦਰਜ ਕਰਨ ਦੀ ਮੰਗ ਕੀਤੀ ਗਈ ਸੀ ਜਿਸ ਨੇ ਕਥਿਤ ਤੌਰ ’ਤੇ ਧਾਰਮਿਕ ਆਧਾਰ ’ਤੇ ਘਰ ਢਾਹ ਦਿੱਤੇ ਸਨ।

ਇਹ ਭੁੱਲਣਾ ਨਹੀਂ ਚਾਹੀਦਾ ਕਿ ਇਮਾਰਤਾਂ ਢਾਹੁਣ ਦੀਆਂ ਇਹ ਘਟਨਾਵਾਂ ਭਾਜਪਾ ਦੀ ਹਕੂਮਤ ਵਾਲੇ ਰਾਜਾਂ ਵਿਚ ਚੱਲ ਰਹੇ ਵਿਆਪਕ ਵਰਤਾਰੇ ਦੀ ਝਲਕ ਮਾਤਰ ਹਨ।

***ਇਤਿਹਾਸ ਸਾਨੂੰ ਹਿਟਲਰ ਦੇ ਜਰਮਨੀ ਵਿਚ ਨਿਊਰਮਬਰਗ ਕਾਨੂੰਨਾਂ (1935) ਬਾਰੇ ਦੱਸਦਾ ਹੈ ਜਿਸ ਨੇ ਨਾਜ਼ੀ ਹਕੂਮਤ ਲਈ ਯਹੂਦੀਆਂ ਨਾਲ ਵਿਤਕਰੇ ਨੂੰ ਨੀਤੀ ਦੇ ਰੂਪ ’ਚ ਅੰਜਾਮ ਦੇਣਾ ਬਹੁਤ ਹੀ ਸੌਖਾ ਬਣਾ ਦਿੱਤਾ ਸੀ। ਉਸ ਨੇ ਜਰਮਨੀ ਵਿਚ ਸਾਮੀ ਨਸਲ ਵਿਰੋਧੀ ਰਵੱਈਏ ਨੂੰ ਵੀ ਸੰਸਥਾਈ ਰੂਪ ਦੇ ਦਿੱਤਾ ਜਿਸ ਦਾ ਸਿੱਟਾ ਨਸਲੀ ਸਫ਼ਾਏ ਵਿਚ ਨਿਕਲਿਆ।***

ਲੋਕ ਸਭਾ ਚੋਣਾਂ ਦੇ ਨਤੀਜਿਆਂ ਦੇ ਐਲਾਨ ਤੋਂ ਸਿਰਫ਼ ਇਕ ਹਫ਼ਤਾ ਬਾਅਦ ਆਦਿਵਾਸੀ ਬਹੁਗਿਣਤੀ ਵਾਲੇ ਮੰਡਲਾ ਜ਼ਿਲ੍ਹੇ ਵਿਚ ਸਰਕਾਰੀ ਜ਼ਮੀਨ ਉਪਰ ਬਣੇ ਘੱਟਗਿਣਤੀ ਭਾਈਚਾਰੇ ਦੇ 11 ਘਰ ਇਹ ਦੋਸ਼ ਲਾ ਕੇ ਢਾਹ ਦਿੱਤੇ ਕਿ ਉਥੇ ‘ਬੀਫ ਦਾ ਗ਼ੈਰ-ਕਾਨੂੰਨੀ ਵਪਾਰ’ ਕੀਤਾ ਜਾ ਰਿਹਾ ਹੈ। ਜਿਵੇਂ ਪੀੜਤਾਂ ਨੇ ਦੱਸਿਆ ਕਿ ਮਕਾਨ ਢਾਹੁਣ ਤੋਂ ਪਹਿਲਾਂ ਕਿਸੇ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਗਈ ਅਤੇ ਸਿਰਫ਼ ਇਹ ਦਾਅਵਾ ਕੀਤਾ ਗਿਆ ਕਿ ਘਰ ਸਰਕਾਰੀ ਜ਼ਮੀਨ ’ਤੇ ਬਣਾਏ ਹੋਏ ਹਨ। ਉਨ੍ਹਾਂ ਇਲਾਕਿਆਂ ’ਚ ਫਟਾਫਟ ਬੁਲਡੋਜ਼ਰ ਭੇਜ ਦਿੱਤੇ ਅਤੇ ਪੁਲਿਸ ਲਸ਼ਕਰਾਂ ਦੇ ਪਹਿਰੇ ਹੇਠ ਉਨ੍ਹਾਂ ਦੇ ਮਕਾਨ ਮਲਬੇ ਦੇ ਢੇਰ ਬਣਾ ਦਿੱਤੇ।

ਇੰਝ ਜਾਪਦਾ ਹੈ ਕਿ ਹੁਣ ‘ਹਜੂਮ ਦਾ ਕੰਮ’ ‘ਪੁਲਿਸ/ਪ੍ਰਸ਼ਾਸਨ ਨੇ ਆਪਣੇ ਹੱਥ ਲੈ ਲਿਆ ਹੈ ਜਿੱਥੇ ਰਾਜ ਦਾ ਚੌਕਸੀਵਾਦ ਘੱਟਗਿਣਤੀ ਭਾਈਚਾਰੇ ਵਿਰੁੱਧ ਹਿੰਸਾ ਨੂੰ ਵਾਜਬੀਅਤ ਮੁਹੱਈਆ ਕਰ ਰਿਹਾ ਹੈ। ਇਹ ਇਕ ਤਰ੍ਹਾਂ ਨਾਲ 2015 ’ਚ ਵਾਪਰੇ ਕਾਂਡ ਦਾ ਦੁਹਰਾਓ ਹੈ, ਜਦੋਂ ਰਾਜਧਾਨੀ ਦਿੱਲੀ ਨੇੜੇ ਦਾਦਰੀ ਨਾਂ ਦੇ ਸਥਾਨ ’ਤੇ ਪਿੰਡ ਵਾਲਿਆਂ ਦਾ ਹਜੂਮ ਮੁਹੰਮਦ ਅਖਲਾਕ ਦੇ ਘਰ ’ਚ ਜਾ ਵੜਿਆ ਸੀ; ਮਹਿਜ਼ ਇਸ ਸ਼ੱਕ ਤਹਿਤ ਕਿ ਉਸ ਨੇ ਆਪਣੇ ਫਰਿੱਜ ਵਿਚ ਗਊ ਮਾਸ ਰੱਖਿਆ ਹੋਇਆ ਹੈ ਤੇ ਉਸ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ।

ਹਾਲਤ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਮੱਧ ਪ੍ਰਦੇਸ਼ ਦੀਆਂ ਵੱਖ-ਵੱਖ ਅਦਾਲਤਾਂ ਵਿਚ ਗ਼ੈਰ-ਕਾਨੂੰਨੀ ਉਸਾਰੀਆਂ ਢਾਹੁਣ ਬਾਬਤ ਘੱਟੋ-ਘੱਟ 1000 ਪਟੀਸ਼ਨਾਂ ਵਿਚਾਰ ਅਧੀਨ ਹਨ ਜੋ ਬੁਲਡੋਜ਼ਰ ਅਨਿਆਂ ਦੇ ਇਸ ਵਰਤਾਰੇ ਉਪਰ ਸਵਾਲ ਉਠਾਉਂਦੀਆਂ ਹਨ। ਮੁਲਕ ਦੀ ਸੁਪਰੀਮ ਕੋਰਟ ਨੇ ਅਜਿਹੇ ਤੁਰੰਤ (ਅ)ਨਿਆਂ ਦੇ ਤਰੀਕਿਆਂ ਬਾਰੇ ਆਪਣੀ ਰਾਏ ਪ੍ਰਗਟ ਕਰਨੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਵੱਖ-ਵੱਖ ਪੱਧਰ ਦੀਆਂ ਅਦਾਲਤਾਂ ਨੇ ਅਜੇ ਤੱਕ (ਇੱਥੋਂ ਤੱਕ ਕਿ ਸੁਪਰੀਮ ਕੋਰਟ ਨੇ ਵੀ) ਭਾਜਪਾ ਦੀ ਹਕੂਮਤ ਵਾਲੇ ਵੱਖ-ਵੱਖ ਰਾਜਾਂ ਵਿਚ ‘ਤੁਰੰਤ ਨਿਆਂ’ ਦੀਆਂ ਇਨ੍ਹਾਂ ਵਾਰਦਾਤਾਂ ਦਾ ਨੋਟਿਸ ਨਹੀਂ ਲਿਆ ਹੈ।

ਇਹ ਮੁੱਦਾ ਮੱਧ ਪ੍ਰਦੇਸ਼ ਜੋ ਪਿਛਲੇ ਦੋ ਦਹਾਕਿਆਂ ਤੋਂ ਭਾਜਪਾ ਦਾ ਮਜ਼ਬੂਤ ਗੜ੍ਹ ਹੈ ਜਾਂ ਕਿਸੇ ਹੋਰ ਰਾਜ ਤੱਕ ਸੀਮਤ ਨਹੀਂ ਹੈ। ਇਹ ਸਿਲਸਿਲਾ ਭਾਜਪਾ ਦੀ ਹਕੂਮਤ ਵਾਲੇ ਰਾਜਾਂ ਵਿਚ ਆਮ ਹੈ। ਮਿਸਾਲ ਲਈ, ਰਾਜਸਥਾਨ ਦੇ ਉਦੈਪੁਰ ਵਿਚ ਇਕ ਮੁਸਲਮਾਨ ਵਿਦਿਆਰਥੀ ਵੱਲੋਂ ਕਿਸੇ ਕਾਰਨ ਆਪਣੇ ਹਿੰਦੂ ਸਹਿਪਾਠੀ ਦੀ ਹੱਤਿਆ ਕੀਤੇ ਜਾਣ ਦੀ ਘਟਨਾ ਵਾਪਰੀ। ਫਿਰ ਪੁਲਿਸ/ਪ੍ਰਸ਼ਾਸਨ ਨੇ ਜੋ ਕੀਤਾ, ਉਸ ਉਪਰ ਕਿਸੇ ਨੂੰ ਵੀ ਵਿਸ਼ਵਾਸ ਨਹੀਂ ਆਵੇਗਾ। ਅਦਾਲਤ ਅਜੇ ਇਸ ਮਾਮਲੇ ਉਪਰ ਗ਼ੌਰ ਕਰ ਹੀ ਰਹੀ ਸੀ ਅਤੇ ਅਜੇ ਸੁਣਵਾਈ ਵੀ ਸ਼ੁਰੂ ਨਹੀਂ ਸੀ ਹੋਈ ਕਿ ਪੁਲਿਸ-ਪ੍ਰਸ਼ਾਸਨ ਬੁਲਡੋਜ਼ਰ ਲਸ਼ਕਰ ਲੈ ਕੇ ਉਸ ਇਲਾਕੇ ’ਚ ਜਾ ਪਹੁੰਚੇ ਜਿੱਥੇ ਮੁਲਜ਼ਮ ਵਿਦਿਆਰਥੀ ਕਿਰਾਏ ਦੇ ਮਕਾਨ ’ਚ ਆਪਣੇ ਮਾਪਿਆਂ ਨਾਲ ਰਹਿੰਦਾ ਸੀ। ਪੁਲਿਸ ਨੇ ਪੂਰਾ ਮਕਾਨ ਢਾਹ ਦਿੱਤਾ ਜਦਕਿ ਮਕਾਨ ਦੇ ਮੁਸਲਮਾਨ ਮਾਲਕ ਦਾ ਉਸ ਘਟਨਾ ਨਾਲ ਕੋਈ ਲੈਣਾ-ਦੇਣਾ ਨਹੀਂ ਸੀ।

ਸਪਸ਼ਟ ਹੈ ਕਿ ਕਿਸੇ ਖ਼ਾਸ ਤਬਕੇ/ਭਾਈਚਾਰੇ ਵਿਰੁੱਧ ਬਦਲੇ ਦੀ ਭਾਵਨਾ ਨਾਲ ਅਜਿਹੀ ਕਾਰਵਾਈ ਜਾਂ ਹਿੰਸਾ ਨੂੰ ਮਹਿਜ਼ ਕਾਨੂੰਨੀ ਸ਼ਬਦਾਵਲੀ ’ਚ ਜਾਂ ਉਸ ਦੀਆਂ ਕਥਿਤ ਕਮੀਆਂ ਦੀ ਗੱਲ ਕਰ ਕੇ ਨਹੀਂ ਸਮਝਿਆ ਜਾ ਸਕਦਾ। ਸ਼ਾਇਦ ਅਜਿਹੀਆਂ ਘਟਨਾਵਾਂ ਅਜਿਹੇ ਮਾਹੌਲ ਵਿਚ ਵਧੇਰੇ ਦਿਖਾਈ ਦਿੰਦੀਆਂ ਹਨ ਜਿੱਥੇ ਕਾਨੂੰਨ ਪੱਖਪਾਤੀ ਹੁੰਦੇ ਹਨ ਜੋ ਰਾਜ ਅਤੇ ਇਸ ਦੀ ਮਸ਼ੀਨਰੀ ਲਈ ਕਿਸੇ ਵਿਸ਼ੇਸ਼ ਨਸਲੀ, ਸੱਭਿਆਚਾਰਕ ਸਮੂਹ ਜਾਂ ਕਿਸੇ ਖ਼ਾਸ ਧਾਰਮਿਕ/ਸਮਾਜਿਕ ਭਾਈਚਾਰੇ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਣਾ ਸੌਖਾ ਬਣਾਉਂਦੇ ਹਨ ਜਾਂ ਤੁਅੱਸਬਾਂ ਨਾਲ ਗ੍ਰਸਿਆ ਸਰਕਾਰੀ ਵਤੀਰਾ ਹੁੰਦਾ ਹੈ ਜਿਸ ਦੀਆਂ ਜੜ੍ਹਾਂ ਸਮਾਜ ਦੀਆਂ ਇਤਿਹਾਸਕ ਦਰਾੜਾਂ ਵਿਚ ਹੁੰਦੀਆਂ ਹਨ।

ਇਤਿਹਾਸ ਸਾਨੂੰ ਹਿਟਲਰ ਦੇ ਜਰਮਨੀ ਵਿਚ ਨਿਊਰਮਬਰਗ ਕਾਨੂੰਨਾਂ (1935) ਬਾਰੇ ਦੱਸਦਾ ਹੈ ਜਿਸ ਨੇ ਨਾਜ਼ੀ ਹਕੂਮਤ ਲਈ ਯਹੂਦੀਆਂ ਨਾਲ ਵਿਤਕਰੇ ਨੂੰ ਨੀਤੀ ਦੇ ਰੂਪ ’ਚ ਅੰਜਾਮ ਦੇਣਾ ਬਹੁਤ ਹੀ ਸੌਖਾ ਬਣਾ ਦਿੱਤਾ ਸੀ। ਉਸ ਨੇ ਜਰਮਨੀ ਵਿਚ ਸਾਮੀ ਨਸਲ ਵਿਰੋਧੀ ਰਵੱਈਏ ਨੂੰ ਵੀ ਸੰਸਥਾਈ ਰੂਪ ਦੇ ਦਿੱਤਾ ਜਿਸ ਦਾ ਸਿੱਟਾ ਨਸਲੀ ਸਫ਼ਾਏ ਵਿਚ ਨਿਕਲਿਆ। ਅਜਿਹੀ ਹਾਲਤ ਇਕ ਤਰ੍ਹਾਂ ਨਾਲ ਉਨ੍ਹਾਂ ਦੇ ਅੰਦਰਲੇ ਘੱਟਗਿਣਤੀ ਭਾਈਚਾਰੇ ਨੂੰ ਸਾਰੇ ਅਧਿਕਾਰਾਂ ਤੋਂ ਵਾਂਝੇ ਕਰਦੀ ਹੈ ਅਤੇ ਉਨ੍ਹਾਂ ਨੂੰ ਬਹੁਗਿਣਤੀ ਭਾਈਚਾਰੇ ਦੇ ਰਹਿਮ ਦੇ ਹਵਾਲੇ ਕਰ ਦਿੰਦੀ ਹੈ।

ਅਸੀਂ ਅਜਿਹੀ ਸਥਿਤੀ ਦੇ ਵੀ ਰੂਬਰੂ ਹੋ ਸਕਦੇ ਹਾਂ ਜਿੱਥੇ ਅਜਿਹੇ ਪੱਖਪਾਤੀ ਕਾਨੂੰਨ ਰਸਮੀ ਤੌਰ ’ਤੇ ਮੌਜੂਦ ਨਾ ਹੋਣ ਪਰ ਵੱਖ-ਵੱਖ ਇਤਿਹਾਸਕ ਅਤੇ ਹੋਰ ਕਾਰਨਾਂ ਕਰ ਕੇ ਅਜਿਹੇ ਪੱਖਪਾਤੀ ਜਾਂ ਤੁਅੱਸਬੀ ਵਿਹਾਰ ਵੱਧ ਤੋਂ ਵੱਧ ਆਮ ਹੋ ਜਾਂਦੇ ਹਨ।

ਅਜਿਹੇ ਹਾਲਾਤ ਵੀ ਹੋ ਸਕਦੇ ਹਨ ਜਿੱਥੇ ਕਾਨੂੰਨ ਦੇ ਸਾਹਮਣੇ ਹਰ ਕੋਈ ਬਰਾਬਰ ਹੈ; ਅਰਥਾਤ, ਅਜਿਹੇ ਕਾਨੂੰਨ ਵਿਧਾਨਕ ਤੌਰ ’ਤੇ ਮੌਜੂਦ ਨਾ ਹੋਣ ਪਰ ਹਕੀਕਤ ਵਿਚ ਖ਼ਾਸ ਭਾਈਚਾਰਿਆਂ ਦੇ ਵਿਰੁੱਧ ਵਿਤਕਰਾ ਸ਼ਰੇਆਮ ਹੋਵੇ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨੌਕਰਸ਼ਾਹੀ ਅਤੇ ਪ੍ਰਸ਼ਾਸਨ ਦੇ ਵੱਖ-ਵੱਖ ਪੱਧਰਾਂ ’ਤੇ ਅਜਿਹੇ ਤੁਅੱਸਬ ਇੰਨ ਡੂੰਘੇ ਧਸੇ ਹੋਏ ਹਨ ਜਿਸ ਨੂੰ ਪ੍ਰੋਫੈਸਰ ਅਪੂਰਵਾਨੰਦ ‘ਭਾਰਤੀ ਸਟੇਟ ਮਸ਼ੀਨਰੀ ਦਾ ਹਿੰਦੂਤਵੀਕਰਨ’ ਕਹਿੰਦੇ ਹਨ ਜੋ ਇਕ ਤਰ੍ਹਾਂ ਨਾਲ ‘ਪਿਛਲੇ ਦਸ ਸਾਲਾਂ ਦੀ ਸਭ ਤੋਂ ਖ਼ੌਫ਼ਨਾਕ ਘਟਨਾ’ ਹੈ ਅਤੇ ਉਹ ਇਸ ਗੱਲ ਉਪਰ ਵੀ ਜ਼ੋਰ ਦਿੰਦੇ ਹਨ ਕਿ ਉਨ੍ਹਾਂ (ਨੌਕਰਸ਼ਾਹੀ ਤੇ ਪ੍ਰਸ਼ਾਸਨਿਕ ਅਧਿਕਾਰੀਆਂ) ਨੂੰ ਇਹ ਗੱਲ ਕਦੇ ਭੁੱਲਣੀ ਨਹੀਂ ਚਾਹੀਦੀ ਕਿ ਉਨ੍ਹਾਂ ਦੀ ਜ਼ਿੰਦਗੀ ’ਚ ਕਿਸੇ ਨਾ ਕਿਸੇ ਮੁਕਾਮ ’ਤੇ ਸਾਡਾ ਸਮਾਜ ਨਿਆਂ ਦੀ ਦਿਸ਼ਾ ’ਚ ਵਾਪਸ ਪਰਤੇਗਾ।

ਅਪੂਰਵਾਨੰਦ ਲਿਖਦੇ ਹਨ: “ਪੀੜਤ ਉਨ੍ਹਾਂ ਸਾਰੇ ਅਧਿਕਾਰੀਆਂ ਦੇ ਨਾਮ ਜਾਣਦੇ ਹਨ ਜੋ ਬੁਲਡੋਜ਼ਰ ਚਲਾਉਣ ਦੇ ਹੁਕਮ ਜਾਰੀ ਕਰਦੇ ਹਨ ਜਾਂ ਜੋ ਫਰਜ਼ੀ ਮੁਕਾਬਲੇ ਬਣਾਉਂਦੇ ਹਨ। ਇਕ ਦਿਨ ਆਵੇਗਾ ਅਤੇ ਉਹ ਦਿਨ ਦੂਰ ਨਹੀਂ ਹੈ ਜਦੋਂ ਉਨ੍ਹਾਂ ਨੂੰ ਆਪਣੀਆਂ ਕਰਤੂਤਾਂ ਲਈ ਅਦਾਲਤਾਂ ਦਾ ਸਾਹਮਣਾ ਕਰਨਾ ਪਏਗਾ, ਜਦੋਂ ਉਨ੍ਹਾਂ ਦੀਆਂ ਅੱਜ ਦੀਆਂ ਕਾਰਵਾਈਆਂ ਨੂੰ ਨਿਆਂ ਦੇ ਸਿਧਾਂਤਾਂ ਦੀ ਤੱਕੜੀ ’ਚ ਤੋਲਿਆ ਜਾਵੇਗਾ ਅਤੇ ਹਰੇਕ ਨੂੰ ਉਨ੍ਹਾਂ ਸਾਰੇ ਜੁਰਮਾਂ ਲਈ ਜਵਾਬ ਦੇਣਾ ਪਏਗਾ ਜਿਨ੍ਹਾਂ ਨੂੰ ਉਹ ਅੱਜ ਨਿੱਜੀ ਤੌਰ ’ਤੇ ਅੰਜਾਮ ਦੇ ਰਹੇ ਹਨ। ਹਰ ਸ਼ਖ਼ਸ ਨੂੰ ਆਪਣੇ ਕੰਮਾਂ ਲਈ

**(ਬਾਕੀ ਅਗਲੇ ਸਫੇ ’ਤੇ)**

# ਮੀਂਹ ਦੇ ਛਰਾਟੇ



ਹਰ ਖਿੱਤੇ ਵਿਚ ਸਾਲ ਦੇ ਵੱਖ ਵੱਖ ਮਹੀਨਿਆਂ ਦਾ ਆਪਣਾ ਆਪਣਾ ਮੱਹਤਵ ਹੁੰਦਾ ਹੈ। ਸਬੰਧਿਤ ਖਿੱਤੇ ਦਾ ਬਹੁਤ ਕੁਝ ਇਨ੍ਹਾਂ ਮਹੀਨਿਆ ਨਾਲ ਜੁੜਿਆ ਹੋਇਆ ਹੁੰਦਾ ਹੈ। ਕੁਝ ਇਸੇ ਤਰ੍ਹਾਂ ਹੀ ਪੰਜਾਬੀ ਜਨ ਜੀਵਨ ਵਿਚ ਵੀ ਦੇਸੀ ਮਹੀਨਿਆਂ ਦਾ ਵਿਸ਼ੇਸ਼ ਮਹੱਤਵ ਹੈ। ਮੋਟੇ ਰੂਪ ਵਿਚ ਇਨ੍ਹਾਂ ਮਹੀਨਿਆਂ ਨਾਲ ਮੌਸਮ ਅਤੇ ਰੁੱਤਾਂ ਵਿਚ ਆਉਂਦੀ ਤਬਦੀਲੀ ਜੁੜੀ ਹੋਈ ਹੈ। ਹਰ ਮਹੀਨੇ ਦਾ ਆਪਣਾ ਸੱਭਿਆਚਾਰਕ ਅਤੇ ਸਮਾਜਿਕ ਪੱਖਾਂ ਤੋਂ ਮਹੱਤਵ ਹੈ। ਇਨ੍ਹਾਂ ਮਹੀਨਿਆਂ ਵਿਚੋਂ ਸਾਉਣ ਅਤੇ ਭਾਦੋਂ ਬਰਸਾਤਾਂ ਦੇ ਮਹੀਨੇ ਹੋਣ ਕਾਰਨ ਹੋਰ ਵੀ ਮਹੱਤਵ ਰੱਖਣ ਵਾਲੇ ਹਨ।

ਭਾਦੋਂ ਦੇਸੀ ਸਾਲ ਦਾ ਛੇਵਾਂ ਮਹੀਨਾ ਹੈ।

**ਜੱਗਾ ਸਿੰਘ ਆਦਮਕੇ**
**ਫੋਨ: +91-81469-24800**

ਜਿੱਥੇ ਸਾਉਣ ਮਹੀਨੇ ਵਿਚ ਨਮੀ ਭਰਪੂਰ ਮੌਨਸੂਨੀ ਪੌਣਾਂ ਕਾਰਨ ਨਿੱਕੀ-ਨਿੱਕੀ ਕਣੀ ਦੀਆਂ ਬਰਸਾਤਾਂ ਜਨ ਜੀਵਨ, ਬਨਸਪਤੀ ਨੂੰ ਵੱਖਰੀ ਰੰਗੀਨੀ ਪ੍ਰਦਾਨ ਕਰਨ ਲਈ ਵਰਦਾਨ ਸਾਬਤ ਹੁੰਦੀਆਂ ਹਨ, ਉਥੇ ਭਾਦੋਂ ਮਹੀਨੇ ਮੌਨਸੂਨੀ ਪੌਣਾਂ ਵਾਪਸ ਮੁੜਨੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਬਰਸਾਤਾਂ ਵਿਚ ਕੁਝ ਵਿਰਾਮ ਲੱਗਦਾ ਹੈ। ਜਿਹੜੀ ਬਰਸਾਤ ਹੁੰਦੀ ਹੈ, ਉਹ ਵੀ ਸਾਉਣ ਨਾਲੋਂ ਕੁਝ ਵੱਖਰੀ ਕਿਸਮ ਦੀ ਹੁੰਦੀ ਹੈ। ਕਈ ਵਾਰ ਉਮੀਦ ਅਨੁਸਾਰ ਬਰਸਾਤ ਨਹੀਂ ਹੁੰਦੀ ਅਤੇ ਕਈ ਵਾਰ ਉਮੀਦ ਜਾਂ ਕਿਸੇ ਭਵਿੱਖਬਾਣੀ ਦੇ ਉਲਟ ਅਚਾਨਕ ਹੀ ਤੇਜ਼ ਕਣੀਆਂ ਵਾਲਾ ਮੀਂਹ ਪੈਣਾ ਸ਼ੁਰੂ ਹੁੰਦਾ ਹੈ। ਅਜਿਹਾ ਹੋਣ ਕਾਰਨ ਕਹਾਵਤ ਪ੍ਰਸਿੱਧ ਹੈ- 'ਭਾਦੋਂ ਦੇ ਛਰਾਟੇ, ਗੁੰਨ੍ਹੇ ਰਹਿ ਗਏ ਆਟੇ'। ਇਸ ਦੇ ਨਾਲ ਨਾਲ ਇਸ ਸਮੇਂ ਵਿਸ਼ਾਲ ਖੇਤਰ ਵਿਚ ਇੱਕੋ ਸਮੇਂ ਮੀਂਹ ਪੈਣ ਦੀ ਬਜਾਏ ਟੁੱਟਵਾਂ ਮੀਂਹ ਪੈਂਦਾ ਹੈ।

ਅਜਿਹਾ ਹੋਣ ਕਾਰਨ ਪ੍ਰਸਿੱਧ ਹੈ 'ਭਾਦੋਂ ਦੇ ਛਰਾਟੇ, ਕਿਤੇ ਵਾਧੇ ਕਿਤੇ ਘਾਟੇ।' ਇਸ ਸਮੇਂ ਕਈ ਵਾਰ ਕਿਸੇ ਵਿਸ਼ੇਸ਼ ਥਾਂ ਦੇ ਇੱਕ ਪਾਸੇ ਧੁੱਪ ਖਿੜੀ ਹੁੰਦੀ ਹੈ ਅਤੇ ਦੂਸਰੇ ਪਾਸੇ ਮੀਂਹ ਪੈ ਰਿਹਾ ਹੁੰਦਾ ਹੈ। ਭਾਦੋਂ ਦੇ ਇਸ ਵਰਤਾਰੇ ਨੂੰ 'ਗਿੱਦੜ ਗਿੱਦੜੀ ਦਾ ਵਿਆਹ' ਦੇ ਰੂਪ ਵਿਚ ਬਿਆਨਿਆ ਜਾਂਦਾ ਹੈ।

ਇਸ ਦੇ ਨਾਲ ਨਾਲ ਭਾਦੋਂ ਮਹੀਨੇ ਪਿੰਡੇ ਵਿਚ ਖੁੱਭਣ ਵਾਲੀ ਤੇਜ਼ ਧੁੱਪ ਪੈਂਦੀ ਹੈ। ਅਜਿਹਾ ਹੋਣ ਕਾਰਨ ਹੀ ਭਾਦੋਂ ਦੇ ਇਸ ਸੁਭਾਅ ਦਾ ਵਰਣਨ ਲੋਕ ਬੋਲੀ ਵਿਚ ਕੁਝ ਇਸ ਤਰ੍ਹਾਂ ਮਿਲਦਾ ਹੈ:

ਸਾਉਣ ਮਹੀਨੇ ਲੱਗਦੀਆਂ ਝੜੀਆਂ
ਭਾਦੋਂ ਧੁੱਪ ਕੜਾਕੇ
ਵੱਡੇ ਘਰਾਂ ਨੇ ਕੀਤਾ ਤਿਹੌਲਾ
ਖੰਡ ਘਿਓ ਖੂਬ ਰਲ਼ਾ ਕੇ
ਮਾੜਿਆਂ ਘਰਾਂ ਨੇ ਕੀਤੀ ਗੋਈ
ਗੁੜ ਦੀ ਰੋੜੀ ਪਾ ਕੇ।

ਭਾਦੋਂ ਮਹੀਨੇ ਹਵਾ ਵਿਚ ਵਧੇਰੇ ਨਮੀ ਅਤੇ ਤੇਜ਼ ਧੁੱਪ ਕਾਰਨ ਪੈਦਾ ਹੋਏ ਹੁੰਮਸ ਕਾਰਨ ਵੱਖਰੀ ਕਿਸਮ ਦੀ ਗਰਮੀ ਹੁੰਦੀ ਹੈ। ਅਜਿਹਾ ਹੋਣ ਕਾਰਨ ਪ੍ਰਸਿੱਧ ਹੈ ਕਿ ਭਾਦੋਂ ਮਹੀਨੇ ਦੀ ਅਜਿਹੀ ਗਰਮੀ ਕਾਰਨ ਖੇਤੀਬਾੜੀ ਦਾ ਕੰਮ ਕਰਨ ਵਾਲੇ ਗਰਮੀ ਤੋਂ ਤੰਗ ਆ ਕੇ ਸੰਨਿਆਸ ਲੈ ਲੈਂਦੇ ਹਨ ਪਰ ਅਸਲ ਵਿਚ ਇਸ ਦਾ ਅਰਥ ਖੇਤਾਂ ਵਿਚ ਹਰੀਆਂ ਭਰੀਆਂ ਫ਼ਸਲਾਂ ਦੀ ਸਾਂਭ ਸੰਭਾਲ ਲਈ ਹੁੰਮਸ ਤੇ ਭੜਧਾਅ ਵਾਲੀ ਗਰਮੀ ਵਿਚ ਸੰਨਿਆਸੀ ਵਾਂਗ ਕਰਮ ਕਮਾਉਂਦੇ ਹੋਣ ਤੋਂ ਹੈ। ਬਰਸਾਤਾਂ ਕਾਰਨ ਚਿੱਕੜ ਵਿਚ ਪਸ਼ੂਆਂ ਦੀ ਸਾਂਭ ਸੰਭਾਲ, ਕੜਕਦੀ ਧੁੱਪ ਅਤੇ ਹੁੰਮਸ ਵਿਚ ਫ਼ਸਲਾਂ ਦੀ ਗੋਡੀ ਆਦਿ ਕਿਸੇ ਸਾਧੂ ਦੇ ਭਗਤੀ ਕਰਨ ਤੋਂ ਕਿਸੇ ਤਰ੍ਹਾਂ ਘੱਟ ਨਹੀਂ ਹੁੰਦਾ। ਅਜਿਹਾ ਹੋਣ ਕਾਰਨ ਇਸ ਮਹੀਨੇ ਪ੍ਰਤੀ ਪ੍ਰਸਿੱਧ ਹੈ:

ਭਾਦੋਂ ਮਹੀਨੇ ਦੇ ਵੱਟ
ਸਾਧ ਬਣਾ ਤੇ ਜੱਟ।

ਭਾਦੋਂ ਦੀ ਧੁੱਪ ਬਹੁਤ ਜ਼ਿਆਦਾ ਤੇਜ਼ ਹੁੰਦੀ ਹੈ ਜਿਹੜੀ ਕਾਫ਼ੀ ਪਰੇਸ਼ਾਨ ਕਰਦੀ ਹੈ। ਇਹ ਕੁਝ ਉਸੇ ਤਰ੍ਹਾਂ ਮਹਿਸੂਸ ਹੁੰਦੀ ਹੈ ਜਿਵੇਂ ਕਿਸੇ ਨੂੰ ਉਸ ਦੀ ਮਤਰੇਈ ਮਾਂ ਦੇ ਝਿੜਕੇ ਹੋਣ 'ਤੇ ਹੁੰਦੀ ਹੈ। ਭਾਦੋਂ ਦੀਆਂ ਤੇਜ਼ ਧੁੱਪਾਂ ਸਬੰਧੀ ਅਜਿਹੇ ਪੱਖ ਕਾਰਨ ਕਈ ਕਹਾਵਤਾਂ ਕੁਝ ਇਸ ਤਰ੍ਹਾਂ ਮਿਲਦੀਆਂ ਹਨ:

ਭਾਦੋਂ ਦੀ ਤਿੜਕੀ,
ਮਤਰੇਈ ਦੀ ਝਿੜਕੀ।

ਸਾਉਣ ਭਾਦੋਂ ਭਾਵੇਂ ਦੋਵੇਂ ਹੀ ਮਹੀਨੇ ਬਰਸਾਤਾਂ ਦੇ ਮਹੀਨੇ ਹਨ ਪਰ ਇਨ੍ਹਾਂ ਵਿਚ ਮੁੱਖ ਵਖਰੇਵਾਂ ਸਾਉਣ ਮਹੀਨੇ ਦੀਆਂ ਬਹਾਰਾਂ ਵਿਚ ਕੁੜੀਆਂ ਦੇ ਪੇਕੇ ਪਿੰਡ ਤੀਆਂ ਮਨਾਉਣ ਦੀ ਖ਼ੁਸ਼ੀ ਵਿਚ ਆਉਣਾ ਅਤੇ ਦੂਸਰੇ ਪਾਸੇ ਭਾਦੋਂ ਮਹੀਨੇ ਪੇਕੇ ਪਿੰਡ ਦੀ ਸਰਦਾਰੀ ਛੱਡ ਕੇ ਮੁੜ ਸਹੁਰੇ ਪਿੰਡ ਜਾਣ ਦਾ ਵਰਤਾਰਾ ਵੀ ਜੁੜਿਆ ਹੋਇਆ ਹੈ।

ਅਜਿਹਾ ਹੋਣ ਕਾਰਨ ਸਾਉਣ ਮਿਲਾਪ ਕਰਵਾਉਣ ਵਾਲਾ ਅਤੇ ਭਾਦੋਂ ਸਹੇਲੀਆਂ ਵਿਚ ਵਿਛੋੜੇ ਪਾਉਣ ਵਾਲਾ ਸਾਬਤ ਹੁੰਦਾ ਹੈ। ਅਜਿਹਾ ਹੋਣ ਕਾਰਨ ਕੁੜੀਆਂ ਵੱਲੋਂ ਤੀਆਂ ਦੇ ਅਖੀਰਲੇ ਦਿਨ ਪਾਈ ਜਾਂਦੀ ਬੋਲੀ ਵਿਚ ਇਸ ਵਰਤਾਰੇ ਸਬੰਧੀ ਕਿਹਾ ਕੁਝ ਇਸ ਤਰ੍ਹਾਂ ਮਿਲਦਾ ਹੈ:

ਸਾਉਣ ਵੀਰ 'ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ
ਭਾਦੋਂ ਕੜਕ ਚੜ੍ਹੀ
ਕੁੜੀਆਂ ਦੇ ਪੈਣ ਵਿਛੋੜੇ

ਚੰਦਰੀ ਭਾਦੋਂ ਕਾਹਦੀ ਚੜ੍ਹੀ
ਕੁੜੀਆਂ ਦੇ ਘਰ ਆਪਣੇ ਵੱਲ ਚਾਲੇ।

ਹੋਰਨਾਂ ਪੱਖਾਂ ਦੇ ਨਾਲ ਨਾਲ ਵੱਖ-ਵੱਖ ਮਹੀਨਿਆਂ ਨਾਲ ਬਹੁਤ ਸਾਰੇ ਲੋਕ ਵਿਸ਼ਵਾਸ ਜੁੜੇ ਹੋਏ ਹਨ। ਦੂਸਰੇ ਮਹੀਨਿਆਂ ਵਾਂਗ ਭਾਦੋਂ ਦੇ ਮਹੀਨੇ ਸਬੰਧੀ ਬਹੁਤ ਸਾਰੇ ਲੋਕ ਵਿਸ਼ਵਾਸ ਵੀ ਮਿਲਦੇ ਹਨ:

ਮਾਘਣ ਮੱਝ ਮਾੜੀ
ਭਾਦੋਂ ਗਾਂ ਮਾੜੀ।

ਸਾਉਣ ਭਾਦੋਂ ਬਰਸਾਤਾਂ ਦੀ ਰੁੱਤ ਕਾਰਨ ਨਮੀ ਹੋਣ ਕਾਰਨ ਸੂਖਮ ਜੀਵਾਂ ਦੀਆਂ ਗਤੀਵਿਧੀਆਂ ਵੀ ਤੇਜ਼ ਹੋ ਜਾਂਦੀਆਂ ਹਨ। ਇਸ ਨਾਲ ਕਈ ਸਰੀਰਕ ਸਮੱਸਿਆਵਾਂ ਪੈਦਾ ਹੋਣ ਦਾ ਵੀ ਡਰ ਹੁੰਦਾ ਹੈ। ਅਜਿਹਾ ਹੋਣ ਕਾਰਨ ਖਾਣ ਪੀਣ ਨਾਲ ਸਬੰਧਿਤ ਪਰਹੇਜ਼ ਆਦਿ ਸਬੰਧੀ ਲੋਕ ਸਿਆਣਪਾਂ ਕੁਝ ਇਸ ਤਰ੍ਹਾਂ ਮਿਲਦੀਆਂ ਹਨ:

ਸਾਉਣ ਕੜ੍ਹੀ, ਭਾਦੋਂ ਵੜੀ।

ਭਾਦੋਂ ਛੋਲੇ ਵੈਸਾਖ ਵਿਚ ਚੌਲ ਚੰਗੇ
ਮਾਘ ਖਿਚੜੀ ਦਾ ਆਹਰ ਬੇਲੀ।

ਭਾਦੋਂ ਦਾ ਮਹੀਨਾ ਭਾਵੇਂ ਕਈ ਵਾਰ ਕਈ ਕਈ ਦਿਨਾਂ ਦੀਆਂ ਝੜੀਆਂ, ਹੁੰਮਸ ਅਤੇ ਕਦੇ ਕੜਾਕੇ ਦੀ ਧੁੱਪ ਭਰਪੂਰ ਹੁੰਦਾ ਹੈ, ਫਿਰ ਵੀ ਸਾਉਣੀ ਦੀ ਫ਼ਸਲ ਆਉਣ ਦਾ ਸਮਾਂ ਨੇੜੇ ਹੋਣ ਦੇ ਨਾਲ ਨਾਲ ਦੁੱਧ ਦੀ ਵੀ ਬਹੁਤਾਤ ਹੁੰਦੀ ਹੈ। ਅਜਿਹਾ ਹੋਣ ਕਾਰਨ ਇਸ ਸਮੇਂ ਵਿਆਹ ਵੀ ਕੀਤੇ ਜਾਂਦੇ ਸਨ। ਇਸ ਦੇ ਨਾਲ ਇਸ ਸਮੇਂ ਮੁਕਲਾਵੇ ਵੀ ਦਿੱਤੇ ਜਾਂਦੇ ਸਨ। ਇਸ ਮਹੀਨੇ ਦੇ ਅਜਿਹੇ ਪੱਖ ਦਾ ਜ਼ਿਕਰ ਗੀਤਾਂ ਤੇ ਬੋਲੀਆਂ ਵਿਚ ਕੁਝ ਇਸ ਤਰ੍ਹਾਂ ਮਿਲਦਾ ਹੈ:

ਕਾਰੀਗਰ ਨੂੰ ਦਿਓ ਵਧਾਈ
ਚਰਖਾ ਜਿਹਨੇ ਬਣਾਇਆ
ਰੰਗਲੇ ਮੁੰਨੇ ਰੰਗਲੀਆਂ ਮੁੰਨੀਆਂ
ਗੋਲ ਮਝੇਰੂ ਪਾਇਆ
ਮੇਖਾਂ ਲਾਈਆਂ ਵਿਚ ਸੁਨਹਿਰੀ
ਹੀਰਿਆਂ ਜੜਤ ਜੜਾਇਆ
ਬੀੜਿਆਂ ਦੇ ਨਾਲ ਖਹੇ ਦਮਕੜਾ
ਤਕਲਾ ਫਿਰੇ ਸਵਾਇਆ
ਕੱਤ ਲੈ ਕੁੜੀਏ ਨੀ
ਤੇਰਾ ਵਿਚ ਭਾਦੋਂ ਵਿਆਹ ਆਇਆ।

ਤੀਆਂ ਤੀਜ ਦੀਆਂ
ਭਾਦੋਂ ਦੇ ਮੁਕਲਾਵੇ।

ਭਾਦੋਂ ਮਹੀਨਾ ਵੀ ਭਾਵੇਂ ਬਰਸਾਤਾਂ ਦਾ ਮਹੀਨਾ ਹੁੰਦਾ ਹੈ ਪਰ ਕਈ ਵਾਰ ਇਹ ਮਹੀਨਾ ਬਰਸਾਤ ਤੋਂ ਸੱਖਣਾ ਚਲਾ ਜਾਂਦਾ ਹੈ। ਇਸ ਦੇ ਉਲਟ ਜੇ ਭਾਦੋਂ ਵਿਚ ਵੀ ਚੰਗੀ ਮਾਤਰਾ ਵਿਚ ਮੀਂਹ ਪੈ ਜਾਵੇ ਤਾਂ ਸਾਉਣ ਦੀਆਂ ਝੜੀਆਂ ਨਾਲ ਜਵਾਨ ਹੋਈਆਂ ਫ਼ਸਲਾਂ ਭਰਪੂਰ ਮਾਤਰਾ ਵਿਚ ਝਾੜ ਦਿੰਦੀਆਂ ਹਨ। ਅਜਿਹਾ ਹੋਣ ਕਾਰਨ ਭਾਦੋਂ ਦੇ ਮਹੀਨੇ ਦੀ ਬਰਸਾਤ ਦੇ ਮਹੱਤਵ ਨੂੰ ਟੱਪਿਆਂ ਬੋਲੀਆਂ ਵਿਚ ਕੁਝ ਇਸ ਤਰ੍ਹਾਂ ਬਿਆਨ ਕੀਤਾ ਮਿਲਦਾ ਹੈ:

ਭਾਦੋਂ ਦੇ ਵਿਚ ਵਰਖਾ ਹੋਵੇ
ਕਾਲ ਪਿਛੋਕੜ ਬਹਿ ਕੇ ਰੋਵੇ

ਭਾਦੋਂ ਦੀ ਤੇਜ਼ ਧੁੱਪ ਜਿੱਥੇ ਹੋਰ ਪੱਖਾਂ ਤੋਂ ਆਪਣਾ ਪ੍ਰਭਾਵ ਪਾਉਂਦੀ ਹੈ, ਉਥੇ ਸਰੀਰ ਦੇ ਰੰਗ ਨੂੰ ਵੀ ਕਾਲਾ ਕਰਨ ਦਾ ਕੰਮ ਕਰਦੀ ਹੈ:

ਭਾਦੋਂ ਕਰੇ ਬਦਰੰਗ
ਗੋਰੇ ਤੋਂ ਕਾਲਾ ਹੋਵੇ ਰੰਗ

ਇਸ ਤਰ੍ਹਾਂ ਭਾਦੋਂ ਮਹੀਨੇ ਦੇ ਆਪਣੇ ਰੰਗ ਅਤੇ ਵਿਲੱਖਣਤਾ ਹੈ। ਕਦੇ ਖ਼ੁਸ਼ਕੀ, ਕਦੇ ਬਰਸਾਤਾਂ ਕਾਰਨ ਚਿੱਕੜ ਤੇ ਮੱਖੀ ਮੱਛਰ ਵਰਗੇ ਵਰਤਾਰੇ ਵਾਪਰਦੇ ਹਨ। ਭਾਦੋਂ ਮਹੀਨਾ ਬਰਸਾਤਾਂ, ਝੜੀਆਂ, ਕੜਾਕੇ ਦੀਆਂ ਧੁੱਪਾਂ, ਹੁੰਮਸ, ਲੋਕਾਂ ਦੇ ਕੰਮਾਂ ਕਾਰਾਂ ਦੇ ਰੁਝੇਵੇਂ ਆਦਿ ਅਨੇਕਾਂ ਪੱਖਾਂ ਨੂੰ ਆਪਣੇ ਅੰਦਰ ਸਮੇਟ ਕੇ ਆਪਣੀ ਵੱਖਰੀ ਪਛਾਣ ਬਣਾਉਂਦਾ ਹੈ।

# 'ਬੁਲਡੋਜ਼ਰ ਨਿਆਂ' ਦੇ ਦੌਰ 'ਚ ਹਾਵਰਡ ਜ਼ਿਨ ਦੇ ਭਾਸ਼ਣ ਦੀ ਪ੍ਰਸੰਗਿਕਤਾ

*(ਪਿਛਲੇ ਸਫੇ ਦੀ ਬਾਕੀ)*

ਨਿੱਜੀ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਉਹ ਸਾਰੇ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀ ਜਿਨ੍ਹਾਂ ਨੂੰ ਆਪਣੇ ਸਮੇਂ ਦੇ ਸਭ ਤੋਂ ਹੋਣਹਾਰ ਵਿਦਿਆਰਥੀਆਂ 'ਚ ਸ਼ੁਮਾਰ ਕੀਤਾ ਜਾਂਦਾ ਹੈ ਕਿਉਂਕਿ ਉਹ ਯੂ.ਪੀ.ਐੱਸ.ਸੀ. ਦਾ ਇਮਤਿਹਾਨ ਦੇ ਕੇ ਇਸ ਰੁਤਬੇ 'ਤੇ ਪਹੁੰਚੇ ਹੁੰਦੇ ਹਨ, ਉਹ ਨਿਸ਼ਚਿਤ ਤੌਰ 'ਤੇ ਨਿਊਰਮਬਰਗ ਮੁਕੱਦਮਿਆਂ ਨੂੰ ਭੁੱਲੇ ਨਹੀਂ ਹੋਣਗੇ। ਉਨ੍ਹਾਂ ਮੁਕੱਦਮਿਆਂ 'ਚ ਸਾਰੇ ਦੋਸ਼ੀ ਵਿਅਕਤੀ ਦੇ ਤੌਰ 'ਤੇ ਕਟਹਿਰੇ ਵਿਚ ਸਨ। ਅਸੀਂ ਉਮੀਦ ਕਰ ਸਕਦੇ ਹਾਂ ਕਿ ਇਹ ਸਾਰੇ ਅਧਿਕਾਰੀ ਆਪਣੀ ਵਿਅਕਤੀਗਤ ਹੈਸੀਅਤ ਨੂੰ ਚੇਤੇ ਰੱਖਣਗੇ ਅਤੇ ਆਪਣੇ ਦਿਮਾਗ ਵਰਤਣੇ ਵੀ ਸ਼ੁਰੂ ਕਰਨਗੇ ਜੋ ਰੱਬ ਜਾਂ ਕੁਦਰਤ ਨੇ ਮਨੁੱਖਾਂ ਨੂੰ ਦਿੱਤਾ ਹੋਇਆ ਹੈ। ਚਾਹੀਦਾ ਇਹ ਹੈ ਕਿ ਉਹ ਹਿੰਦੂਤਵ ਦੀ ਇਸ ਜਾਬਰ ਮਸ਼ੀਨ ਦੇ ਪੁਰਜੇ ਨਾ ਬਣਨ ਜੋ ਮੁਸਲਮਾਨਾਂ ਨੂੰ ਕੁਚਲ ਰਹੀ ਹੈ ਜਾਂ ਉਨ੍ਹਾਂ ਹੱਥਾਂ ਵਿਚ ਸ਼ਾਮਲ ਨਾ ਹੋਣ ਜੋ ਇਸ ਜਾਬਰ ਮਸ਼ੀਨ ਨੂੰ ਚਲਾ ਰਹੇ ਹਨ।"

ਜਦੋਂ ਪ੍ਰਸ਼ਾਸਨ ਪੱਖਪਾਤੀ ਵਿਹਾਰ ਕਰਦਾ ਹੈ ਜਾਂ ਜਦੋਂ ਨਿਆਂਪਾਲਿਕਾ ਅਜਿਹੇ ਮਾਮਲਿਆਂ ਨੂੰ ਤੇਜ਼ੀ ਨਾਲ ਅੱਗੇ ਨਹੀਂ ਵਧਾਉਂਦੀ ਅਤੇ ਪੂਰੇ ਮਾਹੌਲ ਵਿਚ ਸਿਵਲ ਸੁਸਾਇਟੀ ਵੀ 'ਕਾਨੂੰਨ ਦੇ ਰਾਜ ਦੀ ਇਸ ਖੁੱਲ੍ਹੀ ਉਲੰਘਣਾ' ਬਾਰੇ ਸਮਝੌਤਾਵਾਦੀ ਰੁਖ ਅਪਣਾ ਲੈਂਦੀ ਹੈ ਤਾਂ ਅਮਨ ਅਤੇ ਨਿਆਂ ਨਾਲ ਸਰੋਕਾਰ ਰੱਖਣ ਵਾਲੇ ਨਾਗਰਿਕਾਂ ਅਤੇ ਆਦਰਸ਼ਵਾਦੀ ਨੌਜਵਾਨਾਂ ਲਈ ਕੀ ਰਾਹ ਬਚਦਾ ਹੈ!

ਸ਼ਾਇਦ ਹੁਣ ਸਮੇਂ ਦੀ ਮੰਗ ਹੈ ਕਿ ਵਧੇਰੇ ਰਚਨਾਤਮਕ ਅਤੇ ਪ੍ਰੇਰਨਾ ਦੇਣ ਵਾਲੇ ਹੱਲ ਵੱਲ ਵਧਣ ਦੀ ਕੋਸ਼ਿਸ਼ ਕੀਤੀ ਜਾਵੇ।

ਅੱਜ ਜਦੋਂ ਇਜ਼ਰਾਈਲੀ ਫ਼ੌਜ ਗਾਜ਼ਾ ਅਤੇ ਹੋਰ ਫ਼ਲਸਤੀਨੀ ਬਹੁਗਿਣਤੀ ਵਾਲੇ ਖੇਤਰਾਂ ਵਿਚ 'ਨਸਲੀ ਸਫ਼ਾਏ' ਨੂੰ ਅੰਜਾਮ ਦੇ ਰਹੀ ਹੈ ਤਾਂ ਇਹ ਜਾਣਨਾ ਕਾਫ਼ੀ ਪ੍ਰੇਰਨਾਦਾਇਕ ਹੋ ਸਕਦਾ ਹੈ ਕਿ ਇਨ੍ਹਾਂ ਔਖੇ ਹਾਲਾਤ ਵਿਚ ਵੀ ਅਜਿਹੇ ਇਜ਼ਰਾਈਲੀ ਨੌਜਵਾਨ ਹਨ ਜੋ ਨਸਲੀ ਸਫ਼ਾਏ ਨੂੰ ਰੋਕਣ ਲਈ ਆਪਣੇ ਆਪ ਨੂੰ ਅੱਗ 'ਚ ਝੋਕ ਰਹੇ ਹਨ। ਉਨ੍ਹਾਂ ਇਜ਼ਰਾਇਲੀ ਨੌਜਵਾਨਾਂ ਤੋਂ ਸਬਕ ਲੈਣਾ ਹੋਵੇਗਾ।






***ਫਲਸਤੀਨੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਵਾਲੀ ਅਮਰੀਕੀ ਮੁਟਿਆਰ ਰਸ਼ੇਲ ਕੋਰੀ ਉਤੇ ਬੁਲਡੋਜ਼ਰ ਚੜ੍ਹਾਉਣ ਤੋਂ ਐਨ ਪਹਿਲਾਂ ਦੀ ਤਸਵੀਰ ਅਤੇ (ਸੱਜੇ) ਰਸ਼ੇਲ ਕੋਰੀ ਦੇ ਹੱਕ ਵਿਚ ਰੋਸ ਵਿਖਾਵਾ ਕਰ ਰਹੇ ਲੋਕ।***

ਯੁੱਧ ਦੀ ਆੜ ਹੇਠ ਅਤੇ ਇਜ਼ਰਾਈਲੀ ਫ਼ੌਜ ਤੇ ਪੁਲਿਸ ਦੀ ਮਦਦ ਨਾਲ, ਉਥੇ ਵਸੇ ਯਹੂਦੀਆਂ ਵੱਲੋਂ ਫ਼ਲਸਤੀਨੀ ਬਹੁਗਿਣਤੀ ਵਾਲੇ ਖੇਤਰਾਂ ਵਿਚ ਉਥੋਂ ਦੇ ਗਡਰੀਆ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਹਿੰਸਕ ਘਟਨਾਵਾਂ ਬਹੁਤ ਤੇਜ਼ੀ ਨਾਲ ਵਧ ਰਹੀਆਂ ਹਨ। ਉਥੇ ਇਹ ਇਜ਼ਰਾਇਲੀ ਕਾਰਕੁਨ ਦੇਖੇ ਜਾ ਸਕਦੇ ਹਨ ਜੋ ਮਜ਼ਲੂਮਾਂ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਜੋਖ਼ਮ 'ਚ ਪਾ ਰਹੇ ਹਨ।

ਵੈਸੇ ਸਾਡੇ ਫ਼ਿਕਰਮੰਦ ਨਾਗਰਿਕ ਅਤੇ ਨੌਜਵਾਨ ਦੰਦ ਕਥਾ ਬਣ ਚੁੱਕੀ ਨੌਜਵਾਨ ਵੀਰਾਂਗਣਾ ਰੈਸ਼ੇਲ ਕੋਰੀ ਦੀ ਸ਼ਹਾਦਤ ਤੋਂ ਵੀ ਸਿੱਖ ਸਕਦੇ ਹਨ ਜੋ ਸਿਰਫ਼ 23 ਸਾਲ ਦੀ ਸੀ ਜਦੋਂ 2003 'ਚ ਇਜ਼ਰਾਇਲੀ ਟੈਂਕ ਦੱਖਣੀ ਗਾਜ਼ਾ ਵਿਚ ਇਕ ਫ਼ਲਸਤੀਨੀ ਮਕਾਨ ਨੂੰ ਢਾਹੁਣ ਲਈ ਦਨਦਨਾਉਂਦੇ ਅੱਗੇ ਵਧ ਰਹੇ ਸਨ। ਦਰਅਸਲ, ਉਪਰੋਕਤ ਮਕਾਨ ਢਾਹੁਣਾ ਕੋਈ ਵਿਸ਼ੇਸ਼ ਗੱਲ ਨਹੀਂ ਸੀ, ਇਸ ਤੋਂ ਪਹਿਲਾਂ ਇਜ਼ਰਾਈਲੀ ਬੁਲਡੋਜ਼ਰ ਗਾਜ਼ਾ ਪੱਟੀ ਦੇ ਉਸ ਖੇਤਰ ਵਿਚ ਇਕ ਹਜ਼ਾਰ ਤੋਂ ਵੱਧ ਮਕਾਨਾਂ ਨੂੰ ਤਬਾਹ ਕਰ ਚੁੱਕੇ ਸਨ ਅਤੇ ਹਜ਼ਾਰਾਂ ਲੋਕਾਂ ਨੂੰ ਬੇਘਰ ਕਰ ਦਿੱਤਾ ਗਿਆ ਸੀ।

ਅਮਰੀਕਾ 'ਚ ਪੜ੍ਹਾਈ ਕਰ ਰਹੀ ਰੈਸ਼ੇਲ ਕੋਰੀ ਫ਼ਲਸਤੀਨੀ ਅਤੇ ਕੌਮਾਂਤਰੀ ਅਮਨ ਕਾਰਕੁਨਾਂ ਦੇ ਇਕ ਸਮੂਹ ਦੀ ਮੈਂਬਰ ਸੀ ਜੋ ਕੋਸ਼ਿਸ਼ ਕਰ ਰਹੇ ਸਨ ਕਿ ਫ਼ਲਸਤੀਨੀ ਜਾਇਦਾਦਾਂ ਨੂੰ ਤਬਾਹ ਕਰਨ ਦੀ ਇਜ਼ਰਾਇਲੀ ਸਰਕਾਰ ਦੀ ਮੁਹਿੰਮ ਨੂੰ ਠੱਲ੍ਹ ਪਾਈ ਜਾਵੇ। ਉਸ ਦਿਨ ਉਹ ਰਫ਼ਾਹ ਸ਼ਰਨਾਰਥੀ ਕੈਂਪ 'ਚ ਇਸ ਕੋਸ਼ਿਸ਼ ਲਈ ਜੁੜੇ ਸਨ ਕਿ ਖੁਦ ਮਨੁੱਖੀ ਢਾਲ ਬਣਨਗੇ ਅਤੇ ਮਕਾਨ ਢਾਹੇ ਜਾਣ ਨੂੰ ਰੋਕਣਗੇ ਜਦੋਂ ਇਜ਼ਰਾਈਲੀ ਫ਼ੌਜੀ ਦਸਤੇ ਦੋ ਭਰਾਵਾਂ - ਖ਼ਾਲਿਦ ਅਤੇ ਸਮੀਰ ਨਸਰੁੱਲਾ ਦੇ ਘਰਾਂ ਨੂੰ ਢਾਹੁਣ ਲਈ ਆਉਣ ਵਾਲੇ ਸਨ।

ਹੁਣ ਇਹ ਗੱਲ ਇਤਿਹਾਸ ਬਣ ਚੁੱਕੀ ਹੈ ਕਿ ਜਦੋਂ ਬੁਲਡੋਜ਼ਰ ਅੱਗੇ ਵਧ ਰਿਹਾ ਸੀ ਤਾਂ ਰੈਸ਼ੇਲ ਉਪਰੋਕਤ ਮਕਾਨ ਅਤੇ ਬੁਲਡੋਜ਼ਰ ਦਰਮਿਆਨ ਖੜ੍ਹੀ ਸੀ ਅਤੇ ਬੁਲਡੋਜ਼ਰ ਨੂੰ ਰੋਕਣ ਦਾ ਇਸ਼ਾਰਾ ਕਰ ਰਹੀ ਸੀ ਪਰ ਬੁਲਡੋਜ਼ਰ ਅੱਗੇ ਵਧਦਾ ਗਿਆ ਅਤੇ ਮਕਾਨ ਢਾਹੁਣ ਦੇ ਅਮਲ 'ਚ ਸਭ ਤੋਂ ਪਹਿਲਾਂ ਰੈਸ਼ੇਲ ਨੂੰ ਹੀ ਕੁਚਲਿਆ ਗਿਆ।

ਰੈਸ਼ੇਲ ਦੀ ਇਸ ਵਿਲੱਖਣ ਸ਼ਹਾਦਤ ਦੀ ਚਰਚਾ ਪੂਰੀ ਦੁਨੀਆ 'ਚ ਹੋਈ। ਇਹ ਵੀ ਨੋਟ ਕਰਨਾ ਚਾਹੀਦਾ ਹੈ ਕਿ ਰੈਸ਼ੇਲ ਦੀ ਸ਼ਹਾਦਤ ਤੋਂ ਬਾਅਦ ਕੁਝ ਹੋਰ ਅਮਨ ਕਾਰਕੁਨਾਂ ਨੇ ਵੀ ਇਸੇ ਤਰ੍ਹਾਂ ਫ਼ਲਸਤੀਨੀ ਘਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦਿਆਂ ਅਤੇ ਇਜ਼ਰਾਇਲੀ ਹਕੂਮਤ ਵੱਲੋਂ ਕੁਚਲੇ ਜਾ ਰਹੇ ਫ਼ਲਸਤੀਨੀਆਂ ਦੀ ਰਾਖੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ।

ਰੈਸ਼ੇਲ ਅਤੇ ਹੋਰ ਅਮਨ ਕਾਰਕੁਨਾਂ ਨੂੰ ਸ਼ਹੀਦ ਹੋਇਆਂ ਦੋ ਦਹਾਕੇ ਤੋਂ ਵੱਧ ਸਮਾਂ ਬੀਤ ਚੁੱਕਾ ਹੈ। ਅੱਜ ਜਦੋਂ ਸਾਡੇ ਮੁਲਕ ਵਿਚ ਬੁਲਡੋਜ਼ਰ ਅਨਿਆਂ ਆਮ ਬਣਾ ਦਿੱਤਾ ਗਿਆ ਹੈ ਅਤੇ ਸੰਵਿਧਾਨਕ ਸੰਸਥਾਵਾਂ ਵੀ ਇਸ ਮਾਮਲੇ ਵਿਚ ਰਸਮੀ ਕਾਰਵਾਈ ਤੋਂ ਅੱਗੇ ਕਦਮ ਚੁੱਕ ਰਹੀਆਂ ਨਹੀਂ ਜਾਪਦੀਆਂ ਤਾਂ ਅਜਿਹੇ ਸਮੇਂ 'ਚ ਜਨਤਾ ਨੂੰ ਜਗਾਉਣ, ਉਨ੍ਹਾਂ ਨੂੰ ਕਾਰਵਾਈ ਲਈ ਪ੍ਰੇਰਨ ਖ਼ਾਤਰ ਨਿਆਂ, ਅਮਨ ਅਤੇ ਤਰੱਕੀ ਦੇ ਹਮਾਇਤੀ ਸਾਰੇ ਲੋਕਾਂ ਨੂੰ ਨਵੇਂ ਲਾਂਘੇ ਭੰਨਣ ਦੀ ਲੋੜ ਹੈ।

ਸਾਨੂੰ ਨਵੇਂ ਸਿਰਿਓਂ ਸੋਚਣ ਦੀ ਅਤੇ ਆਪਣੇ ਆਪ ਨੂੰ ਸਵਾਲ ਕਰਨ ਦੀ ਲੋੜ ਹੈ ਕਿ ਅੱਜ ਦੇ ਔਖੇ ਹਾਲਾਤ 'ਚ ਵੀ ਇਜ਼ਰਾਇਲੀ ਸਮਾਜ ਵਿਚ ਉਠ ਰਹੀਆਂ ਅਜਿਹੀਆਂ ਮੁਤਵਾਜ਼ੀ ਆਵਾਜ਼ਾਂ ਨੂੰ ਕਿਵੇਂ ਸਮਝਿਆ ਜਾਵੇ। ਇਸ ਦਾ ਮੁਲਾਂਕਣ ਕਿਵੇਂ ਕੀਤਾ ਜਾਵੇ ਕਿ ਅਜਿਹੇ ਇਜ਼ਰਾਇਲੀ ਨੌਜਵਾਨ ਜਾਂ ਰੈਸ਼ੇਲ ਕੋਰੀ ਵਰਗੀ ਅਮਰੀਕੀ ਲੜਕੀ ਦੂਰ-ਦਰਾਜ ਫ਼ਲਸਤੀਨ ਵਿਚ ਉਥੋਂ ਦੇ ਜ਼ੁਲਮਾਂ ਦੇ ਸਤਾਏ ਲੋਕਾਂ ਦੀ ਰੱਖਿਆ ਲਈ ਕੁਰਬਾਨ ਹੋ ਜਾਣ ਦਾ ਮਾਦਾ ਕਿਵੇਂ ਹਾਸਲ ਕਰ ਲੈਂਦੀ ਹੈ।


ਅਜਿਹੇ ਸਮੇਂ 'ਚ ਲੋਕਾਂ ਨੂੰ ਉਹ ਵੀ ਦੱਸਣ ਦੀ ਜ਼ਰੂਰਤ ਹੈ ਜਿਹੜੀ ਗੱਲ ਆਪਣੇ ਭਾਸ਼ਣ ਵਿਚ ਹਾਵਰਡ ਜ਼ਿਨ ਨੇ ਕੀਤੀ ਸੀ। ਉਸ ਨੇ ਸਮਝਾਇਆ ਸੀ: "ਸਾਡੀ ਸਮੱਸਿਆ ਨਾਗਰਿਕ ਜੀ-ਹਜ਼ੂਰੀ ਹੈ। ਸਾਡੀ ਸਮੱਸਿਆ ਇਹੀ ਹੈ ਕਿ ਦੁਨੀਆ ਭਰ ਦੇ ਬਹੁਤ ਲੋਕਾਂ ਨੇ ਆਪਣੀਆਂ ਸਰਕਾਰਾਂ ਦੇ ਆਗੂਆਂ ਦੇ ਫਰਮਾਨ ਚੁੱਪ-ਚਾਪ ਸੁਣੇ ਹਨ ਅਤੇ ਯੁੱਧ ਵਿਚ ਜਾਂਦੇ ਰਹੇ ਹਨ, ਤੇ ਦਹਿ-ਲੱਖਾਂ ਲੋਕ ਇਸੇ ਜੀ-ਹਜ਼ੂਰੀ ਕਾਰਨ ਮਾਰੇ ਗਏ ਹਨ। ਸਾਡੀ ਸਮੱਸਿਆ ਹੈ- 'ਆਲ ਕੁਆਈਟ ਆਨ ਦਿ ਵੈਸਟਰਨ ਫਰੰਟ' (ਪੱਛਮੀ ਮੁਹਾਜ਼ 'ਤੇ ਸਾਰੇ ਚੁੱਪ) ਦਾ ਉਹ ਮੰਜ਼ਰ ਜਿੱਥੇ ਸਕੂਲੀ ਵਿਦਿਆਰਥੀ ਯੁੱਧ ਵਿਚ ਸ਼ਾਮਲ ਹੋਣ ਲਈ ਕਤਾਰ ਬਣਾਈ ਖੜ੍ਹੇ ਹਨ। ਸਾਡੀ ਸਮੱਸਿਆ ਇਹ ਹੈ ਕਿ ਭੁੱਖਮਰੀ, ਗ਼ਰੀਬੀ ਅਤੇ ਜਹਾਲਤ ਦੇ ਆਲਮ 'ਚ, ਯੁੱਧ ਅਤੇ ਕਰੂਰਤਾ ਦਰਮਿਆਨ, ਦੁਨੀਆ ਭਰ 'ਚ ਲੋਕ ਜੀ-ਹਜ਼ੂਰੀਏ ਬਣੇ ਹੋਏ ਹਨ। ਸਾਡੀ ਸਮੱਸਿਆ ਹੈ ਕਿ ਲੋਕ ਜੀ-ਹਜ਼ੂਰੀਏ ਬਣੇ ਹੋਏ ਹਨ, ਜਦੋਂ ਜੇਲ੍ਹਾਂ ਤਾਂ ਛੋਟੇ-ਛੋਟੇ ਚੋਰਾਂ ਨਾਲ ਭਰੀਆਂ ਹੋਈਆਂ ਹਨ ਅਤੇ ਵੱਡੇ-ਵੱਡੇ ਚੋਰ ਡਕੈਤ ਮੁਲਕ ਚਲਾ ਰਹੇ ਹਨ। ਇਹੀ ਸਾਡੀ ਸਮੱਸਿਆ ਹੈ। ਅਸੀਂ ਨਾਜ਼ੀ ਜਰਮਨੀ ਦੀ ਇਸ ਸਮੱਸਿਆ ਨੂੰ ਬਖ਼ੂਬੀ ਸਮਝਦੇ ਹਾਂ। ਅਸੀਂ ਜਾਣਦੇ ਹਾਂ ਕਿ ਉਥੇ ਵੀ ਸਮੱਸਿਆ ਜੀ-ਹਜ਼ੂਰੀ ਦੀ ਸੀ, ਉਥੇ ਵੀ ਲੋਕ ਹਿਟਲਰ ਦੇ ਹੁਕਮਾਂ ਪ੍ਰਤੀ ਆਗਿਆਕਾਰੀ ਬਣੇ ਹੋਏ ਸਨ ਜੋ ਬਿਲਕੁਲ ਗ਼ਲਤ ਸੀ। ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਚੁਣੌਤੀ ਦਿੰਦੇ ਅਤੇ ਡੱਟ ਕੇ ਵਿਰੋਧ ਕਰਦੇ; ਤੇ ਜੇ ਅਸੀਂ ਓਦੋਂ ਉਥੇ ਹੁੰਦੇ ਤਾਂ ਅਸੀਂ ਆਪਣੇ ਵਿਰੋਧ ਨਾਲ ਉਨ੍ਹਾਂ ਨੂੰ ਦਿਖਾ ਦਿੰਦੇ।"

ਸਵਾਲ ਹੈ: ਕੀ ਭਾਰਤ ਦੀ ਜਵਾਨੀ ਜਾਂ ਸਰੋਕਾਰ ਰੱਖਣ ਵਾਲੇ ਨਾਗਰਿਕ, ਹਾਵਰਡ ਜ਼ਿਨ ਦੇ ਭਾਸ਼ਣ ਤੋਂ ਸਬਕ ਸਿੱਖਣ ਲਈ ਤਿਆਰ ਹਨ?

# ਬੀਤੇ ਵੇਲਿਆਂ ਦਾ ਬਿਰਤਾਂਤ ਅਤੇ ਸੁਪਨਿਆਂ ਦੀ ਪਰਵਾਜ਼

***ਡਾ. ਹਰਜੀਤ ਸਿੰਘ ਨੇ ਸਾਢੇ ਚਾਰ ਦਹਾਕੇ ਵੱਖੋ-ਵੱਖ ਸੰਚਾਰ ਮਾਧਿਅਮਾਂ 'ਚ ਵਿਚਰਦਿਆਂ ਗੁਜ਼ਾਰੇ ਹਨ। ਉਨ੍ਹਾਂ 'ਇਹ ਜਨਮੁ ਤੁਮਹਾਰੇ ਲੇਖੇ', 'ਵਿਸਾਖੀ' ਤੇ 'ਹੀਰ ਰਾਂਝਾ' ਫੀਚਰ ਫਿਲਮਾਂ ਅਤੇ 'ਇਮਰੋਜ਼- ਏ ਵਾਕ ਡਾਊਨ ਮੈਮੋਰੀ ਲੇਨ' ਵਰਗੀਆਂ ਦਸਤਾਵੇਜ਼ੀ ਫਿਲਮਾਂ ਬਣਾਈਆਂ। ਪਿੱਛੇ ਜਿਹੇ ਛਪੀ ਉਨ੍ਹਾਂ ਦੀ ਕਿਤਾਬ 'ਸੁਪਨੇ ਤੇ ਪਰਛਾਵੇਂ' ਉਨ੍ਹਾਂ ਦੇ ਕਸਬ ਨਾਲ ਜੁੜੀਆਂ ਯਾਦਾਂ ਨਾਲ ਭਰਪੂਰ ਹੈ।***

## ਕਲਾ ਪਰਿਕਰਮਾ




**ਹਰਜੀਤ ਸਿੰਘ**
**ਫੋਨ: +91-98768-81870**

'ਸੁਪਨੇ ਤੇ ਪਰਛਾਵੇਂ' ਸੰਚਾਰ ਮਾਧਿਅਮਾਂ ਨਾਲ ਵਿਚਰਦਿਆਂ ਮਨ ਵਿਚ ਪਨਪੇ ਅਹਿਸਾਸਾਂ ਨੂੰ ਕਲਮ ਬੱਧ ਕਰਨ ਦਾ ਯਤਨ ਹੈ। ਇਹ ਕੋਈ ਆਤਮ-ਕਥਾ ਨਹੀਂ ਹੈ (ਸਗੋਂ) ਸੰਚਾਰ ਮਾਧਿਅਮਾਂ ਵਿਚ ਪੇਸ਼ ਆਉਣ ਵਾਲੀਆਂ ਚੁਣੌਤੀਆਂ, ਮੁਸੀਬਤਾਂ ਤੇ ਆਨੰਦਮਈ ਘੜੀਆਂ ਦਾ ਵਰਨਣ ਹੈ। ਜ਼ਿੰਦਗੀ ਦੇ ਚਾਹੇ-ਅਣਚਾਹੇ ਮੋੜਾਂ 'ਚੋਂ ਗੁਜ਼ਰਦਿਆਂ ਕੁਝ ਪਲ ਅਜਿਹੇ ਵੀ ਹੁੰਦੇ ਹਨ ਜਿਹੜੇ ਤੁਹਾਡੇ ਚੇਤਿਆਂ ਵਿਚੋਂ ਕਦੇ ਵਿਸਰਦੇ ਨਹੀਂ। ਫਿਲਮ ਇੰਸਟੀਚਿਊਟ ਪੂਨੇ ਵਿਚ ਕੋਈ ਸੱਤ ਕੁ ਮਹੀਨੇ ਦੀ ਟਰੇਨਿੰਗ ਦੌਰਾਨ ਬਹੁਤ ਯਾਦਗਾਰੀ ਫਿਲਮਾਂ ਦੇਖਣ ਅਤੇ ਕੁਝ ਅਜਿਹੀਆਂ ਸ਼ਖ਼ਸੀਅਤਾਂ ਨੂੰ ਮਿਲਣ ਦਾ ਸਬਬ ਬਣਿਆ ਜੋ ਹੁਣ ਤੱਕ ਚੇਤਿਆਂ ਵਿਚ ਸਮਾਈਆਂ ਹੋਈਆਂ ਹਨ। ਜਿੱਥੇ ਇਹ ਇੰਸਟੀਚਿਊਟ ਹੈ, ਇਹ ਕਦੇ ਵੀ. ਸ਼ਾਂਤਾਰਾਮ ਦਾ ਪ੍ਰਭਾਤ ਸਟੂਡੀਓ ਹੁੰਦਾ ਸੀ। ਇਸ ਦੀਆਂ ਦੀਵਾਰਾਂ ਅਤੇ ਆਲਾ-ਦੁਆਲਾ ਉਨ੍ਹਾਂ ਅਨੇਕ ਫਿਲਮਾਂ ਦਾ ਹਿੱਸਾ ਬਣਿਆ ਜਿਹੜੀਆਂ ਸਟੂਡੀਓ ਅਤੇ ਇਸ ਦੇ ਆਲੇ-ਦੁਆਲੇ ਵਿਚ ਫਿਲਮਾਈਆਂ ਗਈਆਂ ਸਨ; ਜਿਵੇਂ 1955 ਵਿਚ ਬਣੀ 'ਝਨਕ ਝਨਕ ਪਾਯਲ ਬਾਜੇ'। ਉਨ੍ਹਾਂ ਸਮਿਆਂ ਵਿਚ ਬਾਲ ਕਲਾਕਾਰ ਹੁਣ ਪ੍ਰਭਾਤ ਸਟੂਡੀਓ ਵਿਚ ਸਪਾਟ ਬੁਆਏ ਵਜੋਂ ਕੰਮ ਕਰਨ ਵਾਲਾ ਬ੍ਰਿਧ ਸ਼ਖਸ ਜਦੋਂ ਮਿਲਿਆ ਤਾਂ ਉਸ ਨੇ ਚੰਦ ਸਤਰਾਂ ਵਿਚ ਹੀ ਆਪਣੇ ਬਾਲ ਕਲਾਕਾਰ ਤੋਂ ਐਕਸਟਰਾ, ਐਕਸਟਰਾ ਤੋਂ ਸਪਾਟ ਬੁਆਏ ਬਨਣ ਦੀ ਕਹਾਣੀ ਸੁਣਾ ਦਿੱਤੀ। ਅਗਲੇ ਹੀ ਦਿਨ ਉਹ ਕੁਝ ਤਸਵੀਰਾਂ ਲੈ ਕੇ ਆਇਆ ਜੋ ਉਨ੍ਹਾਂ ਫਿਲਮਾਂ ਦੀਆਂ ਸਨ ਜਿਨ੍ਹਾਂ ਵਿਚ ਉਸ ਨੇ ਅਦਾਕਾਰੀ ਕੀਤੀ ਸੀ। ਜਦ ਤਸਵੀਰਾਂ ਦੇਖ ਕੇ ਮੈਂ ਉਸ ਨੂੰ ਮੋੜੀਆਂ ਤਾਂ ਉਸ ਨੇ ਲੈਣ ਤੋਂ ਇਨਕਾਰ ਕਰ ਦਿਤਾ; ਕਹਿਣ ਲੱਗਾ, "ਤੁਸੀਂ ਸੰਭਾਲ ਲਉ, ਮੇਰੇ ਕੋਲ ਹੁਣ ਨਾ ਥਾਂ ਏ, ਨਾ ਵਕਤ।" ਉਹ ਤਸਵੀਰਾਂ ਹੁਣ ਵੀ ਮੇਰੇ ਕੋਲ ਨੇ। ਅਜਿਹੀਆਂ ਯਾਦਾਂ ਅਤੇ ਕਿਰਦਾਰਾਂ ਨੂੰ ਲੈ ਕੇ ਮੈਂ ਟਰੇਨਿੰਗ ਦੌਰਾਨ ਪ੍ਰੋਗਰਾਮ ਬਣਾਇਆ ਸੀ- 'ਏਕ ਔਰ ਪ੍ਰਭਾਤ'।

ਫਿਲਮ ਇੰਸਟੀਚਿਊਟ ਵਿਚ ਵਿਸ਼ਵ ਪੱਧਰ ਦੀਆਂ ਬਹੁਤ ਸਾਰੀਆਂ ਫਿਲਮਾਂ ਦੇਖਣ ਦਾ ਮੌਕਾ ਮਿਲਿਆ। ਇਨ੍ਹਾਂ ਵਿਚੋਂ ਚਾਰਲੀ ਚੈਪਲਿਨ, ਸਤਿਆ ਜੀਤ ਰੇਅ ਅਤੇ ਅਕੀਰਾ ਕੁਰੂਸਾਵਾ ਦੀਆਂ ਫਿਲਮਾਂ ਨੇ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਸੀ। ਅਗਲੇ ਹੀ ਵਰ੍ਹੇ ਜਦੋਂ ਦਿੱਲੀ ਵਿਚ ਕੌਮਾਂਤਰੀ ਫਿਲਮ ਫੈਸਟੀਵਲ ਹੋਇਆ ਤਾਂ ਦੂਰਦਰਸ਼ਨ ਵਲੋਂ ਸਾਨੂੰ ਇਹ ਫੈਸਟੀਵਲ ਦੇਖਣ ਲਈ ਪਾਸ ਮਿਲ ਗਏ। ਬੜੇ ਚਾਵਾਂ ਨਾਲ ਅਕੀਰਾ ਕੁਰੂਸਾਵਾ ਦੀ ਫਿਲਮ ਦੇਖਣ ਲਈ ਥੀਏਟਰ ਵਿਚ ਦਰਵਾਜ਼ੇ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੇ ਸਾਂ ਕਿ ਅਚਾਨਕ ਸਾਹਮਣਿਉਂ ਸਤਿਆ ਜੀਤ ਰੇਅ ਅਤੇ ਕੁਰੂਸਾਵਾ ਨੂੰ ਉੱਚੀ-ਉੱਚੀ ਹੱਸਦਿਆਂ ਥੀਏਟਰ ਵਿਚ ਆਉਂਦਿਆਂ ਦੇਖ ਕੇ ਬਹੁਤ ਹੈਰਾਨੀ ਤੇ ਖੁਸ਼ੀ ਹੋਈ। ਇਨ੍ਹਾਂ ਸ਼ਖਸੀਅਤਾਂ ਨੂੰ ਕੁਝ ਪਲਾਂ ਲਈ ਏਨਾ ਨੇੜਿਉਂ ਦੇਖਣ ਦਾ ਅਹਿਸਾਸ ਕਦੇ ਵੀ ਨਹੀਂ ਭੁੱਲ ਸਕਦਾ।

ਕੁਝ ਵਾਕਿਆਤ ਅਜਿਹੇ ਵੀ ਹੋਏ ਜਿੰਨਾ ਨੂੰ ਯਾਦ ਕਰ ਕੇ ਬਹੁਤ ਰਸ਼ਕ ਆਉਂਦਾ ਹੈ। ਜਦੋਂ ਦੂਰਦਰਸ਼ਨ 'ਤੇ ਸਪਾਂਸਰ ਪ੍ਰੋਗਰਾਮ ਬਨਣੇ ਸ਼ੁਰੂ ਹੋਏ ਤਾਂ ਇੰਨੀਆਂ ਜ਼ਿਆਦਾ ਤਜਵੀਜ਼ਾਂ ਇੱਕਠੀਆਂ ਹੋ ਗਈਆਂ ਕਿ ਫਾਈਲਾਂ ਦੇ ਢੇਰ ਲੱਗ ਗਏ। ਅਖ਼ਬਾਰਾਂ ਵਿਚ ਵੀ ਬਹੁਤ ਚਰਚੇ ਸ਼ੁਰੂ ਹੋ ਗਏ।




*ਹਰਜੀਤ ਸਿੰਘ ਦੀ ਯਾਦਾਂ ਨਾਲ ਭਰਪੂਰ ਕਿਤਾਬ 'ਸੁਪਨੇ ਤੇ ਪਰਛਾਵੇਂ' ਦਾ ਮੁਖੜਾ।*

ਆਖਰ ਫਾਈਲਾਂ ਦਾ ਕੰਮ ਜਲਦੀ ਨਿਬੇੜਨ ਲਈ ਕਮੇਟੀਆਂ ਬਣੀਆਂ, ਇਕ ਬਾਹਰੀ ਤੇ ਇਕ ਅੰਦਰੂਨੀ। ਅੰਦਰੂਨੀ ਕਮੇਟੀ ਵਿਚ ਮੈਨੂੰ ਵੀ ਚੁਣਿਆ ਗਿਆ। ਦਿੱਲੀ ਪਹੁੰਚ ਕੇ ਜਦੋਂ ਇਹ ਜ਼ਿੰਮੇਵਾਰੀ ਸੰਭਾਲੀ ਤਾਂ ਅਹਿਸਾਸ ਹੋਇਆ ਕਿ ਇਹ ਕੰਮ ਬਹੁਤ ਧਿਆਨ ਤੇ ਵਕਤ ਮੰਗਦਾ ਹੈ। ਖ਼ੈਰ! ਇਕ-ਇਕ ਕਰ ਕੇ ਆਪਣੇ ਹਿੱਸੇ ਦੀਆਂ ਫਾਈਲਾਂ ਨੂੰ ਪੜ੍ਹ ਕੇ ਉਨ੍ਹਾਂ ਬਾਰੇ ਵਿਸਤ੍ਰਿਤ ਟਿਪਣੀਆਂ ਲਿਖ ਕੇ ਆਪਣੇ ਅਧਿਕਾਰੀਆਂ ਨੂੰ ਸੌਂਪਣ ਦਾ ਸਿਲਸਲਾ ਚੱਲ ਪਿਆ। ਮਹੀਨੇ ਕੁ ਬਾਅਦ ਆਖਰ ਮੇਰੇ ਹਿੱਸੇ ਦੀਆਂ ਫਾਈਲਾਂ ਦਾ ਕੰਮ ਮੁੱਕ ਹੀ ਗਿਆ। ਸੁਰਖ਼ਰੂ ਹੋ ਕੇ ਇਕ ਦਿਨ ਦੁਪਹਿਰ ਵੇਲੇ ਚਾਹ ਪੀਦਿਆਂ ਮੈਂ ਉਸ ਅਲਮਾਰੀ ਵੱਲ ਦੇਖ ਰਿਹਾ ਸੀ ਜਿਸ ਵਿਚ ਫਾਈਲਾਂ ਸੰਭਾਲੀਆਂ ਹੋਈਆਂ ਸਨ। ਬਹੁਤ ਸਾਰੀਆਂ ਫਾਈਲਾਂ ਅਲਮਾਰੀ ਦੇ ਉਪਰ ਵੀ ਪਈਆਂ ਸਨ। ਮੈਨੂੰ ਇਕ ਦਮ ਉਹ ਅਲਮਾਰੀ ਆਪਣੇ ਘਰ ਵਿਚ ਪਈ ਅਧੋਰਾਣੀ ਅਲਮਾਰੀ ਵਰਗੀ ਲੱਗੀ। ਫਿਰ ਯਾਦ ਆਇਆ। ਘਰ ਵਿਚ ਇੰਝ ਹੀ ਉਸ ਅਲਮਾਰੀ ਉਪਰ ਕਿਤਾਬਾਂ, ਕਾਪੀਆਂ, ਫਾਈਲਾਂ ਪਈਆਂ ਹੁੰਦੀਆਂ ਤੇ ਕਈ ਅਲਮਾਰੀ ਦੇ ਪਿੱਛੇ ਵੀ ਡਿੱਗ ਪੈਂਦੀਆਂ ਸਨ। ਇਹ ਖਿਆਲ ਆਉਂਦਿਆਂ ਹੀ ਮੈਂ ਚਾਹ ਦਾ ਕੱਪ ਰੱਖ ਕੇ ਅਲਮਾਰੀ ਕੋਲ ਚਲਾ ਗਿਆ। ਉਸ ਨੂੰ ਥੋੜ੍ਹਾ ਖਿਸਕਾ ਕੇ ਪਿੱਛੇ ਦੇਖਿਆ ਤਾਂ ਸਚਮੁੱਚ ਉਥੇ ਕੁਝ ਫਾਈਲਾਂ ਅਟਕੀਆਂ ਹੋਈਆਂ ਸਨ। ਮੈਂ ਧੂੜ ਤੇ ਜਾਲੇ ਨਾਲ ਲਿਬੜੀਆਂ ਫਾਈਲਾਂ ਝਾੜ ਕੇ ਮੇਜ਼ 'ਤੇ ਰੱਖ ਕੇ ਫੋਲਣ ਲੱਗਾ। ਇਕ ਫਾਈਲ ਵਿਚ ਖ਼ਤ ਸੀ ਤੇ ਉਸ ਦਾ ਜਵਾਬ ਸੀ ਜੋ ਭੇਜਿਆ ਹੀ ਨਹੀਂ ਸੀ ਗਿਆ। ਖ਼ਤ ਗੁਲਜ਼ਾਰ ਸਾਹਿਬ ਦਾ ਸੀ, ਉਹ ਮਿਰਜ਼ਾ ਗ਼ਾਲਿਬ 'ਤੇ ਲੜੀਵਾਰ ਬਣਾਉਣਾ ਚਾਹੁੰਦੇ ਸਨ। ਜਵਾਬ ਵਿਚ ਗੁਲਜ਼ਾਰ ਸਾਹਿਬ ਨੂੰ ਖ਼ਤ ਲਿਖਿਆ ਗਿਆ ਕਿ ਸਾਡੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਤੁਸੀਂ ਦੂਰਦਰਸ਼ਨ ਲਈ ਅਜਿਹਾ ਪ੍ਰੋਜੈਕਟ ਕਰਨਾ ਚਾਹੁੰਦੇ ਹੋ। ਤੁਸੀਂ ਇਸ ਬਾਰੇ ਲੋੜੀਂਦੀ ਤਫ਼ਸੀਲ ਤਰੁੰਤ ਭੇਜ ਦਿਓ ਪਰ ਉਹ ਚਿੱਠੀ ਪਤਾ ਨਹੀਂ ਕਿਵੇਂ, ਪਤਾ ਨਹੀਂ ਕਿੰਝ ਅਲਮਾਰੀ ਦੇ ਪਿੱਛੇ ਧੂੜ ਵਿਚ ਗੁਆਚੀ ਰਹੀ।

ਫਾਈਲ ਪੜ੍ਹ ਕੇ ਲੰਮਾ ਨੋਟ ਲਿਖ ਕੇ ਆਪਣੇ ਅਧਿਕਾਰੀ ਕੋਲ ਲੈ ਗਿਆ, ਉਨ੍ਹਾਂ ਕੋਲ ਸਾਰਾ ਕਿੱਸਾ ਬਿਆਨ ਕਰ ਦਿੱਤਾ। ਗੁਲਜ਼ਾਰ ਸਾਹਿਬ ਨੂੰ ਖਤ ਦਾ ਜਵਾਬ ਨਵੇਂ ਸਿਰਿਉਂ ਭੇਜਿਆ ਗਿਆ ਤੇ ਲੜੀਵਾਰ ਬਨਣਾ ਸ਼ੁਰੂ ਹੋ ਗਿਆ। 'ਮਿਰਜ਼ਾ ਗਾਲਿਬ' ਦੂਰਦਰਸ਼ਨ ਦਾ ਬਹੁਤ ਹੀ ਯਾਦਗਾਰ ਲੜੀਵਾਰ ਬਣਿਆ। ਹੁਣ ਵੀ ਜਦ ਕਦੇ ਇਸ ਸੀਰੀਅਲ ਦੀ ਕੋਈ ਤਸਵੀਰ ਜਾਂ ਕੋਈ ਜ਼ਿਕਰ ਪੜ੍ਹਦਾ ਹਾਂ ਤਾਂ ਮਨ ਵਿਚ ਕੁਤਕਤਾਰੀਆਂ ਹੋਣ ਲੱਗਦੀਆਂ ਨੇ।

ਦੇਖਦਿਆਂ-ਦੇਖਦਿਆਂ ਜਲੰਧਰ ਦੂਰਦਰਸ਼ਨ ਨਾਟਕਾਂ ਅਤੇ ਦਰਸ਼ਕਾਂ ਤੋਂ ਦੂਰ ਹੋਣ ਲੱਗਾ। ਪ੍ਰਾਈਵੇਟ ਕੰਪਨੀਆਂ ਜ਼ਿਆਦਾਤਰ ਪ੍ਰੋਗਰਾਮ ਬਣਾਉਣ ਲੱਗੀਆਂ। ਸੰਚਾਰ ਵਪਾਰ ਬਣ ਗਿਆ। ਸਾਹਿਤਕ, ਕਲਾਤਮਿਕ ਅਤੇ ਸੰਜੀਦਾ ਸੰਗੀਤਕ ਪ੍ਰੋਗਰਾਮ ਲੋਪ ਹੋਣ ਲੱਗੇ। ਇਸ ਘੁੱਟਵੇਂ ਮਾਹੌਲ ਵਿਚ ਦਮ ਘੁੱਟਣ ਲੱਗਾ; ਸੋ, 1998 ਵਿਚ ਦੂਰਦਰਸ਼ਨ ਨੂੰ ਅਲਵਿਦਾ ਆਖ ਕੇ ਨਵੀਂ ਸ਼ੁਰੂਆਤ ਕੀਤੀ। ਕੁਝ ਬਹੁਤ ਕੌੜੀਆਂ ਅਤੇ ਅਣ-ਸੁਖਾਵੀਆਂ ਘਟਨਾਵਾਂ ਨੇ ਬਹੁਤ ਚਿਰ ਫ਼ਿਕਰਾਂ ਅਤੇ ਉਦਾਸੀਆਂ ਵਿਚ ਉਲਝਾਈ ਰੱਖਿਆ ਪਰ ਹਰ ਵਾਰ ਜਦੋਂ ਕੈਮਰਾ ਰੋਲ ਹੁੰਦਾ ਏ ਤਾਂ ਬਾਕੀ ਸਭ ਕੁਝ ਵਿਸਰ ਜਾਂਦਾ ਏ।

ਆਪਣੇ ਮਿੱਤਰ ਸਿੱਧੂ ਦਮਦਮੀ ਦੇ ਕਹਿਣ 'ਤੇ ਮੈਂ ਇਨ੍ਹਾਂ ਯਾਦਾਂ ਨੂੰ ਪੰਜਾਬੀ ਟ੍ਰਿਬਿਊਨ ਵਿਚ ਛਪਵਾਇਆ ਸੀ। ਹੱਥਲੀ ਕਿਤਾਬ 'ਸੁਪਨੇ ਤੇ ਪਰਛਾਵੇਂ' ਵਿਚ ਉਨ੍ਹਾਂ ਲੇਖਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਲੇਖ ਸ਼ਾਮਿਲ ਨੇ। ਸੰਚਾਰ ਮਾਧਿਅਮਾਂ ਵਿਚ ਬਹੁਤ ਤੇਜ਼ੀ ਨਾਲ ਪਰਿਵਰਤਨ ਆਏ ਨੇ। ਟੈਕਨਾਲੋਜੀ ਹਰ ਵਰ੍ਹੇ ਹੀ ਬਦਲ ਜਾਂਦੀ ਹੈ ਪਰ ਇਨ੍ਹਾਂ ਸੰਚਾਰ ਮਾਧਿਅਮਾਂ ਵਿਚ ਕੰਮ ਕਰਦਿਆਂ, ਚੁਣੌਤੀਆਂ, ਵੰਗਾਰਾਂ, ਸਮੱਸਿਆਵਾਂ ਅੱਜ ਵੀ ਉਹੀ ਹਨ ਸਗੋਂ ਪਹਿਲਾਂ ਨਾਲੋਂ ਵੱਧ ਨੇ। ਅੱਜ ਦੀਆਂ ਵੰਗਾਰਾਂ ਨਾਲ ਜੂਝਣ ਲਈ ਬੀਤੇ ਦਾ ਬਿਰਤਾਂਤ ਸਹਾਇਕ ਹੋ ਸਕਦਾ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਸਤੰਬਰ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-657



*ਮਾਂ-ਬਾਪ ਖੇਤਾਂ ਨੂੰ ਤੁਰ ਗਏ, ਘਰ ਛੱਡ ਕੇ ਧੀ ਨਿਆਣੀ,*
*ਰੋਟੀ ਟੁੱਕ ਨੂੰ ਕਹਿ ਗਏ ਨੇ, ਲੈ ਆਵੀਂ ਨੀਂ ਧੀ ਸਿਆਣੀ।*
*ਨੰਗੇ ਪੈਰੀਂ ਛੋਹ.ਲੇ-ਛੋਹ.ਲੇ, ਸਿਰ ਚੁੱਕ ਟੋਕਰੀ ਤੁਰ ਪਈ,*
*ਕਰ ਮੁਸ਼ੱਕਤ ਥੱਕੇ ਹੋਣੇ ਨੇ, ਵਿਚ ਖਿਆਲਾਂ ਦੇ ਖੁੱਭ ਗਈ।*

### ਕੈਪਸ਼ਨ ਮੁਕਾਬਲਾ-655



ਰੱਖਦੇ ਨਿਸ਼ਾਨਾ ਦਿਲ ਵਿਚ ਜੋ,
ਅਖਵਾਉਂਦੇ ਉਹ ਸਿਕੰਦਰ,
ਤੀਰ ਮਾਰਦੇ ਮੱਛੀ ਦੀ ਅੱਖ 'ਚ,
ਬਣ ਤੀਰ ਅੰਦਾਜ਼ ਧੁਰੰਤਰ।
ਜਾਨ ਵੀ ਲਾ ਦਿੰਦੇ ਨੇ ਦਾਅ 'ਤੇ,
ਖੁੱਲ੍ਹਾ ਰੱਖਦੇ ਸਦਾ ਆਂਚਲ,
ਜਸ਼ਨ ਜਿੱਤ ਦਾ ਫਿਰ ਮਨਾਵਣ,
ਪਹੁੰਚ ਜਾਂਦੇ ਟੀਸੀ ਮੰਜ਼ਿਲ।
***-ਸੇਵਾ ਸਿੰਘ ਨੂਰਪੁਰੀ***

---

ਮੈਂ ਗੱਭਰੂ ਦੇਸ਼ ਪੰਜਾਬ ਦਾ
ਮੈਨੂੰ ਮੌਤ ਦੀ ਨਹੀਂ ਪ੍ਰਵਾਹ।
ਖੰਭੇ ਤਾਈਂ ਬਣਾ ਕੇ ਘੋੜਾ
ਉੱਡ ਜਾਵਾਂ ਵਿਚ ਖਲਾਅ।
ਚਿੱਤ ਕਰਦਾ ਕਾਇਨਾਤ ਨੂੰ
ਵਿਚ ਕਲ਼ਾਵੇ ਲਵਾਂ ਸਮਾਅ।
***- ਜਗਮੀਤ ਸਿੰਘ ਪੰਧੇਰ***

---

ਚੜ੍ਹਦੀ ਉਮਰੇ ਬੰਦਾ ਕਰੇ ਚੜ੍ਹਾਈਆਂ
ਜਿੱਤਾਂ ਵਾਲੇ ਕਾਰਨਾਮਿਆਂ 'ਤੇ
ਮਿਲਣ ਵਧਾਈਆਂ।
ਚੰਗੇ ਪਾਸੇ ਲਾ ਕੇ ਬਿਰਤੀ
ਬੱਲੇ ਬੱਲੇ ਹੁੰਦੀ।
ਹੌਸਲਾ ਅਫਜ਼ਾਈ ਮਿਲਦੀ,
ਨਾਲ ਹੋਵੇ ਝੰਡੀ।
ਕੁਦਰਤ ਨਾਲ ਤਾਲਮੇਲ ਬਣਾ ਕੇ
ਅੰਬਰਾਂ 'ਚ ਉਡਾਰੀ ਲੱਗਦੀ
ਮਨ ਦੇ ਕਪਾਟ ਖੁੱਲ੍ਹ ਜਾਣ
ਹਰ ਚੀਜ਼ 'ਚੋਂ ਖੁਸ਼ੀ ਲੱਭਦੀ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***
***ਫੋਨ: 98784-69639***

---

ਹੌਸਲਾ ਬੁਲੰਦ ਹੈ ਜੇ
ਪਾਰ ਹੋ ਜਾਂਦਾ ਭੈਅ ਸਾਗਰ ਵੀ
ਮੰਜ਼ਲ ਹੈ ਇਹ ਅਕੀਦਾ
ਸਰ ਕਰ ਲਿਆ ਤੁਹਾਡਾ ਹੀ ਤੁਹਾਡਾ
ਖੁਸ਼ੀ ਦਾ ਪ੍ਰਗਟਾਵਾ
ਪਟਕਾ ਬੰਨ੍ਹ ਵੱਡੇ ਬਾਂਸ 'ਤੇ
ਲੈ ਘੁੰਮਣ ਅਖਾੜੇ 'ਚ
ਬੰਦ ਮੁੱਠੀ ਤਾਣ
ਹਵਾ 'ਚ ਮਾਰਨਾ ਮਘਾ
ਗੱਡ ਦਿੱਤਾ ਨਿਸ਼ਾਨ ਜੇ ਸਿਖਰ 'ਤੇ
ਸਮਝੋ ਮਾਊਂਟ ਐਵਰੈਸਟ
ਸਰ ਕਰ ਲਿਆ।
***-ਦਰਸ਼ਨ ਪਾਲ ਦੋਸਾਂਝ***

## ਮੁਸ਼ੱਕਤ

ਕੰਮ ਦੇ ਨਾਲ ਜੋ ਕਰਨ ਮੁਹੱਬਤ।
ਕਰਦੇ ਨੇ ਉਹ ਖੂਬ ਮੁਸ਼ੱਕਤ।
ਜਿਸ ਘਰ ਪਿਆਰ ਜੀਆਂ ਦਾ ਹੋਵੇ,
ਉਸ ਘਰ ਦੇ ਵਿਚ ਹੁੰਦੀ ਬਰਕਤ।
ਲੋਕਾਂ ਦੇ ਲਈ ਕੰਮ ਕਰਦਾ ਜੋ,
ਉਸ ਦੀ ਪੂਜਾ ਕਰਦੀ ਖ਼ਲਕਤ।
ਜੋ ਹਸਤੀ ਮਸ਼ਹੂਰ ਹੈ ਹੁੰਦੀ,
ਉਸਦੇ ਲੋਕੀਂ ਲੈਣ ਦਸਤਖ਼ਤ।
ਉਸਦਾ ਖਰਾ ਬੁਢਾਪਾ ਲੰਘੇ,
ਕਰੇ ਜਵਾਨੀ ਵਿਚ ਜੋ ਬੱਚਤ।
ਰੂਹ ਦੇ ਨਾਲ ਬਣਾਇਆ ਜਿਹੜਾ,
ਉਸ ਖਾਣੇ ਵਿਚ ਹੁੰਦੀ ਲੱਜ਼ਤ।
ਉਸਦਾ ਪਿਆਰ ਹਕੀਕੀ ਹੈ ਨ੍ਹੀਂ,
ਪਿਆਰ 'ਚੋਂ ਜਿਹੜਾ ਲੱਭੇ ਖੱਟਤ।
ਪੱਲੇ ਉਹ ਬਦਨਾਮੀ ਪਾਵੇ,
ਮਾੜੀ 'ਨਾਗਰਾ' ਜੋ ਵੀ ਹਰਕਤ।
***-ਜਸਪਾਲ ਸਿੰਘ ਨਾਗਰਾ***

# ਸੁਹਾਂਜਣੇ ਦੇ ਸੁਆਦੇ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

**'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਇਸ ਦੇ ਪੁਰਾਣੇ ਕਾਲਨਵੀਸ ਬਲਜੀਤ ਬਾਸੀ ਲੰਮੀ ਗੈਰ-ਹਾਜ਼ਰੀ ਤੋਂ ਬਾਅਦ ਮੁੜ ਹਾਜ਼ਰ ਹੋਏ ਹਨ। ਪਾਠਕਾਂ ਵਲੋਂ ਇਨ੍ਹਾਂ ਦੇ ਕਾਲਮ ਨੂੰ ਬਹੁਤ ਦਿਲਚਸਪੀ ਨਾਲ ਪੜ੍ਹਿਆ ਜਾਂਦਾ ਸੀ ਤੇ ਉਨ੍ਹਾਂ ਦਾ ਇਹ ਜਾਣਕਾਰੀ ਭਰਪੂਰ ਲੇਖ ਵੀ ਪਾਠਕਾਂ ਨੂੰ ਜ਼ਰੂਰ ਪਸੰਦ ਆਵੇਗਾ।**

7 ਸਤੰਬਰ ਵਾਲੇ 'ਪੰਜਾਬ ਟਾਈਮਜ਼' ਦੇ ਅੰਕ ਵਿਚ ਤਰਲੋਚਨ ਸਿੰਘ ਦੁਪਾਲਪੁਰ ਨੇ ਇੱਕ ਆਲੇਖ ਵਿਚ ਆਪਣੇ ਰਿਹਾਇਸ਼ੀ ਸ਼ਹਿਰ ਸੈਨਹੋਜ਼ੇ ਵਿਚ ਲਗਦੀ ਹਫ਼ਤਾਵਾਰੀ ਕਿਸਾਨ ਮੰਡੀ ਵਿਚ ਵਿਕ ਰਹੀਆਂ ਇਕ ਬੂਟੇ ਦੀਆਂ ਪੱਤੀਆਂ ਵਾਲੀਆਂ ਗੁੱਡੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਉਪਰ ਅੰਗਰੇਜ਼ੀ ਵਿਚ 'ਮੋਰਿੰਗਾ' ਦਾ ਟੈਗ ਲੱਗਾ ਹੋਇਆ ਸੀ। ਉਨ੍ਹਾਂ ਨੂੰ ਸ਼ੱਕ ਪਿਆ ਕਿ ਇਹ ਪੌਦਾ ਉਨ੍ਹਾਂ ਦੇਖਿਆ ਹੋਇਆ ਹੈ ਤੇ ਇਹ ਕੋਈ ਹੋਰ ਨਹੀਂ ਬਲਕਿ ਦੇਸ ਵਿਚ ਉਨ੍ਹਾਂ ਦੇ ਘਰ ਉਗਿਆ ਸੁਹਾਂਜਣਾ ਹੋ ਸਕਦਾ ਹੈ। ਉਨ੍ਹਾਂ 'ਮਹਾਨਕੋਸ਼' ਦੀ ਸਹਾਇਤਾ ਨਾਲ ਸੁਹਾਂਜਣਾ ਸ਼ਬਦ ਦੇ ਇੰਦਰਾਜ਼ 'ਤੇ ਨਿਗਾਹ ਮਾਰੀ ਤਾਂ ਉਸ ਵਿਚ ਇਸ ਸ਼ਬਦ ਦਾ ਅੰਗਰੇਜ਼ੀ ਵਿਚ ਬਦਲ Moringa ਹੀ ਦਰਜ ਸੀ। ਦੁਪਾਲਪੁਰ ਸਾਹਿਬ ਦੇ ਬੁਲ੍ਹਾਂ 'ਤੇ ਉਂਗਲੀ ਧਰੀ ਗਈ ਕਿ ਇੱਕ ਦੇਸੀ ਜਿਹਾ ਪੌਦਾ ਅਮਰੀਕਾ ਵਿਚ ਵੀ ਉਗਦਾ ਹੈ, ਇਸ ਦੀਆਂ ਪੱਤੀਆਂ ਦੁਨੀਆ ਭਰ ਦੇ ਉਨਤ ਸ਼ਹਿਰ ਸੈਨਹੋਜ਼ੇ ਵਿਚ ਵਿਕ ਰਹੀਆਂ ਹਨ ਤੇ ਲੋਕ ਇਸਨੂੰ ਖਰੀਦ ਰਹੇ ਹਨ, ਨਿਸਚੇ ਹੀ ਖਾਣ ਲਈ। ਉਹ ਤਾਂ ਦੇਸ ਵਿਚ ਇਸ ਦੇ ਪੌਦੇ ਨੂੰ ਨਹਿਸ਼ ਜਿਹਾ ਸਮਝਦਿਆਂ ਇਸ ਨੂੰ ਹਿਕਾਰਤ ਨਾਲ ਹੀ ਤੱਕਦੇ ਰਹੇ ਸਨ। ਜੇ ਅਮਰੀਕੀ ਲੋਕ ਇਸ ਦਾ ਸੇਵਨ ਕਰਦੇ ਹਨ ਤਾਂ ਜ਼ਰੂਰ ਕੋਈ ਖਾਸ ਗੱਲ ਹੋਵੇਗੀ। ਅੱਜ ਅਸੀਂ ਇਸ ਭੇਤ ਦੀ ਪੜਤਾਲ ਕਰਾਂਗੇ ਤੇ ਇਸ ਦੀ ਵੀ ਕਿ ਇਸਦੇ ਨਾਵਾਂ ਤੋਂ ਇਸ ਦੇ ਕੁਝ ਇੱਕ ਗੁਣਾਂ ਦਾ ਕਿਵੇਂ ਪਤਾ ਲੱਗਦਾ ਹੈ।

ਸੁਹਾਂਜਣਾ ਮੂਲੋਂ ਮੁਢੋਂ ਦੱਖਣ-ਏਸ਼ੀਆ ਦਾ ਹੀ ਦਰਖਤ ਹੈ ਜਿੱਥੋਂ ਇਹ ਹੋਰ ਖਿੱਤਿਆਂ ਖਾਸ ਤੌਰ 'ਤੇ ਅਫਰੀਕੀ ਮਹਾਂਦੀਪ ਵਿਚ ਜਾ ਪਹੁੰਚਿਆ। ਕ੍ਰਮ-ਵਿਗਿਆਨਕ ਤੱਥ ਹੈ ਕਿ ਕੋਈ ਵੀ ਬਨਸਪਤੀ ਇੱਕ ਸਮੇਂ ਇੱਕੋ ਭੂ-ਖੇਤਰ ਵਿਚ ਉਤਪੰਨ ਹੁੰਦੀ ਹੈ ਤੇ ਉਥੋਂ ਕਈ ਮਾਧਿਅਮਾਂ/ਸਾਧਨਾਂ ਰਾਹੀਂ ਹੋਰ ਖਿੱਤਿਆਂ ਵਿਚ ਫੈਲਦੀ ਹੈ। ਮਿਸਾਲ ਵਜੋਂ ਪਰਾ-ਇਤਿਹਾਸਕ ਕਾਲ ਵਿਚ ਕਾਲੀ ਮਿਰਚ (ਸੰਸਕ੍ਰਿਤ ਪਿਪਲੀ>ਅੰਗਰੇਜ਼ੀ ਪੈਪਰ) ਦੱਖਣੀ ਭਾਰਤ ਅਤੇ ਟਮਾਟਰ ਦੱਖਣੀ ਅਮਰੀਕਾ ਵਿਚ ਉਗਮੇ ਤੇ ਉਥੋਂ ਦੂਰ ਦੇਸ਼ਾਂ ਵਿਚ ਫੈਲੇ। ਏਥੇ ਤੱਕ ਕਿ ਇਨ੍ਹਾਂ ਦੇ ਨਾਂ ਵੀ ਇਸ ਤੱਥ ਦੀ ਗਵਾਹੀ ਭਰਦੇ ਹਨ। ਭਾਰਤ ਨੂੰ ਸੁਹਾਂਜਣਾ ਦੀ ਜਨਮ ਭੂਮੀ ਮੰਨਿਆ ਜਾਂਦਾ ਹੈ। ਉਤਰੀ ਭਾਰਤ ਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਇਸਦੇ ਦਰਖਤ ਆਮ ਮਿਲਦੇ ਹਨ। ਪਰ ਇਸ ਦੀ ਖਾਣ ਵਜੋਂ ਵਰਤੋਂ ਵਧੇਰੇ ਕਰਕੇ ਦੱਖਣੀ ਭਾਰਤ ਵਿਚ ਹੀ ਹੁੰਦੀ ਹੈ, ਉਤਰੀ ਭਾਰਤ ਵਿਚ ਇਸ ਪ੍ਰਤੀ ਆਮ ਨਜ਼ਰੀਆ ਦੁਪਾਲਪੁਰੀ ਜਿਹਾ ਹੀ ਹੈ। ਮੈਨੂੰ ਡੋਸਾ ਖਾਣਾ ਬਹੁਤ ਚੰਗਾ ਲਗਦਾ ਹੈ ਤੇ ਜ਼ੋਰ ਪਾ ਕੇ ਮੈਂ ਘਰਵਾਲੀ ਨੂੰ ਇਹ ਪਕਵਾਨ ਬਣਾਉਣ ਲਈ ਮਿੰਨਤ ਤਰਲਾ ਕਰਦਾ ਰਹਿੰਦਾ ਹਾਂ। ਇਕ ਦਿਨ ਮੈਂ ਇਸਦੀ ਫਰਮਾਇਸ਼ ਕੀਤੀ ਤਾਂ ਉਸ ਨੇ ਮੂੰਹ ਬਣਾ ਕੇ ਕਿਹਾ ਕਿ ਕਿਵੇਂ ਬਣਾ ਸਕਦੀ ਹਾਂ, ਘਰ ਵਿਚ ਡਰੱਮ ਸਟਿੱਕਸ ਤਾਂ ਹੈ ਹੀ ਨਹੀਂ ਹਨ। ਡਰੱਮ ਸਟਿੱਕਸ ਸੁਹਾਂਜਣੇ ਦੀਆਂ ਫਲੀਆਂ ਨੂੰ ਆਖਦੇ ਹਨ ਜੋ ਢੋਲ ਦੇ ਡੱਗੇ ਵਾਂਗ ਲੰਮੀਆਂ ਹੁੰਦੀਆਂ ਹਨ ਜਿਸ ਕਰਕੇ ਇਨ੍ਹਾਂ ਦਾ ਇਹ ਨਾਂ ਪਿਆ। ਇਹ ਡੋਸੇ ਨਾਲ ਪਰੋਸੀ ਜਾਣ ਵਾਲੀ ਸ਼ੈਅ ਸਾਂਬਰ ਦਾ ਜ਼ਰੂਰੀ ਅੰਸ਼ ਹੁੰਦੀਆਂ ਹਨ। ਉਥੇ ਇਸਦਾ ਅਚਾਰ ਵੀ ਪਾਇਆ ਜਾਂਦਾ ਹੈ। ਮੇਰਾ ਨਿੱਜੀ ਤਜਰਬਾ ਹੈ ਕਿ ਦੱਖਣ ਭਾਰਤੀ ਹਰ ਪਕਵਾਨ ਵਿਚ ਤਰ੍ਹਾਂ-ਤਰ੍ਹਾਂ ਦੇ ਪੱਤਿਆਂ ਦੀ ਖਾਸੀ ਵਰਤੋਂ ਕਰਦੇ ਹਨ, ਪੰਜਾਬੀਆਂ ਵਾਂਗ ਨਹੀਂ ਜੋ ਹਰ ਖਾਣਯੋਗ ਹਰਿਆਈ ਸਾਗ ਵਿਚ ਹੀ ਭਸਮ ਕਰ ਦਿੰਦੇ ਹਨ। ਅਮਰੀਕਾ ਦੇ ਭਾਰਤੀ ਸਟੋਰਾਂ ਵਿਚ ਇਹ ਅਤੇ ਸੁਹਾਂਜਣੇ ਦੀਆਂ ਪੱਤੀਆਂ ਡੱਬੇ ਬੰਦ ਜਾਂ ਤਾਜ਼ੀਆਂ ਖੁੱਲ੍ਹੇ ਤੌਰ 'ਤੇ ਆਮ ਵਿਕਣ ਲੱਗ ਪਈਆਂ ਹਨ ਕਿਉਂਕਿ ਇਸ ਦੇਸ਼ ਵਿਚ ਦੱਖਣ ਭਾਰਤੀ ਪਰਵਾਸੀ, ਖਾਸ ਤੌਰ 'ਤੇ ਵਿਦਿਆਰਥੀ ਧੜਾ-ਧੜ ਵਸਣ ਲੱਗ ਪਏ ਹਨ। ਅਮਰੀਕਾ ਦੇ ਕਈ ਇਲਾਕਿਆਂ ਵਿਚ ਇਸਦੇ ਦਰੱਖਤ ਪਾਏ ਜਾਂਦੇ ਹਨ।



ਸੁਹਾਂਜਣੇ ਦੇ ਪੱਤਿਆਂ ਦਾ ਪਊਡਰ, ਬੀਜਾਂ ਦਾ ਤੇਲ, ਗੂੰਦ ਅਤੇ ਗੋਲੀਆਂ ਦੀ ਦਵਾਈ ਦੇ ਤੌਰ 'ਤੇ ਆਮ ਵਿਕਰੀ ਹੋ ਰਹੀ ਹੈ। ਬਹੁਤ ਬੀਮਾਰੀਆਂ ਦੇ ਇਲਾਜ ਵਜੋਂ ਸੁਹਾਂਜਣਾ ਦਰੱਖਤ ਦੇ ਹਰ ਭਾਗ ਦੀ ਵਰਤੋਂ ਦਾ ਬਹੁਤ ਪਰਚਾਰ ਹੋਣ ਲੱਗ ਪਿਆ ਹੈ, ਖਾਸ ਤੌਰ 'ਤੇ ਭਾਰਤ ਵਿਚ ਸੱਜ-ਪਿਛਾਖੜੀ, ਸੰਕੀਰਣ ਰਾਸ਼ਟਰਵਾਦੀ ਸਰਕਾਰ ਦੇ ਗਠਨ ਪਿੱਛੋਂ, ਜੋ ਕਿ ਭਾਰਤ ਵਿਚ ਪੈਦਾ ਹੋਈ ਤੇ ਹੁਣ ਸਾਬਿਤ ਹੋ ਚੁੱਕੀ ਅਣਵਿਗਿਆਨਕ ਇਲਾਜ ਪ੍ਰਣਾਲੀ ਆਯੁਰਵੇਦ ਦਾ ਬਹੁਤ ਢਿੰਡੋਰਾ ਪਿੱਟਣ ਲੱਗ ਪਈ ਹੈ। ਦਾਅਵਾ ਕੀਤਾ ਜਾਂਦਾ ਹੈ ਕਿ ਇਸਦਾ ਸੇਵਣ ਸਿਰ ਦਰਦ, ਦਸਤ ਮਰੋੜ, ਖੂਨ ਦੀ ਕਮੀ, ਸ਼ੱਕਰ ਰੋਗ, ਚਮੜੀ ਰੋਗ, ਗੋਡਾ ਰੋਗ ਲਈ ਬੇਹੱਦ ਲਾਹੇਵੰਦ ਹੈ। ਗੱਲ ਕੀ ਸੁਹਾਂਜਣੇ ਨੂੰ ਹਜ਼ਾਰ ਬੀਮਾਰੀਆਂ ਲਈ ਸੁੰਢ ਦੀ ਗੱਠੀ ਦੱਸਿਆ ਜਾ ਰਿਹਾ ਹੈ। ਸਿਲਾਜੀਤ, ਹਲਦੀ, ਲਸਣ, ਧਨੀਆ ਆਦਿ ਦੀ ਪੌਸ਼ਟਿਕਤਾ ਅਤੇ ਉਪਚਾਰਿਕਤਾ ਦਾ ਕਿੰਨਾ ਸ਼ੋਰ-ਸ਼ਰਾਬਾ ਹੁੰਦਾ ਹੈ ਪਰ ਡਾਕਟਰੀ ਸਾਇੰਸ ਨੇ ਇਨ੍ਹਾਂ ਦੀ ਫੂਕ ਕੱਢ ਦਿੱਤੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੁਹਾਂਜਣਾ ਦਰਖਤ ਦੇ ਵਿਭਿੰਨ ਭਾਗਾਂ ਵਿਚ ਭਰਪੂਰ ਮਾਤਰਾ ਵਿਚ ਵਿਟਾਮਿਨ ਬੀ, ਸੀ, ਕੇ ਮੈਂਗਨੀਜ਼ ਅਤੇ ਬੀਟਾਕੈਰੋਟੀਨ ਹੁੰਦੇ ਹਨ, ਇਸਦੇ ਪੱਤਿਆਂ ਵਿਚ ਕੈਲਸ਼ੀਅਮ ਆਗਜ਼ਲੇਟ ਦੇ ਰੂਪ ਵਿਚ ਕੈਲਸ਼ੀਅਮ ਦੀ ਭਰਪੂਰ ਮਾਤਰਾ ਹੁੰਦੀ ਹੈ ਜਿਸ ਕਾਰਨ ਆਧੁਨਿਕ ਡਾਕਟਰੀ ਵਿਗਿਆਨ ਅਨੁਸਾਰ ਗੁਰਦਿਆਂ ਵਿਚ ਪੱਥਰੀ ਤੇ ਹੋਰ ਰੋਗ ਪੈਦਾ ਹੋਣ ਦੀ ਸੰਭਾਵਨਾ ਬਹੁਤ ਵਧ ਜਾਂਦੀ ਹੈ। ਇਸਦੇ ਸੇਵਨ ਨਾਲ ਖੂਨ ਵਿਚ ਚਰਬੀ ਦੀ ਮਾਤਰਾ ਵਧਣ ਕਾਰਨ ਦਿਲ ਰੋਗ ਦਾ ਖਤਰਾ ਹੋ ਸਕਦਾ ਹੈ ਤੇ ਇਸਦੀ ਵਿਰੁ ਕੈਂਸਰ ਹੋਣ ਅਤੇ ਗਰਭਪਾਤ ਦਾ ਕਾਰਨ ਬਣ ਸਕਦੀ ਹੈ। ਪ੍ਰਯੋਗਾਂ ਅਨੁਸਾਰ ਇਸਦੇ ਸਿਹਤ ਜਾਂ ਬੀਮਾਰੀ ਲਈ ਕੋਈ ਗੁਣਕਾਰੀ ਪ੍ਰਭਾਵ ਨਹੀਂ ਦੇਖੇ ਗਏ। ਦਿਲਚਸਪ ਗੱਲ ਹੈ ਕਿ ਇਕ ਭਾਸ਼ਾ ਵਿਚ ਇਸ ਬਨਸਪਤੀ ਲਈ ਵਿਰ ਸ਼ਬਦ ਵੀ ਮਿਲਦਾ ਹੈ। ਇਸ ਪੱਖੋਂ ਦੁਪਾਲਪੁਰੀ ਦੇ ਮੁਢਲੇ ਤੌਖਲੇ ਕੁਝ ਹੱਦ ਤੱਕ ਠੀਕ ਹੀ ਹਨ। ਅਸੀਂ ਇਸ ਲਿਖਤ ਦੇ ਸਿਰਲੇਖ ਵਿਚ ਸੁਆਦੇ ਸ਼ਬਦ ਦੀ ਵਰਤੋਂ ਐਵੇਂ ਨਹੀਂ ਕੀਤੀ। ਇਹ ਸ਼ਬਦ ਸੁਆਦ ਦਾ ਹੀ ਬਹੁਵਚਨ ਹੈ ਪਰ ਇਹ ਵਿਅੰਗਮਈ ਅਰਥਾਂ ਵਿਚ ਅਰਥਾਤ ਭੈੜੇ ਸੁਆਦ ਲਈ ਬੋਲਿਆ ਜਾਂਦਾ ਹੈ, ਐਨ ਇਸ ਤਰ੍ਹਾਂ ਜਿਵੇਂ ਅੱਜਕੁਲ ਖੇਲ ਤੋਂ ਬਣਿਆ 'ਬੰਗਾਲੀ ਖੇਲਾ' ਸ਼ਬਦ ਅਜੋਕੀ ਭਾਰਤੀ ਰਾਜਨੀਤੀ ਵਿਚ ਵਰਤਿਆ ਜਾਣ ਲੱਗਾ ਹੈ।

ਪਿਛੇ ਅਸੀਂ ਦੱਸਿਆ ਹੈ ਕਿ ਇਸ ਦੀਆਂ ਫਲੀਆਂ ਨੂੰ ਡਰੱਮ ਸਟਿੱਕਸ ਵੀ ਕਿਹਾ ਜਾਂਦਾ ਹੈ। ਦਰਅਸਲ ਇਸ ਦੇ ਦਰਖਤ ਲਈ ਵੀ ਅੰਗਰੇਜ਼ੀ ਵਿਚ ਹੋਰ ਸ਼ਬਦਾਂ ਦੇ ਨਾਲ ਨਾਲ ਇਹ ਸ਼ਬਦ ਵਰਤਿਆ ਜਾਂਦਾ ਹੈ। ਕੰਪਨੀ ਰਾਜ ਦੌਰਾਨ ਮਦਰਾਸ ਪਰੈਜ਼ੀਡੈਂਸੀ ਵਿਖੇ ਅੰਗਰੇਜ਼ਾਂ ਨੇ ਇਸ ਦੀਆਂ ਲੰਮੀਆਂ-ਲੰਮੀਆਂ ਫਲੀਆਂ ਦੇਖ ਕੇ ਇਸ ਨੂੰ ਇਹ ਲਕਬ ਬਖਸ਼ਿਆ। ਅਮਰੀਕਾ ਵਿਚ ਮੁਰਗੇ ਦੀਆਂ ਮੀਟ ਵਜੋਂ ਵਰਤੀਆਂ ਜਾਂਦੀਆਂ ਟੰਗਾਂ ਨੂੰ ਵੀ ਡਰੱਮ ਸਟਿੱਕਸ ਕਿਹਾ ਜਾਂਦਾ ਹੈ। ਮੂਲੀ ਪਰਿਵਾਰ ਦੇ ਇਕ ਪੌਦੇ ਤੇ ਇਸਦੀ ਮੋਟੀ ਜੜ੍ਹ ਨੂੰ ਅੰਗਰੇਜ਼ੀ ਵਿਚ ਹੌਰਸ ਰੈਡਿਸ਼ (horseradish) ਕਿਹਾ ਜਾਂਦਾ ਹੈ ਜੋ ਕਿ ਇਸ ਦਰਖਤ ਦੀਆਂ ਜੜ੍ਹਾਂ ਵਾਂਗ ਮੂੰਹ ਵਿਚ ਕਸੈਲਾਪਣ, ਨੱਕ ਵਿਚ ਧੁੜਧੁੜੀ ਤੇ ਅੱਖਾਂ ਵਿਚ ਹੰਝੂ ਲਿਆ ਦਿੰਦਾ ਹੈ। ਸੁਹਾਂਜਣੀ ਦੀ ਵੀ ਅਜਿਹੀ ਉਗਰਤਾ ਅਤੇ ਮੂਲੀ ਵਰਗੀ ਮੋਟੀ ਜੜ੍ਹ ਕਾਰਨ ਅੰਗਰੇਜ਼ੀ ਵਿਚ ਇਸਨੂੰ ਹੌਰਸ ਰੈਡਿਸ਼ ਟਰੀ ਵੀ ਕਿਹਾ ਜਾਂਦਾ ਹੈ। ਇਸ ਦੀਆਂ ਜੜ੍ਹਾਂ ਜਟਾਂ ਵਰਗੀਆਂ ਗੁੰਝਲਦਾਰ ਵੀ ਹੁੰਦੀਆਂ ਹਨ ਇਸ ਲਈ ਇਸਨੂੰ ਬਹੁਮੂਲੀ ਵੀ ਕਿਹਾ ਜਾਂਦਾ ਹੈ। ਦਿਲਚਸਪ ਗੱਲ ਇਹ ਹੈ ਕਿ ਗੋਰਿਆਂ ਵਲੋਂ ਦਿੱਤਾ ਸ਼ਬਦ 'ਮੋਰਿੰਗਾ' ਵੀ ਦਰਅਸਲ ਮੁੱਢਲੇ ਤੌਰ 'ਤੇ ਭਾਰਤੀ ਭਾਸ਼ਾ ਪਰਿਵਾਰ ਦਰਾਵਿੜ ਨਾਲ ਸਬੰਧ ਰੱਖਦਾ ਹੈ ਜੋ ਕਿ ਬਹੁਤਾ ਦੱਖਣੀ ਭਾਰਤ ਵਿਚ ਹੀ ਪੈਦਾ ਹੁੰਦਾ ਜਾਂ ਉਗਾਇਆ ਜਾਂਦਾ ਹੈ। ਇਹ ਤਾਮਿਲ ਭਾਸ਼ਾ ਦੇ ਮੁਰੁੰਕਈ ਸ਼ਬਦ ਤੋਂ ਬਣਾਇਆ ਗਿਆ। ਹੋਰ ਦਰਾਵੜੀ ਭਾਸ਼ਾਵਾਂ ਵਿਚ ਮੁਰੰਗੀ, ਮੁਨੰਗਾ, ਮੁਰੁੰਗਾ, ਮੁਨਗਾ, ਮੁੰਗਾ ਆਦਿ ਜਿਹੇ ਸ਼ਬਦ ਮਿਲਦੇ ਹਨ। ਹਿੰਦੀ ਵਿਚ ਇਸ ਤੋਂ ਬਣਿਆ ਸ਼ਬਦ ਮੁਗਨਾ ਕਈ ਲਿਖਤਾਂ ਵਿਚ ਮਿਲਦਾ ਹੈ। ਮੁਰੁੰਕਈ ਸ਼ਬਦ ਬਣਿਆ ਹੈ ਮੁਰ+ਕਈ ਤੋਂ। ਮੁਰ ਸ਼ਬਦ ਸਾਡੀ ਭਾਸ਼ਾ ਦਾ ਮੁੜ ਸ਼ਬਦ ਹੀ ਹੈ ਜਿਸ ਵਿਚ ਪਿੱਛੇ ਨੂੰ ਜਾਣ ਦੇ ਅਰਥ ਹਨ। ਅਨੁਮਾਨ ਹੈ ਕਿ ਇਸ ਦਾ ਇਹ ਨਾਂ ਇਸ ਦੀਆਂ ਫਲੀਆਂ ਜਾਂ ਟਾਹਣੀਆਂ ਦੇ ਮੁੜੇ ਹੋਏ ਹੋਣ ਕਾਰਨ ਪਿਆ ਹੈ। 'ਮੁੜ' ਸ਼ਬਦ ਦਰਾਵਿੜ ਬੋਲੀਆਂ ਤੋਂ ਹੀ ਉਤਰੀ ਭਾਸ਼ਾਵਾਂ ਵਿਚ ਦਾਖਲ ਹੋਇਆ। ਇਸ ਬਾਰੇ ਫਿਰ ਕਦੇ ਲਿਖਿਆ ਜਾਵੇਗਾ। ਕਾਈ ਜਾਂ ਕਈ ਸ਼ਬਦ ਦਾ ਅਰਥ ਹੈ (ਕੱਚਾ) ਫਲ। ਇਹ ਸ਼ਬਦ ਸਿਕਾਕਾਈ ਵਿਚ ਵੀ ਬੋਲਦਾ ਹੈ। ਦਰਾਵਿੜ ਵਿਚ ਸ਼ਿਕਾ ਦਾ ਅਰਥ ਹੈ ਸਿਖਰ। ਸੋ ਜਾਂ ਤਾਂ ਇਸ ਸ਼ਬਦ ਦਾ ਨਿਰੁਕਤਕ ਅਰਥ ਹੋਇਆ ਉਹ ਫਲ ਜੋ ਪੇੜ ਦੇ ਸਿਖਰ 'ਤੇ ਲਗਦਾ ਹੈ ਜਾਂ ਜਿਸਦੀ ਵਰਤੋਂ ਮਨੁੱਖ ਦੇ ਸਿਖਰ ਦੇ ਅੰਗ, ਯਾਨੀ ਸਿਰ ਲਈ ਕੀਤੀ ਜਾਂਦੀ ਹੈ। ਪਾਠਕਾਂ ਨੂੰ ਯਾਦ ਹੋਵੇਗਾ ਕਿ ਇੱਕ ਵਾਰੀ ਮੈਂ ਅੰਬ ਲਈ ਅੰਗਰੇਜ਼ੀ ਸ਼ਬਦ ਮੈਂਗੋ ਬਾਰੇ ਵੀ ਦੱਸਿਆ ਸੀ ਕਿ ਇਹ ਵੀ ਤਾਮਿਲ ਭਾਸ਼ਾ ਦੇ ਸ਼ਬਦ ਮੰਕਾਈ (ਮਨ+ਕਾਈ) ਤੋਂ ਬਣਿਆ ਹੈ। ਤਾਮਿਲ ਤੇ ਹੋਰ ਦਰਾਵਿੜ ਭਾਸ਼ਾਵਾਂ ਵਿਚ ਅੰਬ ਲਈ 'ਮਨ' ਸ਼ਬਦ ਹੈ ਸੋ ਇਸਦਾ ਨਿਰੁਕਤਕ ਅਰਥ ਅੰਬ ਫਲ ਬਣਦਾ ਹੈ। ਉਦੋਂ ਦੱਖਣ ਵਿਚ ਪੁਰਤਗਾਲੀਆਂ ਦਾ ਰਾਜ ਸੀ ਤੇ ਪਹਿਲਾਂ ਪਹਿਲ ਇਹ ਸ਼ਬਦ ਪੁਰਤਗਾਲੀ ਭਾਸ਼ਾ ਵਿਚ ਮਾਂਗਾ ਵਜੋਂ ਪ੍ਰਚੱਲਤ ਹੋਇਆ ਤੇ ਅੱਗੋਂ ਹੋਰ ਭਾਸ਼ਾਵਾਂ ਵਿਚ ਥੋੜ੍ਹੇ ਬਹੁਤੇ ਭੇਦ ਨਾਲ ਬੋਲਿਆ ਜਾਣ ਲੱਗਾ। ਅੰਗਰੇਜ਼ੀ ਵਿਚ ਮੈਂਗੋ ਬਣਿਆ।

ਖੈਰ ਅਸੀਂ ਸੁਆਦੇ ਦੇਣ ਵਾਲੇ ਸ਼ਬਦ ਦੀ ਗੱਲ ਕਰੀਏ। ਆਮ ਤੌਰ 'ਤੇ ਉਤਰ ਭਾਰਤ ਵਿਚ ਇਸ ਲਈ ਸੁਹਾਂਜਣਾ ਜਾਂ ਇਸ ਨਾਲ ਮਿਲਦੇ-ਜੁਲਦੇ ਸ਼ਬਦ ਵਰਤੇ ਜਾਂਦੇ ਹਨ। ਇਸ ਸ਼ਬਦ ਦਾ ਸੰਸਕ੍ਰਿਤ ਰੂਪ ਸ਼ੋਭਾਂਜਨ ਹੈ ਜਿਸ ਤੋਂ ਹੋਰ ਸਾਰੇ ਸ਼ਬਦ ਵਿਕਸਿਤ ਹੋਏ ਜਿਵੇਂ ਪਾਲੀ ਵਿਚ ਸ਼ੋਭਾਂਜਨ, ਪ੍ਰਾਕ੍ਰਿਤ ਵਿਚ ਸੋਹਾਂਜਣ, ਹਿੰਦੀ ਵਿਚ ਸਹਿਜਨ, ਲਹਿੰਦਾ ਅਤੇ ਪੰਜਾਬੀ ਵਿਚ ਸੁਹਾਂਜਣਾ/ਸੋਹਾਂਜਣਾ। ਸ਼ੋਭਾਂਜਨ ਬਣਿਆ ਹੈ ਸ਼ੁਭ + ਅੰਜਨ ਤੋਂ, ਮਤਲਬ ਹੋਇਆ ਜੋ ਅੱਖਾਂ ਨੂੰ ਅੰਜਨ ਦੀ ਤਰ੍ਹਾਂ ਸ਼ੋਭਾ ਦਿੰਦਾ ਅਰਥਾਤ ਸੁਹੰਦਾ ਹੈ। ਸ਼ੁਭ>ਸੁਹ। ਅੰਜਨ ਸ਼ਬਦ ਬਾਰੇ ਪਹਿਲਾਂ ਵਿਸਥਾਰ ਵਿਚ ਲਿਖਿਆ ਜਾ ਚੁੱਕਾ ਹੈ। ਸੁਹਾਂਜਣਾ ਤੋਂ ਹੀ ਵਿਗੜੇ ਦੋ ਹੋਰ ਸ਼ਬਦ ਸਹਜਨ ਤੇ ਸੈਜਨ ਵੀ ਮਿਲਦੇ ਹਨ। ਸੰਸਕ੍ਰਿਤ ਵਿਚ ਇਸ ਲਈ ਹੋਰ ਸ਼ਬਦ ਹਨ: ਅਕਸ਼ੀਵ, ਅਤਿਤੀਵ੍ਰ, ਉਗਰ, ਕਾਕਸ਼ੀਵ, ਕਾਮਿਨੀਸ਼, ਮੋਚ, ਮੋਚਕ, ਵਨਮ। ਮੋਚ ਸ਼ਬਦ ਪੰਜਾਬੀ ਵਿਚ ਵੀ ਹੈ, ਸ਼ਾਇਦ ਸੋਹਾਂਜਣਾ ਨੂੰ ਕਈ ਬੀਮਾਰੀਆਂ ਦਾ ਮੋਚਕ ਅਰਥਾਤ ਛੁਟਕਾਰਾ ਦਿਵਾਉਣ ਵਾਲਾ ਸਮਝਦਿਆਂ ਇਹ ਨਾਂ ਪਿਆ। ਉਂਝ ਹੋਰ ਨਾਵਾਂ ਤੋਂ ਇਸਦੇ ਅਤਿਵਾਦੀ ਜਾਂ ਉਗਰਵਾਦੀ ਹੋਣ ਦੀ ਸੋਅ ਵੀ ਮਿਲਦੀ ਹੈ! ਕਿਤੇ ਮੈਂ ਪੜ੍ਹਿਆ ਸੀ ਕਿ ਹਵਨ ਦੌਰਾਨ ਇਸ ਦੇ ਸੇਵਨ ਦੀ ਮਨਾਹੀ ਹੈ।

ਸੁਹਾਂਜਣਾ ਦੀ ਏਨੀ ਭੰਡੀ ਦੇ ਬਾਵਜੂਦ ਇਹ ਜ਼ਰੂਰ ਕਹਾਂਗਾ ਕਿ ਇਸ ਦੀ ਸੰਕੋਚਵੀਂ ਵਰਤੋਂ ਕਰ ਲੈਣੀ ਚਾਹੀਦੀ ਹੈ ਕਿਉਂਕਿ ਇਸ ਵਿਚ ਕਈ ਸੁਆਦ ਵੀ ਮੌਜੂਦ ਹਨ ਤੇ ਪੌਸ਼ਟਿਕਤਾ ਵੀ।

# ਚੌਕੀਦਾਰ ਦੀਆਂ ਚਾਬੀਆਂ



ਡਾ. ਗੁਰਜੀਤ ਸਿੰਘ ਭੱਠਲ
ਫੋਨ: 98142-05475

ਸਾਨੂੰ ਤਕਰੀਬਨ 20 ਸਾਲ ਦਾ ਸਮਾਂ ਹੋ ਗਿਆ ਹੈ ਅਰਬਨ ਅਸਟੇਟ ਵਿਚ ਆਪਣਾ ਘਰ ਬਣਾ ਕੇ ਰਹਿੰਦਿਆਂ ਤੇ ਆਂਢੀ-ਗੁਆਂਢੀ ਵੀ ਬਹੁਤ ਚੰਗੇ ਹਨ। ਅਸੀਂ ਆਪਣੇ ਬਜ਼ੁਰਗਾਂ ਦੀ ਇੱਕ ਗੱਲ ਹਮੇਸ਼ਾਂ ਯਾਦ ਰੱਖੀ ਕਿ ਆਂਢ-ਗਵਾਂਢ ਰਿਸ਼ਤੇਦਾਰਾਂ ਤੋਂ ਪਹਿਲਾਂ ਹਨ, ਦੁੱਖ-ਸੁੱਖ ਦੀ ਘੜੀ ਉਹੀ ਪਹਿਲਾਂ ਬਹੁੜਦੇ ਹਨ। ਇਸ ਲਈ ਉਨ੍ਹਾਂ ਨਾਲ ਹਮੇਸ਼ਾਂ ਬਣਾ ਕੇ ਰੱਖੋ। ਸਾਡਾ ਮਿਲਵਰਤਨ ਸਾਰੇ ਹੀ ਘਰਾਂ ਨਾਲ ਹੈ ਪਰ ਦੋ-ਤਿੰਨ ਘਰਾਂ ਨਾਲ ਪਰਿਵਾਰਕ ਸਾਂਝ ਤੋਂ ਵੀ ਜ਼ਿਆਦਾ ਹੈ।

ਮੇਰੇ ਖੱਬੇ ਪਾਸੇ ਪੰਜਾਬੀ ਯੂਨੀਵਰਸਿਟੀ ਤੋਂ ਰਿਟਾਇਰ ਪ੍ਰੋਫੈਸਰ ਸਾਹਿਬਾਨਾਂ ਦਾ ਜੋੜਾ ਹੈ। ਜਿਨ੍ਹਾਂ ਦਾ ਆਪਣੇ ਅਰਥ ਸ਼ਾਸਤਰ ਵਿਸ਼ੇ ਵਿਚ ਪੂਰਾ ਦਬਦਬਾ ਹੈ। ਉਨ੍ਹਾਂ ਨੂੰ ਦੇਖ ਕੇ ਮੈਨੂੰ ਵੀ ਹਮੇਸ਼ਾ ਇਹ ਇੱਛਾ ਰਹੀ ਕਿ ਮੈਂ ਵੀ ਉਨ੍ਹਾਂ ਵਾਂਗੂੰ ਆਪਣੇ ਵਿਸ਼ੇ ਵਿਚ ਕੁੱਝ ਕਰ ਕੇ ਦਿਖਾਵਾਂ। ਸਮੇਂ ਸਮੇਂ 'ਤੇ ਉਨ੍ਹਾਂ ਨੇ ਮੈਨੂੰ ਜ਼ਿੰਦਗੀ ਨੂੰ ਸੇਧ ਦਿੰਦੀਆਂ ਗੱਲਾਂ ਵੀ ਦੱਸਣੀਆਂ ਤੇ ਨਾਲ ਹੀ ਮੇਰੇ ਕੀਤੇ ਹੋਏ ਕੰਮਾਂ ਦੀ ਸ਼ਲਾਘਾ ਕਰ ਕੇ ਮੇਰੀ ਹੌਸਲਾ ਅਫ਼ਜ਼ਾਈ ਕਰਨਾ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਆਪਣੇ ਵਾਂਗ ਉਹ ਮੈਨੂੰ ਵੀ ਕੁਝ ਨਵਾਂ ਲਿਖਣ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਉਨ੍ਹਾਂ ਦੇ ਬੱਚੇ ਕੈਨੇਡਾ ਅਤੇ ਅਮਰੀਕਾ ਵਿਚ ਰਹਿੰਦੇ ਹਨ। ਸਾਡੇ ਵਿਚ ਉਹ ਦੋਵੇਂ ਆਪਣੇ ਬੱਚਿਆਂ ਨੂੰ ਹੀ ਮਹਿਸੂਸ ਕਰਦੇ ਹਨ।

ਮੇਰੇ ਘਰ ਦੇ ਸਾਹਮਣੇ ਵੀ ਬਿਜਲੀ ਬੋਰਡ ਤੋਂ ਰਿਟਾਇਰਡ ਜੋੜਾ ਰਹਿੰਦਾ ਹੈ। ਬਹੁਤ ਹੀ ਚੰਗੇ ਸੁਭਾਅ ਦੇ ਮਿੱਠ ਬੋਲੜੇ ਅਤੇ ਮਿਲਵਰਤਨ ਰੱਖਣ ਵਾਲਾ ਪਰਿਵਾਰ ਹੈ। ਉਨ੍ਹਾਂ ਦੇ ਬੱਚੇ ਆਸਟ੍ਰੇਲੀਆ ਵਿੱਚ ਰਹਿੰਦੇ ਹਨ ਅਤੇ ਆਪੋ ਆਪਣੇ ਕੰਮਾਂ ਵਿਚ ਰੁੱਝੇ ਹੋਏ ਹਨ। ਅੰਕਲ ਸਾਡੇ ਇਲਾਕੇ ਦੀ ਬਣੀ ਹੋਈ ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ ਦੇ ਸੈਕਟਰੀ ਹਨ। ਉਨ੍ਹਾਂ ਨੇ ਮੈਨੂੰ ਵੀ ਐਸੋਸੀਏਸ਼ਨ ਦਾ ਮੈਂਬਰ ਬਣਾ ਦਿੱਤਾ ਹੈ। ਉਨ੍ਹਾਂ ਨਾਲ ਕੰਮ ਕਰ ਕੇ ਮੈਂ ਪ੍ਰਸ਼ਾਸਨਿਕ ਅਤੇ ਪ੍ਰਬੰਧਕੀ ਸਕਿੱਲ ਹਾਸਲ ਕਰ ਰਿਹਾ ਹਾਂ।

ਘਰ ਦੇ ਸੱਜੇ ਪਾਸੇ ਸਾਡੇ ਤੋਂ ਛੋਟੀ ਉਮਰ ਦਾ ਜੋੜਾ ਹੈ, ਦੋਨੋਂ ਪੰਜਾਬੀ ਯੂਨੀਵਰਸਿਟੀ ਵਿਚ



ਨੌਕਰੀ ਕਰਦੇ ਹਨ। ਉਨ੍ਹਾਂ ਦੇ ਬੱਚਿਆਂ ਨਾਲ ਮੇਰਾ ਬੜਾ ਮੋਹ ਹੈ, ਉਨ੍ਹਾਂ ਦੇ ਛੋਟੇ ਬੱਚੇ ਮੈਨੂੰ "ਫਰੈਂਡ" ਕਹਿ ਕੇ ਬੁਲਾਉਂਦੇ ਹਨ। ਉਹ ਮੇਰੇ ਕੋਲੋਂ ਹਰ ਰੋਜ਼ ਇੱਕ ਚਾਕਲੇਟ ਲੈ ਕੇ ਜਾਂਦੇ ਹਨ ਤੇ ਕਦੀ ਕਦਾਈਂ ਜੂਸ ਪਾਰਟੀ ਵੀ ਕਰ ਲੈਂਦੇ ਹਾਂ।

ਆਂਢੀ-ਗੁਆਂਢੀ ਇਕ ਪਰਿਵਾਰ ਵਾਂਗ ਹੁੰਦੇ ਹਨ, ਜੋ ਹਰ ਖੁਸ਼ੀ ਗਮੀ ਵਿਚ ਇੱਕ ਦੂਜੇ ਦਾ ਸਾਥ ਦੇਣ ਲਈ ਅਤੇ ਇੱਕ ਦੂਜੇ ਦੀਆਂ ਭਾਵਨਾਵਾਂ ਸਮਝਣ ਅਤੇ ਉਨ੍ਹਾਂ ਦੀਆਂ ਕਦਰਾਂ ਕਰਨ ਲਈ ਬਣਿਆ ਹੁੰਦਾ ਹੈ ਤੇ ਉਸਨੂੰ ਬਣਾਈ ਰੱਖਣਾ ਸਾਡੀ ਜ਼ਿੰਮੇਵਾਰੀ ਵੀ ਹੈ। ਅਕਸਰ ਦੇਖਣ ਵਿਚ ਆਇਆ ਹੈ ਕਿ ਕੁਝ ਕੁ ਅਲੱਗ ਸੋਚ ਰੱਖਣ ਵਾਲੇ ਗੁਆਂਢੀ ਆਪਸ ਵਿਚ ਛੋਟੀ-ਛੋਟੀ ਗੱਲ 'ਤੇ ਝਗੜ ਪੈਂਦੇ ਹਨ।

ਆਂਢੀ-ਗੁਆਂਢੀਆਂ ਦਾ ਸੁਭਾਅ ਮੇਰੇ ਨਾਲ ਮੇਲ ਖਾਂਦਾ ਹੈ ਇਸ ਕਰਕੇ ਜਦੋਂ ਵੀ ਉਨ੍ਹਾਂ ਨੇ ਘਰੋਂ ਕਿਤੇ ਬਾਹਰ, ਜਾਂ ਵਿਦੇਸ਼ ਜਾਣਾ ਹੁੰਦਾ ਹੈ ਤਾਂ ਉਹ ਘਰ ਅਤੇ ਕਾਰ ਦੀਆਂ ਚਾਬੀਆਂ ਮੇਰੇ ਹਵਾਲੇ ਕਰ ਜਾਂਦੇ ਹਨ ਤੇ ਮੈਂ ਵੀ ਆਪਣੇ ਘਰ ਵਾਂਗ ਉਨ੍ਹਾਂ ਦੀ ਸਾਂਭ ਸੰਭਾਲ, ਸਾਫ-ਸਫਾਈ ਦਾ ਪੂਰਾ ਖਿਆਲ ਰੱਖਦਾ ਹਾਂ।

ਪਿਛਲੇ ਸਾਲ ਇੱਕ ਸਮਾਂ ਅਜਿਹਾ ਵੀ ਆਇਆ, ਤਿੰਨੋਂ ਘਰਾਂ ਦੀਆਂ ਚਾਬੀਆਂ ਮੇਰੇ ਕੋਲ ਸਨ। ਇੱਕ ਪਰਿਵਾਰ ਆਪਣੇ ਬੱਚਿਆਂ ਕੋਲ ਕੈਨੇਡਾ ਚਲਾ ਗਿਆ। ਦੂਜਾ, ਆਪਣੇ ਬੱਚਿਆਂ ਨੂੰ ਮਿਲਣ ਆਸਟਰੇਲੀਆ ਚਲਾ ਗਿਆ ਅਤੇ ਤੀਜਾ ਪਰਿਵਾਰ ਕੁਝ ਦਿਨਾਂ ਲਈ ਘੁੰਮਣ ਚਲਾ ਗਿਆ। ਇੱਕ ਪਾਸੇ ਮੈਨੂੰ ਖੁਸ਼ੀ ਸੀ ਕਿ ਮੇਰੇ 'ਤੇ ਬਾਕੀ ਲੋਕ ਕਿੰਨਾ ਭਰੋਸਾ ਕਰਦੇ ਹਨ, ਅਤੇ ਦੂਜੇ ਪਾਸੇ ਜ਼ਿੰਮੇਵਾਰੀ ਦਾ ਅਹਿਸਾਸ ਵੀ ਸੀ ਜੋ ਕਿ ਸੌਣ ਵੀ ਨਹੀਂ ਦਿੰਦੀ ਸੀ। ਕਿਸੇ ਦਾ ਵੀ ਗੇਟ ਖੜਕਣ 'ਤੇ ਵਾਰ-ਵਾਰ ਉਠ ਕੇ ਦੇਖਣਾ। ਇੱਕ ਦਿਨ ਕੈਨੇਡਾ ਤੋਂ ਫੋਨ ਆਇਆ ਤੇ ਮੈਂ ਸਹਿਜ ਸੁਭਾਅ ਗੱਲਾਂ ਕਰਦੇ ਮਜ਼ਾਕ ਦੇ ਵਿਚ ਅੰਕਲ ਜੀ ਨੂੰ ਕਹਿਣ ਲੱਗਿਆ ਕਿ ਜੇ ਮੈਨੂੰ ਕਿਤੇ ਜਾਣਾ ਪਿਆ ਤਾਂ ਇਹ ਪੜ੍ਹਿਆ ਲਿਖਿਆ ਚੌਕੀਦਾਰ ਆਪਣੀਆਂ ਚਾਬੀਆਂ ਕਿਸ ਨੂੰ ਦੇ ਕੇ ਜਾਵੇਗਾ।

ਸਾਡੇ ਇਲਾਕੇ ਵਿਚ ਬਹੁਤੇ ਘਰ ਖਾਲੀ ਪਏ ਹਨ। ਸਵੇਰੇ ਸੈਰ ਕਰਦੇ ਖਾਲੀ ਘਰਾਂ ਵੱਲ ਦੇਖਦੇ, ਮੈਂ ਅਚਾਨਕ ਉਸ ਫੋਨ 'ਤੇ ਕੀਤੀ ਗੱਲ ਬਾਰੇ ਸੋਚਣ ਲੱਗ ਗਿਆ, ਕਿ ਵਾਕਈ ਜਿਸ ਤਰ੍ਹਾਂ ਪੰਜਾਬ ਦੇ ਬੱਚੇ ਵਿਦੇਸ਼ਾਂ ਵਿਚ ਜਾ ਰਹੇ ਹਨ ਅਤੇ ਲੋਕਾਂ ਦੇ ਘਰਾਂ ਨੂੰ ਜਿੰਦਰੇ ਵੱਜ ਰਹੇ ਹਨ, ਤਾਂ ਭਵਿੱਖ ਕੀ ਹੋਵੇਗਾ? ਕੀ ਇੱਥੇ ਪ੍ਰਵਾਸੀ (ਯੂ.ਪੀ. ਬਿਹਾਰ ਤੋਂ ਆਏ ਬੰਦੇ) ਰਿਹਾ ਕਰਨਗੇ ਜਾਂ ਘਰ ਦਾ ਹੀ ਕੋਈ ਚੌਕੀਦਾਰ ਚਾਬੀਆਂ ਸਾਂਭੇਗਾ? ਅਤੇ ਕੁੱਝ ਕੁ ਮੇਰੇ ਵਰਗੇ ਜੋ ਵਿਦੇਸ਼ ਜਾਣਾ ਨਹੀਂ ਚਾਹੁੰਦੇ, ਪਰ ਬੱਚਾ ਜਵਾਨੀ ਦੀ ਦਹਿਲੀਜ਼ 'ਤੇ ਖੜ੍ਹਾ ਹੈ। ਕਦੋਂ ਮਜਬੂਰੀ ਵੱਸ ਜਾਣਾ ਪਿਆ ਤਾਂ ਚੌਕੀਦਾਰ ਦੀਆਂ ਚਾਬੀਆਂ ਕੌਣ ਸਾਂਭੇਗਾ?

**ਲੋਕ ਕਹਾਣੀ**

# ਅੰਨ੍ਹਾ ਬਾਬਾ ਅਬਦੁੱਲਾ

***ਇਹ ਲੋਕ ਕਹਾਣੀ ਮਾਇਆ ਦੇ ਲੋਭ ਲਾਲਚ ਬਾਰੇ ਸਬਕ ਦਿੰਦੀ ਹੈ। ਕਹਾਣੀ ਦਾ ਪਾਤਰ ਜਿਸ ਤਰ੍ਹਾਂ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਹੋ ਜਾਂਦਾ ਹੈ, ਉਹ ਬਹੁਤ ਮਾਰਮਿਕ ਅਤੇ ਤ੍ਰਾਸਦਿਕ ਹੈ।***

ਇੱਕ ਸੀ ਵਪਾਰੀ। ਉਹ ਬਗ਼ਦਾਦ ਵਿਚ ਰਹਿੰਦਾ ਸੀ। ਬਗ਼ਦਾਦ ਇਰਾਕ ਮੁਲਕ ਦੀ ਰਾਜਧਾਨੀ ਹੈ ਤੇ ਇਥੋਂ ਬੜੀ ਦੂਰ ਹੈ। ਬਗ਼ਦਾਦ ਦੇ ਇਸ ਵਪਾਰੀ ਦਾ ਨਾਂ ਸੀ ਅਬਦੁੱਲਾ। ਬਾਬੇ ਅਬਦੁੱਲੇ ਕੋਲ 80 ਊਠ ਸਨ, ਜਿਨ੍ਹਾਂ ਨਾਲ ਉਹ ਆਪਣਾ ਮਾਲ ਬਾਹਰ ਭੇਜਦਾ ਅਤੇ ਬਾਹਰ ਦਾ ਮਾਲ ਲਿਆਇਆ ਕਰਦਾ ਸੀ।

ਇੱਕ ਵਾਰ ਅਬਦੁੱਲਾ ਆਪਣਾ ਮਾਲ ਵੇਚ ਕੇ ਆ ਰਿਹਾ ਸੀ। ਰਸਤੇ ਵਿਚ ਉਸ ਨੂੰ ਇੱਕ ਦਰਵੇਸ਼ ਮਿਲਿਆ। ਬਾਬੇ ਅਬਦੁੱਲੇ ਨੇ ਦਰਵੇਸ਼ ਨੂੰ ਬੰਦਨਾ ਕੀਤੀ ਅਤੇ ਉਸ ਨੂੰ ਰੋਟੀ ਖਾਣ ਲਈ ਕਿਹਾ। ਦੋਹਾਂ ਨੇ ਰਲ ਕੇ ਰੋਟੀ ਖਾਧੀ। ਇਸ ਤਰ੍ਹਾਂ ਉਨ੍ਹਾਂ ਦੋਹਾਂ ਦੀ ਪੱਕੀ ਦੋਸਤੀ ਪੈ ਗਈ। ਦਰਵੇਸ਼ ਨੇ ਅਬਦੁੱਲੇ ਨੂੰ ਕਿਹਾ ਕਿ ਜੇ ਤੈਨੂੰ ਮਾਇਆ ਦੀ ਲੋੜ ਹੈ ਤਾਂ ਮੇਰੇ ਨਾਲ ਚਲ, ਇਕ ਥਾਂ ਤੇ ਲੁਕਿਆ ਹੋਇਆ ਖ਼ਜ਼ਾਨਾ ਹੈ, ਮੈਂ ਤੈਨੂੰ ਉਸ ਦਾ ਪਤਾ ਦਿਆਂਗਾ, ਜਿੰਨਾ ਮਰਜ਼ੀ ਆਵੇ ਲੈ ਲਵੀਂ।

ਬਾਬੇ ਅਬਦੁੱਲੇ ਨੇ ਕਿਹਾ, "ਜੇ ਤੁਸੀਂ ਮੈਨੂੰ ਉਹ ਖ਼ਜ਼ਾਨਾ ਦੱਸ ਦਿਓ ਤਾਂ ਮੈਂ ਤੁਹਾਨੂੰ ਇੱਕ ਊਠ ਲੱਦਿਆ ਹੋਇਆ ਦੇ ਦਿਆਂਗਾ।" ਪਰ ਦਰਵੇਸ਼ ਨੇ ਕਿਹਾ, "ਇਹ ਨਹੀਂ, ਹਰ ਕੰਮ ਵੰਡ ਕੇ ਕਰਨਾ ਚਾਹੀਦਾ ਹੈ। ਸਾਰੇ ਦੇ ਸਾਰੇ ਊਠ ਲੈ ਚਲੋ। ਸਾਰੇ ਹੀ ਊਠ ਖ਼ਜ਼ਾਨੇ ਨਾਲ ਲਦ ਲਵਾਂਗੇ। ਚਾਲ੍ਹੀ ਤੁਸੀਂ ਰੱਖ ਲੈਣਾ, ਚਾਲ੍ਹੀ ਮੈਨੂੰ ਦੇ ਦੇਣਾ।" ਬਾਬੇ ਅਬਦੁੱਲੇ ਨੇ ਸੋਚਿਆ, 'ਚਲੋ ਇਹ ਵੀ ਮੁਫ਼ਤ ਦੇ ਹੀ ਹਨ।" ਸੋ ਉਹ ਖ਼ਜ਼ਾਨੇ ਦੇ ਭਰੇ ਹੋਏ ਅੱਧੇ ਊਠ ਦੇਣੇ ਮੰਨ ਗਿਆ। ਦਰਵੇਸ਼ ਉਸ ਨੂੰ ਇਕ ਬੀਆਬਾਨ ਥਾਂ ਤੇ ਲੈ ਗਿਆ। ਇੱਕ ਨਵੇਕਲੀ ਥਾਂ ਤੇ ਜਾ ਕੇ ਦਰਵੇਸ਼ ਨੇ ਕੁਝ ਕ ਸੱਕੀਆਂ ਲਕੜਾਂ ਇਕੱਠੀਆਂ ਕਰ ਕੇ ਅੱਗ ਬਾਲੀ ਅਤੇ ਕੁਝ ਮੰਤਰ ਪੜ੍ਹੇ। ਮੰਤਰਾਂ ਦੇ ਪੜ੍ਹਦਿਆਂ ਹੀ ਉਥੇ ਇੱਕ ਬਹੁਤ ਹੀ ਵੱਡਾ ਸਾਰਾ ਸ਼ਾਹੀ ਕਿਲਾ ਬਣ ਗਿਆ। ਦਰਵੇਸ਼ ਨੇ ਬਾਬੇ ਅਬਦੁੱਲੇ ਨੂੰ ਕਿਹਾ ਕਿ ਹੁਣ ਉਹ ਅੰਦਰ ਜਾ ਕੇ ਵੇਖ ਲਵੇ।

ਜਦੋਂ ਬਾਬਾ ਅਬਦੁੱਲਾ ਅੰਦਰ ਗਿਆ ਤਾਂ ਵੇਖ ਕੇ ਹੈਰਾਨ ਹੀ ਹੋ ਗਿਆ। ਉਥੇ ਤਾਂ ਰੁਪਿਆਂ, ਹੀਰਿਆਂ, ਜਵਾਹਰਾਂ ਦਾ ਅੰਤ ਹੀ ਨਹੀਂ ਸੀ। ਲੱਦਣੇ ਸ਼ੁਰੂ ਕਰ ਦਿੱਤੇ ਤੇ ਦਰਵੇਸ਼ ਨੂੰ ਕਿਹਾ ਕਿ ਪਰ ਦਰਵੇਸ਼ ਨੇ ਕਿਹਾ, "ਜਿਹੜੇ ਮੈਂ 40 ਊਠ ਸੋ ਬਾਬੇ ਅਬਦੁੱਲੇ ਨੇ ਸਾਰੇ ਹੀ ਊਠ ਉਹ ਇਕ ਲੈਣੇ ਹਨ, ਥਾਂ ਤੇ ਹੋ ਕੇ ਬੈਠਾ ਰਹੇ। ਪਰ ਦਰਵੇਸ਼ ਨੇ ਕਿਹਾ, "ਜਿਹੜੇ ਮੈਂ 40 ਊਠ ਲੈਣੇ ਹਨ, ਉਹ ਮੈਂ ਆਪ ਹੀ ਆਪਣੇ ਹੱਥਾਂ ਨਾਲ ਲੱਦਾਂਗਾ, ਪਰ ਤੂੰ ਥੋੜ੍ਹੀ ਦੇਰ ਠਹਿਰ ਜਾ।" ਸੋ ਉਹ ਬਾਬੇ ਅਬਦੁੱਲੇ ਨੂੰ ਨਾਲ ਲੈ ਕੇ ਇਕ ਹੋਰ ਕਮਰੇ ਵਿਚ ਗਿਆ, ਜਿੱਥੇ ਕਈ ਤਰ੍ਹਾਂ ਦੇ ਬਕਸੇ ਪਏ ਹੋਏ ਸਨ। ਉਨ੍ਹਾਂ ਬਕਸਿਆਂ ਵਿਚ ਇੱਕ ਬਹੁਤ ਹੀ ਕੀਮਤੀ ਜੜਾਊ ਬਕਸਾ ਵੀ ਸੀ। ਜਿਸ ਵਿਚ ਬੜੇ ਕੀਮਤੀ ਨਗ ਅਤੇ ਪੱਥਰ ਲੱਗੇ ਹੋਏ ਸਨ। ਦਰਵੇਸ਼ ਨੇ ਉਹ ਬਕਸਾ ਖੋਲ੍ਹਿਆ ਅਤੇ ਉਸ ਵਿਚੋਂ ਇੱਕ ਬਹੁਤ ਹੀ ਸੁੰਦਰ, ਸੱਤਾਂ ਰੰਗਾਂ ਵਾਲੀ ਡੱਬੀ ਕੱਢ ਕੇ ਆਪਣੀ ਕਮੀਜ਼ ਦੇ ਹੇਠਾਂ ਇੱਕ ਖੀਸੇ ਵਿਚ ਪਾ ਲਈ।



ਉਸ ਤੋਂ ਬਾਅਦ ਦੋਵੇਂ ਹੀ ਆਪਣੇ ਆਪਣੇ ਊਠ ਖ਼ਜ਼ਾਨੇ ਨਾਲ ਲੱਦਣ ਲੱਗੇ। ਜਦੋਂ ਊਠ ਲੱਦੇ ਗਏ ਤਾਂ ਆਪਣੇ ਆਪਣੇ ਰਾਹੇ ਜਾਣ ਲੱਗਿਆਂ ਦਰਵੇਸ਼ ਨੇ ਦੁਬਾਰਾ ਮੰਤਰ ਪੜ੍ਹਿਆ ਅਤੇ ਕਿਲ੍ਹਾ ਗ਼ਾਇਬ ਹੋ ਗਿਆ।

ਜਦੋਂ ਬਾਬਾ ਅਬਦੁੱਲਾ ਕਾਫ਼ੀ ਦੂਰ ਆਪਣੇ ਰਸਤੇ ਤੇ ਆ ਗਿਆ ਤਾਂ ਇਸ ਨੂੰ ਮਾਇਆ ਦਾ ਕੁਝ ਲਾਲਚ ਪੈ ਗਿਆ ਅਤੇ ਆਪਣੇ ਊਠ ਖੜੇ ਕਰਕੇ ਭਜਦਾ ਭਜਦਾ ਦਰਵੇਸ਼ ਨੂੰ ਮਿਲਿਆ ਅਤੇ ਕਿਹਾ, "ਦਰਵੇਸ਼ ਬਾਬਾ! ਆਪ ਤਾਂ ਫ਼ਕੀਰ ਹੋਏ, ਆਪ ਦੇ ਬੱਚੇ ਕਿੱਥੇ ? ਕਿੱਥੇ ਇਨ੍ਹਾਂ ਖ਼ਜ਼ਾਨਿਆਂ ਨੂੰ ਰੱਖੋਗੇ ਅਤੇ ਕਿਵੇਂ ਇਨ੍ਹਾਂ ਊਠਾਂ ਨੂੰ ਪਾਲੋਗੇ ? ਇਨ੍ਹਾਂ ਵਿਚੋਂ 10 ਊਠ ਹੋਰ ਮੈਨੂੰ ਦੇ ਦਿਓ। ਮੇਰੇ ਛੋਟੇ ਛੋਟੇ ਬੱਚੇ ਹਨ, ਉਨ੍ਹਾਂ ਦਾ ਗੁਜ਼ਾਰਾ ਵੀ ਹੁੰਦਾ ਜਾਵੇਗਾ।" ਜਦੋਂ ਦਰਵੇਸ਼ ਨੇ 10 ਊਠ ਹੋਰ ਉਸ ਨੂੰ ਦੇ ਦਿੱਤੇ ਤਾਂ ਫਿਰ ਉਸ ਦੇ ਮਨ ਵਿਚ ਲਾਲਚ ਆ ਗਿਆ ਅਤੇ ਉਸ ਫਿਰ ਦਰਵੇਸ਼ ਕੋਲ ਜਾ ਕੇ ਕਿਹਾ, "ਬਾਬਾ ਜੀ, ਤੁਸੀਂ ਕਿੱਥੇ ਇਨ੍ਹਾਂ ਊਠਾਂ ਨੂੰ ਦਾਣੇ ਪਠੇ ਪਾਂਦੇ ਰਹੋਗੇ, ਇਹ ਵੀ ਮੈਨੂੰ ਹੀ ਦੇ ਦਿਓ। ਜਦੋਂ ਕਿਤੇ ਤੁਹਾਨੂੰ ਲੋੜ ਪਵੇ, ਮੇਰੇ ਕੋਲ ਆ ਜਾਣਾ, ਮੈਂ ਤੁਹਾਨੂੰ ਦੇ ਦਿਆ ਕਰਾਂਗਾ !" ਬਾਬੇ ਦਰਵੇਸ਼ ਨੇ ਉਹ 30 ਊਠ ਵੀ ਉਸ ਨੂੰ ਦੇ ਦਿੱਤੇ।

ਬਾਬਾ ਅਬਦੁੱਲਾ ਹਾਲਾਂ ਕੁਝ ਕੁ ਹੀ ਅੱਗੇ ਗਿਆ ਸੀ ਕਿ ਉਸ ਦੇ ਦਿਲ ਵਿਚ ਹੋਰ ਲਾਲਚ ਆ ਗਿਆ ਅਤੇ ਉਸ ਨੇ ਸੋਚਿਆ ਕਿ ਪਤਾ ਨਹੀਂ ਜਿਹੜੀ ਡੱਬੀ ਦਰਵੇਸ਼ ਨੇ ਸੰਦੂਕ ਵਿਚੋਂ ਚੁੱਕੀ ਸੀ, ਉਸ ਵਿਚ ਕਿਹੋ ਜਿਹਾ ਖ਼ਜ਼ਾਨਾ ਹੋਵੇਗਾ ਜਾਂ ਕੀਮਤੀ ਚੀਜ਼ ਹੋਵੇਗੀ। ਸੋ ਉਹ ਦੁਬਾਰਾ ਦਰਵੇਸ਼ ਕੋਲ ਗਿਆ ਅਤੇ ਮਿੰਨਤਾਂ ਕਰ ਕੇ ਉਹ ਡੱਬੀ ਵੀ ਲੈ ਆਇਆ। ਹਾਲਾਂ ਬਾਬਾ ਅਬਦੁੱਲਾ ਲੈ ਕੇ ਤੁਰਿਆ ਹੀ ਸੀ ਕਿ ਦਰਵੇਸ਼ ਨੇ ਕਿਹਾ, "ਠਹਿਰ, ਪਹਿਲਾਂ ਇਹ ਤਾਂ ਪੁੱਛ ਲੈ ਇਸ ਵਿਚ ਕੀ ਹੈ।" ਬਾਬਾ ਅਬਦੁੱਲਾ ਹੱਥ ਜੋੜ ਕੇ ਖੜਾ ਹੋ ਗਿਆ ਅਤੇ ਕਿਹਾ, "ਦੱਸੋ ਮਹਾਰਾਜ।"

ਦਰਵੇਸ਼ ਨੇ ਕਿਹਾ, "ਇਹ ਡੱਬੀ ਤੈਨੂੰ ਦੇਣੀ ਨਹੀਂ। ਵਾਪਸ ਕਰ ਦੇ, ਫਿਰ ਤੈਨੂੰ ਦਸਾਂਗਾ ਇਸ ਵਿਚ ਕੀ ਹੈ," ਅਬਦੁੱਲੇ ਨੇ ਕਿਹਾ, "ਮਹਾਰਾਜ, ਡੱਬੀ ਜੋ ਮੈਨੂੰ ਦੇਣ ਵਾਲੀ ਹੈ, ਤਾਂ ਦੇ ਦਿਓ, ਨਹੀਂ ਤਾਂ ਆਹ ਲਓ, ਪਰ ਦੱਸ ਤੇ ਦਿਓ ਕਿ ਇਸ ਵਿਚ ਕੀ ਹੈ।" ਦਰਵੇਸ਼ ਨੇ ਕਿਹਾ, "ਇਸ ਵਿਚ ਮਲ੍ਹਮ ਹੈ, ਜਿਹੜਾ ਇਸ ਨੂੰ ਖੱਬੀ ਅੱਖ ਦੇ ਦੁਆਲੇ ਲਾਵੇ ਉਸ ਨੂੰ ਸਾਰੀ ਧਰਤੀ ਦਾ ਦੱਬਿਆ ਹੋਇਆ ਖ਼ਜ਼ਾਨਾ ਦਿੱਸ ਪਵੇਗਾ ਪਰ ਜੇ ਸੱਜੀ ਤੇ ਵੀ ਲਗਾ ਦਿਓ ਤਾਂ ਉਹ ਆਦਮੀ ਅੰਨ੍ਹਾ ਹੋ ਜਾਂਦਾ ਹੈ, ਨਾ ਸੱਜੀ ਅੱਖ ਰਹਿੰਦੀ ਹੈ ਤੇ ਨਾ ਹੀ ਖੱਬੀ।"

ਦਰਵੇਸ਼ ਨੇ, ਅਬਦੁੱਲੇ ਦੇ ਕਹਿਣ ਤੇ ਉਸ ਦੀ ਖੱਬੀ ਅੱਖ ਦੁਆਲੇ ਥੋੜ੍ਹੀ ਜਿਹੀ ਮਲ੍ਹਮ ਲਾ ਦਿੱਤੀ ਤਾਂ ਅਬਦੁੱਲੇ ਨੂੰ ਕਿਲ੍ਹੇ ਵਾਲੇ ਖ਼ਜ਼ਾਨੇ ਨਾਲੋਂ ਕਿਤੇ ਜ਼ਿਆਦਾ ਖ਼ਜ਼ਾਨਾ ਧਰਤੀ ਥੱਲੇ ਦੱਬਿਆ ਪਿਆ ਦਿਸਿਆ। ਉਸ ਨੇ ਸਮਝ ਲਿਆ ਕਿ ਦਰਵੇਸ਼ ਕੁਝ ਲੁਕਾਉਂਦਾ ਹੈ ਜਿਸ ਲਈ ਸੱਜੀ ਅੱਖ ਦਾ ਬਹਾਨਾ ਕਰ ਗਿਆ ਹੈ ਅਤੇ ਕਹਿੰਦਾ ਹੈ ਕਿ ਆਦਮੀ ਅੰਨ੍ਹਾ ਹੋ ਜਾਂਦਾ ਹੈ। ਫਿਰ ਉਸਨੇ ਦਰਵੇਸ਼ ਨੂੰ ਕਿਹਾ ਬਾਬਾ ਜੀ, ਮੇਰੀ ਸੱਜੀ ਅੱਖ ਦੁਆਲੇ ਵੀ ਇਹ ਮਲ੍ਹਮ ਲਗਾ ਦਿਓ ਤਾਂ ਜੋ ਤ੍ਰਿਲੋਕੀ ਦਾ ਸਾਰਾ ਹੀ ਖ਼ਜ਼ਾਨਾ ਮੈਨੂੰ ਦਿੱਸ ਪਵੇ।"

ਦਰਵੇਸ਼ ਨੇ ਕਿਹਾ ਕਿ ਇਸ ਤਰ੍ਹਾਂ ਨਹੀਂ ਕਰਾਂਗਾ। ਪਰ ਬਾਬੇ ਅਬਦੁੱਲੇ ਦੇ ਬਹੁਤ ਹੀ ਜ਼ਿਆਦਾ ਲੋਭ ਕਰਕੇ, ਅਤੇ ਮਿੰਨਤਾਂ ਤੋਂ ਮਜਬੂਰ ਹੋਕੇ ਦਰਵੇਸ਼ ਨੇ ਅਬਦੁੱਲੇ ਦੀ ਸੱਜੀ ਅੱਖ ਦੁਆਲੇ ਵੀ ਮਲ੍ਹਮ ਲਗਾ ਦਿਤੀ। ਬਸ, ਦੋਵੇਂ ਅੱਖਾਂ ਸੜਨ ਲਗੀਆਂ ਤੇ ਕੁਝ ਚਿਰ ਵਿਚ ਹੀ ਅਬਦੁੱਲੇ ਦੀਆਂ ਅੱਖਾਂ ਅੰਨ੍ਹੀਆਂ ਹੋ ਗਈਆਂ। ਹੁਣ ਅਬਦੁੱਲੇ ਨੇ ਦਰਵੇਸ਼ ਦੀਆਂ ਬੜੀਆਂ ਮਿੰਨਤਾਂ ਕੀਤੀਆਂ ਕਿ ਮੇਰੀਆਂ ਅੱਖਾਂ ਠੀਕ ਕਰੋ, ਪਰ ਦਰਵੇਸ਼ ਨੇ ਇਕ ਨਾ ਸੁਣੀ ਤੇ ਕਿਹਾ ਬਾਬਾ ਅਬਦੁੱਲਾ, ਇਹ ਅੱਖਾਂ ਤੇਰੀਆਂ ਇਸ ਲਈ ਅੰਨ੍ਹੀਆਂ ਹੋਈਆਂ ਹਨ ਕਿ ਤੇਰਾ ਦਿੱਲ ਵੀ ਮਾਇਆ ਦੇ ਲੋਭ ਵਿਚ ਅੰਨ੍ਹਾ ਹੋ ਗਿਆ ਸੀ, ਦਰਵੇਸ਼ ਇਹ ਕੁਝ ਕਹਿੰਦਾ ਹੋਇਆ ਸਾਰੇ ਦੇ ਸਾਰੇ ਖਜ਼ਾਨੇ ਨਾਲ ਲੱਦੇ ਹੋਏ ਊਠ ਨਾਲ ਲੈ ਕੇ ਚਲਾ ਗਿਆ।

ਕਾਫ਼ੀ ਦੇਰ ਬਾਅਦ ਵਪਾਰੀਆਂ ਦਾ ਇਕ ਹੋਰ ਟੋਲਾ ਉਥੇ ਆਇਆ। ਉਨ੍ਹਾਂ ਬਾਬੇ ਅਬਦੁੱਲੇ ਨੂੰ ਪਛਾਣ ਲਿਆ ਤੇ ਸਾਰੀ ਵਿਥਿਆ ਸੁਣਨ ਉਪਰੰਤ ਉਸ ਤੇ ਤਰਸ ਕਰਕੇ ਉਸ ਨੂੰ ਵਾਪਸ ਉਸ ਦੇ ਘਰ ਬਗਦਾਦ ਵਿਚ ਛੱਡ ਆਏ। ਹੁਣ ਉਹ ਮੰਗ ਕੇ ਗੁਜ਼ਾਰਾ ਕਰਨ ਲੱਗਾ। ਪਹਿਲਾਂ ਸਾਰੇ ਮੁਲਕ ਵਿਚ ਉਹ ਵਪਾਰੀਆਂ ਵਿਚ ਪ੍ਰਸਿੱਧ ਸੀ। ਹੁਣ ਸਾਰਿਆਂ ਨੂੰ ਕਹਿਣ ਲਗਾ, "ਮਾਇਆ ਅੰਨ੍ਹਿਆਂ ਕਰ ਦੇਵੇਗੀ, ਇਸ ਦੇ ਲਾਲਚ ਵਿਚ ਨਾ ਫਸੋ।"

ਇਕ ਵਾਰੀ ਬਗ਼ਦਾਦ ਦਾ ਖਲੀਫ਼ਾ ਉਥੋਂ ਲੰਘ ਰਿਹਾ ਸੀ ਕਿ ਉਸ ਨੇ ਮੰਗਣਾ ਸ਼ੁਰੂ ਕੀਤਾ। ਖਲੀਫੇ ਨੇ ਇਕ ਅਸ਼ਰਫੀ ਦੇਣੀ ਚਾਹੀ ਪਰ ਉਸ ਨੇ ਕਿਹਾ, "ਓ ਖਲੀਫ਼ ਪਹਿਲਾਂ ਮੇਰੇ ਸਿਰ ਵਿਚ ਇੱਕ ਜੁੱਤੀ ਮਾਰ ਤਾਂ ਮੈਂ ਅਸ਼ਰਫੀ ਲਵਾਂਗਾ" ਪਰ ਖਲੀਫ ਨੇ ਇਸ ਵਪਾਰੀ ਨੂੰ ਪਛਾਣ ਲਿਆ ਸੀ। ਉਹ ਇਸ ਦੀ ਬੇਇਜ਼ਤੀ ਨਹੀਂ ਸੀ ਕਰਨਾ ਚਾਹੁੰਦਾ। ਅਬਦੁੱਲੇ ਨੇ ਸਾਰੀ ਵਾਰਤਾ ਉਸ ਨੂੰ ਸੁਣਾਈ ਤਾਂ ਅਸ਼ਰਫੀ ਲਈ।

ਅਬਦੁੱਲੇ ਦੇ ਮੂੰਹੋਂ ਸਾਰੀ ਸੱਚੀ ਵਾਰਤਾ ਸੁਣਨ ਉਸ ਦਾ ਰੋਟੀ ਤੇ ਹੋਰ ਵੀ ਸਾਰਾ ਖ਼ਰਚ ਦਰਬਾਰ ਤੋਂ ਉਪਰੰਤ, ਬਗ਼ਦਾਦ ਦੇ ਉਸ ਖਲੀਫ਼ ਨੇ ਮੁਫ਼ਤ ਲਵਾ ਦਿੱਤਾ ਪਰ ਸਾਰਿਆਂ ਦੇ ਸਾਹਮਣੇ ਉਹ ਲਾਹਨਤ ਬਣ ਕੇ ਆਉਂਦਾ ਤੇ ਸਾਰਿਆਂ ਨੂੰ ਯਾਦ ਆ ਜਾਂਦਾ ਕਿ ਜੇ ਲਾਲਚ ਕਰੋਗੇ ਤਾਂ ਇਹੋ ਜਿਹਾ ਹੀ ਹਸ਼ਰ ਹੋਵੇਗਾ।

# ਨਵੀਂ ਪੀੜ੍ਹੀ ਦੇ ਮਸਲੇ

**ਡਾ. ਰਣਜੀਤ ਸਿੰਘ**

ਪੰਜਾਬੀ ਮਿਹਨਤੀ, ਹਿੰਮਤੀ ਅਤੇ ਖ਼ਤਰੇ ਸਹੇੜਨ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਜਦੋਂ ਵੀ ਇਨ੍ਹਾਂ ਨੂੰ ਕਿਸੇ ਨਵੀਂ ਥਾਂ ਜਾਣ ਦਾ ਮੌਕਾ ਮਿਲਦਾ ਹੈ ਤਾਂ ਉਹ ਉੱਥੇ ਜਾਣ ਲਈ ਸਭ ਤੋਂ ਅੱਗੇ ਹੁੰਦੇ ਹਨ। ਦੇਸ਼ ਦੀ ਆਜ਼ਾਦੀ ਸਮੇਂ ਪੰਜਾਬ ਦੀ ਵੰਡ ਹੋਈ ਤੇ ਪੰਜਾਬੀਆਂ ਨੇ ਭਿਆਨਕ ਸੰਤਾਪ ਭੋਗਿਆ। ਪਾਕਿਸਤਾਨ ਵਾਲੇ ਪੰਜਾਬ ਵਿਚ ਕਿਸੇ ਹਿੰਦੂ ਜਾਂ ਸਿੱਖ ਦਾ ਰਹਿਣਾ ਮੁਸ਼ਕਿਲ ਹੋ ਗਿਆ ਤੇ ਇਸ ਪਾਸੇ ਮੁਸਲਮਾਨਾਂ ਨੂੰ ਘਰ ਬਾਰ ਛੱਡ ਕੇ ਜਾਣਾ ਪਿਆ। ਲੱਖਾਂ ਲੋਕ ਮਾਰੇ ਗਏ। ਔਰਤਾਂ ਦੀ ਇੱਜ਼ਤ ਰੋਲੀ ਗਈ ਤੇ ਸਭ ਕੁਝ ਲੁਟਾ ਕੇ ਖਾਲੀ ਹੱਥ ਆਉਣਾ ਪਿਆ।

ਉਧਰੋਂ ਆਏ ਪੰਜਾਬੀਆਂ ਨੇ ਇਸ ਪਾਸੇ ਪੈਰ ਲਗਦਿਆਂ ਹੀ ਅੱਗੇ ਵਧਣਾ ਸ਼ੁਰੂ ਕੀਤਾ। ਖੇਤੀ ਦੇ ਨਵੇਂ ਢੰਗ ਤਰੀਕੇ, ਨਵੇਂ ਬੀਜ ਅਤੇ ਮਸ਼ੀਨਾਂ ਦੀ ਵਰਤੋਂ ਕਰਨ ਵਿਚ ਪੰਜਾਬੀਆਂ ਨੇ ਦੇਸ਼ ਦੀ ਅਗਵਾਈ ਕੀਤੀ। ਜਿੱਥੇ ਉਹ ਲੋੜ ਪੈਣ ਉੱਤੇ ਸਰਹੱਦਾਂ ਦੀ ਰਾਖੀ ਕਰਦੇ ਸਨ, ਉੱਥੇ ਭੁੱਖਮਰੀ ਨਾਲ ਜੂਝ ਰਹੇ ਦੇਸ਼ ਵਿਚ ਅਨਾਜ ਦੇ ਢੇਰ ਲਗਾ ਦਿੱਤੇ ਜਿਸ ਨੂੰ ਹਰਾ ਇਨਕਲਾਬ ਆਖਿਆ ਗਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰੇ ਇਨਕਲਾਬ ਨਾਲ ਦੇਸ਼ ਨੂੰ ਭੁੱਖਮਰੀ ਤੋਂ ਬਚਾਇਆ ਗਿਆ ਅਤੇ ਪੰਜਾਬ ਵਿਚ ਖੁਸ਼ਹਾਲੀ ਆਈ ਪਰ ਖੁਸ਼ਹਾਲੀ ਲਈ ਵੀ ਪੰਜਾਬੀਆਂ ਨੂੰ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ। ਇਸ ਖੁਸ਼ਹਾਲੀ ਨੇ ਵਿਉਪਾਰੀਆਂ ਨੂੰ ਆਪਣੇ ਵੱਲ ਖਿੱਚਿਆ। ਟਰੈਕਟਰ ਤੇ ਦੂਜੀਆਂ ਮਸ਼ੀਨਾਂ ਦੇ ਪ੍ਰਦਰਸ਼ਨ ਕਰਕੇ ਕਿਸਾਨਾਂ ਨੂੰ ਇਨ੍ਹਾਂ ਦੀ ਖਰੀਦ ਲਈ ਉਤਸ਼ਾਹਿਤ ਕੀਤਾ ਜਿਸ ਨਾਲ ਪੰਜਾਬ ਦੀ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋ ਗਿਆ। ਸਿੰਜਾਈ ਸਹੂਲਤਾਂ ਦੇ ਵਾਧੇ ਨਾਲ ਸਾਰੀ ਧਰਤੀ ਦੋ ਫ਼ਸਲੀ ਹੋ ਗਈ ਜਿਸ ਨਾਲ ਕਾਮਿਆਂ ਦੀ ਮੰਗ ਵਧੀ ਤੇ ਦੂਜੇ ਸੂਬਿਆਂ ਤੋਂ ਕਾਮੇ ਆਉਣ ਲੱਗੇ। ਪਹਿਲਾਂ ਉਹ ਫ਼ਸਲ ਦੀ ਲੁਆਈ ਅਤੇ ਵਾਢੀ ਸਮੇਂ ਹੀ ਆਉਂਦੇ ਸਨ, ਫਿਰ ਉਹ ਟੱਬਰਾਂ ਸਮੇਤ ਆ ਕੇ ਇੱਥੇ ਹੀ ਰਹਿਣ ਲੱਗ ਪਏ। ਉਨ੍ਹਾਂ ਦੇ ਬੱਚਿਆਂ ਨੇ ਦੁਕਾਨਾਂ ਅਤੇ ਦਫਤਰਾਂ ਵਿਚ ਕੰਮ ਕਰਨਾ ਸ਼ੁਰੂ ਕੀਤਾ ਤੇ ਔਰਤਾਂ ਨੇ ਘਰਾਂ ਦਾ ਕੰਮ ਸੰਭਾਲ ਲਿਆ। ਹੁਣ ਘਰਾਂ ਅਤੇ ਖੇਤਾਂ ਦਾ ਬਹੁਤਾ ਕੰਮ ਇਹ ਲੋਕ ਹੀ ਕਰਦੇ ਹਨ। ਸ਼ਹਿਰਾਂ ਦੇ ਬਹੁਤੇ ਘਰਾਂ ਵਿਚ ਰੋਟੀ ਵੀ ਇਹ ਲੋਕ ਹੀ ਪਕਾਉਣ ਲੱਗ ਪਏ ਹਨ। ਇੰਝ ਪੰਜਾਬੀ ਹੌਲੀ-ਹੌਲੀ ਕਿਰਤ ਤੋਂ ਦੂਰ ਹੋ ਰਹੇ ਹਨ। ਤਕਨੀਕੀ ਕੰਮ ਜਿਵੇਂ ਲੁਹਾਰਾ, ਤਰਖਾਣ, ਪਲੰਬਰ, ਰਾਜ ਮਿਸਤਰੀ ਆਦਿ ਕੰਮ ਵੀ ਹੌਲੀ-ਹੌਲੀ ਇਨ੍ਹਾਂ ਹੀ ਸੰਭਾਲ ਲਏ ਹਨ। ਪੰਜਾਬ ਦੇ ਇਨ੍ਹਾਂ ਕਿੱਤਿਆਂ ਦੇ ਆਪਣੇ ਤੌਰ ਤਰੀਕੇ ਅਤੇ ਦਸਤਕਾਰੀ ਲੋਪ ਹੋ ਗਏ ਹਨ।

ਵਿਦਿਆ ਦੇ ਵਪਾਰੀਆਂ ਨੇ ਥਾਂ-ਥਾਂ ਅੰਗਰੇਜ਼ੀ ਸਕੂਲ ਖੋਲ੍ਹ ਲਏ। ਇਨ੍ਹਾਂ ਸਕੂਲਾਂ ਵਿਚ ਬੱਚੇ ਭੇਜਣਾ ਪੰਜਾਬੀ ਆਪਣੀ ਸ਼ਾਨ ਸਮਝਣ ਲੱਗ ਪਏ ਹਨ। ਇਨ੍ਹਾਂ ਸਕੂਲਾਂ ਵਿਚ ਪੰਜਾਬੀ ਪੜ੍ਹਨੀ ਤੇ ਬੋਲਣੀ ਸਖਤ ਮਨ੍ਹਾ ਹੈ। ਇੰਝ ਪੰਜਾਬੀ ਬੱਚੇ ਆਪਣੀ ਮਾਂ ਬੋਲੀ, ਆਪਣੇ ਇਤਿਹਾਸ, ਆਪਣੇ ਸੱਭਿਆਚਾਰ ਅਤੇ ਆਪਣੇ ਰਸਮੋ-ਰਿਵਾਜਾਂ ਤੋਂ ਦੂਰ ਹੋ ਗਏ ਹਨ। ਬਾਜ਼ਾਰ ਕੱਪੜਿਆਂ, ਬਿਜਲੀ ਉਪਕਰਨਾਂ, ਫਰਨੀਚਰ ਆਦਿ ਨਾਲ ਭਰੇ ਗਏ। ਪਿੰਡਾਂ ਵਿਚ ਸਾਰੇ ਘਰ ਪੱਕੇ ਹੋ ਗਏ, ਬਿਜਲੀ ਆ ਗਈ, ਪਾਣੀ ਦੀਆਂ ਟੂਟੀਆਂ ਲੱਗ ਗਈਆਂ। ਆਪਸੀ ਭਾਈਚਾਰਾ, ਰਹਿਣ-ਸਹਿਣ, ਰਸਮੋ-ਰਿਵਾਜ ਸਭ ਕੁਝ ਬਦਲ ਗਿਆ। ਜਿਸ ਤੇਜ਼ੀ ਨਾਲ ਪੰਜਾਬੀ ਜੀਵਨ ਬਦਲਿਆ ਇਸ ਤੇਜ਼ੀ ਨਾਲ ਤਬਦੀਲੀ ਸ਼ਾਇਦ ਸੰਸਾਰ ਵਿਚ ਕਿਤੇ ਵੀ ਨਹੀਂ ਸੀ ਆਈ। ਨਵੀਂ ਪੀੜ੍ਹੀ ਨੂੰ ਜਦੋਂ ਅਸੀਂ ਬਚਪਨ ਦੀਆਂ ਕਹਾਣੀਆਂ ਸੁਣਾਉਂਦੇ ਹਾਂ ਤਾਂ ਉਨ੍ਹਾਂ ਲਈ ਯਕੀਨ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਅਜਿਹਾ ਹੁੰਦਾ ਸੀ।

ਅਫ਼ਸੋਸ ਇਸ ਗੱਲ ਦਾ ਹੈ ਕਿ ਕਿਸੇ ਵੀ ਸਰਕਾਰ, ਸੰਸਥਾ ਜਾਂ ਧਾਰਮਿਕ ਆਗੂ ਨੇ ਆਪਣੇ ਵਿਰਸੇ ਦੀ ਸਾਂਭ-ਸੰਭਾਲ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ। ਇੰਝ ਪੰਜਾਬੀ ਜੀਵਨ ਸਮਾਜਿਕ ਕਦਰਾਂ ਕੀਮਤਾਂ ਨੂੰ ਭੁੱਲ ਆਪਮੁਹਾਰਾ ਹੋ ਗਿਆ। ਇਸੇ ਕਰਕੇ ਮਿਹਨਤ, ਸੰਤੋਖ, ਭਾਈਚਾਰਾ, ਇਮਾਨਦਾਰੀ ਆਦਿ ਪੰਜਾਬੀਆਂ ਦੇ ਮੁੱਖ ਗੁਣ ਲੋਪ ਹੋ ਰਹੇ ਹਨ। ਪੰਜਾਬ ਨੂੰ ਪ੍ਰਤਾਪ ਸਿੰਘ ਕੈਰੋਂ ਪਿੱਛੋਂ ਕੋਈ ਦੂਰਅੰਦੇਸ਼ ਨੇਤਾ ਨਹੀਂ ਮਿਲ ਸਕਿਆ। ਉਨ੍ਹਾਂ ਨੇ ਪੰਜਾਬ ਵਿਚ ਖੇਤੀ, ਸਨਅਤ ਅਤੇ ਵਿਦਿਅਕ ਵਿਕਾਸ ਵੱਲ ਸਭ ਤੋਂ ਵੱਧ ਧਿਆਨ ਦਿੱਤਾ ਤੇ ਪੰਜਾਬ ਦੇਸ਼ ਦਾ ਸਭ ਤੋਂ ਵੱਧ ਵਿਕਸਤ ਸੂਬਾ ਬਣ ਗਿਆ।

ਮੁੜ ਕੁਰਬਾਨੀਆਂ ਦੇ ਕੇ ਬੋਲੀ ਦੇ ਆਧਾਰ ਉੱਤੇ ਪੰਜਾਬੀ ਸੂਬਾ ਪ੍ਰਾਪਤ ਕੀਤਾ। ਇਸ ਪ੍ਰਾਪਤੀ ਲਈ ਆਪਣੀ ਰਾਜਧਾਨੀ, ਬਹੁਤ ਸਾਰਾ ਇਲਾਕਾ ਅਤੇ ਪਾਣੀ ਦੇ ਵਸੀਲਿਆਂ ਦੀ ਕੁਰਬਾਨੀ ਦੇਣੀ ਪਈ। ਜਾਪਦਾ ਸੀ, ਹੁਣ ਪਹਿਲਾਂ ਤੋਂ ਵੱਧ ਮਿਹਨਤ ਕਰਕੇ ਪੰਜਾਬ, ਦੇਸ਼ ਦਾ ਹੀ ਨਹੀਂ ਸਗੋਂ ਸਾਰੇ ਸੰਸਾਰ ਦਾ ਵਿਕਸਤ ਸੂਬਾ ਬਣ ਜਾਵੇਗਾ ਪਰ ਬਦਕਿਸਮਤੀ ਸਾਡੇ ਆਗੂਆਂ ਜਿਨ੍ਹਾਂ ਵਿਚ ਧਾਰਮਿਕ ਆਗੂ ਵੀ ਸ਼ਾਮਿਲ ਹਨ, ਨੇ ਨਵੀਂ ਪੀੜ੍ਹੀ ਨੂੰ ਆਪਣੀ ਬੋਲੀ ਅਤੇ ਵਿਰਸੇ ਨਾਲ ਜੋੜਨ ਦੀ ਥਾਂ ਤੋੜਨ ਦਾ ਕੰਮ ਕੀਤਾ। ਪੰਜਾਬੀਆਂ ਨੂੰ ਸੇਧ ਦੇਣ ਦੀ ਥਾਂ ਆਪੋ-ਆਪਣੇ ਮਿਸ਼ਨ ਲਈ ਵਰਤਿਆ ਗਿਆ। ਨਕਸਲਬਾੜੀ ਲਹਿਰ ਚੱਲੀ। ਆਪਣਿਆਂ ਹੱਥੋਂ ਹੀ ਸੈਂਕੜੇ ਨੌਜਵਾਨ ਮਾਰੇ ਗਏ। ਇਹ ਨਹੀਂ ਸੋਚਿਆ ਗਿਆ ਕਿ ਸੰਸਾਰ ਦਾ ਤਖ਼ਤਾ, ਤਾਕਤ ਨਾਲ ਨਹੀਂ ਸਗੋਂ ਦਿਮਾਗ਼ ਤੇ ਉੱਚੀ ਸੋਚ ਨਾਲ ਬਦਲਿਆ ਜਾਂਦਾ ਹੈ। ਅਤਿਵਾਦ ਦੇ ਦਿਨਾਂ ਵਿਚ ਤਾਂ ਸ਼ਹੀਦ ਹੋਣ ਵਾਲਿਆਂ ਦੀ ਗਿਣਤੀ ਹਜ਼ਾਰਾਂ ਨੂੰ ਟੱਪ ਗਈ। ਕਿਸੇ ਠੀਕ ਹੀ ਆਖਿਆ ਸੀ ਕਿ ਦੇਖੋ ਕਿਵੇਂ ਆਪਣੇ ਹੀ ਆਪਣਿਆਂ ਨੂੰ ਮਾਰ ਰਹੇ ਹਨ। ਪੰਜਾਬ ਦਾ ਵਿਕਾਸ ਰੁਕ ਗਿਆ ਸਗੋਂ ਪਿੱਛੇ ਵੱਲ ਮੁੜਨ ਲੱਗਿਆ। ਪਹਿਲਾਂ ਵਪਾਰੀਆਂ ਨੇ ਲੁੱਟਿਆ, ਮੁੜ ਆਪਣਿਆਂ ਨੇ ਲੁੱਟਣਾ ਸ਼ੁਰੂ ਕਰ ਦਿੱਤਾ। ਜਿਹੜੇ ਨੌਜਵਾਨ ਜਿਊਂਦੇ ਰਹਿ ਗਏ ਉਨ੍ਹਾਂ ਦੇ ਪੱਲੇ ਨਸ਼ੇ ਪਾ ਦਿੱਤੇ ਗਏ। ਕਿਸੇ ਸੂਬੇ ਵਿਚ ਨਸ਼ਿਆਂ ਦੀ ਵਿਕਰੀ ਸਿਆਸੀ ਸ਼ਹਿ ਤੋਂ ਬਗੈਰ ਨਹੀਂ ਹੁੰਦੀ।

ਲੀਡਰਾਂ ਦੇ ਰਾਤੋ-ਰਾਤ ਅਮੀਰ ਬਣਨ ਦੇ ਸੁਪਨਿਆਂ ਨੇ ਬੇਈਮਾਨੀ ਅਤੇ ਰਿਸ਼ਵਤਖੋਰੀ ਨੂੰ ਜਨਮ ਦਿੱਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸੇ ਸਮੇਂ ਧਾਰਮਿਕ ਸਥਾਨਾਂ ਅਤੇ ਧਾਰਮਿਕ ਆਗੂਆਂ ਦੀ ਗਿਣਤੀ ਵਿਚ ਵੀ ਤੇਜ਼ੀ ਨਾਲ ਵਾਧਾ ਹੋਇਆ ਪਰ ਉਸੇ ਤੇਜ਼ੀ ਨਾਲ ਲੋਕ ਗੁਰੂ ਨਾਨਕ ਜੀ ਵੱਲੋਂ ਬਖ਼ਸ਼ਿਸ਼ ਅਸੂਲਾਂ- ਕਿਰਤ ਕਰੋ, ਨਾਮ ਜਪੋ, ਵੰਡ ਛਕੋ ਤੋਂ ਦੂਰ ਹੋਏ ਹਨ। ਕਿਸੇ ਵੀ ਸਰਕਾਰ ਜਾਂ ਸੰਸਥਾ ਨੇ ਬੱਚਿਆਂ ਦੀ ਵਿਦਿਆ ਵੱਲ ਧਿਆਨ ਨਹੀਂ ਦਿੱਤਾ ਸਗੋਂ ਸਰਕਾਰੀ ਸਕੂਲਾਂ ਅਤੇ ਸਨਅਤੀ ਸਿਖਲਾਈ ਕੇਂਦਰਾਂ ਦੀ ਹਾਲਤ ਮਾੜੀ ਹੋਈ। ਚਾਹੀਦਾ ਸੀ ਕਿ ਅਸੀਂ ਆਪਣੇ ਬੱਚਿਆਂ ਨੂੰ ਵੱਡੇ ਅਫਸਰ ਬਣਨ, ਸਰਕਾਰੀ ਨੌਕਰੀਆਂ ਦੇ ਮੁਕਾਬਲੇ ਲਈ ਤਿਆਰ ਕਰਦੇ, ਉਨ੍ਹਾਂ ਨੂੰ ਡਾਕਟਰ, ਇੰਜਨੀਅਰ ਬਣਾਉਣ ਵੱਲ ਧਿਆਨ ਦਿੰਦੇ ਪਰ ਇਸ ਦੇ ਉਲਟ ਵਿਦਿਆ ਵਿਉਪਾਰ ਬਣ ਗਈ ਤੇ ਡਿਗਰੀਆਂ ਦੀ ਵਿਕਰੀ ਹੋਣ ਲੱਗੀ।

ਦੂਜੇ ਸੂਬਿਆਂ ਵਿਚ ਜਿੱਥੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਦੇ ਇਮਤਿਹਾਨਾਂ ਲਈ ਤਿਆਰੀ ਕਰਵਾਉਣ ਲਈ ਕੋਚਿੰਗ ਕੇਂਦਰ ਖੋਲ੍ਹੇ ਗਏ ਹਨ ਉੱਥੇ ਪੰਜਾਬ ਵਿਚ ਹਰੇਕ ਗਲੀ ਮੁਹੱਲੇ 'ਚ ਆਈਲੈਟਸ (ਆਇਲਸ) ਕਰਵਾ ਕੇ ਬਾਹਰ ਭੇਜਣ ਦੀਆਂ ਦੁਕਾਨਾਂ ਅਤੇ ਸ਼ਰਾਬ ਦੇ ਠੇਕੇ ਖੁੱਲ੍ਹ ਗਏ ਹਨ। ਪੰਜਾਬੀ ਆਪਣੀਆਂ ਜ਼ਮੀਨਾਂ ਵੇਚ ਬੱਚੇ ਪਰਦੇਸਾਂ ਨੂੰ ਭੇਜ ਰਹੇ ਹਨ। ਪਿੰਡਾਂ ਦੀ ਗਲੀਆਂ ਸੁੰਨੀਆਂ ਹੋ ਗਈਆਂ ਹਨ। ਪਿੱਛੇ ਕੇਵਲ ਬਜ਼ੁਰਗ ਹੀ ਰਹਿ ਗਏ ਹਨ ਜਿਨ੍ਹਾਂ ਦੀ ਦੇਖਭਾਲ ਦੂਜੇ ਸੂਬਿਆਂ ਤੋਂ ਆਏ ਕਾਮੇ ਕਰ ਰਹੇ ਹਨ। ਪੰਜਾਬੀ ਜਿੱਥੇ ਹਰੇਕ ਘਰ ਵਿਚ ਦੁੱਧ ਤੇ ਪੁੱਤ ਦਾ ਹੋਣਾ ਜ਼ਰੂਰੀ ਸਮਝਦੇ ਸਨ ਪਰ ਹੁਣ ਦੋਵੇਂ ਲੋਪ ਹੋ ਰਹੇ ਹਨ। ਪੁੱਤ ਪਰਦੇਸਾਂ ਨੂੰ ਜਾ ਰਹੇ ਹਨ ਅਤੇ ਲਵੇਰਿਆਂ ਨੂੰ ਵੇਚ ਦਿੱਤਾ ਗਿਆ ਹੈ। ਹੁਣ ਸਵੇਰੇ ਉੱਠ ਲੱਸੀ ਪੀਣ ਤੇ ਮੱਖਣ ਨਾਲ ਰੋਟੀ ਖਾਣ ਦੀ ਥਾਂ ਚਾਹ ਪ੍ਰਧਾਨ ਹੋਈ ਹੈ ਅਤੇ ਸੌਣ ਵੇਲੇ ਦੁੱਧ ਦੀ ਥਾਂ ਦਾਰੂ ਦੀ ਝਾਕ ਰੱਖੀ ਜਾਂਦੀ ਹੈ। ਕੰਪਨੀਆਂ ਨੇ ਕੂੜ ਪ੍ਰਚਾਰ ਕਰਕੇ ਸਾਨੂੰ ਦੁੱਧ, ਮੱਖਣ ਤੇ ਘਿਓ ਤੋਂ ਦੂਰ ਕਰ ਦਿੱਤਾ। ਪੰਜਾਬੀ ਜਿਹੜੇ ਸਾਰੇ ਸੰਸਾਰ ਵਿਚ ਵਧੀਆ ਕਿਸਾਨ ਅਤੇ ਜੁਆਨ ਮੰਨੇ ਜਾਂਦੇ ਸਨ ਹੁਣ ਉਹ ਜਿਸਮਾਨੀ ਤੌਰ ਉੱਤੇ ਕਮਜ਼ੋਰ ਹੋ ਕਿਰਤ ਤੋਂ ਦੂਰ ਹੋ ਰਹੇ ਹਨ। ਕੁਝ ਨੌਜਵਾਨ ਬਿਨਾ ਮਿਹਨਤ ਕੀਤਿਆਂ ਅਮੀਰ ਬਣ ਲਈ ਸਾਈਬਰ ਜੁਰਮ ਕਰਨ ਲੱਗ ਪਏ ਹਨ।

***ਵਿਦਿਆ ਦੇ ਵਪਾਰੀਆਂ ਨੇ ਥਾਂ-ਥਾਂ ਅੰਗਰੇਜ਼ੀ ਸਕੂਲ ਖੋਲ੍ਹ ਲਏ। ਇਨ੍ਹਾਂ ਸਕੂਲਾਂ ਵਿਚ ਬੱਚੇ ਭੇਜਣਾ ਪੰਜਾਬੀ ਆਪਣੀ ਸ਼ਾਨ ਸਮਝਣ ਲੱਗ ਪਏ ਹਨ। ਇਨ੍ਹਾਂ ਸਕੂਲਾਂ ਵਿਚ ਪੰਜਾਬੀ ਪੜ੍ਹਨੀ ਤੇ ਬੋਲਣੀ ਸਖਤ ਮਨ੍ਹਾ ਹੈ। ਇੰਝ ਪੰਜਾਬੀ ਬੱਚੇ ਆਪਣੀ ਮਾਂ ਬੋਲੀ, ਆਪਣੇ ਇਤਿਹਾਸ, ਆਪਣੇ ਸੱਭਿਆਚਾਰ ਅਤੇ ਆਪਣੇ ਰਸਮੋ-ਰਿਵਾਜਾਂ ਤੋਂ ਦੂਰ ਹੋ ਗਏ ਹਨ। ਬਾਜ਼ਾਰ ਕੱਪੜਿਆਂ, ਬਿਜਲੀ ਉਪਕਰਨਾਂ, ਫਰਨੀਚਰ ਆਦਿ ਨਾਲ ਭਰੇ ਗਏ। ਪਿੰਡਾਂ ਵਿਚ ਸਾਰੇ ਘਰ ਪੱਕੇ ਹੋ ਗਏ, ਬਿਜਲੀ ਆ ਗਈ, ਪਾਣੀ ਦੀਆਂ ਟੂਟੀਆਂ ਲੱਗ ਗਈਆਂ। ਆਪਸੀ ਭਾਈਚਾਰਾ, ਰਹਿਣ-ਸਹਿਣ, ਰਸਮੋ-ਰਿਵਾਜ ਸਭ ਕੁਝ ਬਦਲ ਗਿਆ।***

**ਕੋਵਿਡ-19 ਤੋਂ ਬਾਅਦ ਤਾਂ ਬਿਹਤਰ ਆਰਥਿਕ ਮੌਕਿਆਂ, ਵਿੱਤੀ ਸੁਰੱਖਿਆ ਅਤੇ ਸਥਿਰਤਾ ਦੀ ਭਾਲ ਵਿਚ ਲੋਕਾਂ ਦੇ ਵਿਸ਼ਵਵਿਆਪੀ ਪਰਵਾਸ ਵਿਚ ਸਮੁੱਚੇ ਤੌਰ 'ਤੇ ਵਾਧਾ ਹੋ ਰਿਹਾ ਹੈ ਅਤੇ ਭਾਰਤ ਵੀ ਇਸ ਦਾ ਅਪਵਾਦ ਨਹੀਂ ਰਿਹਾ। ਬਹੁਤ ਸਾਰੇ ਭਾਰਤੀ, ਖ਼ਾਸਕਰ ਵਧੇਰੇ ਉਤਸ਼ਾਹੀ ਨੌਜਵਾਨ ਬਿਹਤਰ ਆਰਥਿਕ ਸੰਭਾਵਨਾਵਾਂ ਲਈ ਨਿੱਤ ਵਿਦੇਸ਼ਾਂ ਵਿਚ ਪਰਵਾਸ ਕਰ ਰਹੇ ਹਨ। ਭਾਰਤ ਵਿਚ ਧਰਮ, ਜਾਤ, ਨਸਲ ਜਾਂ ਰਾਜਨੀਤੀ ਦੇ ਆਧਾਰ 'ਤੇ ਘੱਟਗਿਣਤੀਆਂ ਨਾਲ ਹੋ ਰਹੇ ਵਿਤਕਰੇ ਨੇ ਵੀ ਕਈਆਂ ਨੂੰ ਆਪਣੇ ਵਤਨ ਤੋਂ ਜਾਣ ਲਈ ਮਜਬੂਰ ਕੀਤਾ ਹੈ ਪਰ ਭਾਰਤ ਤੋਂ ਅਮਰੀਕਾ ਵੱਲ ਪਰਵਾਸ ਕਰਨ ਦਾ ਰੁਝਾਨ ਕੁਝ ਖ਼ਾਸ ਕਾਰਨਾਂ ਕਰ ਕੇ ਜ਼ਿਆਦਾ ਹੈ ਜਿਵੇਂ ਅਮਰੀਕਾ ਲਈ ਕਾਨੂੰਨੀ ਇਮੀਗ੍ਰੇਸ਼ਨ ਚੈਨਲਾਂ ਨੂੰ ਅਕਸਰ ਮਹੱਤਵਪੂਰਨ ਬੈਕਲਾਗ ਦਾ ਸਾਹਮਣਾ ਕਰਨਾ ਪੈਂਦਾ ਹੈ। ਨਤੀਜੇ ਵਜੋਂ ਵਿਜ਼ਟਰ ਵੀਜ਼ਾ ਜਾਂ ਪਰਿਵਾਰ ਦੁਆਰਾ ਸਪਾਂਸਰ ਕੀਤੇ ਵੀਜ਼ਿਆਂ ਲਈ ਲੰਮੀ ਉਡੀਕ ਸਮੇਂ ਕਾਰਨ ਵੀ ਕਈਆਂ ਨੂੰ ਬਦਲਵੇਂ ਅਣਅਧਿਕਾਰਤ ਗ਼ੈਰ-ਕਾਨੂੰਨੀ ਰਸਤੇ ਅਪਣਾਉਣ ਲਈ ਮਜਬੂਰ ਹੋਣਾ ਪੈਂਦਾ ਹੈ।**

# ਗੈਰ-ਕਾਨੂੰਨੀ ਪਰਵਾਸ ਅਤੇ ਭਾਰਤੀ

ਭਾਰਤੀਆਂ ਦਾ ਪਰਵਾਸ ਇਤਿਹਾਸ ਇੱਕ ਸਦੀ ਤੋਂ ਵੀ ਵੱਧ ਪੁਰਾਣਾ ਹੈ। ਵੱਡੀ ਗਿਣਤੀ ਵਿਚ ਭਾਰਤੀ ਅਣਇੱਛਤ ਤੌਰ 'ਤੇ ਅਫਰੀਕਾ, ਕੈਰੇਬੀਅਨ ਅਤੇ ਭਾਰਤੀ ਉਪ ਮਹਾਂਦੀਪ ਦੇ ਵੱਖ-ਵੱਖ ਦੇਸ਼ਾਂ ਵਿਚ ਪਰਵਾਸ ਕਰ ਉੱਥੋਂ ਦੇ ਪੱਕੇ ਨਾਗਰਿਕ ਬਣ ਕੇ ਰਹਿ ਰਹੇ ਹਨ। 21ਵੀਂ ਸਦੀ ਦੇ ਮੁੱਢਲੇ ਸਾਲਾਂ ਦੌਰਾਨ ਦੁਨੀਆ ਦੇ ਕਈ ਦੇਸ਼ਾਂ ਵਿਚ ਉਦਾਰੀਕਰਨ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਹੋਣ ਨਾਲ ਵਧਦੇ ਵਿਸ਼ਵ ਪਰਵਾਸ ਦੇ ਮੱਦੇਨਜ਼ਰ ਜ਼ਿਆਦਾਤਰ ਭਾਰਤੀ ਪਰਵਾਸੀ ਹੁਣ ਫਾਰਸ ਦੀ ਖਾੜੀ, ਉੱਤਰੀ ਅਮਰੀਕਾ ਅਤੇ ਯੂਰਪੀ ਦੇਸ਼ਾਂ ਵੱਲ ਆਕਰਸ਼ਿਤ ਹੋ ਰਹੇ ਹਨ। ਦੁਨੀਆ ਭਰ ਦੇ ਹਰੇਕ 20 ਪਰਵਾਸੀਆਂ ਵਿਚੋਂ ਇੱਕ ਭਾਰਤ ਵਿਚ ਪੈਦਾ ਹੋਇਆ ਹੋਣ ਕਰਕੇ ਦੇਸ਼ ਵਿਸ਼ਵਵਿਆਪੀ ਪਰਵਾਸ ਨੂੰ ਮਹੱਤਵਪੂਰਨ ਤੌਰ 'ਤੇ ਪ੍ਰਭਾਵਿਤ ਕਰ ਰਿਹਾ ਹੈ। ਵਿਸ਼ਵ ਪਰਵਾਸ ਰਿਪੋਰਟ-2024 ਮੁਤਾਬਿਕ ਸਾਲ 2022 ਤੱਕ ਭਾਰਤ ਵਿਚ ਪੈਦਾ ਹੋਏ ਲਗਭਗ 1.80 ਕਰੋੜ ਲੋਕ ਦੁਨੀਆ ਦੇ ਦੂਜੇ ਦੇਸ਼ਾਂ ਵਿਚ ਰਹਿ ਰਹੇ ਹਨ। ਸਾਲ 1990 ਤੋਂ ਸੰਯੁਕਤ ਰਾਸ਼ਟਰ ਨੇ ਪਰਵਾਸੀ ਮੂਲ ਦਾ ਪਤਾ ਲਗਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਇਸ ਵਿਚ ਭਾਰਤ ਲਗਾਤਾਰ ਵਿਸ਼ਵ ਦੇ ਪ੍ਰਮੁੱਖ ਮੂਲ ਪਰਵਾਸੀ ਦੇਸ਼ਾਂ ਵਿਚੋਂ ਇੱਕ ਰਿਹਾ ਹੈ। ਪਿਛਲੇ 25 ਸਾਲਾਂ ਦੌਰਾਨ ਪਰਵਾਸੀ ਭਾਰਤੀਆਂ ਦੀ ਗਿਣਤੀ ਦੁੱਗਣੀ ਤੋਂ ਵੀ ਵਧ ਗਈ ਹੈ ਜੋ ਵਿਸ਼ਵ ਦੇ ਕੁੱਲ ਪਰਵਾਸੀਆਂ ਨਾਲੋਂ ਦੁੱਗਣੀ ਤੇਜ਼ੀ ਨਾਲ ਵਧ ਰਹੀ ਹੈ। ਜ਼ਿਆਦਾਤਰ ਭਾਰਤੀ ਲੋਕ ਵੱਡੀ ਗਿਣਤੀ ਵਿਚ ਸੰਯੁਕਤ ਅਰਬ ਅਮੀਰਾਤ, ਅਮਰੀਕਾ ਅਤੇ ਸਾਊਦੀ ਅਰਬ ਵਿਚ ਰਹਿ ਰਹੇ ਹਨ। ਇਸ ਸਮੇਂ ਸਭ ਤੋਂ ਵੱਧ ਲਗਭਗ 35 ਲੱਖ ਪਰਵਾਸੀ ਭਾਰਤੀ ਸੰਯੁਕਤ ਅਰਬ ਅਮੀਰਾਤ ਵਿਚ ਜ਼ਿਆਦਾਤਰ ਮਜ਼ਦੂਰਾਂ ਵਜੋਂ ਕਾਰਜਸ਼ੀਲ ਹਨ। ਇਸ ਤੋਂ ਬਾਅਦ ਅਮਰੀਕਾ ਅਤੇ ਸਾਊਦੀ ਅਰਬ ਵਿਚ ਕ੍ਰਮਵਾਰ ਲਗਭਗ 27 ਅਤੇ 25 ਲੱਖ ਪਰਵਾਸੀ ਭਾਰਤੀ ਰਹਿੰਦੇ ਹਨ। ਭਾਰਤੀ-ਅਮਰੀਕੀਆਂ ਵਿਚ ਤਕਰੀਬਨ ਹਰੇਕ ਦਸ ਵਿਚੋਂ ਨੌਂ ਭਾਰਤ ਵਿਚ ਪੈਦਾ ਹੋਏ ਪਰਵਾਸੀ ਰਹਿੰਦੇ ਹਨ। ਇੱਕ ਭਾਈਚਾਰੇ ਦੇ ਤੌਰ 'ਤੇ ਇੰਡੋ-ਅਮਰੀਕਨ ਸਭ ਤੋਂ ਵੱਧ ਪੜ੍ਹੇ-ਲਿਖੇ ਅਤੇ ਅਮਰੀਕਾ ਵਿਚ ਰਹਿਣ ਵਾਲੀਆਂ ਸਾਰੀਆਂ ਨਸਲਾਂ ਅਤੇ ਨਸਲੀ ਸਮੂਹਾਂ ਵਿਚ ਸਭ ਤੋਂ ਵੱਧ ਆਮਦਨੀ ਵਾਲੇ ਲੋਕ ਹਨ।

**ਡਾ. ਕੁਲਵੰਤ ਸਿੰਘ ਫੁੱਲ**
**ਫੋਨ: +91-94637-63331**

ਕੋਵਿਡ-19 ਤੋਂ ਬਾਅਦ ਤਾਂ ਬਿਹਤਰ ਆਰਥਿਕ ਮੌਕਿਆਂ, ਵਿੱਤੀ ਸੁਰੱਖਿਆ ਅਤੇ ਸਥਿਰਤਾ ਦੀ ਭਾਲ ਵਿਚ ਲੋਕਾਂ ਦੇ ਵਿਸ਼ਵਵਿਆਪੀ ਪਰਵਾਸ ਵਿਚ ਸਮੁੱਚੇ ਤੌਰ 'ਤੇ ਵਾਧਾ ਹੋ ਰਿਹਾ ਹੈ ਅਤੇ ਭਾਰਤ ਵੀ ਇਸ ਦਾ ਅਪਵਾਦ ਨਹੀਂ ਰਿਹਾ। ਬਹੁਤ ਸਾਰੇ ਭਾਰਤੀ, ਖ਼ਾਸਕਰ ਵਧੇਰੇ ਉਤਸ਼ਾਹੀ ਨੌਜਵਾਨ ਬਿਹਤਰ ਆਰਥਿਕ ਸੰਭਾਵਨਾਵਾਂ ਲਈ ਨਿੱਤ ਵਿਦੇਸ਼ਾਂ ਵਿਚ ਪਰਵਾਸ ਕਰ ਰਹੇ ਹਨ।

ਭਾਰਤ ਵਿਚ ਧਰਮ, ਜਾਤ, ਨਸਲ ਜਾਂ ਰਾਜਨੀਤੀ ਦੇ ਆਧਾਰ 'ਤੇ ਘੱਟਗਿਣਤੀਆਂ ਨਾਲ ਹੋ ਰਹੇ ਵਿਤਕਰੇ ਨੇ ਵੀ ਕਈਆਂ ਨੂੰ ਆਪਣੇ ਵਤਨ ਤੋਂ ਜਾਣ ਲਈ ਮਜਬੂਰ ਕੀਤਾ ਹੈ ਪਰ ਭਾਰਤ ਤੋਂ ਸੰਯੁਕਤ ਰਾਜ ਅਮਰੀਕਾ ਵੱਲ ਪਰਵਾਸ ਕਰਨ ਦਾ ਰੁਝਾਨ ਕੁਝ ਖ਼ਾਸ ਕਾਰਨਾਂ ਕਰ ਕੇ ਜ਼ਿਆਦਾ ਹੈ ਜਿਵੇਂ ਅਮਰੀਕਾ ਲਈ ਕਾਨੂੰਨੀ ਇਮੀਗ੍ਰੇਸ਼ਨ ਚੈਨਲਾਂ ਨੂੰ ਅਕਸਰ ਮਹੱਤਵਪੂਰਨ ਬੈਕਲਾਗ ਦਾ ਸਾਹਮਣਾ ਕਰਨਾ ਪੈਂਦਾ ਹੈ। ਨਤੀਜੇ ਵਜੋਂ ਵਿਜ਼ਟਰ ਵੀਜ਼ਾ ਜਾਂ ਪਰਿਵਾਰ ਦੁਆਰਾ ਸਪਾਂਸਰ ਕੀਤੇ ਵੀਜ਼ਿਆਂ ਲਈ ਲੰਮੀ ਉਡੀਕ ਸਮੇਂ ਕਾਰਨ ਵੀ ਕਈਆਂ ਨੂੰ ਬਦਲਵੇਂ ਅਣਅਧਿਕਾਰਤ ਗ਼ੈਰ-ਕਾਨੂੰਨੀ ਰਸਤੇ ਅਪਣਾਉਣ ਲਈ ਮਜਬੂਰ ਹੋਣਾ ਪੈਂਦਾ ਹੈ।



ਅਣਅਧਿਕਾਰਤ ਏਜੰਟ ਜਾਂ ਤਸਕਰ ਵੀ ਪਰਵਾਸ ਦੀ ਸਹੂਲਤ ਪ੍ਰਦਾਨ ਕਰਨ ਲਈ ਵੱਧ ਤੋਂ ਵੱਧ ਆਧੁਨਿਕ ਤਰੀਕੇ ਵਰਤ ਰਹੇ ਹਨ ਅਤੇ ਭਾਰਤ ਤੋਂ ਅਮਰੀਕਾ ਤੱਕ ਪੁੱਜਣ ਲਈ ਵੱਖ-ਵੱਖ ਦੇਸ਼ਾਂ ਵਿਚੋਂ ਲੰਘਦੇ ਨਵੇਂ-ਨਵੇਂ ਰਸਤੇ ਅਪਣਾਉਂਦੇ ਰਹਿੰਦੇ ਹਨ। ਅਮਰੀਕਾ ਦੀ ਮੈਕਸੀਕੋ ਨਾਲ ਲੱਗਦੀ ਦੱਖਣ-ਪੱਛਮੀ ਸਰਹੱਦ ਤਾਂ ਇਸ ਸਮੇਂ ਦੁਨੀਆ ਭਰ ਦੇ ਪਰਵਾਸੀਆਂ ਲਈ ਖ਼ਾਸ ਮੰਚ ਬਣੀ ਹੋਈ ਹੈ।

ਪਿਛਲੇ ਕੁਝ ਸਾਲਾਂ ਦੌਰਾਨ ਅਮਰੀਕਾ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਵਿਚ ਕਈ ਉਤਰਾਅ-ਚੜ੍ਹਾਅ ਦੇਖੇ ਗਏ ਹਨ। ਯੂ.ਐੱਸ. ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਅਨੁਸਾਰ 1 ਜਨਵਰੀ 2022 ਤੱਕ ਲਗਭਗ 1.10 ਕਰੋੜ ਅਣਅਧਿਕਾਰਤ ਪਰਵਾਸੀ ਅਮਰੀਕਾ ਵਿਚ ਰਹਿ ਰਹੇ ਸਨ ਜੋ 2010 ਵਿਚ 1.16 ਕਰੋੜ ਅਣਅਧਿਕਾਰਤ ਪਰਵਾਸੀਆਂ ਦੇ ਮੁਕਾਬਲੇ ਘਟੇ ਹਨ ਪਰ ਜਨਵਰੀ 2020 ਵਿਚ 1.05 ਕਰੋੜ ਅਣਅਧਿਕਾਰਤ ਪਰਵਾਸੀਆਂ ਨਾਲੋਂ ਵਧੇਰੇ ਹਨ। ਮੈਕਸੀਕੋ ਅਤੇ ਅਲ-ਸਲਵਾਡੋਰ ਤੋਂ ਬਾਅਦ ਅਮਰੀਕਾ ਵਿਚ ਲਗਭਗ 7,25,000 ਅਣਅਧਿਕਾਰਤ ਪਰਵਾਸੀ ਭਾਰਤੀ, ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਤੀਜੀ ਸਭ ਤੋਂ ਵੱਡੀ ਆਬਾਦੀ ਹਨ। ਯੂ.ਐੱਸ. ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਡੇਟਾ ਮੁਤਾਬਿਕ ਵਿੱਤੀ ਸਾਲ 2021-22 ਦੌਰਾਨ ਅਮਰੀਕੀ ਅਧਿਕਾਰੀਆਂ ਦਾ ਗ਼ੈਰ-ਕਾਨੂੰਨੀ ਢੰਗ ਨਾਲ ਦੇਸ਼ ਵਿਚ ਦਾਖ਼ਲ ਹੋਏ 63927 ਭਾਰਤੀਆਂ ਨਾਲ ਸਾਹਮਣਾ ਹੋਇਆ ਜਿਹੜੇ ਪਿਛਲੇ ਵਿੱਤੀ ਸਾਲ ਨਾਲੋਂ ਜ਼ਿਆਦਾ ਸਨ। ਅਮਰੀਕਾ ਦੀਆਂ ਸਰਹੱਦਾਂ ਪੈਦਲ ਪਾਰ ਕਰਨ ਵਾਲੇ ਗ਼ੈਰ-ਕਾਨੂੰਨੀ ਪਰਵਾਸੀ ਭਾਰਤੀਆਂ ਦੀ ਗਿਣਤੀ ਵਿਚ ਕਮਾਲ ਦਾ ਵਾਧਾ ਰਿਹਾ ਹੈ। ਇਸ ਦੇ ਤਾਜ਼ਾ ਅੰਕੜਿਆਂ ਮੁਤਾਬਿਕ ਅਕਤੂਬਰ 2022 ਤੋਂ ਸਤੰਬਰ 2023 ਦਰਮਿਆਨ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖ਼ਲ ਹੋਣ ਲਈ ਰਿਕਾਰਡ ਗਿਣਤੀ ਵਿਚ 96917 ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜੋ 2019 ਤੋਂ 2020 ਦੀ ਇਸੇ ਮਿਆਦ ਦੇ ਮੁਕਾਬਲੇ ਪੰਜ ਗੁਣਾ ਵਧੇਰੇ ਹਨ। ਹਰ ਮਹੀਨੇ ਔਸਤਨ 8000 ਭਾਰਤੀ ਗ੍ਰਿਫ਼ਤਾਰ ਕੀਤੇ ਜਾ ਰਹੇ ਸਨ ਅਤੇ ਅਪਰੈਲ 2023 ਵਿਚ ਸਭ ਤੋਂ ਵੱਧ 12537 ਗ੍ਰਿਫ਼ਤਾਰੀਆਂ ਦਰਜ ਕੀਤੀਆਂ ਗਈਆਂ।

ਇਸ ਰਿਕਾਰਡ ਗਿਣਤੀ ਦੇ ਬਾਵਜੂਦ ਅਮਰੀਕੀ ਸਰਹੱਦਾਂ 'ਤੇ ਗ੍ਰਿਫ਼ਤਾਰ ਕੀਤੇ ਗਏ ਗ਼ੈਰ-ਕਾਨੂੰਨੀ ਢੰਗ ਨਾਲ ਪੁੱਜੇ ਭਾਰਤੀਆਂ ਦੇ ਅੰਕੜੇ ਹੋਰ ਦੇਸ਼ਾਂ, ਖ਼ਾਸਕਰ ਲਾਤੀਨੀ ਅਮਰੀਕਾ ਦੇ ਮੁਕਾਬਲੇ ਬਹੁਤ ਘੱਟ ਹਨ। ਉਦਾਹਰਨ ਵਜੋਂ ਇਸੇ ਸਮੇਂ ਦੌਰਾਨ 7.35 ਲੱਖ ਮੈਕਸਿਕਨ ਅਤੇ 2.16 ਲੱਖ ਹਾਂਡੂਰਸ ਦੇ ਵਿਅਕਤੀ ਫੜੇ ਗਏ ਸਨ।

ਅਸਾਧਾਰਨ ਮੂਲ ਦੇਸ਼ਾਂ ਤੋਂ ਵਧ ਰਹੀ ਗ਼ੈਰ-ਕਾਨੂੰਨੀ ਆਮਦ ਕਰ ਕੇ ਅਮਰੀਕਾ ਵਿਚ ਅਣਅਧਿਕਾਰਤ ਪਰਵਾਸ ਨਿਰੰਤਰ ਚੁਣੌਤੀ ਅਤੇ ਪ੍ਰਮੁੱਖ ਮੁੱਦਾ ਬਣਿਆ ਰਿਹਾ ਹੈ। ਸਾਲ 2022 ਵਿਚ ਅਮਰੀਕਾ-ਮੈਕਸੀਕੋ ਸਰਹੱਦ 'ਤੇ ਸਭ ਤੋਂ ਵੱਧ ਰਿਕਾਰਡ 24 ਲੱਖ ਮੁਕਾਬਲੇ ਹੋਏ। ਇਨ੍ਹਾਂ ਵਿਚ ਬਹੁਤ ਸਾਰੇ ਪਰਵਾਸੀ ਅਜਿਹੇ ਵੀ ਸ਼ਾਮਲ ਸਨ ਜਿਨ੍ਹਾਂ ਨੇ ਕਈ ਵਾਰ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ। ਕਈ ਸਾਲਾਂ ਤੋਂ ਜ਼ਿਆਦਾਤਰ ਅਜਿਹੇ ਅਨਿਯਮਿਤ ਪਰਵਾਸੀ ਲਾਤੀਨੀ-ਅਮਰੀਕੀ ਦੇਸ਼ਾਂ ਮੈਕਸੀਕੋ, ਗੁਆਟੇਮਾਲਾ, ਅਲ-ਸਲਵਾਡੋਰ ਅਤੇ ਹਾਂਡੂਰਸ ਵਰਗੇ ਦੇਸ਼ਾਂ ਤੋਂ ਆ ਰਹੇ ਸਨ ਪਰ 2022 ਵਿਚ ਪਹਿਲੀ ਵਾਰ ਵੈਨੇਜ਼ੁਏਲਾ, ਕਿਊਬਾ ਅਤੇ ਨਿਕਾਰਾਗੁਆ ਦੇ ਬੋਲੀਵਾਰੀਅਨ ਗਣਰਾਜ ਦੇ ਪਰਵਾਸੀਆਂ ਨਾਲ ਵਧੇਰੇ ਮੁਕਾਬਲੇ ਹੋਏ ਸਨ। ਹੈਤੀ, ਬ੍ਰਾਜ਼ੀਲ ਅਤੇ ਇਸ ਖੇਤਰ ਤੋਂ ਬਾਹਰਲੇ ਦੇਸ਼ਾਂ ਜਿਵੇਂ ਭਾਰਤ ਅਤੇ ਯੂਕਰੇਨ ਤੋਂ ਵੀ ਬਹੁਤ ਸਾਰੇ ਪਰਵਾਸੀ ਆ ਰਹੇ ਸਨ।

ਖ਼ਬਰ ਏਜੰਸੀ ਰਾਇਟਰਜ਼ ਅਨੁਸਾਰ ਹਾਲ ਹੀ ਵਿਚ ਅਮਰੀਕਾ ਅਤੇ ਸਲਵਾਡੋਰ ਦੇ ਅਧਿਕਾਰੀਆਂ ਨੇ ਅਲ-ਸਲਵਾਡੋਰ ਵਿਚ ਚਾਰਟਰ ਜਹਾਜ਼ਾਂ ਦੀ ਲੈਂਡਿੰਗ ਦਾ ਅਸਾਧਾਰਨ ਰੁਝਾਨ ਦੇਖਿਆ ਹੈ ਜਿਸ ਵਿਚ ਮੁੱਖ ਤੌਰ 'ਤੇ ਭਾਰਤੀ ਨਾਗਰਿਕ ਸਵਾਰ ਸਨ। ਇਹ ਹਵਾਈ ਜਹਾਜ਼ ਯਾਤਰੀਆਂ ਨਾਲ ਭਰੇ ਆਉਂਦੇ ਹਨ ਪਰ ਖਾਲੀ ਵਾਪਸ ਰਵਾਨਾ ਹੁੰਦੇ ਹਨ। ਇੱਥੋਂ ਤੱਕ ਕਿ ਕਈ ਵਿਅਕਤੀ ਹਫ਼ਤਿਆਂ ਬੱਧੀ ਲੰਮੀ ਯਾਤਰਾ ਵਾਸਤੇ ਸਿਰਫ਼ ਇੱਕ ਬੈਕਪੈਕ ਨਾਲ ਲੈ ਕੇ ਜਾਣ ਦੇ ਬਾਵਜੂਦ ਸੈਲਾਨੀ ਹੋਣ ਦਾ ਦਾਅਵਾ ਕਰਦੇ ਹਨ। ਬਾਅਦ ਦੀ ਜਾਂਚ ਤੋਂ ਪਤਾ ਲੱਗਾ ਕਿ ਇਹ ਚਾਰਟਰ ਯਾਤਰੀਆਂ ਵਿਚੋਂ ਲਗਭਗ ਸਾਰੇ ਅਲ-ਸਲਵਾਡੋਰ ਵਿਚ ਉਤਰਨ ਤੋਂ ਬਾਅਦ ਸਰਹੱਦ ਪਾਰ ਕਰ ਕੇ ਅਮਰੀਕਾ ਵਿਚ ਜਾ ਰਹੇ ਸਨ। ਇਹ ਵਰਤਾਰਾ ਅਮਰੀਕਾ ਵਿਚ ਗ਼ੈਰ-ਕਾਨੂੰਨੀ ਆਵਾਸ ਦੇ ਨਵੇਂ ਮਾਰਗ ਨੂੰ ਦਰਸਾਉਂਦਾ ਹੈ। ਲਾਤੀਨੀ ਅਮਰੀਕਾ ਤੋਂ ਬਾਹਰਲੇ ਖੇਤਰਾਂ ਦੇ ਆ ਰਹੇ ਜ਼ਿਆਦਾਤਰ ਪਰਵਾਸੀ ਯਾਤਰਾ ਪੈਕੇਜਾਂ ਲਈ ਤਸਕਰਾਂ ਦੇ ਨੈੱਟਵਰਕ ਨੂੰ ਮੋਟੀ ਰਕਮ ਅਦਾ ਕਰ ਰਹੇ ਹਨ ਜਿਸ ਵਿਚ ਮੱਧ ਅਮਰੀਕਾ ਲਈ ਹਵਾਈ ਉਡਾਣਾਂ ਵਾਸਤੇ ਏਅਰਲਾਈਨ ਟਿਕਟਾਂ ਦੇ ਨਾਲ-ਨਾਲ ਅਮਰੀਕਾ-ਮੈਕਸੀਕੋ ਸਰਹੱਦ ਦੇ ਰਸਤੇ ਵਿਚ ਬੱਸਾਂ ਅਤੇ ਹੋਟਲਾਂ ਵਿਚ ਰਿਹਾਇਸ਼ ਦੇ ਖਰਚੇ ਵਗੈਰਾ ਸ਼ਾਮਲ ਹਨ। ਇੱਥੋਂ ਤੱਕ ਕਿ ਕੁਝ ਚਾਰਟਰ ਟਰਾਂਸਪੋਰਟੇਸ਼ਨ ਕੰਪਨੀਆਂ ਵੀ ਬਹੁਤ ਜ਼ਿਆਦਾ ਕੀਮਤਾਂ ਵਸੂਲ ਕਰ ਕੇ ਅਮਰੀਕਾ ਵਿਚ ਅਨਿਯਮਿਤ ਪਰਵਾਸ ਦੀ ਸਹੂਲਤ ਦੇ ਕੇ ਕਮਜ਼ੋਰ ਪਰਵਾਸੀਆਂ ਦਾ ਸੋਸ਼ਣ ਕਰ ਰਹੀਆਂ ਹਨ।



ਨਤੀਜਨ, ਦੱਖਣ-ਪੱਛਮੀ ਅਮਰੀਕੀ ਸਰਹੱਦ 'ਤੇ ਪਰਵਾਸੀਆਂ ਦੀ ਗ੍ਰਿਫ਼ਤਾਰੀ ਦੀ ਗਿਣਤੀ ਤਾਂ ਪਿਛਲੇ ਵਿੱਤੀ ਸਾਲ ਦੇ ਰਿਕਾਰਡ ਉੱਚ ਪੱਧਰ ਦੋ ਮਿਲੀਅਨ ਤੋਂ ਵੀ ਵੱਧ 'ਤੇ ਪਹੁੰਚ ਗਈ ਹੈ। ਇਹ ਆਗਾਮੀ ਨਵੰਬਰ ਵਿਚ ਹੋਣ ਜਾ ਰਹੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਮਹੱਤਵਪੂਰਨ ਵਿਸ਼ਾ ਬਣਿਆ ਹੋਇਆ ਹੈ। ਯੂ.ਐੱਸ. ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਡੇਟਾ ਅਨੁਸਾਰ ਵਿੱਤੀ ਸਾਲ 2023 ਵਿਚ ਲਗਭਗ 1,88,000 ਵਿਅਕਤੀਆਂ ਭਾਵ ਨੌਂ ਫ਼ੀਸਦੀ ਅਨਿਯਮਿਤ ਦਾਖ਼ਲਿਆਂ ਵਿਚ ਗ਼ੈਰ-ਲਾਤੀਨੀ ਅਮਰੀਕੀ ਪਰਵਾਸੀ ਸ਼ਾਮਲ ਸਨ ਜਦੋਂ ਕਿ ਦਹਾਕਾ ਪਹਿਲਾਂ ਗ਼ੈਰ-ਲਾਤੀਨੀ ਅਮਰੀਕੀ ਪਰਵਾਸੀਆਂ ਦੀ ਅਨਿਯਮਿਤ ਸਰਹੱਦੀ ਆਮਦ ਦਾ ਸਿਰਫ਼ ਇੱਕ ਫ਼ੀਸਦੀ ਸੀ। ਪਿਛਲੇ ਸਾਲ ਸਰਹੱਦ 'ਤੇ ਸਾਹਮਣਾ ਕਰਨ ਵਾਲੇ ਗ਼ੈਰ-ਅਮਰੀਕੀ ਨਾਗਰਿਕਾਂ ਵਿਚੋਂ ਸਭ ਤੋਂ ਵੱਡਾ ਸਮੂਹ ਲਗਭਗ 42000 ਭਾਰਤੀ ਨਾਗਰਿਕਾਂ ਦਾ ਸੀ। ਇਸ ਤੋਂ ਇਲਾਵਾ 15 ਹੋਰ ਪੱਛਮੀ ਅਫ਼ਰੀਕੀ ਦੇਸ਼ਾਂ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਸੇਨੇਗਲ ਅਤੇ ਮੌਰਟਾਨੀਆ ਸ਼ਾਮਿਲ ਸਨ, ਤੋਂ 39700 ਹੋਰ ਪਰਵਾਸੀਆਂ ਨੇ ਆਮਦ ਕੀਤੀ।

ਦੂਸਰੇ ਪਾਸੇ, ਅਮਰੀਕੀ ਪ੍ਰਸ਼ਾਸਨ ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਆਮਦ ਨਾਲ ਨਜਿੱਠਣ ਲਈ ਖੇਤਰੀ ਸਰਕਾਰਾਂ ਅਤੇ ਟਰੈਵਲ ਕੰਪਨੀਆਂ ਨਾਲ ਸਹਿਯੋਗ ਕਰ ਰਿਹਾ ਹੈ ਅਤੇ ਚਾਰਟਰ ਏਅਰਲਾਈਨਾਂ ਤੇ ਹੋਰ ਸ਼ੱਕੀ ਸੰਸਥਾਵਾਂ ਦੇ ਮਾਲਕਾਂ ਅਤੇ ਕਾਰਜਕਾਰੀ ਅਧਿਕਾਰੀਆਂ ਦੇ ਯੂ.ਐੱਸ. ਵੀਜ਼ਾ ਰੱਦ ਕਰਨ ਤੱਕ ਵਰਗੇ ਕੁਝ ਸਖ਼ਤ ਕਦਮ ਵੀ ਉਠਾ ਚੁੱਕਾ ਹੈ।

ਯੂ.ਐੱਸ. ਸਰਕਾਰ ਦੇ ਅੰਕੜਿਆਂ ਮੁਤਾਬਿਕ ਗੁਆਂਢੀ ਮੈਕਸੀਕੋ ਸਰਕਾਰ ਦੁਆਰਾ ਅਮਰੀਕੀ ਸਰਹੱਦ ਵੱਲ ਸਖ਼ਤੀ ਵਰਤਣ ਕਰ ਕੇ ਦਸੰਬਰ 2023 ਦੇ ਮੁਕਾਬਲੇ ਅਪਰੈਲ 2024 ਵਿਚ ਸਰਹੱਦੀ ਆਮਦ ਵਿਚ 48 ਫ਼ੀਸਦੀ ਕਮੀ ਆਈ ਹੈ। ਇਸ ਤੋਂ ਇਲਾਵਾ ਅਲ-ਸਲਵਾਡੋਰ ਸਰਕਾਰ ਵੱਲੋਂ ਅਕਤੂਬਰ 2023 ਤੋਂ ਭਾਰਤ ਅਤੇ ਕਈ ਅਫਰੀਕੀ ਦੇਸ਼ਾਂ ਦੇ ਨਾਗਰਿਕਾਂ ਲਈ ਵੀਜ਼ਾ ਲੋੜਾਂ ਅਤੇ ਟ੍ਰਾਂਜ਼ਿਟ ਫੀਸ 1000 ਅਮਰੀਕੀ ਡਾਲਰ ਵਧਾ ਦਿੱਤੀ ਜਿਸ ਨਾਲ ਸੈਨ ਸਲਵਾਡੋਰ ਤੋਂ ਲੰਘਣ ਵਾਲੇ ਪਰਵਾਸੀਆਂ ਦੀ ਗਿਣਤੀ ਵਿਚ ਮਹੱਤਵਪੂਰਨ ਕਮੀ ਆਈ ਹੈ। ਫਿਰ ਵੀ ਜਦੋਂ ਕਿਤੇ ਗ਼ੈਰ-ਕਾਨੂੰਨੀ ਪਰਵਾਸ ਲਈ ਕੋਈ ਰਸਤਾ ਰੁਕਦਾ ਹੈ ਤਾਂ ਅਜਿਹੇ ਪਰਵਾਸੀ ਕੋਈ ਹੋਰ ਨਵਾਂ ਰਸਤਾ ਲੱਭ ਲੈਂਦੇ ਹਨ।

# ਨਵੀਂ ਰਾਸ਼ਟਰੀ ਖੇਡ - ਜਬਰ-ਜਨਾਹ

ਭਾਰਤ ਵਿਚ ਖੇਡੀਆਂ ਜਾ ਰਹੀਆਂ ਖੇਡਾਂ ਵਿਚ ਇਕ ਨਵੀਂ ਖੇਡ ਸ਼ਾਮਲ ਕਰ ਦਿੱਤੀ ਗਈ ਹੈ, ਜਿਸ ਦੀ ਚਰਚਾ ਰਾਸ਼ਟਰੀ ਨਹੀਂ ਬਲਕਿ ਅੰਤਰਰਾਸ਼ਟਰੀ ਪੱਧਰ ਉੱਤੇ ਹੋ ਰਹੀ ਹੈ।

ਇਸ ਖੇਡ ਦਾ ਨਾਂ ਹੈ ਜਬਰ-ਜਨਾਹ! ਖੇਡ ਇਸ ਲਈ ਕਿਹਾ ਹੈ ਕਿਉਂਕਿ ਇਸ ਖੇਡ ਨੂੰ ਹੁਣ ਟੀਮਾਂ ਬਣਾ ਕੇ ਖੇਡਿਆ ਜਾਣ ਲੱਗ ਪਿਆ ਹੈ! ਇਸ ਖੇਡ ਦੇ ਰੂਲ ਵੀ ਅਜੀਬ ਹਨ। ਇਕ ਪਾਸੇ ਕਮਜ਼ੋਰ ਨਿਹੱਥੀ ਬਾਲੜੀ ਤੇ ਦੂਜੇ ਪਾਸੇ ਛੇ ਤੋਂ ਵੀਹ ਜਣੇ ਪੂਰੇ ਹਥਿਆਰਾਂ ਨਾਲ ਲੈਸ !!! ਜਿੰਨੀ ਵੱਧ ਦਰਿੰਦਗੀ, ਓਨੀ ਹੀ ਉਹ ਖੇਡ ਵਧੀਆ ਮੰਨੀ ਜਾਂਦੀ ਹੈ। ਜਿਸ ਖੇਡ ਦੇ ਫਾਈਨਲ ਮੈਚ ਵਿਚ ਪੂਰੀ ਵੀਡੀਓਗ੍ਰਾਫੀ ਨਾਲ ਬਾਲੜੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ, ਉਹ ਅੰਤਰਰਾਸ਼ਟਰੀ ਚਰਚਾ ਦਾ ਵਿਸ਼ਾ ਬਣ ਜਾਂਦਾ ਹੈ ਤੇ ਭਾਰੀ ਜਿੱਤ ਦਾ ਐਲਾਨ ਕੀਤਾ ਜਾਂਦਾ ਹੈ। ਇਸ ਖੇਡ ਦੇ ਮੂਕ ਦਰਸ਼ਕਾਂ ਵਿਚ ਚੋਟੀ ਦੇ ਸਿਆਸਤਦਾਨ, ਪੁਲਿਸ-ਕਰਮੀ, ਮੀਡੀਆ-ਕਰਮੀ, ਡਾਕਟਰ, ਇੰਜੀਨੀਅਰ, ਵਕੀਲ, ਜੱਜ, ਪ੍ਰਿੰਸੀਪਲ, ਅਧਿਆਪਕ, ਬਸ ਤੇ ਟਰੱਕ ਡਰਾਈਵਰ, ਟੈਕਸੀ-ਚਾਲਕ ਤੇ ਹੋਰ ਵੀ ਅਣਗਿਣਤ ਲੋਕ ਸ਼ਾਮਲ ਹਨ।



**ਡਾ. ਹਰਸ਼ਿੰਦਰ ਕੌਰ, ਐੱਮ.ਡੀ.**
**ਫੋਨ: +91-0175-2216783**

ਗੱਲ ਕੀ ਹਰ ਪੇਸ਼ੇ ਦੇ ਲੋਕਾਂ ਨੂੰ ਇਹ ਖੇਡ ਖੇਡਣ ਦੀ ਖੁੱਲ੍ਹ ਦਿੱਤੀ ਗਈ ਹੈ। ਜਿਹੜੇ ਇਹ ਖੇਡ ਨਹੀਂ ਖੇਡਦੇ, ਕੀ ਉਨ੍ਹਾਂ ਨੂੰ ਕਦੇ ਅਖ਼ਬਾਰਾਂ ਦੀ ਸੁਰਖੀ ਮਿਲਦੀ ਵੇਖੀ ਹੈ?

ਸ਼ਿਕਾਰ ਖੇਡੀ ਜਾਣ ਵਾਲੀ ਬਾਲੜੀ ਦੋ ਮਹੀਨਿਆਂ ਦੀ ਵੀ ਹੋ ਸਕਦੀ ਹੈ ਤੇ 90 ਵਰ੍ਹਿਆਂ ਦੀ ਔਰਤ ਵੀ! ਪੁੱਤਰ ਹੋਵੇ ਤੇ ਭਾਵੇਂ ਪਿਓ, ਚਾਚਾ, ਤਾਇਆ, ਕੋਈ ਵੀ ਇਸ ਖੇਡ ਨੂੰ ਖੇਡਣ ਤੋਂ ਪਰ੍ਹਾਂ ਰਹਿ ਨਹੀਂ ਸਕਿਆ।

ਇਸ ਨੂੰ ਖੇਡ ਦਾ ਨਾਂ ਇਸ ਲਈ ਵੀ ਦਿੱਤਾ ਗਿਆ ਹੈ ਕਿ ਮਾਰੇ ਜਾਣ ਬਾਅਦ ਵੀ ਕਿਸੇ ਨੂੰ ਸਜ਼ਾ ਨਹੀਂ ਦਿੱਤੀ ਜਾਂਦੀ। ਅਜਿਹੇ ਖਿਡਾਰੀ ਧੌਣ ਅਕੜਾ ਕੇ ਸਮਾਜ ਵਿਚ ਆਪਣੀ ਛਾਤੀ ਉੱਤੇ ਜਿੱਤ ਦਾ ਬਿੱਲਾ ਲਾ ਕੇ ਘੁੰਮਦੇ ਹਨ।

ਵਿਕੇ ਹੋਏ ਮੀਡੀਆ ਦੇ ਅੰਸ਼ ਇਸ ਨੂੰ ਹੋਰ ਉਘਾੜਦੇ ਹਨ ਤੇ ਵਿਰੋਧ ਕਰਨ ਵਾਲਿਆਂ ਨੂੰ ਮਾਰ ਮੁਕਾ ਦਿੱਤਾ ਜਾਂਦਾ ਹੈ। ਪਹਿਲਿਆਂ ਸਮਿਆਂ ਵਿਚ ਜੰਗਲ ਵਿਚ ਸ਼ਿਕਾਰ ਕਰਨ ਲਈ ਅਜਿਹਾ ਹੀ ਢੰਗ ਵਰਤਿਆ ਜਾਂਦਾ ਸੀ ਜਿੱਥੇ ਸ਼ਿਕਾਰ ਕੀਤੇ ਜਾਣ ਵਾਲੇ ਜਾਨਵਰ ਨੂੰ ਚੁਫ਼ੇਰਿਓਂ ਘੇਰ ਕੇ ਮਾਰ ਮੁਕਾਇਆ ਜਾਂਦਾ ਸੀ। ਫਿਰ ਪੂਰੇ ਦਬਦਬੇ ਨਾਲ ਉਸ ਲਾਸ਼ ਨੂੰ ਨੁਮਾਇਸ਼ ਕਰਦਿਆਂ ਘਰ ਲਿਆ ਕੇ ਖੱਲ ਵਿਚ ਭੂਸਾ ਭਰ ਕੇ ਕੰਧ ਉੱਤੇ ਟੰਗ ਦਿੱਤਾ ਜਾਂਦਾ ਸੀ।

ਹੁਣ ਅਸੂਲ ਕੁੱਝ ਵੱਖ ਹਨ। ਸ਼ਿਕਾਰ ਹੁਣ ਸ਼ਹਿਰੀ ਕੰਕਰੀਟ ਜੰਗਲਾਂ ਅੰਦਰ ਹੁੰਦਾ ਹੈ। ਸ਼ਿਕਾਰ ਕਰਨ ਲਈ ਲੋਹੇ ਦੀਆਂ ਰਾਡਾਂ, ਬਲੇਡ, ਸੋਟੀਆਂ, ਕੰਡੋਮ, ਤੇਜ਼ਾਬ, ਜੰਬੂਰ, ਕੰਡਿਆਲੀਆਂ ਤਾਰਾਂ ਆਦਿ, ਵਰਤੀਆਂ ਜਾਣ ਲੱਗ ਪਈਆਂ ਹਨ। ਜਿਸਮ ਅੰਦਰ ਕੁੱਝ ਸਾਬਤ ਛੱਡਿਆ ਹੀ ਨਹੀਂ ਜਾਂਦਾ। ਬਾਹਰੀ ਖੱਲ ਵੀ ਇਸ ਬੇਹੂਦਗੀ ਨਾਲ ਚੀਰ ਦਿੱਤੀ ਜਾਂਦੀ ਹੈ ਕਿ ਭੂਸਾ ਭਰ ਕੇ ਰੱਖਣ ਯੋਗ ਨਹੀਂ ਰਹਿੰਦੀ। ਇਸੇ ਲਈ ਹੱਡੀਆਂ ਤੋੜ ਕੇ, ਅੰਨ੍ਹੇ ਕਰ ਕੇ, ਤੇਜ਼ਾਬ ਮੂੰਹ ਵਿਚ ਪਾ ਕੇ, ਸਰੀਰ ਉੱਤੇ ਦੰਦਾਂ ਨਾਲ ਚੱਕ ਮਾਰ ਕੇ, ਜੰਬੂਰਾਂ ਨਾਲ ਨਹੁੰ ਪੁੱਟ ਕੇ, ਬਲੇਡਾਂ ਨਾਲ ਚੀਰ ਕੇ, ਕਈ ਲਿਟਰ ਲਹੂ ਚੁਫ਼ੇਰੇ ਵਹਾ ਕੇ ਉੱਥੇ ਹੀ ਨਿਰਵਸਤਰ ਸੁੱਟ ਕੇ ਤਮਾਸ਼ਾ ਬਣਾਇਆ ਜਾਂਦਾ ਹੈ।

ਏਥੇ ਬਸ ਨਹੀਂ ਹੁੰਦੀ। ਫਿਰ ਇਸ ਸ਼ਿਕਾਰ ਦੀ ਵੀਡੀਓ ਬਣਾ ਕੇ, ਉਸ ਉੱਤੋਂ ਉਮਰ ਭਰ ਕਮਾਈ ਦਾ ਸਾਧਨ ਬਣਾ ਲਿਆ ਜਾਂਦਾ ਹੈ। ਸਾਲਾਂ ਸਾਲ ਤਰੀਕਾਂ ਪੈਂਦੀਆਂ ਹਨ। ਕੁੱਝ ਸਮੇਂ ਲਈ ਸੁਰਖ਼ੀਆਂ ਬਣਦੀਆਂ ਹਨ। ਫਿਰ ਹੋਰ ਨਵੀਂ ਸੁਰਖ਼ੀ ਆ ਜਾਂਦੀ ਹੈ। ਉਸ ਤੋਂ ਬਾਅਦ ਆਉਂਦੀਆਂ ਨੇ ਚੋਣਾਂ। ਇਹ ਖੇਡ ਖੇਡਣ ਵਾਲੇ ਸ਼ਿਕਾਰੀਆਂ ਦੀ ਲੋੜ ਪੈਂਦੀ ਹੈ। ਫਿਰ ਇਹ ਮੁੱਛਾਂ ਨੂੰ ਤਾਅ ਦੇ ਕੇ ਕੁੱਦ ਪੈਂਦੇ ਹਨ ਚੋਣ ਪਿੜ ਦੇ ਅੰਦਰ, ਲੋਕਾਂ ਨੂੰ ਆਪਣੀ ਤਾਕਤ ਅਤੇ ਸ਼ਿਕਾਰ ਕਰਨ ਦੇ ਢੰਗ ਬਾਰੇ ਚੇਤਾ ਕਰਵਾ ਕੇ ਵੋਟਾਂ ਹਥਿਆਉਣ ਲਈ।

ਇਸ ਖੇਡ ਦਾ ਪ੍ਰਚਲਨ ਏਨਾ ਵਧ ਗਿਆ ਹੈ ਕਿ 365 ਦਿਨਾਂ ਵਿਚੋਂ ਇੱਕ ਵੀ ਦਿਨ ਖਾਲੀ ਨਹੀਂ ਲੰਘਦਾ। ਕਦੇ ਕਦੇ ਤਾਂ ਇੱਕੋ ਦਿਨ ਵਿਚ ਤਿੰਨ ਜਾਂ ਚਾਰ ਸ਼ਿਕਾਰ ਵੀ ਕੀਤੇ ਜਾਂਦੇ ਹਨ।

ਹੁਣ ਤਾਂ ਇਹ ਵੀ ਭਾਰਤੀ ਰਿਕਾਰਡ ਬ ਣ ਚੁੱਕਿਆ ਹੈ ਜਿੱਥੇ ਇੱਕੋ ਦਿਨ ਤੇ ਉਹ ਵੀ ਵਿਸ਼ਵ ਮਹਿਲਾ ਦਿਵਸ ਵਾਲੇ ਦਿਨ ਤੇਰਾਂ ਔਰਤਾਂ ਤੇ ਬੱਚੀਆਂ ਦਾ ਸ਼ਿਕਾਰ ਕੀਤਾ ਗਿਆ।

ਨਿੱਤ ਨਵੇਂ ਘੜੇ ਜਾਂਦੇ ਅਸੂਲਾਂ ਤਹਿਤ ਹੁਣ ਤਾਂ ਦੋ ਸਕੀਆਂ ਭੈਣਾਂ ਨੂੰ ਸ਼ਿਕਾਰ ਬਣਾਉਣ ਬਾਅਦ ਦਰਖਤ ਉੱਤੇ ਨਿਰਵਸਤਰ ਹਾਲਤ ਵਿਚ ਫਾਂਸੀ ਦੇ ਦਿੱਤੀ ਜਾਂਦੀ ਹੈ।



ਹਾਲੇ ਇੱਥੇ ਵੀ ਬਸ ਨਹੀਂ। ਗਰਭਵਤੀ ਔਰਤ ਦਾ ਸ਼ਿਕਾਰ ਹੋਰ ਵੀ ਵੱਖ ਤਰ੍ਹਾਂ ਕੀਤਾ ਜਾਂਦਾ ਹੈ। ਢਿੱਡ ਪਾੜ ਕੇ ਢਿੱਡ ਅੰਦਰਲਾ ਬੱਚਾ ਵੀ ਨਾਲ ਹੀ ਸ਼ਿਕਾਰ ਕੀਤਾ ਜਾਂਦਾ ਹੈ।

ਪਹਿਲਾਂ ਦੇ ਅਤੇ ਹੁਣ ਦੇ ਸ਼ਿਕਾਰੀਆਂ ਵਿਚ ਇਕ ਹੋਰ ਅੰਤਰ ਵੀ ਸਪਸ਼ਟ ਨਜ਼ਰ ਆਉਂਦਾ ਹੈ। ਇੱਕ ਸ਼ਿਕਾਰੀ, ਲਛਮਨ ਦੇਵ ਗਰਭਵਤੀ ਹਿਰਨੀ ਦੇ ਸ਼ਿਕਾਰ ਬਾਅਦ ਮਾਧੋ ਦਾਸ ਤੇ ਫਿਰ ਬੰਦਾ ਸਿੰਘ ਬਹਾਦਰ ਵਜੋਂ ਦੁਨੀਆ ਭਰ ਵਿਚ ਆਪਣੀ ਬਹਾਦਰੀ ਦਾ ਸਿੱਕਾ ਜਮਾ ਗਿਆ।

ਅੱਜ ਦੇ ਦੌਰ ਦੀ ਖੇਡ ਜਾਨਵਰਾਂ ਦੀ ਥਾਂ ਔਰਤ ਜ਼ਾਤ ਨਾਲ ਖੇਡੀ ਜਾਂਦੀ ਹੈ, ਇਸੇ ਲਈ ਹੁਣ ਗਰਭਵਤੀ ਔਰਤ ਦੀ ਵੀ ਬੇਹੂਦਗੀ ਨਾਲ ਕੱਟ ਵੱਢ ਕਰ ਦਿੱਤੀ ਜਾਂਦੀ ਹੈ ਜੋ ਕਿਸੇ ਦੇ ਮਨ ਨੂੰ ਕਚੋਟਦੀ ਨਹੀਂ।

ਇਸ ਹਮਾਮ ਵਿਚ ਸਾਰੇ ਹੀ ਨੰਗੇ ਹਨ। ਕੋਈ ਵਿਰਲਾ ਹੀ ਮੌਕਾ ਖੁੰਝਾਉਂਦਾ ਹੈ, ਵਰਨਾ ਬਹੁਗਿਣਤੀ ਬੇਹਯਾਈ ਦੀਆਂ ਹੱਦਾਂ ਪਾਰ ਕਰਨ ਵਿਚ ਰਤਾ ਵੀ ਸੋਚਣ ਵਾਸਤੇ ਸਮਾਂ ਜ਼ਾਇਆ ਨਹੀਂ ਕਰਦੇ।

ਇਸ ਖੇਡ ਵਿਚ ਰੈਫਰੀ ਵੀ ਪਿਛਾਂਹ ਨਹੀਂ ਰਹਿੰਦਾ। ਉਹ ਆਪ ਵੀ ਖੇਡ ਦਾ ਹਿੱਸਾ ਬਣ ਜਾਂਦਾ ਹੈ। ਰੂਲ ਸਿਰਫ਼ ਇੱਕੋ- ਜਿੰਨੀ ਦਰਿੰਦਗੀ ਵੱਧ, ਓਨੀ ਮਸ਼ਹੂਰੀ ਵੱਧ!

ਬੇਹੂਦਗੀ ਦਾ ਮੰਜ਼ਰ ਇਹ ਹੈ ਕਿ ਛੇਵੀਂ ਜਮਾਤ ਦਾ ਬੱਚਾ ਵੀ ਤੀਜੀ ਜਮਾਤ ਦੀ ਬੱਚੀ ਨਾਲ ਛੇੜਖਾਨੀ ਕਰਦਾ ਫੜਿਆ ਜਾ ਚੁੱਕਿਆ ਹੈ।

ਲਾਵਾਰਿਸ ਔਰਤ ਦੀ ਲਾਸ਼ ਵੀ ਜ਼ਾਇਆ ਨਹੀਂ ਜਾਣ ਦਿੱਤੀ ਜਾਂਦੀ। ਉਸ ਨਾਲ ਵੀ ਕੁਕਰਮ ਕਰ ਕੇ ਵੀਡੀਓ ਬਣਾਉਣ ਬਾਅਦ ਫ਼ਿਲਮ ਵਿਚ ਕਿਸੇ ਜ਼ਿੰਦਾ ਕੁੜੀ ਦਾ ਚਿਹਰਾ ਲਾ ਦਿੱਤਾ ਜਾਂਦਾ ਹੈ ਤੇ ਫਿਰ ਉਸ ਵਿਚਾਰੀ ਜ਼ਿੰਦਾ ਕੁੜੀ ਨੂੰ ਜਬਰੀ ਇਸ ਖੇਡ ਵਿਚ ਖਿੱਚ ਲਿਆਇਆ ਜਾਂਦਾ ਹੈ!

ਰਿਸ਼ਤਿਆਂ ਦੀ ਪਵਿੱਤਰਤਾ ਤਾਂ ਤਾਰ ਤਾਰ ਹੋ ਹੀ ਚੁੱਕੀ ਹੈ। ਹੁਣ ਬਸ ਇੱਕੋ ਹੀ ਹੋਕਾ ਬਚਿਆ ਹੈ- ਵੇਖਿਓ ! ਕੋਈ ਧੀ, ਕੋਈ ਭੈਣ, ਕੋਈ ਮਾਂ, ਸਤਵੰਤੀ ਨਾ ਰਹਿ ਜਾਏ!

ਲਾਅਣਤ ਹੈ ਇਸ ਦੋਗਲੇ ਸਮਾਜ ਉੱਤੇ! ਮੁਲਕ ਦਾ ਨਾਂ ਭਾਰਤ ''ਮਾਤਾ'' ਤੇ ਮਾਂ ਦੀ ਪੱਤ ਸੁਰੱਖਿਅਤ ਨਹੀਂ!

ਉੱਤੋਂ ਸਿਖਰ ਇਹ ਵੇਖੋ ਕਿ ਜਿੱਤ ਦਾ ਜਸ਼ਨ ਮਨਾਉਣ ਲਈ ਧਾਰਮਿਕ ਥਾਵਾਂ ਉੱਤੇ 'ਮਾਤਾ' ਦੇ ਨਾਂ ਦੇ 'ਜੈ' ਦੇ ਨਾਅਰੇ ਲਾਉਣ ਵਿਚ ਰਤਾ ਹਿਚਕਿਚਾਹਟ ਨਹੀਂ ਵਿਖਾਈ ਜਾਂਦੀ!

ਕੋਈ ਬਚਿਆ ਹੈ ਜ਼ਮੀਰ ਵਾਲਾ, ਜੋ ਆਵਾਜ਼ ਚੁੱਕਣੀ ਚਾਹੇਗਾ? ਹਾਲੇ ਵੀ 'ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਉਣਗੇ' ਕਹਿ ਕੇ- 'ਮੈਨੂੰ ਕੀ' ਕਹਿੰਦਿਆਂ ਅੱਖਾਂ ਬੰਦ ਕਰ ਕੇ ਉਦੋਂ ਤੱਕ ਬੈਠੇ ਰਹਿਣਾ ਹੈ ਜਦੋਂ ਤੱਕ ਇਹ ''ਖਿਡਾਰੀ'' ਸਾਡੇ ਆਪਣੇ ਘਰ ਦੀ ਧੀ, ਭੈਣ, ਪਤਨੀ ਜਾਂ ਮਾਂ ਨਾਲ ਇਹ ਖੇਡ ਖੇਡਣ ਨਾ ਪਹੁੰਚ ਜਾਣ?

ਰਬ ਦਾ ਵਾਸਤਾ ਜੇ, ਚੁੱਪੀ ਤੋੜ ਦਿਓ! ਜੇ ਦੇਰ ਹੋ ਗਈ, ਫਿਰ ਵੇਲਾ ਹੱਥ ਨਹੀਂ ਆਉਣਾ! ਚੇਤੇ ਰੱਖਿਓ ਇਤਿਹਾਸ ਵੀ ਬੰਦਾ ਸਿੰਘ ਬਹਾਦਰ ਵਰਗਿਆਂ ਨੂੰ ਹੀ ਬਾਹਵਾਂ ਫੈਲਾ ਕੇ ਛਾਤੀ ਨਾਲ ਲਾ ਕੇ ਸਾਂਭਦਾ ਹੈ, ਹੈਵਾਨਾਂ ਜਾਂ ਬੁੱਚੜਾਂ ਨੂੰ ਨਹੀਂ!

'ਭਾਰਤ ਮਾਤਾ ਦੀ ਜੈ' ਬੋਲਣ ਵਾਲਿਓ, ਤੁਹਾਡੇ ਜਵਾਬ ਦੀ ਉਡੀਕ ਵਿਚ ਖੜ੍ਹੀ ਹਾਂ, ਦੱਸੋ ਤਾਂ ਸਹੀ ਤਲਵਾਰ ਚੁੱਕਣ ਦਾ ਸਹੀ ਸਮਾਂ ਕਦੋਂ ਆਵੇਗਾ!

---

## ਕਾਵਿ-ਕਿਆਰੀ

### ਰੁੱਤ ਫਿਰੀ ਨੀਂ! ਜਿੰਦੇ ਮੇਰੀਏ

ਠੰਢੀ ਠੰਢੀ ਹਵਾ ਤੱਕ ਆਇਆ ਖਿਆਲ ਨੀਂ,
ਮੁੱਕ ਜਾਣੇ ਹੁੰਮ ਨੇੜੇ ਆ ਗਿਆ ਸਿਆਲ਼ ਨੀਂ।
ਲੰਘ ਗਏ ਸੀ ਜੇਠ, ਹਾੜ੍ਹ, ਸਾਉਣ ਤੇ ਭਾਦੋਂ ਨੀਂ,
ਅੱਸੂ, ਕੱਤਕ ਨਿੱਘਾ ਮੱਘਰ, ਪੋਹ ਠੰਢੇ ਵਾਦੋਂ ਨੀਂ।

ਬੀਤ ਚੌਮਾਸਾ ਰੁੱਤ ਆਈ ਜ਼ਰਾ ਪਹਿਚਾਣ ਨੀਂ,
ਲੈ ਕੇ ਮੱਕੀ, ਝੋਨਾ, ਤਿਲ ਜੱਟ ਮੰਡੀਏ ਜਾਣ ਨੀਂ।
ਝੱਟ ਵਾਹ ਕੇ ਵੱਢ ਆਲੂ, ਸਬਜ਼ੀ ਲਗਾਉਣ ਨੀਂ,
ਚੌਵੀ ਘੰਟੇ ਧੁਕ ਧੁਕ ਕੇ ਇੰਜਣ ਚਲਾਉਣ ਨੀਂ।

ਕੀੜੇਮਾਰ ਦਵਾਈਆਂ ਤੇ ਖਾਦਾਂ ਲਹੂ ਚੂਸੇ ਨੀਂ,
ਕਾਲ਼ੇ ਕਾਨੂੰਨਾਂ ਕਿਸਾਨ ਪਾ'ਤੇ ਭੰਬਲ ਭੂਸੇ ਨੀਂ।
ਇੱਕ ਪੈਰ ਖੇਤਾਂ ਵਿਚ ਦੂਜਾ ਹੈ ਜਾਣੋ ਸ਼ੰਭੂ ਨੀਂ,
ਢੀਠ ਹੈ ਸਰਕਾਰ ਡੰਡਾ ਫੜ ਕੇ ਫਿਰ ਝੰਬੂ ਨੀਂ।

ਕਿਰਤੀ ਕਿਸਾਨ ਸਾਰੇ ਹੋਏ ਡਾਢਾ ਆਰੀ ਨੀਂ,
ਨੇਤਾ ਦੀ ਅੰਬਾਨੀ ਅਡਾਨੀ ਸੰਗ ਯਾਰੀ ਨੀਂ।
ਫ਼ਸਲਾਂ ਅਤੇ ਜ਼ਮੀਨਾਂ ਉਹ ਫਿਰਦੈ ਖੋਹਣ ਨੀਂ,
ਰਲ਼ ਕੇ ਸਰਕਾਰਾਂ ਨਾਲ਼ ਜਾਪਦੈ ਕੋਹਣ ਨੀਂ।

***-ਸੇਵਾ ਸਿੰਘ "ਨੂਰਪੁਰੀ"***

---

### ਵਕਤ ਹਮੇਸ਼ਾਂ ਇੱਕ ਨੀ ਰਹਿੰਦੇ

ਟਾਈਮ ਕਦੇ ਵੀ ਇੱਕ ਨੀ ਰਹਿੰਦੇ
ਮੌਜਾਂ ਮੇਲੇ ਨਿੱਤ ਨੀ ਰਹਿੰਦੇ।

ਕਦੇ ਚੜ੍ਹਾਈਆਂ ਤੇ ਉਤਰਾਈਆਂ
ਕੰਮ ਹਮੇਸ਼ਾਂ ਫਿੱਟ ਨੀ ਰਹਿੰਦੇ।

ਢਿੱਲੇ ਅਕਸਰ ਹੋ ਜਾਂਦੇ ਨੇ
ਬਟਨ ਹਮੇਸ਼ਾਂ ਟਿੱਚ ਨੀ ਰਹਿੰਦੇ।

ਰੇਤੇ ਵਾਂਗੂੰ ਕਿਰ ਜਾਂਦੇ ਨੇ
ਪੈਸੇ ਧੇਲੇ ਟਿਕ ਨਹੀਂ ਬਹਿੰਦੇ।
ਸੱਪ, ਪੁਲਸੀਆ, ਮਤਲਬਖੋਰੇ
ਤਿੰਨੇ ਕਦੇ ਵੀ, ਮਿੱਤ ਨੀ ਰਹਿੰਦੇ।

ਸੋਹਣੇ ਸੱਜਣ, ਮਾਹਾਂ ਵਰਗੇ
ਸਾਰਿਆਂ ਨੂੰ ਇਹ ਫਿੱਟ ਨੀ ਬਹਿੰਦੇ।

ਜੁਆਕ ਪ੍ਰਾਈਵੇਸੀ ਭਾਲਣ
ਮਾਪਿਆਂ ਦੇ ਇਹ ਵਿਚ ਨੀ ਰਹਿੰਦੇ।

ਪੈਸਾ ਦਿੱਤਾ ਟਾਈਮ ਨੀ ਦਿੱਤਾ
ਤਾਹੀਓਂ ਬੱਚੇ ਵਿਚ ਨੀ ਬਹਿੰਦੇ।

ਧਰਤੀ ਜਿਹੜੇ ਛੱਡ ਜਾਂਦੇ ਨੇ
ਉਹੋ ਸਿੰਗਰ ਹਿੱਟ ਨੀ ਰਹਿੰਦੇ।

ਚੁੱਪ ਕਦੇ ਨਾ ਬਹਿਣ ਬੀਬੀਆਂ
ਬੰਦ ਇਨ੍ਹਾਂ ਦੇ ਲਿਪ ਨੀ ਰਹਿੰਦੇ।

ਨਾ ਆਸਾਂ, ਨਾ ਮਤਲਬ ਰੱਖੀਏ
ਰਿਸ਼ਤਿਆਂ ਵਿਚ ਫਿਰ, ਫਿੱਕ ਨੀ ਪੈਂਦੇ।

ਜਿਹੜੇ ਕਹਿੰਦੇ ਦੱਬ ਕੇ ਰੱਖਣਾ
ਅਸੀਂ ਉਨ੍ਹਾਂ ਦੇ ਫਿੱਟ ਨੀ ਬਹਿੰਦੇ।

ਜਦ ਤੱਕ ਕੰਡਾ ਖਿੱਚ ਨੀ ਦਿੰਦੇ
ਕੁਲਵੀਰ ਪੰਜਾਬੀ ਟਿਕ ਨੀ ਬਹਿੰਦੇ।

ਡਾਣਸੀਵਾਲੀਆ ਸਾਹ ਨੀ ਲੈਂਦੇ
ਜਦ ਤੱਕ ਬਾਜ਼ੀ ਜਿੱਤ ਨੀ ਲੈਂਦੇ।

***-ਕੁਲਵੀਰ ਸਿੰਘ ਡਾਨਸੀਵਾਲ***

### ਗ਼ਜ਼ਲ

ਬੜੇ ਚਾਅ ਨਾਲ਼ ਪੁੱਛਿਆ ਸੀ ਹਵਾ ਨੂੰ।
ਮੈਂ ਤੇਰਾ ਹਾਲ ਪੁੱਛਿਆ ਸੀ ਹਵਾ ਨੂੰ।
ਉਹ ਜਿਹੜੇ ਸਾਲ ਮੈਨੂੰ ਤੂੰ ਮਿਲੀ ਸੈਂ
ਮੈਂ ਓਹੀ ਸਾਲ ਪੁੱਛਿਆ ਸੀ ਹਵਾ ਨੂੰ।

ਕਰਾਂ ਮੈਂ ਕੈਦ ਤੈਨੂੰ ਕਿਸ ਤਰ੍ਹਾਂ ਦੱਸ
ਲੈ ਹੱਥੀਂ ਜਾਲ਼ ਪੁੱਛਿਆ ਸੀ ਹਵਾ ਨੂੰ।

ਸੁਣਾਵੇਂਗੀ ਤੂੰ ਕੋਈ ਗੀਤ ਮੈਨੂੰ?
ਮੈਂ ਦੇ ਕੇ ਤਾਲ ਪੁੱਛਿਆ ਸੀ ਹਵਾ ਨੂੰ।

ਹਨੇਰੇ ਦੀ ਜਾਂ ਚਾਨਣ ਦੀ ਤੂੰ ਹਾਮੀ?
ਮੈਂ ਦੀਵੇ ਬਾਲ਼ ਪੁੱਛਿਆ ਸੀ ਹਵਾ ਨੂੰ।

ਤੂੰ ਕਦ ਤੋਂ ਹੈਂ ਤੂੰ ਕਦ ਤੱਕ ਹੈਂ ਜ਼ਰਾ ਦੱਸ?
ਮੈਂ ਉਸਦਾ ਕਾਲ਼ ਪੁੱਛਿਆ ਸੀ ਹਵਾ ਨੂੰ।
ਹਨੇਰੀ ਬਣ ਤੂੰ ਕਿਉਂ ਕਰਦੀ ਤਬਾਹੀ
ਇਹ ਕੀ ਜੰਜਾਲ ਪੁੱਛਿਆ ਸੀ ਹਵਾ ਨੂੰ।

ਸਵੇਰੇ ਸ਼ਾਮ ਤੂੰ ਫਿਰਦੀ ਰਹੇਂ ਕਿਉਂ
ਹੈ ਕਿਸਦੀ ਭਾਲ਼ ਪੁੱਛਿਆ ਸੀ ਹਵਾ ਨੂੰ।

***-ਹਰਦੀਪ ਬਿਰਦੀ***

---

### ਬੱਲੇ ਬੱਲੇ

ਠਿੱਲ ਜਾ ਤੂੰ ਠਿੱਲ ਜਾ, ਨਾ ਬੈਠ ਕੇ ਕਿਨਾਰੇ ਦੇਖ।
ਮੰਜ਼ਿਲੇ ਮਕਸੂਦ ਲਈ ਤੂੰ ਛੱਲਾਂ ਦੇ ਨਜ਼ਾਰੇ ਦੇਖ।

ਬੱਲੇ ਬੱਲੇ ਵਾਹਵਾ ਵਾਹਵਾ ਉਨ੍ਹਾਂ ਦੀ ਕਰਾਵੇ ਜਿੰਦ,
ਜ਼ਿੰਦਗੀ ਤੋਂ ਜਾਂਦੇ ਜਿਹੜੇ ਵਾਰੇ ਬਲਿਹਾਰੇ ਦੇਖ।

ਠਾਠਾ ਬਾਗਾ ਦੇਖ ਕੇ ਤੂੰ ਭੁੱਲੀਂ ਨਾ ਸੱਚਾਈ ਐਵੇਂ,
ਝੁੱਗੀਆਂ ਦੇ ਨਾਲੋਂ ਖੁਸ਼ ਹੁੰਦੇ ਨਹੀਂ ਚੌਬਾਰੇ ਦੇਖ।

ਜੀਵ ਜੰਤੂਆਂ ਤੋਂ ਖਰੀ ਆਦਮੀ ਦੀ ਜ਼ਾਤ ਤਾਂ ਹੈ,
ਜੇ ਨਾ ਮਨ ਆਦਮੀ ਦਾ ਆਦਮੀ ਨੂੰ ਚਾਰੇ ਦੇਖ।
ਸਾਹ ਸਾਨੂੰ ਦੇਣ ਵਾਲੇ ਰੋਹਬ ਰੁੱਖ ਮਾਰਦੇ ਨਾ,
ਸਾਹਾਂ ਲਈ ਸਰਾਪੇ ਬਣ ਆਪਾਂ ਕਿਓਂ ਹੰਕਾਰੇ ਦੇਖ।

ਜਿਨ੍ਹਾਂ ਨਾਲ ਜੀਅ ਹੋਣਾ ਉਨ੍ਹਾਂ ਨਾਲ ਲਾਈ ਰੱਖ,
ਸਾਗਰਾਂ ਦਾ ਰਾਜ਼ ਹੈ ਕਿ ਹੁੰਦੇ ਨੇ ਉਹ ਖਾਰੇ ਦੇਖ।

ਬੋਲਣੇ ਦਾ ਵਲ ਹੋਵੇ, ਬੋਲ ਪੈਂਦਾ ਰੱਬ ਵੀ,
ਗਲਬਾਤ ਤੇਰੀ ਦੇਖੀਂ, ਕਹਿਰ ਨਾ ਗੁਜ਼ਾਰੇ ਦੇਖ।

ਰੀਝ ਅਤੇ ਨੀਝ ਨਾਲ ਮਿਲੀਂ ਨਿੱਤ ਜ਼ਿੰਦਗੀ ਨੂੰ,
ਚਾਅ ਜੇ ਤੂੰ ਰੱਖਣੇ ਨੇ ਆਪਣੇ ਕੁਆਰੇ ਦੇਖ।

ਦੇਖੀਂ ਤੇਰੀ ਸਾਬਤੀ ਨੂੰ ਐਵੇਂ ਨਾ ਖਿਲਾਰ ਦੇਣ,
ਹੋਰਾਂ ਨੇ ਜੋ ਪਾਏ ਹੋਏ ਐਵੇਂ ਹੀ ਖਿਲਾਰੇ ਦੇਖ।

ਅੱਡੋ ਫਾਟੀ ਹੋ ਕੇ ਪਛਤਾਵੇ ਪੱਲੇ ਰਹਿ ਜਾਂਦੇ,
ਸੰਨ ਸੰਤਾਲੀ ਵਿਚ ਹੋਏ ਬਟਵਾਰੇ ਦੇਖ।

ਲੋਕਾਂ ਦਾ ਕੀ ਲੋਕਾਂ ਨੇ ਤਾਂ ਫੁੱਲਣਾ ਫੁਲਾ ਕੇ ਦੇਖ,
ਬਹੁਤੀ ਦੇਰ ਕੱਢਦੇ ਨਹੀਂ ਹੁੰਦੇ ਇਹ ਗੁਬਾਰੇ ਦੇਖ।

ਸੋਚ ਸਈ ਸਰਦਾਰ ਤੈਨੂੰ ਕਿਓਂ ਨੇ ਲੋਕੀਂ ਆਖਦੇ,
ਤਵਾਰੀਖ ਤੇਰੀ ਵਿਚ ਵੱਜਦੇ ਜੈਕਾਰੇ ਦੇਖ।

ਖੁਆਰੀ ਤੇ ਖੁਮਾਰੀ ਦਾ ਜੇ ਭੇਤ ਸੱਚੀਂ ਜਾਨਣਾ ਤੂੰ,
ਗੌਲ਼ ਨਾ ਤੂੰ ਖਹਿਬੜਾਂ ਨੂੰ, ਪ੍ਰੀਤ ਜੋ ਪੁਕਾਰੇ ਦੇਖ।

ਕਵਿਤਾ ਦੇ ਨਾਲ 'ਢੇਸੀ' ਕਵਿਤਾ ਹੀ ਬਣੀ ਜਾ ਤੂੰ,
ਦੇਣ ਵਾਲੇ ਸਦਾ ਦਿੰਦੇ ਹੁੰਦੇ ਨਹੀਂ ਹੁੰਗਾਰੇ ਦੇਖ।

***-ਕੁਲਵੰਤ ਢੇਸੀ***

---

### ਗ਼ਜ਼ਲ

ਮੈਂ ਵਾਜਾਂ ਮਾਰ ਮਾਰ ਥੱਕ ਗਿਆਂ ਰੁੱਸੇ ਪੰਜਾਬ ਨੂੰ,
ਮਹਿਕ ਏਹਦੀ ਕੋਈ ਮੋੜ ਦੇਵੇ, ਆਖ ਸੂਹੇ ਗੁਲਾਬ ਨੂੰ।

ਵੰਡਦਾ ਸੈਂ ਭਰ ਭਰ ਮੁਠੀਆਂ, ਅੱਜ ਸੁੰਨੇ ਘਰ ਤਿਰੇ;
ਨਜ਼ਰ ਕੁਲੱਛਣੀ ਲਗ ਗਈ ਜਿਗਰੇ ਬੇ-ਹਿਸਾਬ ਨੂੰ।

ਡਰਦੀ ਸੀ ਤੈਥੋਂ ਮੌਤ ਵੀ ਛੱਡ ਜਾਂਦੀ ਸੀ ਰਾਹ ਤਿਰਾ,
ਅੱਜ ਮੱਲ ਬੂਹੇ ਤੇਰੇ ਬਹਿ ਗਈ ਲੈ ਚਿੱਟੇ, ਸ਼ਰਾਬ ਨੂੰ।

ਹੈਂ ਭੋਲਾ ਭਾਲਾ ਤੂੰ ਬਾਲ ਕੋਈ ਚਾਤਰਾਂ ਨੇ ਘੇਰਿਆ,
ਤੇਰਾ ਖੋਹ ਲਿਆ ਅਸਬਾਬ ਸਭ ਚੁੱਪ ਹਨ ਜਵਾਬ ਨੂੰ।

ਤੇਰੇ ਆਪਣੇ ਹੀ ਪਿੱਠ ਦੇ ਗਏ ਖੜ੍ਹੇ ਵੱਲ ਰਕੀਬ ਦੇ,
ਤੇਰਾ ਪੌਣ-ਪਾਣੀ ਵਿਰਸਾ ਗਿਆ ਲੁੱਟ ਪਈ ਏ ਆਬ ਨੂੰ।

ਓਨ੍ਹਾ ਰੜਕਦੀ ਹੈ ਮਟਕ ਤੇਰੀ ਨਾਲ ਅਣਖ ਜੀਉਣ ਦੀ,
ਅਖੇ 'ਮੇਟ ਦਈਏ, ਹੈ ਹਸਰਤ ਬੜੀ' ਹਸਤੀ ਕਾਮਯਾਬ ਨੂੰ।

ਮਲਵਈਂ ਮਾਰਾਂ ਖਾਣ ਖਾਰਾਂ ਭੁੱਲੇ ਆਚਾਰ ਨੂੰ,
ਕਰਨ ਠੱਗੀ ਏ ਮਾਰ ਵੱਗੀ ਮਾਝੇ ਦੁਆਬ ਨੂੰ।

ਗਾਡੀ ਰਾਹ ਤਾਂ ਸਾਡੇ ਕੋਲ ਸੀ ਟੁਰਨੇ ਦੀ ਲੋੜ ਸੀ,
ਆਓ ਰਲ ਮਿਲ ਸਭ ਪੂਰੀਏ ਨਾਨਕ ਦੇ ਖ਼ਾਬ ਨੂੰ।

ਆਹ ਅਟਾਰੀ ਤੱਤੀ ਕਰਮਾਂ ਦੀ ਮਾਰੀ ਬਾਝੋਂ ਲਾਹੌਰ ਦੇ,
ਸਤਲੁਜ ਬਿਆਸ ਰਾਵੀ ਪੁਕਾਰੇ ਜਿਹਲਮ ਚਨਾਬ ਨੂੰ।

ਓਏ 'ਨਾਕਾਮ' ਨਿਕੰਮਿਆਂ ਤੂੰ ਉੱਠ ਨੀਂਦ ਘੂਕ ਵਿਸਾਰ,
ਤੇਰਾ ਖੇਤ ਵਾੜਾ ਸਭ ਉਜੜਿਆ ਪਏ ਚੋਰ ਅਸਬਾਬ ਨੂੰ।

***-ਗੁਰਬਖਸ਼ ਸਿੰਘ 'ਨਾਕਾਮ'***

# ਸੂਰਜ ਨੂੰ ਵੀ ਮਿਲਿਆ ਕਰੋ



## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਕੀ ਤੁਸੀਂ ਕਦੇ ਸੂਰਜ ਨੂੰ ਮਿਲੇ ਹੋ ਜਦ ਉਹ ਸਰਘੀ ਵੇਲੇ ਅੱਖ ਪੁੱਟਦਾ ਹੈ ਜਾਂ ਜਦ ਉਹ ਗੋਡੀ ਮਾਰ ਕੇ ਆਪਣੇ ਅਗਲੇ ਸਫ਼ਰ 'ਤੇ ਜਾਣ ਲੱਗਿਆਂ ਸਮੁੱਚੀ ਕਾਇਨਾਤ ਨੂੰ ਰਾਤ ਦੇ ਹਵਾਲੇ ਕਰ ਜਾਂਦਾ ਹੈ? ਕੀ ਤਿੱਖੜ ਦੁਪਹਿਰੇ ਸੂਰਜ ਵੰਨੀਂ ਝਾਕਿਆਂ ਜਦ ਉਸ ਦੇ ਚਿਹਰੇ ਦੀ ਤਾਬ ਵੀ ਨਹੀਂ ਝੱਲੀ ਜਾਂਦੀ। ਉਹ ਬਹੁਤ ਸਾਰੇ ਸੁਨੇਹੇ ਅਚੇਤ ਰੂਪ ਵਿਚ ਮਨ-ਮਸਤਕ ਵਿਚ ਧਰਦਾ ਜਿਨ੍ਹਾਂ ਦਾ ਜਵਾਬ ਮਨੁੱਖ ਨੂੰ ਆਪਣੇ ਅੰਦਰੋਂ ਤਲਾਸ਼ਣਾ ਹੁੰਦਾ।

ਅਸੀਂ ਸਾਰੇ ਸੂਰਜ ਨੂੰ ਮਿਲਣ ਦੇ ਚਾਹਵਾਨ। ਇਸ ਦੀ ਧੁੱਪ ਵਿਚ ਨਹਾਉਣ, ਇਸ ਦੇ ਨਿੱਘ ਵਿਚ ਆਪਣੇ ਠਰੇ ਚਾਵਾਂ ਨੂੰ ਗਰਮਾਉਣ ਅਤੇ ਇਸੇ ਵਿਚ ਆਪਣੀਆਂ ਮੰਜ਼ਲ-ਰਾਹਾਂ ਨੂੰ ਰੁਸ਼ਨਾਉਣ ਦੇ ਚਾਹਵਾਨ। ਪਰ ਕੋਈ ਵੀ ਸੂਰਜ ਵਰਗਾ ਬਣਨਾ ਨਹੀਂ ਚਾਹੁੰਦਾ ਅਤੇ ਨਾ ਹੀ ਧੁੱਪ ਨੂੰ ਵੰਡਣ ਦਾ ਚਾਹਵਾਨ।

ਸਰਘੀ ਵੇਲੇ ਜਦ ਸੂਰਜ ਅੱਖ ਪੁੱਟਦਾ ਤਾਂ ਸਮੁੱਚੀ ਕਾਇਨਾਤ ਜਾਗਦੀ। ਜੀਵ-ਜੰਤੂ ਅੱਖਾਂ ਖੋਲ੍ਹਦੇ ਅਤੇ ਖ਼ੁਦਾਈ ਦੇ ਬੰਦੇ ਵੀ ਸ਼ੁਕਰਗੁਜ਼ਾਰ ਹੁੰਦੇ ਕਿ ਇਕ ਰਾਤ ਸੁੱਖ ਦੀ ਬੀਤੀ ਅਤੇ ਇਕ ਹੋਰ ਦਿਨ ਸਾਡੇ ਹਿੱਸੇ ਆਇਆ। ਦਿਨ ਜੋ ਸਾਨੂੰ ਚਾਨਣ ਦਾ ਸੁਨੇਹਾ ਅਤੇ ਸੋਚਾਂ ਤੇ ਸੁਪਨਿਆਂ ਨੂੰ ਸਾਰਥਿਕ ਦਿਸ਼ਾ ਵਿਚ ਸੇਧਤ ਕਰਕੇ, ਕੁਝ ਕੁ ਚੰਗੇਰਾ ਇਸ ਸਮਾਜ ਦੀ ਝੋਲੀ ਵਿਚ ਪਾਉਣ ਲਈ ਪ੍ਰੇਰਦਾ। ਸੂਰਜ ਦੀ ਪਹਿਲੀ ਕਿਰਨ ਦੀ ਹੱਲਾਸ਼ੇਰੀ ਹੀ ਹੁੰਦੀ ਕਿ ਪਰਿੰਦੇ ਚੋਗ ਦੀ ਭਾਲ ਵਿਚ ਅੰਬਰ ਵਿਚ ਪਰਵਾਜ਼ ਭਰਦੇ। ਰਾਹੀ ਆਪਣੀ ਪ੍ਰਵਾਨ ਦੀ ਪੈੜ ਨੱਪਦੇ। ਅਲਸਾਏ ਬਦਨ ਤਾਜ਼ਗੀ, ਤੰਦਰੁਸਤੀ ਅਤੇ ਤਰੰਗਤਾ ਨਾਲ ਨਵੇਂ ਸੁਪਨੇ ਲੈਂਦੇ ਅਤੇ ਇਨ੍ਹਾਂ ਦੀ ਪ੍ਰਾਪਤੀ ਲਈ ਖ਼ੁਦ ਨੂੰ ਅਰਪਿਤ ਕਰਦੇ।

ਇਹ ਦਿਨ ਦਾ ਆਗਾਜ਼ ਹੀ ਹੁੰਦਾ ਕਿ ਸੁੱਤੀ ਹੋਈ ਸਮੁੱਚੀ ਲੋਕਾਈ ਵਿਚ ਧੜਕਣ ਪੈਦਾ ਹੁੰਦੀ। ਹਰੇਕ ਨਵੇਂ ਆਹਰ ਵਿਚ ਰੁੱਝਦਾ ਅਤੇ ਇਸ ਦੀ ਪੂਰਨਤਾ ਨੂੰ ਆਪਣੀ ਜ਼ਿੰਦਗੀ ਦਾ ਨਵਾਂ ਅਧਿਆਇ ਸਮਝਦਾ। ਨਿੱਕੇ-ਨਿੱਕੇ ਬੱਚਿਆਂ ਦੇ ਵੱਡੇ-ਵੱਡੇ ਸੁਪਨੇ ਆਪਣੀ ਪੂਰਨਤਾ ਲਈ ਆਸਵੰਦ ਹੁੰਦੇ। ਨੌਜਵਾਨਾਂ ਦੇ ਮਨਾਂ ਵਿਚ ਉਚੇਰੀਆਂ ਸੰਭਾਵਨਾਵਾਂ, ਉਨ੍ਹਾਂ ਦੀਆਂ ਸਮੱਰਥਾਵਾਂ ਸਾਹਵੇਂ ਸੱਚ ਹੋ ਜਾਂਦੀਆਂ। ਉਹ ਸੂਰਜ ਨੂੰ ਨਤਮਸਤਕ ਹੁੰਦੇ ਆਪਣੀਆਂ ਤਰਜੀਹ ਤੇ ਤਦਬੀਰਾਂ ਰਾਹੀਂ ਆਪਣੀਆਂ ਤਕਦੀਰਾਂ ਦੀ ਸਿਰਜਣਾ ਕਰਦੇ।

ਕਦੇ ਸਵੇਰੇ-ਸਵੇਰੇ ਨਿੱਕੇ-ਨਿੱਕੇ ਜਵਾਕਾਂ ਨੂੰ ਸਕੂਲੇ ਜਾਂਦਿਆਂ ਅਤੇ ਉਨ੍ਹਾਂ ਦੇ ਮੱਥਿਆਂ ਵਿਚ ਉੱਗੇ ਸੂਰਜਾਂ ਨਾਲ ਪੈਦਾ ਹੋਏ ਚਾਨਣ ਵੱਲ ਦੇਖਣਾ ਕਿ ਕਿਵੇਂ ਉਨ੍ਹਾਂ ਦੇ ਨਿੱਕੇ-ਨਿੱਕੇ ਕਦਮਾਂ ਵਿਚ ਮੱਥਿਆਂ ਵਿਚਲੇ ਸੂਰਜ ਚਾਨਣ ਦੀ ਵਿਛਾਈ ਕਰਦੇ। ਇਹ ਚਾਨਣ ਹੀ ਉਨ੍ਹਾਂ ਦੀਆਂ ਮੰਜ਼ਲਾਂ ਦੀ ਪ੍ਰਾਪਤੀ ਦਾ ਸਬੱਬ ਹੁੰਦਾ। ਪਰ ਜਦ ਕਦੇ ਇਨ੍ਹਾਂ ਸਕੂਲ ਜਾਂਦੇ ਬੱਚਿਆਂ ਵੰਨੀਂ ਕੂੜੇ ਦੇ ਢੇਰ ਤੋਂ ਲਿਫ਼ਾਫ਼ੇ ਇਕੱਠੇ ਕਰਦਾ ਅੱਧਨੰਗਾ ਜਵਾਕ ਦੇਖਦਾ ਤਾਂ ਉਸ ਦੇ ਮੱਥੇ ਦਾ ਬੁੱਝਿਆ ਸੂਰਜ ਕੁਝ ਗੂੰਗੇ ਅਤੇ ਅੰਨ੍ਹੇ ਸਮਾਜ ਸਾਹਵੇਂ ਪ੍ਰਸ਼ਨ ਬਣ ਜਾਂਦਾ ਜਿਸ ਦਾ ਜਵਾਬ ਭਾਲਦਾ ਭਾਲਦਾ ਇਹ ਜਵਾਕ ਜਵਾਨੀ ਆਈ ਤੋਂ ਬਗੈਰ ਹੀ ਬੁਢਾਪੇ ਦਾ ਸ਼ਿਕਾਰ ਹੋ, ਜ਼ਿੰਮੇਵਾਰੀਆਂ ਅਤੇ ਪੇਟ ਦੀ ਭੁੱਖ ਦਾ ਪ੍ਰਸ਼ਨ ਹੱਲ ਕਰਦਿਆਂ ਹੀ ਕਬਰ ਬਣ ਜਾਂਦਾ। ਇਹ ਬੁੱਝੇ ਹੋਏ ਸੂਰਜਾਂ ਦੀ ਵੇਦਨਾ ਕਦੋਂ ਅਤੇ ਕਿਸ ਨੇ ਸੁਣਨੀ ਏ, ਇਸ ਦਾ ਹਾਕਮਾਂ ਵੱਲੋਂ ਕੋਈ ਜਵਾਬ ਨਹੀਂ।

ਸਰਘੀ ਦਾ ਸੂਰਜ ਬਹੁਤ ਸਾਰੇ ਸੂਖਮ ਸੁਨੇਹੇ ਮਨੁੱਖੀ ਮਾਨਸਿਕਤਾ ਵਿਚ ਧਰ ਜਾਂਦਾ ਕਿ ਐ ਬੰਦੇ! ਸਫ਼ਰ ਦਾ ਆਗਾਜ਼ ਨਵੇਂ ਹੰਭਲੇ ਅਤੇ ਹੌਸਲੇ ਨਾਲ ਸ਼ੁਰੂ ਹੋਵੇ। ਮਨ ਵਿਚ ਰਾਹਾਂ 'ਚ ਚਾਨਣ ਰਸੀਦ ਕਰਨ ਅਤੇ ਰੁੱਸੀਆਂ ਜ਼ਿੰਦਗੀਆਂ ਦੇ ਵਿਹੜੀਂ ਸਵੇਰਿਆਂ ਦਾ ਜਾਗ ਲਾਉਣ ਦੀ ਤਮੰਨਾ ਅਤੇ ਤੀਬਰਤਾ ਹੋਵੇ ਤਾਂ ਅਸੀਂ ਹਰੇਕ ਦੇ ਹਿੱਸੇ ਦਾ ਸੂਰਜ ਬਣ ਸਕਦੇ ਹਾਂ। ਯਾਦ ਰਹੇ ਕਿ ਸੂਰਜ ਸਭ ਦਾ ਸਾਂਝਾ। ਇਹ ਆਪਣੀ ਧੁੱਪ ਵੰਡਣ ਲੱਗਿਆਂ ਭੇਦਭਾਵ ਨਹੀਂ ਕਰਦਾ। ਤਾਂ ਹੀ ਹਰੇਕ ਜੀਵ ਸੂਰਜ ਨੂੰ ਉਡੀਕਦਾ ਕਿਉਂਕਿ ਸੂਰਜ ਹੀ ਸਭ ਦਾ ਦਾਤਾ ਬਣ ਕੇ ਹਰੇਕ ਲਈ ਜੀਵਨ ਦਾਤਾਂ ਵੰਡਦਿਆਂ, ਖ਼ੁਦ ਦਿਨ ਦੀ ਯਾਤਰਾ ਸੰਪੂਰਨ ਕਰਦਾ। ਉਹ ਧੁੱਪ ਨੂੰ ਕਿਸੇ ਕੋਲੋਂ ਲੁਕਾਉਂਦਾ ਨਹੀਂ। ਭਾਵੇਂ ਕਈ ਵਾਰ ਔਕੜਾਂ ਦੇ ਬਦਲ ਅਤੇ ਕਠਿਨਾਈਆਂ ਦੀਆਂ ਹਨੇਰੀਆਂ ਇਸ ਦੀ ਧੁੱਪ ਵਿਚ ਰੁਕਾਵਟਾਂ ਬਣਦੀਆਂ। ਪਰ ਚਾਨਣ ਕਦ ਮਰਦੇ ਤੇ ਕਿਸੇ ਰੁਕਾਵਟ ਦੀ ਪ੍ਰਵਾਹ ਕਰਦੇ। ਉਹ ਤਾਂ ਹਰ ਮੁਸੀਬਤਾਂ ਵਿਚੋਂ ਲੰਘ ਆਪਣਾ ਭਲਿਆਈ ਭਰਪੂਰ ਵਰਤਾਰਾ ਜਾਰੀ ਰੱਖਦੇ।

ਬੰਦੇ ਕਦੇ ਤਾਂ ਸੂਰਜ ਕੋਲੋਂ ਕੁਝ ਸਿੱਖ। ਖ਼ੁਦ ਨੂੰ ਸੂਰਜ ਦੇ ਹਾਣ ਦਾ ਕਰਨ ਬਾਰੇ ਲੋਚ। ਪਰ ਬੰਦੇ ਦੀ ਕੇਹੀ ਫ਼ਿਤਰਤ ਕਿ ਉਹ ਸੂਰਜ ਤੋਂ ਵੀ ਓਹਲਾ ਰੱਖਦਾ। ਤਾਂ ਹੀ ਬੰਦ ਖਿੜਕੀਆਂ ਅਤੇ ਰੌਸ਼ਨਦਾਨਾਂ ਦੇ ਮੋਟੇ-ਮੋਟੇ ਪਰਦੇ ਉਸ ਦੀਆਂ ਕਮੀਨਗੀਆਂ ਨੂੰ ਲੁਕਾਉਂਦੇ। ਸੂਰਜ ਸਾਹਵੇਂ ਤਾਂ ਉਹ ਸ਼ਰਮਸਾਰੀ ਹੀ ਹੰਢਾਵੇਗਾ ਅਤੇ ਖ਼ੁਦ ਨੂੰ ਨਮੋਸ਼ੀ ਵਿਚ ਡੁੱਬੋ ਕੇ ਇਕ ਲਾਸ਼ ਬਣ ਜਾਵੇਗਾ।

ਸੂਰਜ ਦੀਆਂ ਕਿਰਨਾਂ ਹੀ ਹੁੰਦੀਆਂ ਜੋ ਹੌਲੀ-ਹੌਲੀ ਬਨੇਰਿਆਂ ਤੋਂ ਉਤਰ ਵਿਹੜੇ ਵਿਚ ਆਉਂਦੀਆਂ। ਚੌਂਕੇ ਅਤੇ ਚੁੱਲ੍ਹਿਆਂ ਨੂੰ ਭਾਗ ਲਾਉਂਦੀਆਂ। ਸੁੰਨ ਹੋਈਆਂ ਕੰਧਾਂ ਅਤੇ ਕਮਰਿਆਂ ਨੂੰ ਘਰ ਬਣਾਉਂਦੀਆਂ। ਹਨੇਰੇ ਵਿਚ ਡੁੱਬੇ ਹੋਏ ਘਰ ਤੋਂ ਧੁੱਪ ਵਿਚ ਨਹਾਏ ਹੋਏ ਘਰ ਦਾ ਰੂਪ ਹਰੇਕ ਮਨ ਨੂੰ ਭਾਉਂਦਾ। ਪਰ ਅਸੀਂ ਕਦੇ ਵੀ ਸੂਰਜ ਦੇ ਸ਼ੁਕਰਗੁਜ਼ਾਰ ਨਹੀਂ ਹੁੰਦੇ ਕਿਉਂ ਨਾਸ਼ੁਕਰੀ ਸਾਡੇ ਜੀਵਨ-ਵਰਤਾਰੇ ਦਾ ਅੰਗ ਬਣ ਚੁੱਕੀ ਹੈ। ਸ਼ਾਇਦ ਇਸੇ ਕਰਕੇ ਹੀ ਅਸੀਂ ਸੂਰਜਾਂ ਵਰਗੇ ਇਨਸਾਨਾਂ ਨੂੰ ਅਹਿਮੀਅਤ ਅਤੇ ਅਦਬ ਨਹੀਂ ਦਿੰਦੇ ਜਿਹੜੇ ਹਨੇਰੀਆਂ ਰਾਤਾਂ ਵਰਗੀਆਂ ਜ਼ਿੰਦਗੀਆਂ ਨੂੰ ਦਿਨ ਦੇ ਉਜਾਲੇ ਵਰਗੇ ਬਣਾਉਣ ਦਾ ਪਰਉਪਕਾਰੀ ਕਾਰਜ ਕਰਦੀਆਂ।

ਸੂਰਜ ਤਾਂ ਮਹਾਂ-ਪਰਉਪਕਾਰੀ। ਮਹਾਂ ਦਾਤਾ। ਸਭ ਦਾ ਭਲਾ ਮੰਗਣ ਵਾਲਾ ਦੇਵਤਾ ਸਰੂਪ। ਹਰੇਕ ਖੂੰਜਿਆਂ ਅਤੇ ਖਰਲਾਂ ਦੀ ਟੋਹ ਲਾਉਣ ਵਾਲਾ। ਯਖ਼ ਸਾਹਾਂ ਵਿਚ ਤਪਸ਼ ਭਰਨ ਵਾਲਾ ਭਗਤ। ਕਦੇ ਇਹ ਆਪਣੀ ਰੌਸ਼ਨੀ ਚੰਦਰਮਾ ਨੂੰ ਦੇ ਕੇ ਰਾਤਾਂ ਨੂੰ ਪੁੰਨਿਆਂ ਦਾ ਵਰਦਾਨ ਦਿੰਦਾ। ਪਰ ਅਸੀਂ ਤਾਂ ਕਈ ਵਾਰ ਚਾਨਣੀਆਂ ਰਾਤਾਂ ਨੂੰ ਗੁਨਾਹਗਾਰ ਬਣਾਉਣ ਲੱਗਿਆਂ ਚਾਨਣੀ ਵੀ ਮਲੀਨ ਕਰ ਦਿੰਦੇ।

ਸੂਰਜ ਦਾ ਮਾਲੀ ਬਹੁਤ ਹੀ ਸਹਿਜ, ਸੁਖਨਮਈ ਅਤੇ ਸਮਰਪਿਤਾ ਵਾਲਾ। ਸਰਘੀ ਤੋਂ ਦੁਪਹਿਰ ਤੀਕ ਦੇ ਸਫ਼ਰ ਦੌਰਾਨ, ਇਹ ਹੌਲੀ-ਹੌਲੀ ਆਪਣਾ ਤਪਤੇਜ ਵਧਾਉਂਦਾ, ਪਰਛਾਵੇਂ ਨਿੱਕੇ ਹੋ ਜਾਂਦੇ ਜਿਨ੍ਹਾਂ ਨਾਲ ਧੁੱਪ ਨੂੰ ਹਰ ਥਾਂ 'ਤੇ ਵਿਛਣ ਤੇ ਭਾਗ ਲਾਉਣ ਦਾ ਮੌਕਾ ਮਿਲਦਾ। ਧਰਤੀ ਦਾ ਪਿੰਡਾ ਲਿਸ਼ਕੋਰਾਂ ਮਾਰਦਾ, ਧਰਤੀ ਦੀ ਕਿਸਮਤ ਜਾਗਦੀ, ਕੁਦਰਤ ਮੌਲਦੀ ਅਤੇ ਜੀਵ ਜੰਤੂ ਜੀਵਨ ਦੇ ਰੰਗਾਂ ਵਿਚ ਰੰਗੇ ਜਾਂਦੇ। ਇਹ ਤਿੱਖੜ ਦੁਪਹਿਰਾਂ ਦੀ ਰੁੱਤ ਹੀ ਹੁੰਦੀ ਜੋ ਮਨੁੱਖ ਨੂੰ ਇਹ ਵੀ ਸਮਝਾਉਂਦੀ ਕਿ ਜਵਾਨੀ ਦਾ ਜੋਸ਼, ਖ਼ੂਬਸੂਰਤੀ ਅਤੇ ਸੰਧੂਰੀ ਰੰਗਤ ਨੇ ਸਦੀਵ ਨਹੀਂ ਰਹਿਣਾ। ਲੋੜ ਹੈ ਕਿ ਜਵਾਨੀ ਦੇ ਮੂੰਹ ਜ਼ੋਰ ਆਵੇਗ ਨੂੰ ਅਜੇਹੀਆਂ ਪ੍ਰਾਪਤੀਆਂ ਦੇ ਨਾਮ ਲਾਈਏ ਕਿ ਆਉਣ ਵਾਲੀਆਂ ਨਸਲਾਂ ਦੇ ਚੇਤਿਆਂ ਵਿਚ ਅਸੀਂ ਸਦਾ ਲਈ ਖੁਣੇ ਜਾਈਏ। ਇਹ ਵੀ ਯਾਦ ਕਰਵਾਉਂਦੀ ਕਿ ਹੁਸਨ, ਜਵਾਨੀ ਅਤੇ ਮਾਪੇ ਜ਼ਿੰਦਗੀ ਦੇ ਅਨਮੋਲ ਰੰਗ। ਇਨ੍ਹਾਂ ਨੂੰ ਅਜ਼ੀਮ ਰੂਪ ਵਿਚ ਮਾਣੋ ਕਿਉਂ ਜਦ ਇਹ ਤਿੰਨੇ ਹੀ ਰੁੱਤਾਂ ਆਪਣਾ ਜਲਵਾ ਦਿਖਾ ਕੇ ਤੁਰ ਜਾਂਦੀਆਂ ਤਾਂ ਬਹੁਤ ਹੀ ਪਿਆਰੀਆਂ ਤੇ ਹੁਸੀਨ ਯਾਦਾਂ ਦਾ ਸਰਮਾਇਆ ਸਾਡਾ ਸਭ ਤੋਂ ਵੱਡਾ ਖ਼ਜ਼ਾਨਾ ਹੁੰਦਾ।

ਸੂਰਜ ਦਾ ਚੜ੍ਹਨਾ ਅਤੇ ਫਿਰ ਹੌਲੀ-ਹੌਲੀ ਸਿਖਰ ਦੁਪਹਿਰ ਤੋਂ ਬਾਅਦ ਢਲਨਾ, ਸਭ ਤੋਂ ਵੱਡਾ ਸੱਚ। ਢਲਦੇ ਪਰਛਾਵਿਆਂ ਦੀ ਰੁੱਤ ਮਨੁੱਖ ਦੀ ਝੋਲੀ ਵਿਚ ਬਹੁਤ ਸਾਰੀਆਂ ਸੁਮੱਤਾਂ ਪਾਉਂਦੀ। ਬੰਦੇ ਵਾਂਗ ਸੂਰਜ ਨੇ ਵੀ ਆਖ਼ਰ ਢਲਨਾ। ਆਪਣਾ ਤੱਪਤੇਜ਼ ਘਟਾਉਣਾ ਅਤੇ ਫਿਰ ਇਸ ਧਰਤ ਦੇ ਇੱਕ ਹਿੱਸੇ ਤੋਂ ਦੂਰ ਜਾ ਕੇ ਦੂਸਰੇ ਪਾਸੇ ਦੀ ਰਾਤ ਨੂੰ ਦਿਨ ਵਿਚ ਤਬਦੀਲ ਕਰਨਾ ਹੁੰਦਾ। ਉਹ ਆਪਣੀ ਨਿੱਤਨੇਮੀ ਚੰਗਿਆਈ ਵਿਚ ਕਦੇ ਕੁਤਾਹੀ ਨਹੀਂ ਕਰਦਾ। ਸੂਰਜ ਦੀ ਢਲਦੀ ਸ਼ਾਮ ਵਾਂਗ ਮਨੁੱਖ ਵੀ ਹੌਲੀ ਜਵਾਨੀ ਦੀ ਦਹਿਲੀਜ਼ ਨੂੰ ਪਾਰ ਕਰ ਕੇ ਬੁਢਾਪੇ ਵੰਨੀਂ ਅਹੁਲਦਾ। ਉਹ ਆਪਣੇ ਬੀਤੇ ਵਿਚੋਂ ਆਉਣ ਵਾਲੇ ਨਕਸ਼ਾਂ ਦੀ ਨਿਸ਼ਾਨਦੇਹੀ ਕਰਦਾ।

ਦਰਅਸਲ;
ਸੂਰਜ ਨੇ ਅੱਖ ਪੁੱਟੀ
ਕੋਸੀਆਂ ਕੋਸੀਆਂ ਕਿਰਨਾਂ ਨਾਲ
ਕਾਇਨਾਤ ਗਰਭਵਤੀ ਹੋ ਗਈ
ਸੁੱਤੇ ਬਨੇਰੇ ਜਾਗ ਪਏ
ਤੇ ਵਿਹੜਿਆਂ ਨੂੰ ਭਾਗ ਲੱਗ ਗਏ
ਚਮਨ 'ਚ ਫੁੱਲਾਂ ਨੇ ਰੌਣਕ ਲਾਈ
ਤੇ ਮਹਿਕਾਂ ਦੀ ਪੁਰਵਾਈ ਨੇ
ਫ਼ਿਜ਼ਾ ਨੂੰ ਸੁਗੰਧਿਤ ਕਰ ਦਿੱਤਾ
ਨੈਣਾਂ 'ਚ ਸੁਪਨਿਆਂ ਨੇ ਉਸਲਵੱਟੇ ਲਏ
ਤੇ ਪੈਰਾਂ ਵਿਚ ਉਗਿਆ ਸਫ਼ਰ
ਨਵੀਆਂ ਮੰਜ਼ਲਾਂ ਦਾ ਸਿਰਨਾਵਾਂ ਬਣਿਆ
ਹਾਲੀ ਤੇ ਪਾਲੀ ਜਾਗ ਪਏ
ਤੇ ਧਰਤੀ ਭਰੇ ਭੜੋਲਿਆਂ ਦਾ
ਨਾਮਕਰਨ ਹੋਈ
ਨਿੱਕੇ ਨਿੱਕੇ ਬੱਚਿਆਂ ਦੇ
ਵੱਡੇ ਵੱਡੇ ਸੁਪਨਿਆਂ ਨੇ ਉਡਾਣ ਭਰੀ
ਤੇ ਉਨ੍ਹਾਂ ਦੇ ਮਸਤਕ 'ਤੇ
ਨਵੀਆਂ ਪ੍ਰਾਪਤੀਆਂ ਦੇ ਸ਼ਿਲਾਲੇਖ ਉਕਰੇ ਗਏ
ਇਹ ਸੂਰਜ ਧਰਤੀ ਨੂੰ ਭਾਗ ਲਾਉਂਦਾ
ਅੰਬਰ ਨੂੰ ਰੁਸ਼ਨਾਉਂਦਾ
ਤੇ ਸਮੁੰਦਰ ਦੀਆਂ ਲਹਿਰ
ਤੇ ਕਿਰਨਾਂ ਵਿਛਾਉਂਦਾ
ਤੇ ਜਦ ਇਹ ਸੂਰਜ
ਸਾਡੇ ਬਾਹਰ ਤੋਂ ਅੰਦਰ ਦੀ ਯਾਤਰਾ ਤੇ ਨਿਕਲਦਾ
ਤਾਂ ਰੂਹ ਦੀ ਧਰਾਤਲ 'ਤੇ
ਸਾਰਥਿਕ ਸੋਚਾਂ ਤੇ ਸੁਪਨ-ਸੰਭਾਵਨਾਵਾਂ
ਦੀ ਸਿਰਜਣਾ ਕਰਦਾ
ਸੱਚੀਂ
ਸੂਰਜ ਅੱਖ ਪੁੱਟਦਾ
ਤੇ ਕੁਦਰਤ ਗਰਭਵਤੀ ਹੋ ਜਾਂਦੀ।

ਸੂਰਜ ਦੀ ਨਿਰੰਤਰ ਚਾਲ ਕਾਰਨ ਹੀ ਸ਼ਾਮਾਂ ਪੈ ਜਾਂਦੀਆਂ। ਸੂਰਜ ਆਪਣੀ ਯਾਤਰਾ ਪੂਰੀ ਕਰਨ ਲੱਗਿਆਂ, ਗੋਡੀ ਮਾਰਨ ਦੀ ਤਿਆਰੀ ਕਰਦਾ। ਓਵੇਂ ਹੀ ਜਿਵੇਂ ਮਨੁੱਖ ਵੀ ਆਪਣੇ ਅੰਤ ਨੂੰ ਕਰੀਬ ਜਾਣ ਆਖ਼ਰੀ ਸਾਹਾਂ ਨੂੰ ਅਲਵਿਦਾ ਕਹਿਣ ਲਈ ਕਾਹਲਾ ਹੁੰਦਾ। ਦਰਅਸਲ ਸੂਰਜ ਦੇ ਅਸਤ ਹੋਣ ਅਤੇ ਬੰਦੇ ਦੇ ਤੁਰ ਜਾਣ ਵਿਚ ਸਿਰਫ਼ ਬੰਦੇ ਦੇ ਕਰਮਾਂ ਦਾ ਵਖਰੇਵਾਂ ਹੁੰਦਾ। ਸੂਰਜ ਤਾਂ ਹਮੇਸ਼ਾ ਸ਼ੁੱਭ ਕਰਮਨ ਦਾ ਹਾਮੀ। ਦਾਤਾਂ ਦੀਆਂ ਝੋਲੀਆਂ ਭਰਨ ਵਾਲਾ। ਆਪਣੀ ਧੁੱਪ ਰਾਹੀਂ ਸਮੁੱਚੀ ਕਾਇਨਾਤ ਵਿਚ ਜੀਵਨ ਧੜਕਾਉਂਦਾ। ਮਨੁੱਖੀ ਵਿਕਾਸ ਅਤੇ ਉਤਪਤੀ ਦਾ ਸਬੱਬ। ਪਰ ਮਨੁੱਖ ਦੀਆਂ ਕਮੀਨਗੀਆਂ ਅਤੇ ਕੁਤਾਹੀਆਂ ਹੀ ਮਨੁੱਖੀ ਅਧੋਗਤੀ ਦਾ ਪ੍ਰਮੁੱਖ ਕਾਰਨ। ਜੇਕਰ ਮਨੁੱਖ ਦੇ ਹੱਥ ਵੱਸ ਹੁੰਦਾ ਤਾਂ ਉਸ ਨੇ ਸੂਰਜ ਨੂੰ ਵੀ ਗ਼ੁਲਾਮ ਬਣਾ ਲੈਣਾ ਸੀ। ਮਨੁੱਖ ਤਾਂ ਅੱਜ-ਕੱਲ੍ਹ ਆਪਣੇ ਹੀ ਚੱਕਰਵਿਊ ਵਿਚ ਫਸਿਆ ਖ਼ੁਦ ਤੋਂ ਨਿਜਾਤ ਪਾਉਣ ਲਈ ਲਿਲ੍ਹਕੜੀਆਂ ਕੱਢ ਰਿਹਾ। ਸੂਰਜ ਤਾਂ ਆਪਣੇ ਸੂਰਜ ਮੰਡਲ ਸਮੇਤ ਪਿਆਰੀ ਧਰਤੀ ਦੀਆਂ ਹਰ ਬਲਾਵਾਂ ਉਤਾਰਦਾ। ਇਸ 'ਤੇ ਵੱਸਦੇ ਜੀਵ-ਜੰਤੂਆਂ ਦੀ ਖ਼ੈਰ-ਸੁੱਖ ਮੰਗਦਾ। ਪਰ ਮਨੁੱਖ ਦੀ ਕੇਹੀ ਫ਼ਿਤਰਤ ਕਿ ਉਸ ਨੇ ਪ੍ਰਮਾਣੂ ਬੰਬ ਵੀ ਬਣਾ ਲਏ ਤਾਂ ਕਿ ਆਪਣੇ ਹੱਥੀਂ ਆਪਣੀ ਮੌਤ ਸਹੇੜੀ ਜਾ ਸਕੇ। ਯਾਦ ਰਹੇ ਕਿ ਜੇ ਭਵਿੱਖ ਵਿਚ ਪ੍ਰਮਾਣੂ ਜੰਗ ਲੱਗ ਗਈ ਤਾਂ ਪ੍ਰਮਾਣੂ ਹਥਿਆਰ ਅਜੇਹੀ ਤਬਾਹੀ ਮਚਾਉਣਗੇ ਕਿ ਗਰਦ ਅਤੇ ਧੂੰਏਂ ਦਾ ਗ਼ੁਬਾਰ ਵੱਡੇ ਰੂਪ ਵਿਚ ਉੱਠੇਗਾ ਅਤੇ ਸਮੁੱਚੀ ਧਰਤੀ ਦੇ ਵਾਯੂ-ਮੰਡਲ ਵਿਚ ਫੈਲ ਜਾਵੇਗਾ। ਫਿਰ ਸੂਰਜ ਦੀਆਂ ਕਿਰਨਾਂ ਵੀ ਧਰਤੀ 'ਤੇ ਨਹੀਂ ਆ ਸਕਣਗੀਆਂ। ਧੁੱਪ ਦੀ ਅਣਹੋਂਦ ਕਾਰਨ, ਗਰਮੀ ਤੋਂ ਬਗੈਰ ਧਰਤ ਦੀ ਸਮੁੱਚੀ ਬਨਸਪਤੀ ਸੜ ਸੁੱਕ ਜਾਵੇਗੀ। ਸਾਰੇ ਜੀਵ-ਜੰਤੂ ਭੁੱਖ ਨਾਲ ਵਿਲਕਦੇ ਆਪਣੀਆਂ ਜਾਨਾਂ ਦੇ ਦੇਣਗੇ ਅਤੇ ਪ੍ਰਮਾਣੂ ਹਥਿਆਰ ਬਣਾਉਣ ਅਤੇ ਚਲਾਉਣ ਵਾਲੇ ਵੀ ਸਿਵਿਆਂ ਦੀ ਰਾਖ ਬਣ ਜਾਣਗੇ। ਕੇਹੀ ਕਮੀਨੀ ਸੋਚ ਹੈ ਬੰਦੇ ਦੀ ਕਿ ਉਂਜ ਤਾਂ ਸੂਰਜ ਕਾਬੂ ਨਹੀਂ ਆਉਂਦਾ। ਬਿਹਤਰ ਤਰੀਕਾ ਇਹ ਹੋਵੇਗਾ ਕਿ ਸੂਰਜ ਲਈ ਇੰਨਾ ਵੱਡਾ ਓਹਲਾ ਪੈਦਾ ਕਰੋ ਕਿ ਸੂਰਜ ਦਿਖਾਈ ਹੀ ਨਾ ਦੇਵੇ। ਖ਼ੁਦ ਭਾਵੇਂ ਮਰ ਜਾਵੇਂ।

ਯਾਦ ਰਹੇ ਕਿ ਸੂਰਜ ਡੁੱਬ ਕੇ ਵੀ ਨਹੀਂ ਡੁੱਬਦਾ ਕਿਉਂਕਿ ਸੂਰਜ ਹਮੇਸ਼ਾ ਯਾਤਰਾ 'ਤੇ। ਉਹ ਕਿਧਰੇ ਨਹੀਂ ਜਾਂਦਾ ਅਤੇ 12 ਕੁ ਘੰਟਿਆਂ ਬਾਅਦ ਪਰਤ ਆਉਂਦਾ। ਪਰ ਮਨੁੱਖ ਕੇਰਾਂ ਜਾ ਕੇ ਕਦੇ ਨਹੀਂ ਪਰਤਦਾ। ਨਾ ਹੀ ਉਸ ਦੀ ਕੋਈ ਉੱਘ-ਸੁੱਘ ਮਿਲਦੀ ਹੈ। ਸਿਰਫ਼ ਕੁਝ ਕੁ ਮਹਾਨ ਵਿਅਕਤੀ ਹੁੰਦੇ ਜੋ ਆਪਣੀਆਂ ਕਰਨੀਆਂ, ਕਥਨੀਆਂ ਅਤੇ ਕਰਮ ਯੋਗਤਾ ਸਦਕਾ ਲੋਕ ਮਨਾਂ ਵਿਚ ਸਦਾ ਜੀਵੰਤ ਰਹਿੰਦੇ।

ਸੂਰਜ ਸਿਰਫ਼ ਸੂਰਜ ਹੁੰਦਾ। ਇਹ ਚੰਨ ਨਹੀਂ ਬਣ ਸਕਦਾ ਅਤੇ ਨਾ ਹੀ ਇਹ ਧਰਤੀ ਵਰਗਾ ਹੋ ਸਕਦਾ ਜਿਸ ਨੂੰ ਰੱਕੜ ਬਣਾਉਣ ਲੱਗਿਆਂ ਅਤੇ ਇਸ ਦੀ ਸੁੱਚਮਤਾ ਨੂੰ ਮਲੀਨ ਕਰਨ ਲੱਗਿਆ ਅਸੀਂ ਪਲ ਨਹੀਂ ਲਾਉਂਦੇ।

ਸੂਰਜ ਵਰਗਾ ਬਣਨ ਲਈ ਜ਼ਰੂਰੀ ਹੈ ਕਿ ਅਸੀਂ ਸੂਰਜ ਵਰਗੀ ਸੋਚ ਤੇ ਸਾਧਨਾ ਨਾਲ ਮਸਤਕ-ਮੰਡਲ ਵਿਚ ਘਰ ਪਾਉਣ ਦੀ ਧਾਰਨਾ ਦੇ ਹਾਮੀ ਹੋਈਏ। ਸਾਡੇ ਸੁਪਨੇ ਅੰਬਰ ਜੇਡੇ ਵਿਸ਼ਾਲ, ਸਮੁੰਦਰ ਵਰਗੇ ਡੂੰਘੇ, ਧਰਤ ਜੇਡੇ ਵੱਡੇ ਅਤੇ ਪੌਣ ਜੇਹੇ ਪਾਕੀਜ਼ ਹੋਣੇ ਚਾਹੀਦੇ। ਮਨਾਂ ਵਿਚ ਸੂਰਜ ਵਰਗੀ ਸੰਵੇਦਨਾ ਅਤੇ ਸੰਤੁਸ਼ਟੀ ਦਾ ਪ੍ਰਭਾਵ ਪੈਦਾ ਕਰੀਏ।

ਸੂਰਜ ਵਰਗਾ ਬਣਨਾ ਅਸਾਨ ਤਾਂ ਨਹੀਂ ਪਰ ਮਨ ਵਿਚ ਕੁਝ ਬਣਨ ਦਾ ਵਿਚਾਰ ਹੋਵੇ ਤਾਂ ਬੰਦਾ ਸਭ ਕੁਝ ਕਰ ਸਕਦਾ। ਸੂਰਜ ਵਾਂਗ ਚਮਕਦੀ ਅਤੇ ਅੱਖਾਂ ਚੁੰਧਿਆਉਂਦੀ ਸ਼ਖ਼ਸੀਅਤ ਹੀ ਸੂਰਜ ਦੀਆਂ ਬਾਤਾਂ ਪਾ ਸਕਦੀ ਅਤੇ ਸੂਰਜ ਵਰਗੀ ਬੁੱਕਲ ਬਣ ਸਕਦੀ।

ਕੀ ਤੁਹਾਡੇ ਮਨ ਵਿਚ ਕਦੇ ਸੂਰਜ ਵਰਗੇ ਬਣਨ ਦਾ ਖ਼ਿਆਲ ਆਇਆ? ਜੇ ਨਹੀਂ ਤਾਂ 'ਕੇਰਾਂ ਸੂਰਜ ਵਰਗੇ ਤਪਤ-ਰਿਸ਼ੀ ਬਣਨ ਬਾਰੇ ਮਨ ਵਿਚ ਜ਼ਰੂਰ ਸੋਚਣਾ। ਤੁਸੀਂ ਸੂਰਜ ਵਰਗੀ ਸਿਰਜਣਾਤਮਿਕਤਾ ਅਤੇ ਸੁਪਨਸਾਜ਼ੀ ਦਾ ਸਿਰਨਾਵਾਂ ਜ਼ਰੂਰ ਬਣੋਗੇ।

# ਮਾਲੀ ਦੀ ਗ੍ਰਿਫਤਾਰੀ ਨਿੰਦਣਯੋਗ ਕਾਰਵਾਈ

ਹਜ਼ਾਰਾ ਸਿੰਘ ਮਿਸੀਸਾਗਾ
ਫੋਨ: 647-685-5997

ਮਾਲਵਿੰਦਰ ਸਿੰਘ ਮਾਲੀ ਨੇ ਆਪਣੀਆਂ ਬੇਬਾਕ ਟਿੱਪਣੀਆਂ ਕਾਰਨ ਪੰਜਾਬੀਆਂ ਦੀ ਬਹੁਤ ਵੱਡੀ ਗਿਣਤੀ ਨੂੰ ਪ੍ਰਭਾਵਿਤ ਕੀਤਾ ਹੈ। ਉਸ ਨੂੰ ਪਸੰਦ ਕਰਨ ਵਾਲਿਆਂ ਅਤੇ ਨਾ- ਪਸੰਦ ਕਰਨ ਵਾਲਿਆਂ ਦਾ ਘੇਰਾ ਵੀ ਵਿਸ਼ਾਲ ਹੈ। ਪਰ ਲਗਦਾ ਹੈ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਮਾਲੀ ਦੀਆਂ ਟਿੱਪਣੀਆਂ ਤੋਂ ਔਖ ਮਹਿਸੂਸ ਕਰ ਰਹੀ ਸੀ। ਜਿਨ੍ਹਾਂ ਨੇ ਬਹਾਨਾ ਬਣਾ ਕੇ ਮਾਲੀ ਨੂੰ ਗ੍ਰਿਫਤਾਰ ਕਰ ਲਿਆ ਹੈ। ਕਿਸੇ ਨਾਮੀ ਟਿੱਪਣੀਕਾਰ ਨੂੰ ਇਸ ਤਰ੍ਹਾਂ ਗ੍ਰਿਫਤਾਰ ਕਰਨਾ ਸਰਕਾਰ ਦਾ ਹੋਛਾਪਣ ਹੈ। ਇਹ ਬੁਨਿਆਦੀ ਅਧਿਕਾਰਾਂ ਦਾ ਘਾਣ ਹੈ ਅਤੇ ਸੱਤਾ ਦੀ ਦੁਰਵਰਤੋਂ ਹੈ। ਸੱਤਾਧਾਰੀਆਂ ਨੂੰ ਵੱਡਾ ਜੇਰਾ ਕਰ ਕੇ ਆਲੋਚਨਾ ਸੁਣਨ ਦਾ ਮਾਦਾ ਪੈਦਾ ਕਰਨਾ ਚਾਹੀਦਾ ਹੈ ਅਤੇ ਸਰਕਾਰ ਦੇ ਆਲੋਚਕਾਂ



ਦੇ ਅਧਿਕਾਰਾਂ ਦੀ ਵੀ ਰੱਖਿਆ ਕਰਨ ਦਾ ਸੰਵਿਧਾਨਕ ਫਰਜ਼ ਨਿਭਾਉਣਾ ਚਾਹੀਦਾ ਹੈ।

ਮਾਲੀ ਦੀ ਗ੍ਰਿਫਤਾਰੀ ਦੱਸਦੀ ਹੈ ਕਿ ਪੰਜਾਬ ਦੇ ਲੋਕਾਂ ਨੇ ਹੌਲੇ ਲੋਕ ਵੱਡੀਆਂ ਕੁਰਸੀਆਂ 'ਤੇ ਬਿਠਾ ਦਿੱਤੇ ਹਨ ਜੋ ਮਾਮੂਲੀ ਵਿਰੋਧ ਨੂੰ ਵੀ ਨਿੱਜੀ ਵਿਰੋਧ ਜਾਣ ਕੇ ਕਿੜ ਰੱਖਣ ਦੇ ਰੋਗ ਤੋਂ ਪੀੜਤ ਹੋ ਗਏ ਹਨ।

ਜਾਣੇ-ਪਛਾਣੇ ਬੁੱਧੀਜੀਵੀ ਅਤੇ ਅਰਥ ਸ਼ਾਸ਼ਤਰੀ ਸ: ਸੁੱਚਾ ਸਿੰਘ ਗਿੱਲ ਨੇ ਵੀ ਇਸ ਗ੍ਰਿਫਤਾਰੀ 'ਤੇ ਹੈਰਾਨੀ ਪ੍ਰਗਟ ਕਰਦੇ ਹੋਏ ਇਸ ਨੂੰ ਸਰਕਾਰ ਦਾ ਨਿੰਦਣਯੋਗ ਕਦਮ ਆਖਿਆ ਹੈ। ਸਰੀ ਤੋਂ ਪ੍ਰੋ. ਬਾਵਾ ਸਿੰਘ ਅਤੇ ਪ੍ਰੋ. ਅਮਰਜੀਤ ਸਿੰਘ ਨੇ ਵੀ ਮਾਲੀ ਨੂੰ ਇਸ ਕਿਸਮ ਦੀ ਬਦਲਾਖੋਰੀ ਕਾਰਵਾਈ ਦੀ ਨਿੰਦਾ ਕਰਦਿਆਂ ਜਲਦ ਤੋਂ ਜਲਦ ਉਨ੍ਹਾਂ ਦੀ ਰਿਹਾਈ ਕਰਨ ਦੀ ਮੰਗ ਕੀਤੀ ਹੈ।

ਪੰਜਾਬ ਸਰਕਾਰ ਨੂੰ ਐਸੇ ਹੋਛੇ ਕੇਸ ਦਰਜ ਕਰਨ ਦੀ ਬਜਾਏ ਪੰਜਾਬੀਆਂ ਦੀਆਂ ਵੱਡੀਆਂ ਸਮੱਸਿਆਵਾਂ ਹੱਲ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।

# ਮਣੀਪੁਰ : ਰੋਮ ਜਲ ਰਿਹਾ ਹੈ



ਮਣੀਪੁਰ ਦਾ ਸੰਘਰਸ਼ ਹੁਣ ਗ੍ਰਹਿ ਯੁੱਧ ਜਿਹੀ ਸਥਿਤੀ 'ਤੇ ਪੁੱਜ ਚੁੱਕਾ ਹੈ। ਉਥੋਂ ਦੇ ਮੈਤੇਈ ਅਤੇ ਕੁਕੀ ਫਿਰਕਿਆਂ ਦੇ ਗਰਮ-ਤੱਤੇ ਹਥਿਆਰਬੰਦ ਸੰਗਠਨ ਨਾ ਕੇਵਲ ਹਿੰਸਾ ਕਰਦੇ ਹਨ ਬਲਕਿ ਨਵੇਂ ਆਧੁਨਿਕ ਤਕਨੀਕੀ ਉਪਕਰਨਾਂ, ਹਥਿਆਰਾਂ ਦੀ ਵਰਤੋਂ ਕਰਨ ਲੱਗੇ ਹਨ। ਮਣੀਪੁਰ ਦੇ ਮੁੱਖ ਮੰਤਰੀ ਨੇ ਸਖ਼ਤ ਕਦਮ ਚੁੱਕਣ ਦੀ ਚਿਤਾਵਨੀ ਦਿੱਤੀ ਹੈ, ਪਰ ਉਪਰਲੀ-ਹੇਠਲੀ ਭਾਜਪਾ ਸਰਕਾਰ ਹੱਥ 'ਤੇ ਹੱਥ ਧਰ ਕੇ ਬੈਠੀ ਹੈ।



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਸਵਾਲ ਪੈਦਾ ਹੁੰਦਾ ਹੈ ਕਿ ਕੋਈ ਜ਼ਿੰਮੇਵਾਰ ਸਰਕਾਰ ਕਿਸ ਤਰ੍ਹਾਂ ਨਾਗਰਿਕਾਂ ਨੂੰ ਆਪਸ ਵਿਚ ਇੱਕ-ਦੂਜੇ ਨਾਲ ਭਿੜਦੇ-ਮਰਦੇ ਵੇਖ ਸਕਦੀ ਹੈ?

ਮਣੀਪੁਰ ਦੀ ਹਿੰਸਾ ਨੂੰ ਲੈ ਕੇ ਦੁਨੀਆ ਭਰ ਵਿਚ ਦੇਸ਼ ਦੀ ਕਿਰਕਰੀ ਹੋ ਰਹੀ ਹੈ। ਇਹੋ ਜਿਹੀ ਸਥਿਤੀ ਵਿਚ ਵੀ ਕੇਂਦਰ ਸਰਕਾਰ ਚੁੱਪ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੇਂਦਰ ਸਰਕਾਰ ਚੁੱਪ ਆਖ਼ਿਰ ਕਿਉਂ ਹੈ? ਜੇਕਰ ਮੁੱਖ ਮੰਤਰੀ ਮਣੀਪੁਰ 'ਚ ਹਿੰਸਾ ਰੋਕਣ 'ਚ ਕਾਮਯਾਬ ਨਹੀਂ ਤਾਂ ਉਸਨੂੰ ਬਦਲਣ 'ਚ ਸੰਕੋਚ ਕਿਉਂ ਹੈ? ਚੋਣ ਨੀਤੀ ਤਹਿਤ ਭਾਜਪਾ ਕਈ ਸੂਬਿਆਂ 'ਚ ਮੁੱਖ ਮੰਤਰੀ ਬਦਲ ਚੁੱਕੀ ਹੈ, ਫਿਰ ਮਣੀਪੁਰ 'ਚ ਕਿਉਂ ਨਹੀਂ ਬਦਲਿਆ ਜਾ ਰਿਹਾ ਹੈ? ਸਵਾਲ ਤਾਂ ਇਹ ਵੀ ਪੈਦਾ ਹੁੰਦਾ ਹੈ ਕਿ ਰੂਸ-ਯੁਕਰੇਨ ਯੁੱਧ ਰੁਕਵਾਉਣ ਲਈ ਤਾਂ ਪ੍ਰਧਾਨ ਮੰਤਰੀ ਯਤਨਸ਼ੀਲ ਹਨ, ਪਰ ਮਣੀਪੁਰ ਦੀ ਹਿੰਸਾ ਨੂੰ ਰੋਕਣ ਲਈ ਪਹਿਲ ਕਿਉਂ ਨਹੀਂ ਕਰਦੇ?

ਮਣੀਪੁਰ ਬੇਯਕੀਨੀ, ਛਲ-ਕਪਟ ਅਤੇ ਜਾਤੀ ਸੰਘਰਸ਼ ਦੇ ਜਾਲ ਵਿਚ ਫਸਿਆ ਹੋਇਆ ਹੈ। ਭਾਵੇਂ ਮਣੀਪੁਰ 'ਚ ਸ਼ਾਂਤੀ ਬਣਾਈ ਰੱਖਣਾ ਪਹਿਲੀਆਂ ਸਰਕਾਰਾਂ ਸਮੇਂ ਵੀ ਸੌਖਾ ਨਹੀਂ ਸੀ, ਪਰ ਭਾਜਪਾ ਦੀ ਕੇਂਦਰੀ ਸਰਕਾਰ ਦੀ ਲਾਪਰਵਾਹੀ ਅਤੇ ਸੂਬਾ ਸਰਕਾਰ ਦੀ ਨਾ-ਕਾਬਲੀਅਤ ਕਾਰਨ ਪਿਛਲੇ ਸਮੇਂ ਤੋਂ ਇਥੇ ਸਥਿਤੀ ਬਦ ਤੋਂ ਬਦਤਰ ਹੋ ਚੁੱਕੀ ਹੈ।

ਸਰਕਾਰ ਵਲੋਂ ਪਿਛਲੇ ਇੱਕ ਹਫਤੇ 'ਚ ਦੋ ਜ਼ਿਲ੍ਹਿਆਂ 'ਚ ਕਰਫਿਊ ਲਗਾ ਦਿੱਤਾ ਗਿਆ। ਸਕੂਲ, ਕਾਲਜ ਬੰਦ ਕਰ ਦਿੱਤੇ ਗਏ, ਪੰਜ ਜ਼ਿਲ੍ਹਿਆਂ 'ਚ ਇੰਟਰਨੈੱਟ ਬੰਦ ਕੀਤਾ ਗਿਆ। ਇੰਫਾਲ ਦੀਆਂ ਸੜਕਾਂ 'ਤੇ ਪੁਲਿਸ ਅਤੇ ਵਿਦਿਆਰਥੀ ਇੱਕ ਦੂਜੇ ਦੇ ਆਹਮੋ-ਸਾਹਮਣੇ ਹਨ, ਲੜ ਰਹੇ ਹਨ। ਮਣੀਪੁਰ 'ਚ 26000 ਸੀ.ਆਰ.ਪੀ.ਐਫ. ਜਵਾਨ ਤਾਇਨਾਤ ਹਨ, ਇਨ੍ਹਾਂ 'ਚ 2000 ਹੋਰ ਦਾ ਵਾਧਾ ਕੀਤਾ ਗਿਆ ਹੈ। ਤਦ ਵੀ ਸੂਬੇ 'ਚ ਅਮਨ-ਕਾਨੂੰਨ ਦੀ ਸਥਿਤੀ ਕਾਬੂ 'ਚ ਨਹੀਂ ਹੈ। ਨਿੱਤ ਦਿਹਾੜੇ ਵੱਡੀਆਂ ਵਾਰਦਾਤਾਂ ਹੋ ਰਹੀਆਂ ਹਨ।

ਮਣੀਪੁਰ ਅਸਲ 'ਚ ਦੋ ਰਾਜ ਹਨ। ਚੂੜਾਚਾਂਦਪੁਰ, ਫੇਰਜਾਵਲ ਅਤੇ ਕਾਂਗਪੋਕਪੀ ਜ਼ਿਲ੍ਹੇ ਪੂਰੀ ਤਰ੍ਹਾਂ ਕੁਕੀ ਲੋਕਾਂ ਦੇ ਕਾਬੂ ਵਿਚ ਹਨ ਅਤੇ ਤੇਂਗਨੋਪਾਲ ਜ਼ਿਲ੍ਹਾ (ਜਿਸ ਵਿਚ ਸੀਮਾਵਰਤੀ ਸ਼ਹਿਰ ਮੋਰੇਹ ਵੀ ਸ਼ਾਮਲ ਹੈ) ਜਿਸ ਵਿਚ ਕੁਕੀ-ਜੋਮੀ ਅਤੇ ਨਾਗਾ ਦੀ ਰਲੀ-ਮਿਲੀ ਆਬਾਦੀ ਹੈ, ਅਸਲੀਅਤ ਵਿਚ ਕੁਕੀ ਜੋਮੀ ਦੇ ਨਿਯੰਤਰਣ ਵਿਚ ਹਨ। ਇਥੇ ਕੋਈ ਵੀ ਮੈਤੇਈ ਸਰਕਾਰੀ ਕਰਮਚਾਰੀ ਨਹੀਂ ਹੈ। ਇਹ ਘਾਟੀ ਦੇ ਜ਼ਿਲ੍ਹੇ ਵਿਚ ਵਸੇ ਹੋਏ ਹਨ। ਰਾਜ ਦਾ ਲਗਭਗ 40 ਫ਼ੀਸਦੀ ਹਿੱਸਾ ਮੈਦਾਨੀ ਅਤੇ ਘਾਟੀ ਵਾਲਾ ਹੈ, ਜਿਥੇ 53 ਫ਼ੀਸਦੀ ਮੈਤੇਈ ਆਬਾਦੀ ਇਥੇ ਰਹਿੰਦੀ ਹੈ। ਬਾਕੀ 60 ਫੀਸਦੀ ਆਬਾਦੀ ਪਹਾੜੀ ਇਲਾਕੇ 'ਚ ਕੁਕੀ, ਨਾਗਾ ਅਤੇ ਜਨ-ਜਾਤੀਆਂ ਰਹਿੰਦੀਆਂ ਹਨ।

ਕੁਕੀ-ਜੋਮੀ ਇਹੋ ਜਿਹੇ ਰਾਜ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ, ਜਿਥੇ ਮੈਤੇਈ ਬਹੁਮਤ 'ਚ ਹੋਣ। ਮੈਤੇਈ ਮਣੀਪੁਰ 'ਚ ਆਪਣੀ ਪਛਾਣ ਅਤੇ ਖੇਤਰੀ ਅਖੰਡਤਾ ਬਣਾਈ ਰੱਖਣਾ ਚਾਹੁੰਦੇ ਹਨ। ਇੰਜ ਫਿਰਕਿਆਂ ਵਿਚ ਦੁਸ਼ਮਣੀ ਗਹਿਰੀ ਹੈ। ਕਿਸੇ ਵੀ ਫਿਰਕੇ ਦੀ ਆਪਸ ਵਿਚ ਕੋਈ ਗਲਬਾਤ ਨਹੀਂ, ਕੋਈ ਸਾਂਝ ਨਹੀਂ ਹੈ: ਸਰਕਾਰ ਅਤੇ ਜਾਤੀ ਸਮੂਹ ਵਿਚ ਜਾਂ ਮੈਤੇਈ ਅਤੇ ਕੁਕੀ-ਜੋਮੀ ਵਿਚਕਾਰ। ਨਾਗਾ ਲੋਕਾਂ ਦੀ ਕੇਂਦਰ ਅਤੇ ਰਾਜ ਸਰਕਾਰਾਂ ਦੇ ਖ਼ਿਲਾਫ਼ ਆਪਣੀਆਂ ਇਤਿਹਾਸਕ ਸ਼ਿਕਾਇਤਾਂ ਹਨ ਅਤੇ ਉਹ ਮੈਤੇਈ ਬਨਾਮ ਕੁਕੀ-ਜੋਮੀ ਸੰਘਰਸ਼ ਵਿਚ ਉਲਝਣਾਂ ਨਹੀਂ ਚਾਹੁੰਦੇ।

ਮੌਜੂਦਾ ਸਮੇਂ 'ਚ ਮੁੱਖ ਮੰਤਰੀ ਬੀਰੇਨ ਸਿੰਘ ਸਿਰਫ਼ ਨਾਂਅ ਦੇ ਹੀ ਮੁੱਖ ਮੰਤਰੀ ਬਣ ਕੇ ਰਹਿ ਗਏ ਹਨ। ਕੁਕੀ-ਜੋਮੀ ਉਨ੍ਹਾਂ ਨੂੰ ਨਫ਼ਰਤ ਕਰਦੇ ਹਨ। ਮੈਤੇਈ ਫਿਰਕਾ ਉਨ੍ਹਾਂ ਦੀ ਪਿੱਠ ਉਤੇ ਹੈ, ਪਰ ਮਣੀਪੁਰ 'ਚ ਸਥਿਤੀ ਇਹੋ ਜਿਹੀ ਬਣ ਚੁੱਕੀ ਹੈ ਕਿ ਪ੍ਰਸ਼ਾਸਨ ਦਾ ਉਥੇ ਕੋਈ ਨਾਮੋ-ਨਿਸ਼ਾਨ ਨਹੀਂ ਹੈ। ਸੱਭੋ ਕੁਝ ਫਿਰਕਿਆਂ ਦੇ ਚੌਧਰੀਆਂ ਹੱਥ ਹੈ।

ਮਣੀਪੁਰ ਇਸ ਵੇਲੇ ਜਲ ਰਿਹਾ ਹੈ, ਉਥੇ ਦੇ ਲੋਕਾਂ 'ਚ ਆਪਸੀ ਵਿਸ਼ਵਾਸ ਦੀ ਕਮੀ ਹੋ ਚੁੱਕੀ ਹੈ। ਸੰਸਦੀ ਲੋਕਤੰਤਰ 'ਚ ਮਣੀਪੁਰ ਦੁਖਦ ਸਥਿਤੀ 'ਚ ਪੁੱਜ ਚੁੱਕਾ ਹੈ। ਅਸਲ ਵਿਚ ਤਾਂ ਸਰਕਾਰਾਂ ਅਤੇ ਸਿਆਸੀ ਨੇਤਾਵਾਂ ਨੇ, ਮਣੀਪੁਰ ਨੂੰ ਆਪਣੀ ਸਮੂਹਿਕ ਚੇਤਨਾ ਦੇ ਸਭ ਤੋਂ ਗਹਿਰੇ ਹਨ੍ਹੇਰੇ ਦੇ ਇੱਕ ਕੋਨੇ 'ਚ ਦਬਾ ਦਿੱਤਾ ਹੈ।

ਮਣੀਪੁਰ 'ਚ ਦੋ ਫਿਰਕਿਆਂ ਦੇ ਵਿਚਕਾਰ ਲਗਾਤਾਰ ਝੜਪਾਂ ਹੁੰਦੀਆਂ ਹਨ। ਮੈਤੇਈ ਫਿਰਕੇ ਨੂੰ ਅਨੁਸੂਚਿਤ ਜਾਤੀ ਦਾ ਦਰਜਾ ਦੇਣ ਦੀ ਮੰਗ ਨੂੰ ਇਸ ਹਿੰਸਾ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਕੁਕੀ ਫਿਰਕਾ ਇਸਦਾ ਵਿਰੋਧ ਕਰਦਾ ਹੈ। ਇਸ ਹਿੰਸਾ 'ਚ 221 ਲੋਕ ਮਰੇ ਅਤੇ 60000 ਤੋਂ ਵੱਧ ਬੇਘਰ ਹੋਏ। ਪਿੰਡਾਂ ਦੇ ਪਿੰਡ ਇਸ ਹਿੰਸਾ 'ਚ ਤਬਾਹ ਹੋਏ। ਲੋਕਾਂ ਨੂੰ ਹੋਰ ਥਾਵਾਂ 'ਤੇ ਪਨਾਹ ਲੈਣੀ ਪਈ। ਇੱਕ-ਦੂਜੇ ਦੇ ਚਰਚ, ਮੰਦਰ ਤੋੜ ਦਿੱਤੇ ਗਏ।

ਪਿਛਲੇ ਸਾਲ ਮਣੀਪੁਰ ਹਿੰਸਾ ਦੇ ਦੌਰਾਨ ਭੀੜ ਤੋਂ ਬਚਣ ਲਈ ਮਦਦ ਦੀ ਗੁਹਾਰ ਲਗਾਉਣ ਵਾਲੀਆਂ ਦੋ ਔਰਤਾਂ ਨੂੰ ਪੁਲਿਸ ਨੇ ਹੀ ਦੰਗਾ ਕਰਨ ਵਾਲਿਆਂ ਦੇ ਹੱਥ ਸੌਂਪ ਦਿੱਤਾ। ਇਸ ਤੋਂ ਬਾਅਦ ਭੀੜ ਨੇ ਇਨ੍ਹਾਂ ਦੋ ਔਰਤਾਂ ਨੂੰ ਨਿਰਵਸਤਰ ਕਰ ਦਿੱਤਾ ਅਤੇ ਇਲਾਕੇ 'ਚ ਘੁੰਮਾਇਆ ਅਤੇ ਉਨ੍ਹਾਂ ਦਾ ਯੌਨ ਉਤਪੀੜਨ ਵੀ ਕੀਤਾ ਗਿਆ। ਇਸ ਘਟਨਾ ਨੇ ਭਾਰਤ ਦੇਸ਼ ਦਾ ਅਕਸ ਵਿਦੇਸ਼ਾਂ 'ਚ ਬਹੁਤ ਧੁੰਦਲਾ ਕੀਤਾ। ਭਾਰਤੀ ਨੇਤਾਵਾਂ ਨੂੰ ਉਨ੍ਹਾਂ ਦੇ ਵਿਦੇਸ਼ ਦੌਰਿਆਂ ਦੌਰਾਨ ਇਸ ਸਬੰਧੀ ਸਵਾਲ ਪੁੱਛੇ ਗਏ। ਅਸਲ 'ਚ ਇਸ ਘਟਨਾ ਨੇ ਭਾਰਤੀਆਂ ਨੂੰ ਪੂਰੀ ਦੁਨੀਆਂ 'ਚ ਸ਼ਰਮਸਾਰ ਕੀਤਾ।

ਮਣੀਪੁਰ ਵਿਚ ਸੰਘਰਸ਼ ਦਾ ਮੁੱਖ ਕਾਰਨ ਜ਼ਮੀਨ ਹੈ। ਇਥੇ ਸਮਾਜਿਕ-ਆਰਥਿਕ ਅਤੇ ਸਿਆਸੀ ਵਿਵਸਥਾਵਾਂ ਜ਼ਮੀਨ ਅਤੇ ਇਸ ਨਾਲ ਸਬੰਧਤ ਮੁੱਦਿਆਂ 'ਤੇ ਹੀ ਕੇਂਦਰਤ ਹਨ। ਖ਼ਾਸ ਕਰਕੇ ਆਦਿਵਾਸੀਆਂ ਲਈ ਜ਼ਮੀਨ, ਇਕੋ ਇੱਕ ਮਹੱਤਵਪੂਰਨ ਭੌਤਿਕ ਜਾਇਦਾਦ ਹੈ। ਸੰਸਕ੍ਰਿਤਿਕ ਅਤੇ ਜਾਤੀ ਪਛਾਣ ਨੂੰ ਸਹੀ ਆਕਾਰ ਦੇਣ ਲਈ ਕਿਸੇ ਸਥਾਨ ਵਿਸ਼ੇਸ਼ ਦੀ ਜ਼ਮੀਨ ਦੀ ਭੂਮਿਕਾ ਖ਼ਾਸ ਹੁੰਦੀ ਹੈ। ਇਸ ਤੋਂ ਬਿਨਾਂ ਆਦਿਵਾਸੀ ਸੁਮਦਾਏ ਦੀ ਜ਼ਮੀਨ ਅਤੇ ਜੰਗਲ ਦੇ ਸਾਖ਼ ਇੱਕ ਸਹਿਜੀਵੀ ਸਬੰਧ ਹਨ, ਜਿਨ੍ਹਾਂ ਉਤੇ ਉਨ੍ਹਾਂ ਦੀ ਰੋਜ਼ੀ ਰੋਟੀ ਨਿਰਭਰ ਹੈ। ਇਸ ਸੰਘਰਸ਼ ਅਤੇ ਹਿੰਸਾ ਦੀ ਵਜਾਹ ਮੀਆਂਮਾਰ ਦੇਸ਼ ਤੋਂ ਗੈਰਕਾਨੂੰਨੀ ਪ੍ਰਵਾਸ ਦਾ ਵਧਣਾ ਅਤੇ ਬੇਰੁਜ਼ਗਾਰੀ ਨੂੰ ਵੀ ਗਿਣਿਆ ਜਾਂਦਾ ਹੈ। ਜਿਹੜੇ ਨੌਜਵਾਨ ਪੜ੍ਹ ਲਿਖ ਗਏ ਹਨ। ਜਿਨ੍ਹਾਂ ਨੂੰ ਨੌਕਰੀ ਨਹੀਂ ਮਿਲਦੀ, ਉਹ ਅਸੰਤੁਸ਼ਟ ਨਜ਼ਰ ਆਉਂਦੇ ਹਨ। ਰੋਸ ਪ੍ਰਗਟ ਕਰਦੇ ਹਨ। ਸੜਕਾਂ 'ਤੇ ਉਤਰਦੇ ਹਨ। ਘੱਟ ਪੜ੍ਹੇ ਲਿਖਿਆਂ ਲਈ ਕੋਈ ਕਿੱਤਾ ਸਿਖਲਾਈ ਦਾ ਪ੍ਰਬੰਧ ਨਹੀਂ, ਸਵੈ-ਰੁਜ਼ਗਾਰ ਦੀ ਵੀ ਕਮੀ ਹੈ, ਇਸ ਲਈ ਉਨ੍ਹਾਂ ਦਾ ਪ੍ਰੇਸ਼ਾਨ ਹੋਣਾ ਅਤੇ ਗਰਮ-ਸਰਦ ਧੜਿਆਂ 'ਚ ਸ਼ਾਮਲ ਹੋਣਾ ਅਤੇ ਨਸ਼ਿਆਂ 'ਚ ਗਰਕ ਹੋਣਾ ਸੁਭਾਵਕ ਹੈ।

ਮਣੀਪੁਰ 1949 'ਚ ਭਾਰਤ ਦਾ ਹਿੱਸਾ ਬਣਿਆ। 1972 ਵਿਚ ਇਸਨੂੰ ਪੂਰੇ ਰਾਜ ਦਾ ਦਰਜਾ ਮਿਲਿਆ। ਇਥੇ ਰਾਜਸ਼ਾਹੀ ਦੇ ਸ਼ਾਸਨ ਕਾਲ 'ਚ ਆਈ.ਐਲ. ਪੀ. ਜਿਹੀ ਪ੍ਰਣਾਲੀ ਲਾਗੂ ਸੀ, ਜਿਸਦੇ ਤਹਿਤ ਕੋਈ ਬਾਹਰਲਾ ਵਿਅਕਤੀ ਰਾਜ ਵਿਚ ਨਾ ਤਾਂ ਨਾਗਰਿਕ ਬਣ ਸਕਦਾ ਸੀ ਅਤੇ ਨਾ ਹੀ ਜ਼ਮੀਨ ਜਾਂ ਹੋਰ ਕੋਈ ਜਾਇਦਾਦ ਖ਼ਰੀਦ ਸਕਦਾ ਸੀ। ਪਰੰਤੂ ਕੇਂਦਰ ਨੇ ਇਹ ਪ੍ਰਣਾਲੀ ਖ਼ਤਮ ਕਰ ਦਿੱਤੀ ਸੀ। ਹੁਣ ਸਮੇਂ-ਸਮੇਂ ਇਹ ਪ੍ਰਣਾਲੀ ਲਾਗੂ ਕਾਰਨ ਦੀ ਮੰਗ ਉੱਠਦੀ ਰਹਿੰਦੀ ਹੈ ਅਤੇ ਲੋਕਾਂ 'ਚ ਵੱਖਰੇਵੇਂ ਦੀ ਭਾਵਨਾ ਵਧ ਰਹੀ ਹੈ।

ਮਣੀਪੁਰ ਦੀ ਸਮੱਸਿਆ ਗੰਭੀਰ ਹੈ। ਇਸ ਉਤੇ ਚੁੱਪੀ ਵੱਟ ਕੇ ਨਹੀਂ ਬੈਠਿਆ ਜਾ ਸਕਦਾ। ਮਣੀਪੁਰ 'ਤੇ ਚੁੱਪੀ ਅਤੇ ਸਥਿਲਤਾ ਨਾ ਕੇਵਲ ਉਸ ਰਾਜ ਦੀ ਤਬਾਹੀ ਲਈ ਜ਼ਿੰਮੇਵਾਰ ਹੋ ਰਹੀ ਹੈ, ਬਲਕਿ ਭਵਿੱਖ ਵਿਚ ਇਸ ਤੋਂ ਵੀ ਵੱਡੇ ਖਤਰੇ ਪੈਦਾ ਹੋਣ ਦੀ ਅਸ਼ੰਕਾ ਗਹਿਰੀ ਹੁੰਦੀ ਜਾ ਰਹੀ ਹੈ। ਇਸ ਮਹੱਤਵਪੂਰਨ ਸੂਬੇ ਦੇ ਹਾਲਾਤ ਇਹੋ ਜਿਹੇ ਬਣ ਚੁੱਕੇ ਹਨ ਕਿ ਕੇਂਦਰ ਸਰਕਾਰ ਦੀ ਪਹਿਲਕਦਮੀ ਲੋੜੀਂਦੀ ਹੈ, ਉਥੇ ਅਮਨ-ਸ਼ਾਂਤੀ ਲਈ ਫਿਰਕਿਆਂ 'ਚ ਇੱਕਸੁਰਤਾ ਦੀ ਲੋੜ ਹੈ। ਉਥੇ ਬੁਨਿਆਦੀ ਢਾਂਚਾ ਲੋੜੀਂਦਾ ਹੈ। ਨਰੇਂਦਰ ਮੋਦੀ ਦਾ ਦੌਰਾ ਉਥੇ ਭਾਰਤ ਸਰਕਾਰ ਦੀ ਹੋਂਦ ਤਾਂ ਦਰਸਾਏਗਾ ਹੀ, ਸੂਬਾ ਸਰਕਾਰ ਖ਼ਾਸ ਕਰਕੇ ਮੁੱਖ ਮੰਤਰੀ ਦੇ ਵਿਗੜ ਚੁੱਕੇ ਅਕਸ 'ਚ ਕੁਝ ਸੁਧਾਰ ਵੀ ਲਿਆਏਗਾ ਪਰ 9 ਜੂਨ 2024 ਦੇ ਤੀਜੇ ਕਾਰਜਕਾਲ ਤੋਂ ਬਾਅਦ ਵੀ ਮੋਦੀ ਮਣੀਪੁਰ ਨਹੀਂ ਗਏ ਹਾਲਾਂਕਿ ਉਹ ਕਈ ਦੇਸ਼ਾਂ, ਇਟਲੀ, ਰੂਸ, ਅਸਟਰੀਆ, ਪੋਲੈਂਡ, ਸਿੰਗਾਪੁਰ ਦਾ ਦੌਰਾ ਕਰ ਚੁੱਕੇ ਹਨ ਅਤੇ ਉਹ ਅਮਰੀਕਾ, ਰੂਸ, ਬਰਾਜ਼ੀਲ ਆਦਿ ਦੇਸ਼ਾਂ 'ਚ ਜਾਣ ਦਾ ਪ੍ਰੋਗਰਾਮ ਬਣਾਈ ਬੈਠੇ ਹਨ।

ਇਸ ਵੇਲੇ ਤਾਂ ਕੇਂਦਰ ਸਿੰਘਾਸਨ ਦਾ ਮਹਾਂਮੰਤਰੀ ਨਰੇਂਦਰ ਮੋਦੀ ਸਾਬਕਾ ਕੇਂਦਰੀ ਮੰਤਰੀ ਪੀ.ਚਿੰਦਬਰਮ ਦੇ ਸ਼ਬਦਾਂ 'ਚ, "ਮਣੀਪੁਰ ਕੋ ਜਲਨੇ ਦੋ, ਮੈਂ ਮਣੀਪੁਰ ਕੀ ਧਰਤੀ ਪਰ ਕਦਮ ਨਹੀਂ ਰਖੂੰਗਾ" ਦੀ ਜ਼ਿੱਦ ਬਿਲਕੁਲ ਉਵੇਂ ਕਰੀ ਬੈਠਾ ਹੈ, ਜਿਵੇਂ ਦੀ ਉਸਦੀ ਜ਼ਿੱਦ ਗੁਜਰਾਤ ਦੰਗਿਆਂ, ਸੀਏਏ ਵਿਰੋਧੀ ਪ੍ਰਦਰਸ਼ਨਾਂ ਅਤੇ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ਼ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਦੌਰਾਨ ਵੇਖੀ ਸੀ।

ਮਣੀਪੁਰ ਜਲ ਰਿਹਾ ਹੈ। ਮਣੀਪੁਰ ਦੀ ਜਨਤਾ ਪ੍ਰੇਸ਼ਾਨ ਹੈ। ਦੇਸ਼ ਦਾ "ਰਾਜਾ ਬੰਸਰੀ ਵਜਾ ਰਿਹਾ ਹੈ, ਰੋਮ ਜਲ ਰਿਹਾ ਹੈ।"

# ਤੁਸੀਂ ਵੀ ਕਿਤੇ ਬੇਵਜ੍ਹਾ ਟਰੱਕ ਸਟਾਰਟ ਤਾਂ ਨ੍ਹੀਂ ਰੱਖਦੇ !


ਗਰਮੀਆਂ ਦੇ ਦਿਨ ਸਨ। ਮੈਂ ਟਰੱਕ ਚਲਾ ਰਿਹਾ ਸਾਂ। ਮੈਂ ਆਪਣੇ ਵਾਕਫ਼ਕਾਰ ਓਨਰ ਅਪਰੇਟਰ ਨੂੰ ਫੋਨ ਲਾ ਲਿਆ। ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋਇਆ। ਮੈਂ ਉਸਨੂੰ ਪੁੱਛਿਆ ਕਿ ਅੱਜ ਕਿੱਧਰ ਲੋਡ੍ਹ ਲੈ ਕੇ ਜਾ ਰਹੇ ਹੋ, ਤਾਂ ਉਸਨੇ ਮੋੜਵੇਂ ਜਵਾਬ ਵਿਚ ਕਿਹਾ ਕਿ ਉਹ ਸਟਾਕਟਨ ਲੋਡ੍ਹ ਲਾਹ ਰਿਹਾ ਹੈ ਤੇ ਖ਼ੁਦ ਟਰੇਲਰ ਦੀ ਛਾਵੇਂ ਬੈਠ ਰਿਹਾ ਹੈ। ਮੈਂ ਉਸਨੂੰ ਟਰੱਕ ਸਟਾਰਟ ਕਰ ਕੇ ਏ.ਸੀ. ਚਲਾ ਕੇ ਬੈਠਣ ਦੀ

ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀਆ'
ਫੋਨ: +13604481989

ਸਲਾਹ ਦਿੱਤੀ। ਉਹਦਾ ਜਵਾਬ ਸੀ ਕਿ ਤੇਲ ਵੀ ਬਹੁਤ ਮਹਿੰਗਾ ਤੇ ਆਈਡਲ ਟਰੱਕ ਚਲਾਉਣ ਨਾਲ ਡੈਫ ਸਿਸਟਮ ਵੀ ਛੇਤੀ ਖਰਾਬ ਹੋ ਜਾਂਦਾ। ਫੇਰ ਉਸਨੂੰ ਮੈਂ ਉਸ ਵਲੋਂ ਕੀਤਾ ਵਾਕਿਆ ਯਾਦ ਕਰਵਾਇਆ ਕਿ ਜਦੋਂ ਤੂੰ ਕਿਸੇ ਦੂਜੀ ਕੰਪਨੀ ਦੀ ਡਰਾਈਵਰੀ ਕਰਦਾ ਸੀ, ਉਦੋਂ ਬੜਾ ਹੁੱਬ-ਹੁੱਬ ਕੇ ਦੱਸ ਰਿਹਾ ਸੀ ਕਿ ਮੈਂ ਛੱਤੀ ਘੰਟੇ ਲਗਾਤਾਰ ਟਰੱਕ ਸਟਾਰਟ ਰੱਖਿਆ। ਉਦੋਂ ਇਹ ਸਾਰਾ ਕੁੱਝ ਨਹੀਂ ਸੀ ਹੋ ਰਿਹਾ ਜੋ ਮੈਨੂੰ ਤੂੰ ਦੱਸਿਆ ਹੈ। ਉਹ ਮੇਰੀ ਗੱਲ ਸੁਣ ਕੇ ਸ਼ਰਮਿੰਦਾ ਜਿਹਾ ਹੋਇਆ ਢੀਠਾਂ ਵਾਂਗ ਹਿੜ-ਹਿੜ ਕਰ ਕੇ ਹੱਸਦਾ ਰਿਹਾ।

ਇਹ ਇੱਕ ਉਦਾਹਰਣ ਮਾਤਰ ਹੈ। ਅਜਿਹਾ ਕੁੱਝ ਨਵੇਂ ਪੂਰ ਦੇ ਬਹੁ-ਗਿਣਤੀ ਡਰਾਈਵਰ ਕਰਦੇ ਹਨ। ਇਹ ਇੱਕ ਗੈਰ ਜ਼ਿੰਮੇਵਰਾਨਾ ਰਵੱਈਆ ਹੈ। ਇਸ ਕਿਸਮ ਦੇ ਡਰਾਈਵਰਾਂ ਨੂੰ ਇਹ ਸੋਝੀ ਨਹੀਂ ਕਿ ਉਨ੍ਹਾਂ ਦੇ ਅਜਿਹਾ ਕਰਨ ਨਾਲ ਉਹ ਕੰਪਨੀ ਮਾਲਕਾਂ ਦਾ ਤਾਂ ਆਰਥਿਕ ਨੁਕਸਾਨ ਕਰ ਹੀ ਰਹੇ ਹਨ, ਨਾਲ ਹੀ ਆਪਣੀ ਸਿਹਤ ਦਾ ਬਹੁਤ ਜ਼ਿਆਦਾ ਨੁਕਸਾਨ ਕਰਦੇ ਹਨ, ਜਿਸਦੀ ਭਰਪਾਈ ਪੈਸੇ ਨਾਲ ਨਹੀਂ ਹੋ ਸਕਦੀ। ਜਦੋਂ ਅਸੀਂ ਬੇਵ੍ਹਜਾ ਰਾਤ ਨੂੰ ਸੌਣ ਸਮੇਂ ਟਰੱਕ ਸਟਾਰਟ ਕਰ ਕੇ ਸੌਂਦੇ ਹਾਂ ਤਾਂ ਟਰੱਕ ਦੀ ਲਗਾਤਾਰ ਹੋ ਰਹੀ ਵਾਈਬਰੇਸ਼ਨ ਸਾਡੇ ਸਰੀਰ ਦੇ ਅੰਗਾਂ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਬਲੱਡ ਪਰੈਸ਼ਰ, ਬੋਲਾਪਨ, ਸਾਹ ਦੀਆਂ ਬੀਮਾਰੀਆਂ ਅਤੇ ਸਭ ਤੋਂ ਜ਼ਿਆਦਾ ਮਰਦਪੁਣਾ ਪ੍ਰਭਾਵਿਤ ਹੁੰਦਾ ਹੈ। ਘਟਦੀ ਮਰਦਾਨਾ ਤਾਕਤ ਸਮਾਜ ਵਿਚ ਖਲਬਲੀ ਪੈਦਾ ਕਰਦੀ ਹੈ ਜਿਸ ਨਾਲ ਪਰਿਵਾਰਾਂ ਵਿਚ ਕਲੇਸ਼ ਅਤੇ ਤਲਾਕ ਵਰਗੇ ਮੁੱਦੇ ਖੜ੍ਹੇ ਹੁੰਦੇ ਹਨ।

ਇਸ ਗੱਲ ਦਾ ਗਿਆਨ ਤਾਂ ਅੱਜ ਦੇ ਸਮੇਂ ਵਿਚ ਸਾਰਿਆਂ ਨੂੰ ਹੀ ਹੈ ਕਿ ਤੇਲ ਊਰਜਾ ਦਾ ਇੱਕ ਕੁਦਰਤੀ ਸੋਮਾ ਹੈ, ਜਿਸਨੂੰ ਖਤਮ ਹੋਣ 'ਤੇ ਮੁੜ ਪੈਦਾ ਨਹੀਂ ਕੀਤਾ ਜਾ ਸਕਦਾ। ਇਹੋ ਕਾਰਣ ਹੈ ਕਿ ਸਰਕਾਰਾਂ ਇਸਦੇ ਬਦਲ ਵਿਚ ਸੂਰਜੀ ਊਰਜਾ ਨੂੰ ਵਰਤਣ ਵੱਲ ਜ਼ਿਆਦਾ ਧਿਆਨ ਦੇ ਰਹੀਆਂ ਹਨ। ਇਹ ਸਾਰਿਆਂ ਨੂੰ ਹੀ ਧਿਆਨ ਰੱਖਣ ਦੀ ਲੋੜ ਹੈ ਕਿ ਜਦੋਂ ਤੇਲ (ਡੀਜ਼ਲ ਜਾਂ ਪੈਟਰੋਲ) ਬਲਦਾ ਹੈ ਤਾਂ ਕਾਰਬਨਡਾਈਆਕਸਾਈਡ ਅਤੇ ਕਾਰਬਨ-ਮੋਨੋਆਕਸਾਈਡ ਗੈਸ ਪੈਦਾ ਹੁੰਦੀ ਹੈ, ਜਿਹੜੀ ਸਮੁੱਚੇ ਵਾਤਾਵਰਣ ਨੂੰ ਦੂਸ਼ਿਤ ਕਰਦੀ ਹੈ। ਦੂਸ਼ਿਤ ਵਾਤਾਵਰਣ ਸਾਡੀ ਸਾਹ ਲੈਣ ਦੀ ਪ੍ਰਕਿਰਿਆ 'ਤੇ ਮਾੜਾ ਅਸਰ ਪਾਉਂਦਾ ਹੈ। ਇਸ ਕੁਦਰਤੀ ਸੋਮੇ ਨੂੰ ਬਚਾ ਕੇ ਰੱਖਣਾ ਵੀ ਸਾਡਾ ਫਰਜ਼ ਹੈ।



ਬੇਵਜ੍ਹਾ ਚਲਾਇਆ ਟਰੱਕ ਇੰਜਣ ਵਿਚ ਵਿਗਾੜ ਪੈਦਾ ਕਰਦਾ ਹੈ। ਜਦੋਂ ਰਸਤੇ ਵਿਚ ਟਰੱਕ ਖਰਾਬ ਹੋ ਜਾਂਦਾ ਹੈ ਤਾਂ ਇਹ ਮੱਤ ਸੋਚੋ ਕਿ ਕੰਪਨੀ ਦਾ ਨੁਕਸਾਨ ਹੋ ਰਿਹਾ, ਇਸਦੇ ਨਾਲ ਡਰਾਈਵਰ ਦੀ ਖੱਜਲ-ਖੁਆਰੀ ਵੀ ਵਧਦੀ ਹੈ ਅਤੇ ਆਰਥਿਕ ਨੁਕਸਾਨ ਵੀ ਹੋ ਰਿਹਾ ਹੈ। ਦੁਨੀਆਂ ਦੇ ਸਫਲ ਲੋਕਾਂ ਦੀਆਂ ਜੀਵਨੀਆਂ ਪੜ੍ਹ ਕੇ ਵੇਖੋ ਤਾਂ ਤੁਹਾਨੂੰ ਸਮਝ ਲੱਗੇਗੀ ਕਿ ਸਫਲ ਹੋਣ ਦਾ ਪਹਿਲਾ ਨੁਸਖ਼ਾ ਇਹੋ ਹੀ ਹੈ ਕਿ ਜਦੋਂ ਉਨ੍ਹਾਂ ਕਿਸੇ ਦੂਜੇ ਲਈ ਵੀ ਕੰਮ ਕੀਤਾ ਤਾਂ ਆਪਣਾ ਕੰਮ ਸਮਝ ਕੇ ਹੀ ਕੀਤਾ ਹੈ ਤਾਂ ਹੀ ਉਹ ਸਫਲ ਹੋ ਸਕੇ ਹਨ। ਅਸੀਂ ਦੂਜੇ ਲੋਕਾਂ ਨੂੰ ਸਫਲ ਹੋਇਆ ਵੇਖ ਕੇ ਸਫ਼ਲ ਹੋਣਾ ਤਾਂ ਚਾਹੁੰਦੇ ਹਾਂ ਪਰ ਉਨ੍ਹਾਂ ਦੀ ਸਫ਼ਲਤਾ ਦੇ ਗੁੱਝੇ ਭੇਦਾਂ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਆਪਣੇ ਮਨ ਵਿਚ ਰਾਤੋ-ਰਾਤ ਸਫ਼ਲ ਹੋਣ ਦਾ ਵਹਿਮ ਨਾ ਪਾਲੋ। ਸਫ਼ਲ ਹੋਣ ਲਈ ਜਿਹੜੇ ਗੁਣ ਹੋਣੇ ਚਾਹੀਦੇ ਹਨ, ਉਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਭਰਨ ਦੀ ਕੋਸ਼ਿਸ਼ ਵੀ ਕਰੋ।

ਦੁਨੀਆਂ ਵਿਚ ਅਸੰਭਵ ਕੁੱਝ ਵੀ ਨਹੀਂ ਹੈ ਪਰ ਅਸੰਭਵ ਨੂੰ ਸੰਭਵ ਵਿਚ ਬਦਲਣ ਲਈ ਚੰਗੇ ਗੁਣਾਂ ਦੇ ਧਾਰਨੀ ਹੋਣਾ ਅਤੇ ਸਖ਼ਤ ਮਿਹਨਤ ਕਰਨ ਦੇ ਜਜ਼ਬੇ ਦੀ ਲੋੜ ਹੈ। ਜਿਸ ਵਿਅਕਤੀ ਵਿਚ ਸਹਿਜਤਾ, ਸੁਹਿਰਦਤਾ ਅਤੇ ਸਹਿਣਸ਼ੀਲਤਾ ਵਾਲੇ ਗੁਣ ਹੋਣ ਉਹ ਜ਼ਿੰਦਗੀ ਵਿਚ ਕਿਤੇ ਵੀ ਚਲਾ ਜਾਵੇ, ਹਮੇਸ਼ਾ ਖੁਸ਼ੀਆਂ ਖੇੜਿਆਂ ਵਾਲਾ ਜੀਵਨ ਹੀ ਬਸਰ ਕਰੇਗਾ। ਜਿਹੜੇ ਲੋਕ ਨਿੱਜ ਤੱਕ ਸੀਮਿਤ ਰਹਿੰਦੇ ਹਨ, ਉਹ ਜ਼ਿੰਦਗੀ ਵਿਚ ਨਾਮਣਾ ਖੱਟਣ ਵਾਲਾ ਕੀਰਤੀਮਾਨ ਕਦੇ ਵੀ ਸਥਾਪਿਤ ਨਹੀਂ ਕਰ ਸਕਣਗੇ। ਸੁਹਿਰਦ ਡਰਾਈਵਰ ਭਾਵੇਂ ਓਨਰ ਅਪਰੇਟਰ ਹੋਣ ਤੇ ਭਾਵੇਂ ਉਹ ਕਿਸੇ ਕੰਪਨੀ ਲਈ ਕੰਮ ਕਰਦੇ ਹੋਣ ਉਹ ਹਮੇਸ਼ਾ ਇੱਕ ਹੀ ਸੋਚ ਨਾਲ ਕੰਮ ਕਰਦੇ ਹਨ ਕਿ ਉਨ੍ਹਾਂ ਕਰਕੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ ਅਤੇ ਨਾ ਹੀ ਕੋਈ ਆਰਥਿਕ ਨੁਕਸਾਨ ਹੋਵੇ। ਜਦੋਂ ਤੁਸੀਂ ਦੂਜੇ ਦੇ ਕੰਮ ਨੂੰ ਆਪਣਾ ਸਮਝ ਕੇ ਕਰਨ ਲੱਗ ਪਏ ਤਾਂ ਸਮਝ ਲਓ ਕਿ ਤੁਸੀਂ ਸਫਲਤਾ ਦੀ ਪੌੜੀ ਦੇ ਪਹਿਲੇ ਡੰਡੇ 'ਤੇ ਪੈਰ ਧਰ ਲਿਆ ਹੈ, ਹੁਣ ਜ਼ਿੰਦਗੀ ਵਿਚ ਤੁਹਾਨੂੰ ਸਫ਼ਲ ਇਨਸਾਨ ਬਣਨ ਤੋਂ ਦੁਨੀਆਂ ਦੀ ਕੋਈ ਤਾਕਤ ਨਹੀਂ ਰੋਕ ਸਕਦੀ। ਜ਼ਿੰਦਗੀ ਵਿਚ ਨਿੱਕੀਆਂ-ਨਿੱਕੀਆਂ ਗੱਲਾਂ ਹੀ ਸਫਲਤਾ ਦੀਆਂ ਨੀਂਹਾਂ ਬਣਦੀਆਂ ਹਨ।

# ਪੂਰਬੀ ਭਾਰਤ ਵਿਚ ਮਾਨਵਤਾ ਦੇ ਸੰਚਾਰਕ ਸਿੱਖ ਗੁਰੂ ਸਾਹਿਬਾਨ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪੂਰਬੀ ਭਾਰਤ ਵਿਚ ਅਸਾਮ, ਬੰਗਾਲ ਤੱਕ ਦੇ ਵਸਨੀਕਾਂ ਨੂੰ ਪਟਨਾ ਦੀ ਧਰਤੀ ਨੇ ਨਿਵਾਜਿਆ ਹੈ। ਏਥੇ ਗੁਰੂ ਨਾਨਕ ਦੇਵ ਜੀ ਆਪਣੀ ਪ੍ਰਥਮ ਉਦਾਸੀ ਸਮੇਂ ਪਧਾਰੇ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਨੀਤੀ ਦੇ ਧੱਕੇ ਹੋਏ। ਪੂਰੇ ਸੰਸਾਰ ਦੇ ਸਿੱਖਾਂ ਲਈ ਪਟਨਾ ਸਾਹਿਬ ਪੰਜ ਤਖਤਾਂ ਵਿਚੋਂ ਦੂਜਾ ਹੈ। ਉਂਝ ਵੀ ਏਸ ਧਰਤੀ ਵਿਚ ਮਨੁੱਖੀ ਹੋਂਦ ਢਾਈ ਹਜ਼ਾਰ ਤੋਂ ਵੱਧ ਸਾਲਾਂ ਤੋਂ ਹੈ। ਪਟਨਾ ਸਾਹਬ ਦੀ ਉਚੇਰੀ ਉਤਮਤਾ ਦਾ ਕਾਰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਣੇ ਜਿਨ੍ਹਾਂ ਦਾ ਜਨਮ ਏਥੋਂ ਦਾ ਸੀ।

ਥੋੜ੍ਹਾ ਸਮਾਂ ਵਾਰਾਨਸੀ ਵਿਚ ਰਹਿ ਕੇ ਸਿਖ ਮੱਤ ਦਾ ਪ੍ਰਚਾਰ ਕਰਨ ਵਾਲੇ ਭਾਈ ਗੁਰਦਾਸ ਜੀ ਵੀ ਸਿੱਖ ਸੰਗਤਾਂ ਦਾ ਜ਼ਿਕਰ ਕਰਦਿਆਂ ਲਖਨਊ, ਫਤਿਹਪੁਰ, ਪਰਯਾਗ ਰਾਜ, ਜੌਨਪੁਰ, ਪਟਨਾ, ਰਾਜ ਮਹੱਲ ਅਤੇ ਢਾਕਾ ਤੱਕ ਦੀ ਸਿੱਖਾਂ ਦੀ ਮਾਨਵੀ ਜਾਂਬਾਜ਼ੀ ਦਾ ਗੁਣਗਾਇਨ ਕਰਦੇ ਹਨ।

ਸਿੱਖ ਮਿਸ਼ਨ ਕਲਕੱਤਾ ਵਾਲੇ ਜਗਮੋਹਨ ਸਿੰਘ ਗਿੱਲ ਦੀ ਨਵ ਪ੍ਰਕਾਸ਼ਿਤ ਪੁਸਤਕ Exploring in Sikh Roots in Eastern India (ਪੂਰਬੀ ਭਾਰਤ ਦੇ ਸਿੱਖਾਂ ਦਾ ਪਿਛੋਕੜ) ਇਤਿਹਾਸ ਦੇ ਇਸ ਪੱਖ ਨੂੰ ਵਿਸਥਾਰ ਨਾਲ ਪੇਸ਼ ਕਰਦੀ ਹੈ।

ਕੁੱਝ ਵੀ ਕਹੀਏ ਪੂਰਬੀ ਭਾਰਤ ਵਿਚ ਸਿੱਖੀ ਮਰਯਾਦਾ ਦੇ ਅਸਲ ਸੰਚਾਰਨ ਦਾ ਸਿਹਰਾ ਸ੍ਰੀ ਗੁਰੂ ਤੇਗ਼ ਬਹਾਦਰ ਦੇ ਸਿਰ ਬਝਦਾ ਹੈ। ਏਥੇ ਪਹੁੰਚ ਕੇ ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਪਟਨਾ ਛੱਡ ਕੇ ਸਾਰੇ ਖੇਤਰ ਦਾ ਗਮਨ ਕੀਤਾ ਤੇ ਖਤਮ ਹੋ ਰਹੀ ਸੰਗਤ ਮਰਯਾਦਾ ਬਹਾਲ ਕੀਤੀ ਤੇ ਨਵੀਂ ਨਵੇਰੀ ਦੀ ਸਥਾਪਨਾ। ਪਟਨਾ ਸਾਹਿਬ ਦਾ ਮਾਣ ਸਨਮਾਨ ਵੀ ਸਿਖਰ ਉੱਤੇ ਪਹੁੰਚਿਆ। ਕੋਲਕਾਤਾ ਵਿਚ ਸ਼ਾਹੂਕਾਰਾ ਕਰਦੇ ਇੱਕ ਧਨਾਡ ਸ਼ਰਧਾਲੂ ਅਮੀ ਚੰਦ ਨੇ ਤਾਂ ਆਪਣੀ ਬਹੁਤ ਸਾਰੀ ਪੂੰਜੀ ਦੀ ਵਸੀਅਤ ਪਟਨਾ ਦੇ ਹਰਿਮੰਦਰ ਸਾਹਿਬ ਦੇ ਨਾਂ ਕਰ ਦਿੱਤੀ ਸੀ। ਗਿਣਤੀ ਵਜੋਂ ਪੰਜਾਬ ਤੇ ਕਸ਼ਮੀਰ ਤੋਂ ਪਿਛੋਂ ਬਿਹਾਰ ਦੇ ਸਿੱਖ ਆਉਂਦੇ ਹਨ। ਅਜਿਹੇ ਸ਼ਰਧਾਵਾਨਾਂ ਵਿਚ ਵੱਡੇ ਜ਼ਿਮੀਂਦਾਰ ਵੀ ਸ਼ਾਮਲ ਸਨ ਜਿਹੜੇ ਆਪਣੇ ਕਰਿੰਦਿਆਂ ਨੂੰ ਏਸ ਮਾਰਗ ਤੁਰਨ ਲਈ ਪ੍ਰੇਰਦੇ ਸਨ। ਬਿਹਾਰ ਦੇ ਸਿੱਖਾਂ ਵਿਚੋਂ ਸਾਸਾਰਾਮੀ ਅਗਰਹਾਰੀ ਸਿੱਖਾਂ ਦੀ ਦੇਣ ਵੀ ਕਮਾਲ ਹੈ। ਉਹ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੋਂ ਸਿੱਖ ਮਤ ਦੀਆਂ ਮਾਨਵੀ ਭਾਵਨਾਵਾਂ ਨੂੰ ਪਰਨਾਏ ਹੋਏ ਹਨ। ਉਨ੍ਹਾਂ ਦੀ ਪੰਜਾਬੀ ਦੇਵਨਾਗਰੀ ਅੱਖਰਾਂ ਵਿਚ ਸੱਚੀ ਤੇ ਸੁੱਚੀ ਸਿੱਖ ਮਰਯਾਦਾ ਵਾਲੀ।



ਗੁਰਦੁਆਰਾ ਗੁਰੂ ਕਾ ਬਾਗ, ਸਾਸਾਰਾਮ

ਅੰਤ ਵਿਚ ਜਗਮੋਹਨ ਸਿੰਘ ਗਿੱਲ ਨੇ ਉੱਤਰ ਪੂਰਬੀ ਸਿੱਖਾਂ ਦੀ ਸ਼ਰਧਾ ਦਾ ਹਵਾਲਾ ਦੇ ਕੇ ਲਿਖਿਆ ਕਿ ਸਾਨੂੰ ਵੀ ਉਨ੍ਹਾਂ ਨੂੰ ਆਪਣੇ ਨਾਲ ਜੋੜਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਉਹ ਵੀ ਸਾਡੇ ਵਾਂਗ ਵੱਡੀ ਪੱਧਰ 'ਤੇ ਸ਼ਤਾਬਦੀਆਂ ਮਨਾ ਸਕਣ। ਗੁਰਮਤਿ ਦੀ ਭਾਸ਼ਣ ਲੜੀ ਅਰੰਭ ਕਰਨ ਤੋਂ ਬਿਨਾਂ ਇਸ ਮੱਤ ਨੂੰ ਪਾਠਕ੍ਰਮ ਦਾ ਭਾਗ ਬਣਾਏ ਜਾਣਾ ਵੀ ਲੇਖਕ ਦੀ ਭਾਵਨਾ ਵਿਚ ਸ਼ਾਮਲ ਹੈ।

**ਨਵੀਂ ਜਗੀਰਦਾਰੀ : ਇੱਕ ਵਿਅੰਗ**

ਰਿਆਸਤੀ ਤੇ ਦੂਜੀਆਂ ਜਗੀਰਾਂ ਟੁੱਟਣ ਤੱਕ ਪੰਜਾਬ ਦੇ ਸਿੱਖ ਜਗੀਰਦਾਰ ਆਪਣਾ ਬੇਟਾ ਬੇਟੀ ਜਗੀਰਦਾਰਾਂ ਦੇ ਘਰ ਹੀ ਵਿਆਹੁੰਦੇ ਸਨ। ਜਗੀਰ ਸੀ। ਫਲੌਰ ਦੇ ਨੇੜੇ ਵੱਡੇ ਜਾਗੀਰਦਾਰ ਇੱਕ ਤੋਂ ਵੱਧ ਸ਼ਾਦੀਆਂ ਲਈ ਵੀ ਜਾਣੇ ਜਾਂਦੇ ਸਨ। ਜਿਨ੍ਹਾਂ ਦੇ ਪਿੰਡਾਂ ਨੂੰ ਸ਼ਹਿਰ ਨੇੜੇ ਪੈਂਦਾ ਸੀ ਉਨ੍ਹਾਂ ਜਾਗੀਰਦਾਰਾਂ ਦੀਆਂ ਛੁੱਟੜ ਤੇ ਵਿਧਵਾ ਬੀਵੀਆਂ ਚਾਰ-ਚਾਰ ਜਾਂ ਛੇ-ਛੇ ਮਿਲ ਕੇ ਨੇੜਲੇ ਸ਼ਹਿਰ ਹੋਟਲਾਂ ਦੀ ਚਾਹ ਪੀਣ ਜਾਂਦੀਆਂ। ਵੱਡੇ ਘੱਗਰੇ ਪਹਿਨ ਕੇ ਤੇ ਦੂਹਰੀ ਚਾਦਰ ਓੜ੍ਹ ਕੇ। ਮਰਦ ਪਿੱਪਲਾਂ ਥੱਲੇ ਤਾਸ਼ ਖੇਡਦੇ। ਉਸ ਵੇਲੇ ਸਰਦਾਰੀ ਦੇ ਰੰਗ ਢੰਗ ਇਹੀਓ ਸਨ। ਇਹ ਪ੍ਰਥਾ ਜਾਗੀਰਾਂ ਟੁੱਟਣ ਤਕ ਬਣੀ ਰਹੀ।

ਅੱਜ ਦੇ ਦਿਨ ਇਸ ਪ੍ਰਥਾ ਨੇ ਨਵਾਂ ਰੂਪ ਲੈ ਲਿਆ ਹੈ। ਮਹਿਲਾਵਾਂ ਤੁਰ ਕੇ ਨਹੀਂ ਜਾਂਦੀਆਂ। ਹਰ ਛੇਵੇਂ ਮਹੀਨੇ ਮਿਲਦੀ ਸੀ ਪਰ ਵੱਧ ਘੱਟ ਹੋਣ ਨਾਲ ਕੋਈ ਫਰਕ ਨਹੀਂ ਸੀ ਪੈਂਦਾ। ਮੇਰੇ ਪਿਤਾ ਨੂੰ 66 ਰੁਪਏ ਛਿਮਾਹੀ ਤੇ ਮੇਰੇ ਇੱਕ ਮਾਸੜ ਨੂੰ 250 ਰੁਪਏ। ਪਿੰਡ ਵਿਚ ਮੇਰੀ ਭੂਆ ਵਿਆਹੀ ਗਈ ਸੀ ਉਸਦਾ ਨਾਂ ਹੀ ਕੰਗ ਜਗੀਰ ਪੰਜਾਬ ਰੋਡਵੇਜ਼ ਦੀਆਂ ਬੱਸਾਂ ਵਿਚ ਟਿਕਟ ਨਹੀਂ ਲੈਣੀ ਪੈਂਦੀ। ਆਧਾਰ ਕਾਰਡ ਵਿਖਾ ਕੇ ਪੰਜਾਬੀ ਮਹਿਲਾ ਕਿਸੇ ਵੀ ਸਥਾਨ 'ਤੇ ਜਾ ਸਕਦੀ ਹੈ। ਮਰਦਾਂ ਨੇ ਵੀ ਆਪਣੇ ਕੰਮ ਉਨ੍ਹਾਂ ਨੂੰ ਸੌਂਪ ਦਿੱਤੇ ਹਨ। ਮੁਫ਼ਤੋ ਮੁਫ਼ਤੀ ਭੁਗਤ ਜਾਂਦੇ ਹਨ। ਪੂੰਜੀਪਤੀ ਹੋਣ ਜਾਂ ਗਰੀਬ ਗੁਰਬੇ ਸਾਰੇ ਹੀ ਜਾਗੀਰਦਾਰ ਹਨ। ਉਨ੍ਹਾਂ ਉੱਤੇ 'ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜ੍ਹਕ ਦੇ ਨਾਲ' ਵਾਲੀ ਲੋਕ ਬੋਲੀ ਵੀ ਲਾਗੂ ਨਹੀਂ ਹੁੰਦੀ।

**ਵੱਢੇ ਟੁੱਕੇ ਪੰਜਾਬ ਵਿਚ ਸ਼ਿਵ ਬਟਾਲਵੀ**

ਦੇਸ਼ ਵੰਡ ਸਮੇਂ ਪੰਜਾਬੀ ਕਵੀ ਸ਼ਿਵ ਕੁਮਾਰ ਦੇ ਮਾਪਿਆਂ ਨੂੰ ਵੀ ਏਧਰਲੇ ਪੰਜਾਬ ਨੂੰ ਤੁਰਨਾ ਪਿਆ ਸੀ। ਜਿਸ ਰੇਲ ਗੱਡੀ ਵਿਚ ਉਹ ਸਫਰ ਕਰ ਰਹੇ ਸਨ ਜੱਸੜ ਨੇੜੇ ਉਸ ਦੀਆਂ ਸਾਰੀਆਂ ਸਵਾਰੀਆਂ ਦਾ ਅੰਨ੍ਹੇਵਾਹ ਕਤਲ ਕਰ ਕੇ ਉਨ੍ਹਾਂ ਦੀ ਨਕਦੀ ਤੇ ਮਾਲ ਅਸਬਾਬ ਲੁੱਟ ਲਿਆ ਗਿਆ ਸੀ। 10 ਸਾਲ ਦੀ ਉਮਰ ਵਾਲਾ ਸ਼ਿਵ ਬਚ ਗਿਆ। ਸ਼ਾਇਦ ਇਸ ਕਾਰਨ ਕਿ ਉਹਦੇ ਕੋਲ ਕੋਈ ਲੁੱਟੀ ਜਾਣ ਵਾਲੀ ਵਸਤੂ ਨਹੀਂ ਸੀ। ਵੱਡੇ ਹੋ ਕੇ ਉਸਨੇ ਏਸ ਘਟਨਾਕ੍ਰਮ ਬਾਰੇ 'ਮਾਏਂ ਨੀ ਮਾਏਂ ਮੇਰੇ' ਗੀਤਾਂ ਵਾਲੀ ਕਵਿਤਾ ਵਿਚ ਆਪਣੀ ਅਲਪ ਆਯੂ ਦੇ ਚੌਖਟੇ ਵਿਚ ਫਿਟ ਕਰ ਕੇ ਆਪਣੇ ਆਪ ਨੂੰ 'ਆਪੇ ਹੀ ਮੈਂ ਬਾਲੜੀ ਤੇ ਆਪੇ ਹੀ ਮੈਂ ਮੱਤਾਂ ਜੋਗੀ' ਲਿਖਿਆ। ਕਾਵਿਕਾਰੀ ਵਿਚ 'ਬਿਰਹਾ ਦਾ ਸੁਲਤਾਨ' ਬਣਿਆ ਸ਼ਿਵ ਕੁਮਾਰ ਬਟਾਲਵੀ 36 ਵਰ੍ਹੇ ਦੀ ਆਯੂ ਵਿਚ ਹੀ ਤੁਰ ਗਿਆ। ਭਾਰਤੀ ਤੇ ਕੀ ਪਾਕਿਸਤਾਨੀ ਉਹਦੇ ਲਈ ਬਰਾਬਰ ਦੀ ਅਪਣੱਤ ਜਤਾਉਂਦੇ ਹਨ। ਇੰਟਰਨੈਟ 'ਤੇ ਪੇਸ਼ ਕੀਤੇ 'ਮੇਲਾ' ਪ੍ਰੋਗਰਾਮ ਵਿਚ ਅਹਿਸਾਨ ਬਾਜਵਾ ਨੇ 'ਮਾਏਂ ਨੀ ਮਾਏਂ' ਵਾਲੀ ਰਚਨਾ ਨੂੰ ਸ਼ਿਵ ਦੇ ਬਚਪਨ ਨਾਲ ਜੋੜ ਕੇ ਇਸ ਰਚਨਾ ਦੀ ਅਹਿਮੀਅਤ ਵਿਚ ਕਮਾਲ ਦਾ ਵਾਧਾ ਕੀਤਾ ਹੈ ਪਰ ਉਹ ਸ਼ਿਵ ਦੇ ਪਿਤਾ ਦਾ ਨਾਂ ਕ੍ਰਿਸ਼ਨ ਗੋਲ ਦੀ ਥਾਂ ਜਸਪਾਲ ਦਸਦੇ ਹਨ। 'ਮੇਲਾ' ਦੇ ਆਯੋਜਕ ਇਸਦੀ ਸੋਧ ਕਰ ਲੈਣ ਤਾਂ ਕਿ ਉਨ੍ਹਾਂ ਦੀ ਰੀਸ ਕਰਨ ਵਾਲੇ ਇਹ ਗਲਤੀ ਨਾ ਕਰਦੇ ਰਹਿਣ।

***ਅੰਤਿਕਾ***

.ਗੁਰਜੀਤ ਸ਼ੇਖਪੁਰੀ॥
ਦਾਦਾ ਦੱਸਦਾ ਏ, ਿ
ਇਕ ਮੇਰਾ ਯਾਰ ਗਫੂਰਾ ਹੁੰਦਾ ਸੀ
ਤੇ ਇਕ ਤੇਲੀ ਕੋਹਲੂ ਵਾਲਾ,
ਫ਼ੀਨ੍ਹਾ ਨੂਰ ਹੁੰਦਾ ਸੀ
ਡਾਹਢਾ ਸ਼ੋਅਲਾ ਸੀ ਕਿ ਕੰਜਰ,
ਕੰਧਾਂ-ਕੌਲ਼ੇ ਟੱਪਣ ਨੂੰ
ਇਕ ਘੁਮਿਆਰਾਂ ਦੀ ਪੱਤੀ ਦਾ,
ਬੂਰਾ-ਬੂਰਾ ਹੁੰਦਾ ਸੀ
ਬਾਬਾ ਦੀਨਾ-ਲੰਬੜ ਪੁੱਤਰਾ,
ਹਾਲੇ ਤੀਕਰ ਚੇਤੇ ਆ
ਜੀਹਦਾ ਵੱਧ ਵਦਾਨਾਂ ਨਾਲੋਂ,
ਭਾਰਾ ਹੂਰਾ ਹੁੰਦਾ ਸੀ
ਚਾਚੀ ਜੈਨਬ ਸਾਰੇ ਪਿੰਡ ਦੇ ਹੀ
ਬਾਲਾਂ ਦੀ ਚਾਚੀ ਸੀ
ਕਿੰਨਾ ਓਸ ਸੁਆਣੀ ਅੰਦਰ,
ਸਬਰ-ਸਬੂਰਾ ਹੁੰਦਾ ਸੀ
ਅੰਬਰਸਰ ਦੀ ਜੂਹ ਤੋਂ ਤੁਰ ਕੇ,
ਫੇਰ ਅਟਾਰੀ ਟੇਸ਼ਣ ਥੀਂ
ਈਚੋਗਿੱਲ, ਲਹੌਰਾਂ ਤੀਕਰ
ਗੇੜਾ ਪੂਰਾ ਹੁੰਦਾ ਸੀ
ਜਿੱਦਣ ਪਾਕਿਸਤਾਨ ਸੀ ਬਣਿਆ,
ਉਹ ਦਿਨ ਭੁੱਲਿਆਂ ਭੁੱਲਦਾ ਨਈਂ
ਟੁੱਟ ਗਿਆ ਹਰ ਸਾਕ-ਸਰੀਰਾ
ਕਿੰਨਾ ਗੂਹੜਾ ਹੁੰਦਾ ਸੀ
ਰੋਂਦੇ ਸਾਂ ਹਡਿਆਰੇ ਵੱਲ ਨੂੰ
ਗੱਡੇ ਜਿੱਦਣ ਤੋਰੇ ਸਨ
ਅਮਰੂ, ਸੇਮੂ, ਫ਼ਜ਼ਲੂ ਹਰ ਕੋਈ,
ਰੋ-ਰੋ ਦੂਹਰਾ ਹੁੰਦਾ ਸੀ।

# ਅਮਰੀਕੀ ਰਾਸ਼ਟਰਪਤੀ ਚੋਣਾਂ: ਕਿਸ ਦਾ ਪਲੜਾ ਰਹੇਗਾ ਭਾਰੀ?



ਸੁਰਜੀਤ ਸਿੰਘ ਫਲੋਰਾ

ਅਮਰੀਕੀ ਰਾਸ਼ਟਰਪਤੀ ਚੋਣਾਂ 'ਚ 60 ਦਿਨ ਬਾਕੀ ਹਨ। ਡੋਨਲਡ ਟਰੰਪ, 45ਵੇਂ ਰਾਸ਼ਟਰਪਤੀ ਜੋ ਬਾਇਡਨ ਤੋਂ 2020 ਦੀ ਚੋਣ ਹਾਰ ਗਏ ਸਨ, ਜੋ ਇਕ ਵਾਰ ਫਿਰ ਚੋਣ ਮੈਦਾਨ ਵਿਚ ਹਨ ਤੇ ਜਿੱਤਣ ਦੀ ਕੋਸ਼ਿਸ਼ ਕਰ ਰਹੇ ਹਨ।

ਉਹ ਕਮਲਾ ਹੈਰਿਸ ਦੇ ਵਿਰੁੱਧ ਚੋਣ ਲੜ ਰਹੇ ਹਨ, ਜਿਸ ਨੇ ਟਿਕਟ ਦੇ ਸਿਖਰ 'ਤੇ ਬਾਇਡਨ ਦੀ ਥਾਂ ਲਈ ਹੈ। ਕਿਸ ਦੇ ਜਿੱਤਣ ਦੀ ਸੰਭਾਵਨਾ ਹੈ? ਅਸੀਂ ਪੋਲਿੰਗ ਅਤੇ 2020 ਦੀਆਂ ਵੋਟਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਦੇ ਵਿਸ਼ਲੇਸ਼ਣ ਦੇ ਆਧਾਰ 'ਤੇ ਅਨੁਮਾਨ ਲਗਾ ਸਕਦੇ ਹਾਂ। ਜੇਤੂ ਦਾ ਨਿਰਧਾਰਨ ਇਲੈਕਟੋਰਲ ਕਾਲੇਜ ਦੁਆਰਾ ਕੀਤਾ ਜਾਂਦਾ ਹੈ, ਨਾ ਕਿ ਪ੍ਰਸਿੱਧ ਵੋਟ ਦੁਆਰਾ। 2016 ਵਿਚ, ਟਰੰਪ ਨੇ ਇਲੈਕਟੋਰਲ ਕਾਲੇਜ ਜਿੱਤਿਆ ਪਰ ਹਿਲੇਰੀ ਕਲਿੰਟਨ ਤੋਂ ਪ੍ਰਸਿੱਧ ਵੋਟ ਹਾਰ ਗਿਆ। ਸੰਵਿਧਾਨ ਦੇ ਨਿਰਮਾਤਾਵਾਂ ਨੇ ਕਾਲੇਜ ਨੂੰ ਵੱਧ ਅਤੇ ਘੱਟ ਆਬਾਦੀ ਵਾਲੇ ਰਾਜਾਂ ਦੇ ਪ੍ਰਭਾਵ ਨੂੰ ਸੰਤੁਲਿਤ ਕਰਨ ਲਈ ਤਿਆਰ ਕੀਤਾ ਸੀ। ਇਹ ਤਰੀਕਾ ਇਹ ਯਕੀਨੀ ਬਣਾਉਂਦਾ ਹੈ ਕਿ ਚੋਣਾਂ ਵਿਚ ਛੋਟੇ ਸ਼ਹਿਰਾਂ ਦੀ ਆਵਾਜ਼ ਵੀ ਹੋਵੇਗੀ। ਕੈਲੀਫੋਰਨੀਆ ਅਤੇ ਨਿਊਯਾਰਕ - ਦੋ ਸਭ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ- ਦੀ ਸੰਯੁਕਤ ਰਜਿਸਟਰਡ ਵੋਟਰ ਆਬਾਦੀ ਲਗਭਗ 34 ਮਿਲੀਅਨ ਹੈ। ਵਾਇਮਿੰਗ, ਵਰਮੋਂਟ ਅਤੇ ਅਲਾਸਕਾ ਵਿਚ ਹਰੇਕ ਦੀ ਗਿਣਤੀ ਇੱਕ ਮਿਲੀਅਨ ਤੋਂ ਘੱਟ ਹੈ। ਕਾਲੇਜ ਤੋਂ ਬਿਨਾਂ ਇਨ੍ਹਾਂ ਛੋਟੇ ਸ਼ਹਿਰਾਂ ਦਾ ਪ੍ਰਭਾਵ ਬਹੁਤ ਘੱਟ ਹੋਵੇਗਾ। ਕੁਝ ਸ਼ਹਿਰ "ਲੜਾਈ ਦਾ ਮੈਦਾਨ" ਜਾਂ "ਸਵਿੰਗ" ਰਾਜ ਬਣ ਜਾਂਦੇ ਹਨ ਕਿਉਂਕਿ ਉਨ੍ਹਾਂ ਦੀ ਵੋਟਿੰਗ ਆਬਾਦੀ ਦੋ ਪ੍ਰਮੁੱਖ ਰਾਜਨੀਤਕ ਪਾਰਟੀਆਂ ਵਿਚਕਾਰ ਨਜ਼ਦੀਕੀ ਤੌਰ 'ਤੇ ਵੰਡੀ ਜਾਂਦੀ ਹੈ, ਨਤੀਜੇ ਬਹੁਤ ਹੀ ਹੈਰਾਨੀਜਨਕ ਨਿਕਲਦੇ ਹਨ।

ਹਾਲ ਹੀ ਦੇ ਚੋਣ ਚੱਕਰਾਂ ਵਿਚ, ਸੱਤ ਮੁੱਖ ਰਾਜ ਲੜਾਈ ਦੇ ਮੈਦਾਨ ਵਜੋਂ ਉਭਰੇ ਹਨ: ਸਨਬੇਲਟ ਤੋਂ ਅਰੀਜ਼ੋਨਾ, ਨੇਵਾਡਾ, ਜਾਰਜੀਆ ਅਤੇ ਉੱਤਰੀ ਕੈਰੋਲੀਨਾ, ਅਤੇ ਰਸਟ ਬੈਲਟ ਤੋਂ ਪੈਨਸਿਲਵੇਨੀਆ, ਵਿਸਕਾਨਸਿਨ ਅਤੇ ਮਿਸ਼ੀਗਨ। ਸਨਬੈਲਟ ਵਿਚ ਦੱਖਣੀ ਅਤੇ ਦੱਖਣ-ਪੱਛਮੀ ਅਮਰੀਕਾ ਦੇ ਸ਼ਹਿਰ ਸ਼ਾਮਲ ਹਨ, ਜਦੋਂ ਕਿ ਰਸਟ ਬੈਲਟ ਉੱਤਰ-ਪੂਰਬ ਅਤੇ ਮੱਧ-ਪੱਛਮੀ ਦੇ ਹਿੱਸਿਆਂ ਨੂੰ ਦਰਸਾਉਂਦਾ ਹੈ। ਕਲਿੰਟਨ ਅਤੇ ਟਰੰਪ ਵਿਚਕਾਰ 2016 ਦੀ ਦੌੜ ਰਸਟ ਬੈਲਟ ਵਿਚ ਫਸਵੀਂ ਸੀ। ਟਰੰਪ ਨੇ ਮਿਸ਼ੀਗਨ, ਪੈਨਸਿਲਵੇਨੀਆ ਅਤੇ ਵਿਸਕਾਨਸਿਨ ਵਿਚ 78,000 ਵੋਟਾਂ ਦੇ ਸਾਂਝੇ ਫਰਕ ਨਾਲ ਜਿੱਤ ਦਰਜ ਕੀਤੀ ਸੀ। 2020 ਦੀਆਂ ਚੋਣਾਂ ਵੀ ਇਸੇ ਤਰ੍ਹਾਂ ਨੇੜੇ ਸਨ। ਪੈਨਸਿਲਵੇਨੀਆ ਵਿਚ, ਬਾਇਡਨ ਨੇ 81,000 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ, ਅਤੇ ਵਿਸਕਾਨਸਿਨ ਵਿਚ, ਸਿਰਫ 21,000 ਵੋਟਾਂ ਨੇ ਦੋਵਾਂ ਨੂੰ ਵੱਖ ਕੀਤਾ। ਜਿਵੇਂ ਕਿ ਅਸੀਂ 2024 ਦੀਆਂ ਚੋਣਾਂ ਦੇ ਨੇੜੇ ਆ ਰਹੇ ਹਾਂ, ਪੋਲਾਂ ਨੇ ਇਸ ਦੌੜ ਨੂੰ "ਟੌਸ-ਅੱਪ" ਦਾ ਲੇਬਲ ਦਿੱਤਾ ਹੈ, ਮਤਲਬ ਕਿ ਕੋਈ ਵੀ ਉਮੀਦਵਾਰ ਜਿੱਤ ਸਕਦਾ ਹੈ। 2016 ਵਿਚ, ਜ਼ਿਆਦਾਤਰ ਪੋਲਾਂ ਨੇ ਹਿਲੇਰੀ ਕਲਿੰਟਨ ਦੀ ਜਿੱਤ ਦੀ ਭਵਿੱਖਬਾਣੀ ਕੀਤੀ ਸੀ, ਅਤੇ 2020 ਵਿਚ, ਦੌੜ ਦੇ ਇਸ ਬਿੰਦੂ 'ਤੇ, ਜੋ ਬਾਇਡਨ ਟਰੰਪ ਤੋਂ ਅੱਠ ਅੰਕਾਂ ਨਾਲ ਅੱਗੇ ਸੀ। ਟਰੰਪ ਨੇ ਆਖਰਕਾਰ 2016 ਵਿਚ ਜਿੱਤ ਪ੍ਰਾਪਤ ਕੀਤੀ, ਜਦੋਂ ਕਿ ਬਾਇਡਨ ਨੇ 2020 ਵਿਚ ਜਿੱਤ ਪ੍ਰਾਪਤ ਕੀਤੀ, ਨਤੀਜੇ ਚੋਣਾਂ ਦੀ ਭਵਿੱਖਬਾਣੀ ਨਾਲੋਂ ਨੇੜੇ ਸਨ। 2016 ਦੀਆਂ ਚੋਣਾਂ ਤੋਂ ਬਾਅਦ, ਖੋਜਕਰਤਾਵਾਂ ਅਤੇ ਪੋਲਸਟਰਾਂ ਨੇ ਜਾਂਚ ਕੀਤੀ ਕਿ ਚੋਣਾਂ ਕਿਉਂ "ਟੌਸ-ਅੱਪ" ਹੋਈਆਂ।

ਖੋਜੀਆਂ ਨੇ ਇਸ ਬਾਰੇ ਲੋਕਾਂ ਨਾਲ ਗੱਲਬਾਤ ਕੀਤੀ, ਅਤੇ ਹੋਰ ਕਈ ਮੁੱਦਿਆਂ 'ਤੇ ਵਿਚਾਰ ਕੀਤੀ ਤਾਂ ਟਰੰਪ ਦੇ ਵੋਟਰ ਅਧਾਰ, ਖਾਸ ਤੌਰ 'ਤੇ ਗੈਰ-ਕਾਲੇਜ-ਪੜ੍ਹੇ ਗੋਰਿਆਂ ਦੀ ਘੱਟ ਪ੍ਰਤੀਨਿਧਤਾ ਵੱਲ ਇਸ਼ਾਰਾ ਕੀਤਾ ਗਿਆ। ਇਸ ਤੋਂ ਇਲਾਵਾ, ਬਹੁਤ ਸਾਰੇ ਵੋਟਰਾਂ ਨੇ ਪ੍ਰਚਾਰ ਦੇ ਆਖ਼ਰੀ ਦਿਨਾਂ ਵਿਚ ਆਪਣੇ ਫੈਸਲੇ ਬਦਲ ਲਏ। "ਸਰਮਾਏਦਾਰ ਟਰੰਪ ਵੋਟਰ" ਪ੍ਰਭਾਵ ਵੀ ਸੀ, ਜਿੱਥੇ ਕੁਝ ਟਰੰਪ ਸਮਰਥਕ ਆਪਣੀਆਂ ਤਰਜੀਹਾਂ ਦਾ ਖੁਲਾਸਾ ਕਰਨ ਤੋਂ ਝਿਜਕਦੇ ਸਨ। ਇਨ੍ਹਾਂ ਮੁੱਦਿਆਂ ਨੂੰ ਠੀਕ ਕਰਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਪੋਲਸਟਰਾਂ ਨੇ 2020 ਵਿਚ ਟਰੰਪ ਦੇ ਅਧਾਰ ਤੋਂ ਮਤਦਾਨ ਦਾ ਘੱਟ ਅੰਦਾਜ਼ਾ ਲਗਾਇਆ। ਵੋਟਰ ਰਜਿਸਟ੍ਰੇਸ਼ਨ 2020 ਅਤੇ 2022 ਦੇ ਮੱਧਕਾਲ ਤੋਂ ਬਦਲ ਗਈ ਹੈ। 2020 ਵਿਚ, ਡੈਮੋਕਰੇਟਸ ਰਜਿਸਟਰਡ ਵੋਟਰਾਂ ਵਿਚ 39 ਪ੍ਰਤੀਸ਼ਤ, ਰਿਪਬਲਿਕਨ 30 ਪ੍ਰਤੀਸ਼ਤ ਅਤੇ ਆਜ਼ਾਦ 31 ਪ੍ਰਤੀਸ਼ਤ ਸਨ। ਚੋਣਾਂ ਦੇ ਸਮੇਂ ਤੱਕ, ਡੈਮੋਕਰੇਟਸ 39 ਪ੍ਰਤੀਸ਼ਤ 'ਤੇ ਰਹੇ, ਰਿਪਬਲਿਕਨ ਵਧ ਕੇ 34 ਪ੍ਰਤੀਸ਼ਤ ਅਤੇ ਆਜ਼ਾਦ 27 ਪ੍ਰਤੀਸ਼ਤ ਤੱਕ ਘਟ ਗਏ, ਇਹ ਸੰਕੇਤ ਦਿੰਦਾ ਹੈ ਕਿ ਕੁਝ ਆਜ਼ਾਦ ਰਿਪਬਲਿਕਨ ਪੱਖ ਵੱਲ ਚਲੇ ਗਏ ਸਨ। ਚੋਣਾਂ ਦਾ ਫੈਸਲਾ ਅਕਸਰ ਅੱਜ ਦੇ ਪ੍ਰਮੁੱਖ ਮੁੱਦਿਆਂ ਦੁਆਰਾ ਕੀਤਾ ਜਾਂਦਾ ਹੈ।



2020 ਵਿਚ, ਇਹ ਜ਼ਿਆਦਾਤਰ ਕੋਵਿਡ -19 ਦੇ ਪ੍ਰਤੀਕਰਮ ਬਾਰੇ ਸੀ। ਦੂਜਾ ਮੁੱਦਾ ਆਰਥਿਕਤਾ ਦਾ ਸੀ। 2024 ਵਿਚ, ਆਰਥਿਕਤਾ ਅਤੇ ਇਮੀਗ੍ਰੇਸ਼ਨ ਚਿੰਤਾਵਾਂ ਦੀ ਸੂਚੀ ਵਿਚ ਸਿਖਰ 'ਤੇ ਹੈ। 2020 ਵਿਚ, ਟਰੰਪ ਨੂੰ 62 ਪ੍ਰਤੀਸ਼ਤ ਗੋਰੇ ਪੁਰਸ਼ ਅਤੇ 52 ਪ੍ਰਤੀਸ਼ਤ ਗੋਰੇ ਔਰਤਾਂ ਦੇ ਵੋਟ ਮਿਲੇ ਸਨ। ਕੀ ਕਮਲਾ ਹੈਰਿਸ ਸਫੈਦ ਔਰਤਾਂ ਨਾਲ ਬਾਇਡਨ ਨਾਲੋਂ ਬਿਹਤਰ ਪ੍ਰਦਰਸ਼ਨ ਕਰੇਗੀ, ਅਤੇ ਕੀ ਟਰੰਪ ਵ੍ਹਾਈਟ ਮਰਦ ਵੋਟ ਦੇ ਆਪਣੇ ਹਿੱਸੇ ਨੂੰ ਵਧਾ ਸਕਦਾ ਹੈ?

ਕਮਲਾ ਹੈਰਿਸ ਨੂੰ ਜਿੱਤਣ ਲਈ ਆਪਣੀਆਂ ਨੀਤੀਆਂ ਨੂੰ ਲਾਗੂ ਕਰਨ ਦੀ ਜ਼ਰੂਰਤ ਹੈ, ਨਾ ਕਿ ਬਾਇਡਨ ਦੀ ਨਿਰੰਤਰਤਾ ਜਾਂ ਟਰੰਪ ਦੇ ਪੈਰੋਕਾਰ ਦੀ ਤਰ੍ਹਾਂ ਉਸ ਦੀ ਬੋਲੀ ਬੋਲਣ ਦੀ। ਕਿਉਂਕਿ ਲੋਕ ਕੁਛ ਨਵਾਂ ਚਾਹੁੰਦੇ ਹਨ, ਜੋ ਉਨ੍ਹਾਂ ਦੇ ਹਿੱਤ ਵਿਚ ਹੋਵੇ।

ਜੇਕਰ ਪਿਛਲੀ ਡੋਨਲਡ ਟਰੰਪ ਤੇ ਜੋ ਬਾਇਡਨ ਵਿਚਕਾਰ ਬਹਿਸ ਦੀ ਗੱਲ ਕਰੀਏ ਤਾਂ ਤੁਸੀਂ ਬਹਿਸ ਦੇ ਅੰਤ ਤੱਕ ਦੇਖਿਆ ਕਿ ਬਾਇਡਨ ਪੂਰੀ ਤਰ੍ਹਾਂ ਹਿੱਲ ਗਿਆ ਸੀ ਤੇ, ਉਦਾਸ ਅਤੇ ਹਾਰ ਗਿਆ ਨਜ਼ਰ ਆ ਰਿਹਾ ਸੀ। ਹੁਣ ਟਰੰਪ ਤੇ ਕਮਲਾ ਹੈਰਿਸ ਸਮੇਂ ਇਹ ਸਭ ਪਹਿਲਾਂ ਨਾਲੋਂ ਉਲਟ ਹੋ ਗਿਆ, ਟਰੰਪ ਉਦਾਸ, ਅਤੇ ਹਾਰਿਆ ਹੋਇਆ ਜਾਪ ਰਿਹਾ ਸੀ। ਉਹ ਕਮਲਾ ਹੈਰਿਸ ਦੇ ਚਿਹਰੇ 'ਤੇ ਨਜ਼ਰ ਮਾਰਦਾ ਹੈ ਤੇ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਜਿਨ੍ਹਾਂ ਦਾ ਬਹਿਸ ਨਾਲ ਕੋਈ ਸਬੰਧ ਵੀ ਨਹੀਂ ਸੀ। ਜਦਕਿ ਕਮਲਾ ਟਰਮਪ ਨਾਲੋਂ ਕਿਤੇ ਜ਼ਿਆਦਾ ਸੁਚੱਜੀ ਅਤੇ ਬੋਲਚਾਲ ਵਾਲੀ ਰਹੀ। ਕੁਝ ਰਿਪਬਲਿਕਨਾਂ ਨੇ ਹੁਣ ਤੱਕ ਸਿਰਫ ਸੱਚੀ ਆਲੋਚਨਾ ਕੀਤੀ ਹੈ ਕਿ ਸੰਚਾਲਕ ਟਰੰਪ ਦੇ ਵਿਰੁੱਧ "ਪੱਖਪਾਤੀ" ਸਨ, ਪਰ ਇਨ੍ਹਾਂ ਆਲੋਚਕਾਂ ਨੂੰ ਵੀ ਮੰਨਣਾ ਪਿਆ ਕਿ ਟਰੰਪ ਦੀ ਰਾਤ ਚੰਗੀ ਨਹੀਂ ਸੀ।

ਆਪਣੀ ਸਾਰੀ ਜ਼ਿੰਦਗੀ ਇਸ ਆਦਮੀ ਨੇ ਦੂਜਿਆਂ 'ਤੇ ਗੱਲ ਕੀਤੀ ਹੈ, ਗੱਲਬਾਤ ਦਾ ਦਬਦਬਾ ਬਣਾਇਆ ਹੈ, ਉਹ ਅਸਲ ਜੀਵਨ ਵਿਚ "ਮੁੱਖ ਪਾਤਰ ਸਿੰਡਰੋਮ" ਦੇ ਨਾਲ ਇੱਕ ਦ੍ਰਿਸ਼ ਚੋਰੀ ਕਰਨ ਵਾਲਾ ਹੈ ਜਿੱਥੇ ਹਰ ਸਮੇਂ ਹਰ ਚੀਜ਼ ਉਸਦੇ ਬਾਰੇ ਹੁੰਦੀ ਹੈ। ਕਮਲਾ ਹੈਰਿਸ ਡਰੀ ਨਹੀਂ ਅਤੇ ਟਰੰਪ ਨੂੰ ਦਿਖਾਇਆ ਕਿ ਉਹ ਕੀ ਹੈ - ਚਾਂਦੀ ਦੇ ਚਮਚੇ, ਭਾਈ-ਭਤੀਜਾਵਾਦ ਦਾ ਦੁਖਦਾਈ ਬੁਢਾਪਾ ਉਤਪਾਦ ਉਸ ਨੂੰ ਸਹੀ ਸ਼ੀਸ਼ਾ ਦਿਖਾਇਆ।

ਸੱਚ ਤਾਂ ਇਹ ਹੈ ਕਿ ਲਗਭਗ ਹਰ ਵਾਰ ਟਰੰਪ ਨੇ ਅਖੌਤੀ "ਬਹਿਸ" ਵਿਚ ਹਿੱਸਾ ਲਿਆ ਹੈ। ਤੁਸੀਂ ਆਪਣੀ ਅਗਿਆਨਤਾ ਨੂੰ ਢੱਕਣ ਲਈ ਮਾੜੀਆਂ ਦਲੀਲਾਂ ਅਤੇ ਤੁਹਾਡੇ ਸਿੱਧੇ ਝੂਠ, ਆਪਣੇ ਵਿਰੋਧੀਆਂ ਦੇ ਵਿਰੁੱਧ ਚੀਕਣ, ਭੜਕਾਊ ਵਿਹਾਰ ਅਤੇ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰ ਕੇ ਬਹਿਸ ਨਹੀਂ ਜਿੱਤ ਸਕਦੇ। ਪਰ ਤੱਥਾਂ ਅਤੇ ਯਕੀਨਨ ਦਲੀਲਾਂ, ਸਤਿਕਾਰ ਅਤੇ ਚੰਗੀ ਬਿਆਨਬਾਜ਼ੀ 'ਤੇ ਅਧਾਰਤ ਠੋਸ ਗਿਆਨ ਦੁਆਰਾ ਲੋਕਾ ਦੇ ਦਿਲਾਂ ਨੂੰ ਜਿੱਤ ਸਕਦੇ ਹੋ, ਜਿਸ ਦਾ ਕਮਲਾ ਹੈਰਿਸ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਰਸ਼ਨ ਕੀਤਾ।

ਕਹਾਣੀ

# ਭੂਆ ਫ਼ਾਤਮਾ

ਬਲਵੰਤ ਗਾਰਗੀ

ਪਿੰਡ ਦੀ ਬੁੱਢੀ ਦਾਈ ਭੂਆ ਫ਼ਾਤਮਾ ਤਿੰਨ ਪੀੜ੍ਹੀਆਂ ਤੋਂ ਬੱਚੇ ਜਣਵਾਉਣ ਦਾ ਕੰਮ ਕਰਦੀ ਆ ਰਹੀ ਸੀ। ਉਹ ਹਰ ਨਵੇਂ ਜੰਮੇ ਬੱਚੇ ਨੂੰ ਅੱਲਾਹ ਦਾ ਤੋਹਫ਼ਾ ਸਮਝਦੀ ਸੀ।

ਉਮਰ ਸੱਤਰ ਸਾਲ, ਚਿਹਰੇ ਉੱਤੇ ਝੁਰੜੀਆਂ, ਵਾਲ ਮਹਿੰਦੀ-ਰੰਗੇ, ਜਿਸਮ ਢਲਿਆ ਹੋਇਆ ਪਰ ਹੱਥ ਫੁਰਤੀਲੇ। ਉਹ ਸਾਰੇ ਪਿੰਡ ਦੀ ਭੂਆ ਸੀ।

ਅੱਜ ਤੋਂ ਪੰਜਾਹ ਸਾਲ ਪਹਿਲਾਂ ਜਦੋਂ ਉਹ ਲਾਗਲੇ ਪਿੰਡ ਅਰਾਈਆਂ ਦੇ ਘਰ ਵਿਆਹੀ ਗਈ ਤਾਂ ਉਸ ਦਾ ਖ਼ਾਵੰਦ ਬਹੁਤੀ ਸ਼ਰਾਬ ਪੀਣ ਨਾਲ ਜੁਆਨੀ ਵਿਚ ਹੀ ਮਰ ਗਿਆ। ਫ਼ਾਤਮਾ ਮੁੜ ਆਪਣੇ ਪੇਕੇ-ਘਰ ਆ ਗਈ। ਇੱਥੇ ਆਪਣੇ ਵਿਹੜੇ ਵਿਚ ਭੱਠੀ ਤਾ ਕੇ ਦਾਣੇ ਭੁੰਨਣ ਦਾ ਕੰਮ ਕਰਨ ਲੱਗੀ।

ਬੱਚੇ ਜਣਵਾਉਣ ਦਾ ਕੰਮ ਉਹ ਅੱਲਾਹ ਦੀ ਖ਼ਿਦਮਤ ਸਮਝਦੀ ਸੀ। ਇੱਕ ਜੀਉਂਦਾ ਜਾਗਦਾ ਜੀਅ ਦੁਨੀਆ ਵਿਚ ਲਿਆਉਣ ਦਾ ਕੰਮ ਅੱਲਾਹ ਦੀ ਰਜ਼ਾ ਸੀ। ਇਸ ਲਈ ਉਹ ਕਿਸੇ ਕੋਲੋਂ ਪੈਸੇ ਨਹੀਂ ਸੀ ਵਸੂਲ ਕਰਦੀ। ਬਸ ਝੋਲੀ ਅੱਡ ਕੇ ਦੁਆ ਕਰਦੀ। ਜੇ ਕੋਈ ਗੁੜ ਦੀ ਭੇਲੀ, ਕੱਪੜਿਆਂ ਦਾ ਜੋੜਾ ਤੇ ਜੌਂਆਂ ਦਾ ਤਸਲਾ ਉਸ ਦੀ ਝੋਲੀ ਪਾ ਦੇਂਦਾ, ਉਸ ਨੂੰ ਕਬੂਲ ਕਰਦੀ।

ਉਸ ਦੀ ਧੀ ਵਿਆਹ ਹੋਣ ਪਿੱਛੋਂ ਜੁਆਨੀ ਵਿਚ ਹੀ ਮਰ ਗਈ ਤੇ ਪਿੱਛੇ ਇੱਕ ਬਾਲੜੀ ਛੱਡ ਗਈ, ਜਿਸ ਦਾ ਨਾਂ ਭੂਆ ਨੇ ਹੁਸਨਾ ਰੱਖਿਆ, ਕਿਉਂਕਿ ਇਸ ਦੇ ਚਿਹਰੇ ਉੱਤੇ ਅੱਲਾਹ ਦਾ ਨੂਰ ਦੱਗਦਾ ਸੀ। ਹੁਸਨਾ ਭੂਆ ਫ਼ਾਤਮਾ ਦੇ ਹੱਥੀਂ ਪਲ ਕੇ ਜੁਆਨ ਹੋਈ ਤੇ ਉਸ ਨੇ ਵੀ ਦਾਣੇ ਭੁੰਨਣ ਦਾ ਕੰਮ ਸਾਂਭ ਲਿਆ।

ਭੂਆ ਰੋਜ਼ੇ ਨਮਾਜ਼ ਰੱਖਦੀ, ਤੇ ਹਰ ਨਵੇਂ ਜੰਮੇ ਬੱਚੇ ਨੂੰ ਸ਼ਹਿਦ ਦੀ ਗੁੜ੍ਹਤੀ ਦੇਂਦੀ। ਉਹ ਸਭ ਦੀ ਸਾਂਝੀ ਅੰਮਾ, ਨਾਨੀ, ਦਾਦੀ ਸੀ। ਸਭਨਾਂ ਦੀ ਦਾਈ, ਸਭਨਾਂ ਦੀ ਭੂਆ।

ਇੱਕ ਸਵੇਰ ਉਹ ਆਪਣੇ ਘਰ ਦੇ ਲਿੱਪੇ ਹੋਏ ਚੌਂਤਰੇ ਉੱਤੇ ਬੈਠੀ ਜੌਂ ਛੱਟ ਰਹੀ ਸੀ ਕਿ ਉਸ ਨੂੰ ਢੋਲ ਤੇ ਨਗਾੜੇ ਦੀ ਆਵਾਜ਼ ਸੁਣਾਈ ਦਿੱਤੀ। ਉਸ ਨੇ ਸਿਰ ਚੁੱਕ ਕੇ ਦੇਖਿਆ ਤਾਂ ਪਿੰਡ ਦਾ ਪਹਿਲਵਾਨ ਮਹਾਂਵੀਰ ਗੇਂਦੇ ਦੇ ਹਾਰ ਪਾਈ ਲੋਕਾਂ ਦੇ ਜਲੂਸ ਅੱਗੇ ਮਸਤੀ ਵਿਚ ਝੂੰਮਦਾ ਤੁਰਿਆ ਆਉਂਦਾ ਸੀ। ਭੂਆ ਨੂੰ ਦੇਖਣ ਸਾਰ ਉਹ ਬੋਲਿਆ, 'ਭੂਆ ਫ਼ਾਤਮਾ! ਭੂਆ ਫ਼ਾਤਮਾ! ਦੰਗਲ ਜਿੱਤ ਕੇ ਆਇਆ ਹੈ ਤੇਰਾ ਮਹਾਂਵੀਰ। ਚੌਂਹਠ ਪਿੰਡਾਂ ਦੇ ਪਹਿਲਵਾਨਾਂ ਦੀਆਂ ਗੋਡਣੀਆਂ ਲਵਾ ਕੇ!'

ਉਹ ਦੌੜਦਾ ਹੋਇਆ ਆਇਆ ਤੇ ਆ ਕੇ ਭੂਆ ਦੇ ਪੈਰਾਂ ਉੱਤੇ ਮੱਥਾ ਟੇਕਿਆ।

ਭੂਆ ਦਾ ਝੁਰੜੀਆਂ ਵਾਲਾ ਚਿਹਰਾ ਖਿੜ ਉੱਠਿਆ, 'ਜੁਗ-ਜੁਗ ਜੀਵੇਂ ਪੁੱਤ। ਅੱਲਾਹ ਤੈਨੂੰ ਸਲਾਮਤ ਰੱਖੇ।'

ਭੂਆ ਨੇ ਛੱਜ ਵਿਚੋਂ ਜੌਂਆਂ ਦੇ ਦਾਣਿਆਂ ਦੀ ਮੁੱਠ ਭਰੀ ਤੇ ਮਹਾਂਵੀਰ ਦੇ ਸਿਰ ਉੱਤੋਂ ਦੀ ਵਾਰ ਕੇ ਬੋਲੀ, 'ਲੈ ਫੜ ਆਪਣੀ ਬੁੱਢੀ ਭੂਆ ਦੀ ਅਸੀਸ। ਇਨ੍ਹਾਂ ਦਾਣਿਆਂ ਨੂੰ ਆਪਣੀ ਪਗੜੀ ਦੇ ਲੜ ਵਿਚ ਬੰਨ੍ਹ ਲੈ। ਅੱਲਾਹ ਤੇਰਾ ਸਹਾਈ।'

ਮਹਾਂਵੀਰ ਨੇ ਜੌਂਆਂ ਦੇ ਦਾਣੇ ਆਪਣੀ ਹਥੇਲੀ ਉੱਤੇ ਰੱਖੇ ਤੇ ਉਨ੍ਹਾਂ ਨੂੰ ਗਹੁ ਨਾਲ ਦੇਖਣ ਲੱਗਾ। ਭੂਆ ਬੋਲੀ, 'ਦੇਖਦਾ ਕੀ ਹੈਂ ਪੁੱਤ। ਜੌਂਆਂ ਦੇ ਦਾਣਿਆਂ ਵਿਚ ਬੜੀ ਬਰਕਤ ਹੁੰਦੀ ਹੈ। ਇਹ ਸੁੱਚੇ ਨੇ। ਹਜ਼ਰਤ ਮੁਹੰਮਦ ਸਾਹਿਬ ਨੂੰ ਜੌਂਆਂ ਦੀ ਰੋਟੀ ਬਹੁਤ ਪਸੰਦ ਸੀ। ਹਸਨ ਤੇ ਹੁਸੈਨ ਨੇ ਜੌਂਆਂ ਦੀਆਂ ਰੋਟੀਆਂ ਖਾ ਕੇ ਹੀ ਕਰਬਲਾ ਦੀ ਜੰਗ ਲੜੀ ਸੀ।'

ਮਹਾਂਵੀਰ ਨੇ ਜੌਂਆਂ ਦੇ ਦਾਣਿਆਂ ਨੂੰ ਅੱਖਾਂ ਨਾਲ ਲਾਇਆ ਤੇ ਸਤਿਕਾਰ ਨਾਲ ਚੁੰਮਿਆ।

ਰਾਤ ਨੂੰ ਨਿਤ ਵਾਂਗ ਭੂਆ ਨੇ ਦੀਵਾ ਜਗਾ ਕੇ ਖੱਜੀ ਦੀ ਚਟਾਈ ਵਿਛਾਈ। ਕੰਧ ਉੱਤੇ ਟੰਗੇ ਹਰੇ ਕੱਪੜੇ ਉੱਤੇ ਅਰਬੀ ਵਿਚ ਲਿਖੇ 'ਅੱਲਾਹ' ਅੱਗੇ ਗੋਡੇ ਟੇਕ ਕੇ ਕੁਰਾਨ ਦੀ ਇਹ ਆਇਤ ਪੜ੍ਹੀ, 'ਮੇਰੇ ਅੱਲਾਹ ਤੇਰਾ ਹੀ ਸਹਾਰਾ ਹੈ। ਮੈਂ ਸੌਂ ਰਹੀ ਹਾਂ ਤੇਰੀ ਹਿਫ਼ਾਜ਼ਤ ਵਿਚ। ਜੇ ਸੁੱਤੀ ਪਈ ਦੇ ਪ੍ਰਾਣ ਨਿਕਲ ਜਾਣ ਅਖ਼ੀਰਲੇ ਸਾਹ ਵਿਚ ਤੇਰਾ ਹੀ ਨਾਂ ਹੋਵੇ ਮੇਰੀ ਜੀਭ ਉੱਤੇ।'

ਇਤਨੇ ਵਿਚ ਕਿਸੇ ਨੇ ਦਰਵਾਜ਼ੇ ਉੱਤੇ ਕੁੰਡੀ ਖੜਕਾਈ। ਭੂਆ ਚੌਂਕ ਕੇ ਮੁੜੀ, 'ਯਾ ਖ਼ੁਦਾ ਕੌਣ ਆਇਆ ਏਨੀ ਰਾਤ ਗਏ! ਬਾਕਰ ਹੀ ਆਇਆ ਹੋਣੈ ਪੈਸੇ ਮੰਗਣ! ਜੂਏ ਵਿਚ ਹਾਰ ਗਿਆ ਹੋਵੇਗਾ। ਆਪਣੀ ਹੁਸਨਾ ਨੂੰ ਇਸ ਵੈਲੀ ਨਾਲ ਵਿਆਹ ਕੇ ਮੈਂ ਪਛਤਾਈ। ਲਹੂ ਪੀ ਸੁੱਟਿਐ ਮੇਰਾ ਇਸ ਦਾਮਾਦ ਨੇ। ਪੁੱਤ ਜੇ ਕਪੁੱਤ ਹੋ ਜਾਵੇ ਤਾਂ ਮਾਂ ਸਹਿ ਲੈਂਦੀ ਹੈ, ਪਰ ਜੇ ਦਾਮਾਦ ਖੋਟਾ ਨਿਕਲੇ ਤਾਂ ਖੋਟੀ ਕਿਸਮਤ।'

ਦਰਵਾਜ਼ਾ ਫਿਰ ਜ਼ੋਰ ਦੀ ਖੜਕਿਆ।

ਭੂਆ ਹੂੰਗਰ ਮਾਰਦੀ ਹੋਈ ਉੱਠੀ ਤੇ ਉੱਚੀ ਦੇਣੇ ਬੋਲੀ, 'ਵੇ ਠਹਿਰ ਜਾ, ਆਉਂਦੀ ਹਾਂ। ਦਰਵਾਜ਼ਾ ਨਾ ਭੰਨ ਸੁੱਟੀਂ।'

ਉਹ ਹੱਥਾਂ ਦਾ ਸਹਾਰਾ ਲੈ ਕੇ ਉੱਠੀ ਤੇ ਉਸ ਨੇ ਦਰਵਾਜ਼ਾ ਖੋਲ੍ਹਿਆ।

ਸਾਹਮਣੇ ਲਾਲਾ ਗੰਗਾ ਰਾਮ ਖੜ੍ਹਾ ਸੀ। ਉਮਰ ਸੱਠ ਸਾਲ, ਹੱਥ ਵਿਚ ਲਾਲਟੈਣ, ਸਿਰ ਉੱਤੇ ਕਾਲੀ ਗੋਲ ਟੋਪੀ, ਤੇੜ ਮਲਮਲ ਦੀ ਧੋਤੀ ਤੇ ਗਲ ਕੁੜਤਾ। ਉਹ ਘਬਰਾਇਆ ਖੜ੍ਹਾ ਸੀ। ਮੱਥੇ 'ਤੇ ਪਸੀਨਾ।

ਭੂਆ ਬੋਲੀ, 'ਕੀ ਗੱਲ ਹੈ ਗੰਗਾ ਰਾਮ, ਏਨਾ ਘਬਰਾਇਆ ਹੋਇਆ ਹੈਂ?'

ਉਹ ਬੋਲਿਆ, 'ਕੀ ਦੱਸਾਂ ਭੂਆ। ਬਹੂ ਕੱਲ੍ਹ ਦੀ ਤੜਫ ਰਹੀ ਹੈ। ਤੈਨੂੰ ਲੈਣ ਆਇਆ ਹਾਂ। ਤੇਰੀ ਮਿਹਰਬਾਨੀ ਸਦਕਾ ਪੋਤੇ ਦਾ ਮੂੰਹ ਦੇਖ ਸਕਾਂਗਾ। ਹਵੇਲੀ ਵਿਚ ਰੌਸ਼ਨੀ ਹੋ ਜਾਵੇਗੀ।'

ਭੂਆ ਨੇ ਖੂੰਜੇ ਵਿਚ ਰੱਖੀ ਸੋਟੀ ਫੜੀ, ਦਾਰੂ ਦਰਮਲ ਵਾਲਾ ਝੋਲਾ ਚੁੱਕਿਆ ਤੇ ਗੰਗਾ ਰਾਮ ਨਾਲ ਤੁਰ ਪਈ।

ਝੌਂਪੜੀ ਦੇ ਮੋੜ ਤੋਂ ਦੀ ਲੰਘੀ ਤਾਂ ਯਕਦਮ ਭੂਆ ਦੀਆਂ ਅੱਖਾਂ 'ਤੇ ਤੇਜ਼ ਰੌਸ਼ਨੀ ਦਾ ਛਪਾਕਾ ਪਿਆ। ਇੱਕ ਕਰਾਰੀ ਆਵਾਜ਼ ਗਰਜੀ, 'ਕਿੱਥੇ ਚੱਲੀ ਐਂ ਬੁੜੀਏ ਇਸ ਬੇਈਮਾਨ ਲਾਲੇ ਦੇ ਨਾਲ?'

ਭੂਆ ਨੇ ਤੇਜ਼ ਰੌਸ਼ਨੀ ਸਾਹਮਣੇ ਅੱਖਾਂ ਝਮਕੀਆਂ।

ਸਾਹਮਣੇ ਉਸ ਦਾ ਦਾਮਾਦ ਬਾਕਰ ਅਲੀ ਰਸਤਾ ਰੋਕੀ ਖੜ੍ਹਾ ਸੀ। ਸੂਲਾਂ ਵਰਗੀ ਕਾਲੀ ਦਾੜ੍ਹੀ, ਉਲਝੇ ਹੋਏ ਵਾਲ, ਸਾਂਵਲਾ ਰੰਗ। ਚਾਰਖਾਨੇ ਦਾ ਤਹਿਮਦ ਤੇ ਖੁੱਲ੍ਹੀ ਬੰਡੀ।

ਉਸ ਨੇ ਫਿਰ ਵੰਗਾਰਿਆ, 'ਕਿੱਥੇ ਚੱਲੀ ਹੈਂ?'

ਭੂਆ ਨੇ ਬਾਕਰ ਵੱਲ ਦੇਖਿਆ, ਤੇ ਫਿਰ ਗੰਗਾ ਰਾਮ ਵੱਲ, ਤੇ ਫਿਰ ਬਾਕਰ ਵੱਲ।

ਉਹ ਬੋਲੀ, 'ਗੰਗਾ ਰਾਮ ਦੀ ਬਹੂ ਦੇ ਬੱਚਾ ਹੋਣ ਵਾਲਾ ਹੈ, ਉੱਥੇ ਚੱਲੀ ਹਾਂ।'

ਬਾਕਰ ਕੜਕ ਕੇ ਬੋਲਿਆ, 'ਇਸ ਲਾਲਚੀ ਕੁੱਤੇ ਦੇ ਘਰ। ਇੱਕ ਹੋਰ ਕਾਫ਼ਰ ਨੂੰ ਦੁਨੀਆ ਵਿਚ ਲਿਆਉਣ ਲਈ!'

'ਬੱਚੇ ਦਾ ਕੋਈ ਮਜ਼ਹਬ ਨਹੀਂ ਹੁੰਦਾ। ਬੱਚਾ ਤਾਂ ਅੱਲਾਹ ਦਾ ਦਿੱਤਾ ਤੋਹਫ਼ਾ ਹੁੰਦਾ ਹੈ।'

'ਇਸ ਕਾਫ਼ਰ ਦਾ ਬੱਚਾ ਅੱਲਾਹ ਦਾ ਤੋਹਫ਼ਾ ਨਹੀਂ, ਲਾਹਨਤ ਹੈ।'

'ਇਹੋ ਜਿਹੇ ਬੋਲ ਨਾ ਬੋਲ ਬਾਕਰ। ਅੱਲਾਹ ਦੀ ਨਿਗਾਹ ਵਿਚ ਸਭ ਬੰਦੇ ਬਰਾਬਰ ਨੇ। ਮੈਂ ਉਸੇ ਦਾ ਹੁਕਮ ਪਾਲਣ ਜਾ ਰਹੀ ਹਾਂ।'

'ਕੀ ਭੌਂਕੀ ਜਾਂਦੀ ਹੈਂ ਬੁੜੀਏ!'

ਭੂਆ ਦਾ ਚਿਹਰਾ ਗੁੱਸੇ ਨਾਲ ਤਮਤਮਾ ਉੱਠਿਆ। ਝੁਰੜੀਆਂ ਡੂੰਘੀਆਂ ਹੋ ਗਈਆਂ।

ਗੁੱਸਾ ਪੀ ਕੇ ਬੋਲੀ, 'ਹੋਸ਼ ਵਿਚ ਆ ਬਾਕਰ। ਮੈਂ ਤੈਨੂੰ ਆਪਣੀ ਲਾਡਾਂ ਨਾਲ ਪਾਲੀ ਹੁਸਨਾ ਵਿਆਹੀ ਹੈ, ਪਰ ਕੋਈ ਇੱਜ਼ਤ ਨਹੀਂ ਵੇਚੀ।'

ਬਾਕਰ ਗੰਗਾ ਰਾਮ ਵੱਲ ਮੁੜਿਆ।

'ਲਾਲਾ ਚਲਾ ਜਾਹ ਏਥੋਂ। ਅੰਮਾਂ ਤੇਰੇ ਨਾਲ ਨਹੀਂ ਜਾਵੇਗੀ। ਦਫ਼ਾ ਹੋ ਜਾ ਏਥੋਂ।'

ਗੰਗਾ ਰਾਮ ਨੇ ਮਿੰਨਤਾਂ ਕੀਤੀਆਂ, ਹੱਥ ਜੋੜੇ ਪਰ ਬਾਕਰ ਨਾ ਮੰਨਿਆ। ਦੋਹਾਂ ਵਿਚ ਤੂੰ-ਤੂੰ, ਮੈਂ-ਮੈਂ ਵੱਧ ਗਈ। ਬਾਕਰ ਨੇ ਗੰਗਾ ਰਾਮ ਨੂੰ ਗਲੋਂ ਫੜ ਲਿਆ। ਦੰਦ ਪੀਹ ਕੇ ਬੋਲਿਆ, 'ਏਸ ਹਿੰਦੂ ਲਾਲੇ ਵਾਸਤੇ ਏਨੀ ਹਮਦਰਦੀ? ਤੜਫ ਰਹੀ ਹੈਂ ਏਹਦਾ ਪੋਤਾ ਜਣਵਾਉਣ ਲਈ? ਇੱਕ ਕਾਫ਼ਰ ਨੂੰ ਜਣਵਾਉਣ ਲਈ? ਇਉਂ ਲੱਗਦਾ ਹੈ ਤੇਰੀਆਂ ਰਗਾਂ ਵਿਚ ਵੀ ਕਿਸੇ ਹਿੰਦੂ ਦਾ ਖ਼ੂਨ ਹੈ।'

ਭੂਆ ਫ਼ਾਤਮਾ ਗੁੱਸੇ ਵਿਚ ਕੰਬਣ ਲੱਗੀ ਤੇ ਉਸ ਦੀਆਂ ਅੱਖਾਂ ਵਿਚੋਂ ਚੰਗਿਆੜੇ ਨਿਕਲੇ। ਉਸ ਨੇ ਖਿੱਚ ਕੇ ਬਾਕਰ ਦੇ ਥੱਪੜ ਮਾਰਿਆ ਤੇ ਗਰਜੀ, 'ਕੀ ਬਕੀ ਜਾਂਦੈ ਦੋਜ਼ਖ਼ੀਆ। ਅੱਲਾਹ ਦਾ ਕਹਿਰ ਨਾਜ਼ਲ ਹੋਵੇ ਤੇਰੇ ਉੱਤੇ।'

ਬਾਕਰ ਦਾ ਬੁੱਲ੍ਹ ਕੱਟਿਆ ਗਿਆ ਤੇ ਖ਼ੂਨ ਵਗਣ ਲੱਗਿਆ।

ਭੂਆ ਨੇ ਉਸ ਵੱਲ ਨਫ਼ਰਤ ਨਾਲ ਦੇਖਿਆ, 'ਤੇਰੇ ਅੰਦਰ ਸ਼ੈਤਾਨ ਬੋਲਦਾ ਹੈ ਬਾਕਰ, ਦੂਰ ਹੋ ਜਾ ਮੇਰੀਆਂ ਨਜ਼ਰਾਂ ਤੋਂ।'

ਬਾਕਰ ਨੇ ਗੁੱਸੇ ਵਿਚ ਕੰਬਦਿਆਂ ਭੂਆ ਨੂੰ ਵੰਗਾਰਿਆ, 'ਜੇ ਤੂੰ ਇਸ ਲਾਲੇ ਨਾਲ ਗਈ ਤਾਂ ਮੈਂ ਤੇਰੀ ਹੁਸਨਾ ਦੀ ਜ਼ਿੰਦਗੀ ਨੂੰ ਤਬਾਹ ਕਰ ਦੇਵਾਂਗਾ। ਬਰਬਾਦ ਕਰ ਦੇਵਾਂਗਾ ਮੈਂ ਉਸ ਨੂੰ।'

ਬਾਕਰ ਗਰਜਦਾ ਹੋਇਆ ਤੇ ਗਾਲ੍ਹਾਂ ਕੱਢਦਾ ਹੋਇਆ ਚਲਾ ਗਿਆ। ਗੰਗਾ ਰਾਮ ਸੱਨਾਟੇ ਵਿਚ ਖੜ੍ਹਾ ਰਹਿ ਗਿਆ।

ਜਦੋਂ ਬਾਕਰ ਹਨੇਰੇ ਵਿਚ ਗੁੰਮ ਹੋ ਗਿਆ ਤਾਂ ਗੰਗਾ ਰਾਮ ਨੇ ਮੱਥੇ ਦਾ ਪਸੀਨਾ ਪੂੰਝਿਆ। ਭੂਆ ਵੱਲ ਮਿੰਨਤ ਭਰੀਆਂ ਅੱਖਾਂ ਨਾਲ ਵੇਖਿਆ ਤੇ ਬੋਲਿਆ,

'ਮੇਰੇ ਨਾਲ ਚੱਲ ਭੂਆ। ਮੈਂ ਸਾਰੀ ਉਮਰ ਅਹਿਸਾਨਮੰਦ ਰਹਾਂਗਾ।'



ਭੂਆ ਦੀਆਂ ਅੱਖਾਂ ਵਿਚ ਹੰਝੂ ਉਮੜ ਆਏ। ਉਸ ਨੇ ਲੰਮਾ ਹਉਕਾ ਭਰਿਆ। ਇਕਦਮ ਉਸ ਦੇ ਚਿਹਰੇ ਉੱਤੇ ਸਖ਼ਤੀ ਆ ਗਈ। ਕੋਈ ਦ੍ਰਿੜ੍ਹ ਨਿਸਚਾ। ਉਸਨੇ ਗੰਗਾ ਰਾਮ ਨੂੰ ਆਖਿਆ, 'ਲਾਲਾ! ਤੂੰ ਵੀ ਚਲਾ ਜਾ ਏਥੋਂ। ਮੈਂ ਨਹੀਂ ਜਾ ਸਕਦੀ। ਜਾਹ ਚਲਾ ਜਾਹ। ਉਹ ਮੇਰੀ ਧੀ ਦੀ ਜ਼ਿੰਦਗੀ ਤਬਾਹ ਕਰ ਦੇਵੇਗਾ। ਜਾਹ ਚਲਾ ਜਾਹ!'ਭੂਆ ਮੁੜੀ ਤੇ ਝੌਂਪੜੀ ਅੰਦਰ ਜਾ ਕੇ ਦਰਵਾਜ਼ਾ ਬੰਦ ਕਰ ਲਿਆ।

ਗੰਗਾ ਰਾਮ ਉੱਥੇ ਹੀ ਖੜ੍ਹਾ ਸੋਚਦਾ ਰਿਹਾ। ਫਿਰ ਉਹ ਭਾਰੀ-ਭਾਰੀ ਕਦਮ ਚੱਲਦਾ ਆਪਣੇ ਘਰ ਨੂੰ ਤੁਰ ਪਿਆ।

ਅੱਧੀ ਰਾਤ ਬੀਤ ਚੁੱਕੀ ਸੀ। ਬੱਦਲ ਘਿਰ ਆਏ ਸਨ ਤੇ ਕਿਣ-ਮਿਣ ਹੋਣ ਲੱਗੀ। ਬਿਜਲੀ ਕੜਕੀ ਤਾਂ ਸਾਰਾ ਆਸਮਾਨ ਹਿੱਲ ਗਿਆ। ਭੂਆ ਦੀ ਅੱਖ ਖੁੱਲ੍ਹ ਗਈ। ਉਹ ਉੱਠ ਬੈਠੀ ਤੇ ਹਨੇਰੇ ਵਿਚ ਚੁਫੇਰੇ ਨਜ਼ਰ ਦੌੜਾਈ। ਵਾਰ-ਵਾਰ ਨੀਲੀ ਰੌਸ਼ਨੀ ਦੀ ਤਿੱਖੀ ਲਕੀਰ ਫਿਰ ਜਾਂਦੀ ਸੀ ਝੌਂਪੜੀ ਅੰਦਰ ਤੇ ਬੂਹੇ ਦੇ ਪੱਟ ਖੜਕਦੇ ਸਨ। ਉਸ ਨੂੰ ਨਿਆਣੇ ਦੇ ਰੋਣ ਦੀ ਆਵਾਜ਼ ਸੁਣਾਈ ਦਿੱਤੀ। ਉਸ ਨੇ ਘਬਰਾ ਕੇ ਖਿੜਕੀ ਵੱਲ ਦੇਖਿਆ। ਫਿਰ ਸਬਜ਼ ਕੱਪੜੇ ਉੱਤੇ ਉਸ ਦੀ ਨਿਗਾਹ ਟਿਕ ਗਈ ਜਿਸ ਉੱਤੇ ਅੱਲਾਹ ਲਿਖਿਆ ਹੋਇਆ ਸੀ। ਉਹ ਤਸਬੀਹ ਚੁੱਕ ਕੇ ਮਣਕੇ ਫੇਰਨ ਲੱਗ ਪਈ। ਉਸ ਨੂੰ ਬਾਕਰ ਦੀ ਆਵਾਜ਼ ਗੂੰਜਦੀ ਸੁਣਾਈ ਦਿੱਤੀ, 'ਮੈਂ ਤੇਰੀ ਹੁਸਨਾ ਦੀ ਜ਼ਿੰਦਗੀ ਤਬਾਹ ਕਰ ਦੇਵਾਂਗਾ.....ਉਸ ਨੂੰ...ਬਰਬਾਦ ਕਰ ਦੇਵਾਂਗਾ...।'

ਭੂਆ ਸਹਿਮ ਕੇ ਅੱਲਾਹ ਦੇ ਹਜ਼ੂਰ ਵਿਚ ਝੁਕ ਗਈ। ਉਸ ਨੂੰ ਗੰਗਾ ਰਾਮ ਦੀ ਆਵਾਜ਼ ਸੁਣਾਈ ਦਿੱਤੀ, 'ਤੂੰ ਹੀ ਮੇਰੇ ਪੋਤੇ ਦੀ ਜ਼ਿੰਦਗੀ ਬਚਾ ਸਕਦੀ ਹੈਂ...ਜ਼ਿੰਦਗੀ ਬਚਾ ਸਕਦੀ ਹੈਂ...ਜ਼ਿੰਦਗੀ...।'

ਭੂਆ ਦੁਆ ਵਿਚ ਬਹੁਤ ਚਿਰ ਝੁਕੀ ਰਹੀ। ਉਸ ਦੇ ਮਨ ਅੰਦਰੋਂ ਆਵਾਜ਼ਾਂ ਉੱਠੀਆਂ, 'ਕੀ ਸੋਚਦੀ ਹੈਂ ਪਾਗਲੇ...ਤੇਰੀ ਧੀ ਬਰਬਾਦ ਹੋ ਜਾਵੇਗੀ...ਤੇਰਾ ਖ਼ਾਨਦਾਨ ਮਿਟ ਜਾਵੇਗਾ...।'

ਪਰ ਨਾਲ ਹੀ ਉਸ ਦੇ ਮਨ ਵਿਚੋਂ ਆਵਾਜ਼ ਉੱਠੀ, 'ਜੇ ਅੱਲਾਹ ਦਾ ਹੱਥ ਸਿਰ ਉੱਤੇ ਹੋਵੇ ਤੇ ਦਿਲ ਵਿਚ ਉਸ ਦਾ ਨੂਰ ਤਾਂ ਕੋਈ ਕਿਸੇ ਨੂੰ ਬਰਬਾਦ ਨਹੀਂ ਕਰ ਸਕਦਾ...। ਹੇ ਰੱਬਾ! ਮੈਨੂੰ ਰੌਸ਼ਨੀ ਦੇਹ ਤੇ ਰਸਤਾ ਦਿਖਾ। ਤੇਰੀ ਬੰਦੀ ਤੇਰੇ ਹਜ਼ੂਰ ਵਿਚ ਸਿਜਦਾ ਕਰੀ ਬੈਠੀ ਹੈ...।'

ਬਿਜਲੀ ਫਿਰ ਕੜਕੀ ਤੇ ਝੌਂਪੜੀ ਵਿਚ ਨੀਲੀ ਰੌਸ਼ਨੀ ਫਿਰ ਗਈ ਤੇ ਨਵੇਂ ਜੰਮੇ ਬੱਚੇ ਦੇ ਰੋਣ ਦੀ ਆਵਾਜ਼ ਆਈ।

ਭੂਆ ਦਾ ਚਿਹਰਾ ਕਿਸੇ ਪੱਕੇ ਇਰਾਦੇ ਨਾਲ ਤਣ ਗਿਆ। ਉਹ ਉੱਠੀ। ਉਸ ਨੇ ਖੂੰਜੇ ਵਿਚ ਪਈ ਸੋਟੀ ਚੁੱਕੀ, ਕਿੱਲੀ ਨਾਲ ਟੰਗਿਆ ਝੋਲਾ ਲਾਹਿਆ, ਚਾਦਰ ਦੀ ਬੁੱਕਲ ਮਾਰੀ ਤੇ ਝੌਂਪੜੀ ਦਾ ਦਰਵਾਜ਼ਾ ਖੋਲ੍ਹਿਆ।

ਬਾਹਰ ਬਾਰਸ਼ ਵਿਚ ਗੰਗਾ ਰਾਮ ਛਤਰੀ ਲਈ ਖੜ੍ਹਾ ਸੀ। ਹੱਥ ਵਿਚ ਲਾਲਟੈਣ। ਭੂਆ ਨੇ ਉਸ ਵੱਲ ਹੈਰਾਨੀ ਨਾਲ ਦੇਖਿਆ ਤੇ ਗੰਗਾ ਰਾਮ ਨੇ ਭੂਆ ਵੱਲ। ਦੋਹਾਂ ਦੀ ਅੱਖਾਂ ਵਿਚ ਹਮਦਰਦੀ ਦਾ ਜਜ਼ਬਾ ਉੱਠਿਆ। ਗੰਗਾ ਰਾਮ ਨੇ ਲਾਲਟੈਣ ਉੱਪਰ ਕੀਤੀ।

ਭੂਆ ਬੋਲੀ, 'ਚੱਲ ਗੰਗਾ ਰਾਮ। ਚਲਦੀ ਹਾਂ ਮੈਂ ਤੇਰੇ ਨਾਲ। ਤੇਰੇ ਘਰ ਵਿਚ ਹੋਣ ਵਾਲੇ ਬੱਚੇ ਦੀ ਆਵਾਜ਼ ਵਿਚ ਮੈਂ ਅੱਲਾਹ ਦੀ ਆਵਾਜ਼ ਸੁਣ ਰਹੀ ਹਾਂ...ਚੱਲ...।'

ਗੰਗਾ ਰਾਮ ਨੇ ਛਤਰੀ ਅੱਗੇ ਕੀਤੀ ਅਤੇ ਉਹ ਤੇ ਭੂਆ ਮੀਂਹ ਵਿਚ ਤੁਰ ਪਏ।

ਪਿੱਛੋਂ ਉੱਚੀ ਆਵਾਜ਼ ਆਈ, 'ਅੰਮਾ...ਰੁਕ ਜਾਹ...ਅੰਮਾ! ਮੁੜ ਆ।'

ਭੂਆ ਰੁਕੀ ਤੇ ਉਸ ਨੇ ਮੁੜ ਕੇ ਦੇਖਿਆ। ਹੁਸਨਾ ਬਾਰਸ਼ ਵਿਚ ਭਿੱਜਦੀ ਉਸ ਦੇ ਮਗਰ ਹਾਕਾਂ ਮਾਰਦੀ ਆ ਰਹੀ ਸੀ। ਬਿਜਲੀ ਇੱਕ ਵਾਰ ਫਿਰ ਚਮਕੀ ਤੇ ਹੁਸਨਾ ਦਾ ਮੀਂਹ ਨਾਲ ਭਿੱਜਿਆ ਚਿਹਰਾ ਨਜ਼ਰ ਆਇਆ। ਹੁਸਨਾ ਨੇ ਫਿਰ ਵਾਸਤਾ ਪਾਇਆ, 'ਅੰਮਾ, ਮੁੜ ਆ! ਨਾ ਜਾਹ! ਨਹੀਂ ਤਾਂ ਬਾਕਰ ਮੈਨੂੰ ਤਲਾਕ ਦੇ ਦੇਵੇਗਾ!'

ਭੂਆ ਇੱਕ ਪਲ ਖੜ੍ਹੀ ਸੋਚਦੀ ਰਹੀ। ਫਿਰ ਗੰਗਾ ਰਾਮ ਦੇ ਚਿਹਰੇ ਵੱਲ ਦੇਖਿਆ ਤੇ ਉਹ ਗੰਗਾ ਰਾਮ ਨਾਲ ਤੁਰ ਪਈ।

ਦੋਵੇਂ ਬਾਰਸ਼ ਵਿਚ ਜਾ ਰਹੇ ਸਨ...।

***

ਮੀਂਹ ਵਿਚ ਭਿੱਜਦੀ ਹੁਸਨਾ ਜਦੋਂ ਆਪਣੇ ਘਰ ਮੁੜੀ ਤਾਂ ਦੇਖਿਆ ਬਾਕਰ ਲੋਹਾ-ਲਾਖਾ ਹੋਇਆ ਖੜ੍ਹਾ ਸੀ।

ਉਹ ਬੋਲਿਆ, 'ਛੱਡ ਆਈ ਹੈਂ ਆਪਣੀ ਮਾਂ ਨੂੰ ਉਸ ਲਾਲੇ ਦੇ ਘਰ? ਮੈਂ ਜਿਸ ਗੱਲੋਂ ਮਨ੍ਹਾਂ ਕਰਾਂ, ਤੂੰ ਤੇ ਤੇਰੀ ਅੰਮਾ ਉਹੀ ਕਰਦੀਆਂ ਹੋ। ਦੋਵੇਂ ਰਲੀਆਂ ਹੋਈਆਂ ਕੰਜਰੀਆਂ!'

ਹੁਸਨਾ ਬੋਲੀ, 'ਅੰਮਾ ਨੂੰ ਕਿਉਂ ਗਾਲ੍ਹਾਂ ਕੱਢਦਾ ਹੈਂ। ਉਸ ਨੇ ਤੇਰਾ ਕੀ ਵਿਗਾੜਿਆ ਹੈ?'

ਬਾਕਰ ਨੇ ਹੁਸਨਾ ਨੂੰ ਗੁੱਤੋਂ ਫੜ ਲਿਆ ਤੇ ਗਰਜਿਆ, 'ਨਿਕਲ ਜਾਹ ਮੇਰੇ ਘਰੋਂ ਕਮਜ਼ਾਤੇ!'

ਉਸ ਨੇ ਹੁਸਨਾ ਨੂੰ ਧੱਕਾ ਦੇ ਕੇ ਜ਼ਮੀਨ ਉੱਤੇ ਪਟਕਾ ਮਾਰਿਆ।

'ਨਿਕਲ ਜਾਹ ਮੇਰੇ ਘਰੋਂ!'

ਜ਼ਮੀਨ ਉੱਤੇ ਡਿੱਗੀ ਹੁਸਨਾ ਨੇ ਆਪਣੇ ਹੋਣ ਵਾਲੇ ਬੱਚੇ ਦਾ ਵਾਸਤਾ ਪਾਇਆ। ਢਿੱਡ ਨੂੰ ਫੜ ਕੇ ਹੂੰਗਰ ਮਾਰੀ ਤੇ ਤੜਫ ਉੱਠੀ,

'ਕਿਉਂ ਨਿਕਲ ਜਾਵਾਂ ਇਸ ਘਰ ਵਿਚੋਂ। ਵਿਆਹ ਕੇ ਆਈ ਸਾਂ ਇੱਥੇ, ਭੱਜ ਕੇ ਨਹੀਂ ਸਾਂ ਆਈ। ਤੂੰ ਕਸਮਾਂ ਖਾਈਆਂ ਸਨ ਤੇ ਨੱਕ ਰਗੜਿਆ ਸੀ ਮੇਰੀ ਅੰਮਾ ਅੱਗੇ!'

'ਹੁਣ ਤੂੰ ਨੱਕ ਰਗੜੇਂਗੀ ਮੇਰੇ ਅੱਗੇ। ਰੋਏਂਗੀ, ਤਰਲੇ ਕੱਢੇਂਗੀ। ਪਰ ਬਾਕਰ ਤੈਨੂੰ ਨਹੀਂ ਰੱਖੇਗਾ। ਇਸ ਘਰ ਵਿਚ। ਨਿਕਲ ਜਾਹ ਇੱਥੋਂ।'

ਉਸ ਨੇ ਖਿੱਚ ਕੇ ਹੁਸਨਾ ਦੇ ਚਪੇੜ ਮਾਰੀ ਤਾਂ ਹੁਸਨਾ ਉਸ ਉੱਤੇ ਝਪਟ ਪਈ।

'ਮੈਨੂੰ ਕੱਢੇਂਗਾ ਤੂੰ ਇਸ ਘਰ ਵਿਚੋਂ ਵੈਰੀਆ? ਮੱਥਾ ਨਾ ਡੰਮ੍ਹ ਸੁੱਟੂੰਗੀ ਮੈਂ ਤੇਰਾ! ਸ਼ਰਮ ਨਹੀਂ ਆਉਂਦੀ ਤੈਨੂੰ? ਤੇਰਾ ਬੱਚਾ ਮੇਰੇ ਢਿੱਡ ਵਿੱਚ ਹੈ। ਤੂੰ ਮੈਨੂੰ ਕੱਢੇਂਗਾ ਘਰ ਵਿਚੋਂ, ਕੁੱਤਿਆ?'

ਬਾਕਰ ਨੇ ਛਾਤੀ ਠੋਕ ਕੇ ਆਖਿਆ, 'ਹਾਂ, ਹਾਂ, ਮੈਂ! ਤੈਨੂੰ ਤਲਾਕ ਦੇ ਕੇ ਨਵੀਂ ਤੀਵੀਂ ਘਰ ਲਿਆਵਾਂਗਾ ਤੇ ਤੈਨੂੰ ਤੇ ਤੇਰੀ ਅੰਮਾ ਨੂੰ ਸਬਕ ਸਿਖਾਵਾਂਗਾ। ਹੁਣੇ ਦੇਂਦਾ ਹਾਂ ਤਲਾਕ!'

ਹੁਸਨਾ ਦੀਆਂ ਅੱਖਾਂ ਪਾਟੀਆਂ ਦੀਆਂ ਪਟੀਆਂ ਰਹਿ ਗਈਆਂ। ਹੈਰਾਨੀ ਨਾਲ ਉਸ ਦਾ ਮੂੰਹ ਖੁੱਲ੍ਹ ਗਿਆ, 'ਤਲਾਕ? ਕੀ ਆਖਿਐ?'

ਬਾਕਰ, 'ਹਾਂ, ਹਾਂ, ਤਲਾਕ।'

ਹੁਸਨਾ ਨੇ ਦੁਹਾਈ ਦਿੱਤੀ, 'ਰੱਬ ਦਾ ਵਾਸਤਾ ਈ, ਇਹ ਜ਼ੁਲਮ ਨਾ ਕਰੀਂ।'

ਬਾਕਰ ਹੱਸਿਆ ਤੇ ਚੀਖ਼ ਕੇ ਬੋਲਿਆ, 'ਤਲਾਕ! ਤਲਾਕ! ਤਲਾਕ! ਨਿਕਲ ਜਾਹ ਇੱਥੋਂ ਚਲੀ ਜਾਹ ਆਪਣੀ ਅੰਮਾ ਕੋਲ।'

ਹੁਸਨਾ ਨੇ ਛਾਤੀ ਪਿੱਟੀ। ਆਪਣੇ ਵਾਲ ਪੁੱਟੇ ਤੇ ਰੋਂਦੀ ਹੋਈ ਨੇ ਬਾਕਰ ਨੂੰ ਗਾਲ੍ਹਾਂ ਕੱਢੀਆਂ, 'ਰੱਬ ਦਾ ਕਹਿਰ ਪਵੇ ਤੇਰੇ ਉੱਤੇ! ਬਿਜਲੀ ਡਿੱਗੇ! ਢਾਈ ਘੜੀਆਂ ਦੀ ਮੌਤ ਆ ਜਾਵੇ ਤੈਨੂੰ! ਇਸੇ ਬੂਹੇ 'ਚੋਂ ਜਨਾਜ਼ਾ ਨਿਕਲੇ ਤੇਰਾ!'

ਗੁੱਸੇ ਵਿਚ ਪਾਗਲ ਹੋਏ ਬਾਕਰ ਨੇ ਹੁਸਨਾ ਦੇ ਢਿੱਡ ਵਿਚ ਠੁੱਡਾ ਮਾਰਿਆ ਤੇ ਉਹ ਡਿਗ ਪਈ। ਤੜਫਦੀ ਹੋਈ ਨੇ ਦੁਹਾਈ ਦਿੱਤੀ। ਬਾਕਰ ਨੇ ਗੁੱਤੋਂ ਫੜ ਕੇ ਉਸ ਨੂੰ ਉਠਾਇਆ ਤੇ ਧੱਕੇ ਦੇਂਦਿਆਂ ਘਰੋਂ ਬਾਹਰ ਕੱਢ ਦਿੱਤਾ।

ਹੁਸਨਾ ਅੰਮਾ! ਅੰਮਾ! ਦੀ ਦੁਹਾਈ ਦੇਂਦੀ ਤੇ ਲੜਖੜਾਉਂਦੀ ਹੋਈ ਭੂਆ ਦੀ ਝੌਂਪੜੀ ਵੱਲ ਤੁਰ ਪਈ।

ਜਦੋਂ ਭੂਆ ਗੰਗਾ ਰਾਮ ਦਾ ਪੋਤਾ ਜਣਵਾ ਕੇ ਤਿੰਨ ਘੰਟਿਆਂ ਪਿੱਛੋਂ ਵਾਪਸ ਮੁੜੀ ਤਾਂ ਦੇਖਿਆ ਕਿ ਹੁਸਨਾ ਕੱਚੇ ਫਰਸ਼ ਉੱਤੇ ਬੇਹੋਸ਼ ਪਈ ਸੀ। ਖ਼ੂਨ ਨਾਲ ਲਿਬੜੇ ਕੱਪੜੇ। ਕੋਲ ਨਿੱਕਾ ਬੱਚਾ ਮਰਿਆ ਪਿਆ ਸੀ।

ਭੂਆ ਨੇ ਮਰੇ ਹੋਏ ਬੱਚੇ ਨੂੰ ਚੁੱਕਿਆ ਤੇ ਕੰਬਦੀ ਹੋਈ ਨੇ ਰੱਬ ਅੱਗੇ ਦੁਆ ਕੀਤੀ,'ਰੱਬਾ! ਮੇਰੇ ਇਨ੍ਹਾਂ ਹੱਥਾਂ ਨੇ ਹਮੇਸ਼ਾ ਜ਼ਿੰਦਗੀ ਬਖ਼ਸ਼ੀ, ਪਰ ਮੈਂ ਅੱਜ ਆਪਣੀ ਹੁਸਨਾ ਦੇ ਬੱਚੇ ਨੂੰ ਨਾ ਬਚਾ ਸਕੀ। ਰਹਿਮ!'

ਭੂਆ ਨੇ ਮਰੇ ਹੋਏ ਬੱਚੇ ਨੂੰ ਕੱਪੜੇ ਵਿਚ ਲਪੇਟਿਆ। ਦੋਹਾਂ ਹੱਥਾਂ ਵਿਚ ਉਸ ਦੀ ਲਾਸ਼ ਚੁੱਕ ਕੇ ਬਾਹਰਲੇ ਵਿਹੜੇ ਵਿਚ ਗਈ। ਕਹੀ ਨਾਲ ਟੋਆ ਪੁੱਟਿਆ ਤੇ ਬੱਚੇ ਨੂੰ ਉਸ ਵਿਚ ਲਿਟਾ ਦਿੱਤਾ। ਫਿਰ ਦੋਹਾਂ ਹੱਥਾਂ ਨਾਲ ਮਿੱਟੀ ਰੋਲ ਕੇ ਬੱਚੇ ਦੀ ਨਿੱਕੀ ਜਿਹੀ ਕਬਰ ਨੂੰ ਪੂਰ ਕੇ ਥਾਪੜ ਦਿੱਤਾ।

***

ਦੇਸ਼ ਦੀ ਆਜ਼ਾਦੀ ਦੀ ਜੰਗ ਤੇਜ਼ ਹੋ ਰਹੀ ਸੀ। ਆਖ਼ਰ ਮੁਲਕ ਦੇ ਬਟਵਾਰੇ ਦਾ ਫ਼ੈਸਲਾ ਹੋ ਗਿਆ। ਇਸ ਫ਼ੈਸਲੇ ਨਾਲ-ਨਾਲ ਦੋਹਾਂ ਪਾਸਿਆਂ ਦੇ ਛੁਰੇ ਵੀ ਤੇਜ਼ ਹੋਣ ਲੱਗੇ।

ਮੁਸਲਮਾਨਾਂ ਤੇ ਹਿੰਦੂਆਂ ਦੇ ਵਿਚਕਾਰ ਨਫ਼ਰਤ ਦੀ ਖਾਈ ਡੂੰਘੀ ਹੋ ਰਹੀ ਸੀ। ਦੋਹਾਂ ਪਾਸਿਆਂ ਦੇ ਲੀਡਰ ਆਪਣੇ-ਆਪਣੇ ਮਜ਼ਹਬ ਦੀ ਅਜ਼ਮਤ ਦੇ ਨਾਅਰੇ ਲਾ ਰਹੇ ਸਨ। ਡੇਰਿਆਂ ਤੇ ਖ਼ਾਨਗਾਹਾਂ ਵਿਚ ਕੀਰਤਨਾਂ ਤੇ ਕਵਾਲੀਆਂ ਦਾ ਜ਼ੋਰ ਸੀ। ਦੋਹਾਂ ਧਿਰਾਂ ਵੱਲੋਂ ਨਾਅਰੇ ਗੂੰਜਦੇ ਸਨ,'ਅੱਲਾਹ ਹੂ ਅਕਬਰ!' ਤੇ 'ਹਰਿ ਹਰਿ ਮਹਾਂਦੇਵ!' ਮਜ਼ਹਬ ਦਾ ਜਨੂੰਨ।

ਆਖ਼ਿਰ ਇਹ ਜਨੂੰਨ ਭੂਆ ਫ਼ਾਤਮਾ ਦੇ ਪਿੰਡ ਵੀ ਆ ਪਹੁੰਚਿਆ। ਸਦੀਆਂ ਤੋਂ ਸਾਂਝੀ ਜ਼ਿੰਦਗੀ ਤੇ ਵਿਹਾਰ 'ਚ ਤ੍ਰੇੜਾਂ ਪੈ ਗਈਆਂ। ਜੋਸ਼ੀਲੇ ਭਾਸ਼ਨ। ਨਫ਼ਰਤ ਦੀ ਅੱਗ।

ਮੁਸਲਮਾਨ ਤਾਜ਼ੀਏ ਕੱਢਣ ਦੀਆਂ ਤਿਆਰੀਆਂ ਕਰ ਰਹੇ ਸਨ। ਹਿੰਦੂ ਪਿੱਪਲ ਦੇ ਪੁਰਾਣੇ ਦਰਖਤ ਹੇਠਾਂ ਲਾਠੀਆਂ ਲਈ ਖੜ੍ਹੇ ਸਨ। ਉਨ੍ਹਾਂ ਦਾ ਫ਼ੈਸਲਾ ਸੀ ਕਿ ਫੈਲੇ ਹੋਏ ਪਿੱਪਲ ਦੇ ਟਾਹਣੇ ਨੂੰ ਕੱਟ ਕੇ ਉਹ ਤਾਜ਼ੀਏ ਨੂੰ ਨਹੀਂ ਲੰਘਣ ਦੇਣਗੇ। ਬਿਹਤਰ ਸੀ ਕਿ ਤਾਜ਼ੀਏ ਦਾ ਜਲੂਸ ਪਿੱਪਲ ਤੋਂ ਹਟ ਕੇ ਲੰਘ ਜਾਵੇ।

ਪਿੰਡ ਦੀ ਛੋਟੀ ਜਿਹੀ ਮਸਜਿਦ ਦੇ ਬਾਹਰ ਮੁਸਲਮਾਨਾਂ ਦੀ ਭੀੜ ਨੂੰ ਇੱਕ ਕੱਟੜ ਮੌਲਵੀ ਵੰਗਾਰ ਰਿਹਾ ਸੀ ਕਿ ਉਨ੍ਹਾਂ ਦੇ ਮੁੱਕਦਸ ਤਾਜ਼ੀਏ

***(ਬਾਕੀ ਅਗਲੇ ਸਫੇ 'ਤੇ)***

# ਮੁਸਲਮਾਨਾਂ ਲਈ ਪ੍ਰੇਰਨਾਦਾਇਕ ਹੈ ਹਜ਼ਰਤ ਮੁਹੰਮਦ ਸਾਹਿਬ ਦਾ ਜੀਵਨ

**ਈਦ-ਏ-ਮਿਲਾਦ ’ਤੇ ਵਿਸ਼ੇਸ਼**

ਧਰਮ ਕੋਈ ਵੀ ਹੋਵੇ ਮਨੁੱਖ ਨੂੰ ਮਨੁੱਖਤਾ ਦਾ ਸਬਕ ਪੜ੍ਹਾ ਕੇ ਜਿਥੇ ਉਸ (ਮਨੁੱਖ) ਦੇ ਮਨਵਾਵਾਦੀ ਬਣਨ ਦੀ ਹਾਮੀ ਭਰਦਾ ਹੈ, ਉਥੇ ਹੀ ਰੱਬੀ ਸੰਦੇਸ਼ ਅਤੇ ਰੂਹਾਨੀ ਉਪਦੇਸ਼ ਸਦਕਾ ਮਨੁੱਖ ਦੇ ਆਤਮਿਕ ਜੀਵਨ ਵਿਚ ਨਿਖ਼ਾਰ ਲਿਆਉਣ ਦਾ ਯਤਨ ਵੀ ਕਰਦਾ ਹੈ। ਹਰੇਕ ਧਰਮ ਆਪੋ ਆਪਣੀ ਧਾਰਮਿਕ-ਮਰਯਾਦਾ ਅਤੇ ਪੂਜਾ-ਪੱਧਤੀ ਅਨੁਸਾਰ ਆਤਮਾ ਅਤੇ ਪਰਮਾਤਮਾ ਵਿਚ ਨੇੜਤਾ ਸਥਾਪਿਤ ਕਰ ਕੇ ਆਪਸੀ ਅਭੇਦਤਾ ਦੀ ਅਜਿਹੀ ਅਵਸਥਾ ਪੈਦਾ ਕਰਦਾ ਹੈ ਜਿਸ ਤੱਕ ਪਹੁੰਚ ਕੇ ਕੋਈ ਵੀ

**ਰਮੇਸ਼ ਬੱਗਾ ਚੋਹਲਾ**
**ਫੋਨ: 94631-32719**

ਸਾਧਕ ਆਵਾਗਮਨ (ਜਨਮ-ਮਰਨ) ਦੇ ਚੱਕਰ ਤੋਂ ਛੁਟਕਾਰਾ ਪਾ ਸਕਦਾ ਹੈ। ਪਰ ਇਲਾਹੀ ਆਨੰਦ ਦੀ ਇਹ ਉੱਚਤਮ ਅਵਸਥਾ ਕੁੱਝ ਵਿਰਲੇ ਵਿਅਕਤੀਆਂ ਨੂੰ ਹੀ ਪ੍ਰਾਪਤ ਹੁੰਦੀ ਹੈ। ਰੂਹਾਨੀਅਤ ਦੀ ਇਸ ਉੱਚਤਮ ਅਤੇ ਆਨੰਦਵਰਧਕ ਅਵਸਥਾ ਦੀ ਪ੍ਰਾਪਤੀ ਲਈ ਸਾਡੇ ਗੁਰੂ, ਪੀਰ ਪੈਗੰਬਰ, ਮੁਰਸ਼ਦ ਅਤੇ ਰਹਿਬਰ ਸਮੇਂ-ਸਮੇਂ ‘ਤੇ ਆਪਣਾ ਬਣਦਾ-ਸਰਦਾ ਯੋਗਦਾਨ ਪਾਉਂਦੇ ਰਹੇ ਹਨ। ਉਨ੍ਹਾਂ ਦੇ ਇਸ ਬੇਸ਼ਕੀਮਤੀ ਅਤੇ ਮਹੱਤਵਪੂਰਨ ਯੋਗਦਾਨ ਬਦਲੇ ਲੋਕਾਈ (ਵਿਸ਼ੇਸ਼ ਕਰਕੇ ਉਨ੍ਹਾਂ ਦੇ ਪੈਰੋਕਾਰਾਂ) ਵੱਲੋਂ ਉਨ੍ਹਾਂ ਮਹਾਂਪੁਰਖਾਂ ਨੂੰ ਰੱਜਵਾਂ ਮਾਣ-ਸਤਿਕਾਰ ਦਿੱਤਾ ਜਾਂਦਾ ਰਿਹਾ ਹੈ। ਮਨੁੱਖੀ ਮਾਰਗ ਨੂੰ ਰੁਸ਼ਨਾਉਣ ਵਾਲੀਆਂ ਆਪਣੀਆਂ ਸਦੀਵੀ ਸਿੱਖਿਆਵਾਂ ਕਾਰਨ ਉਹ ਇਸ ਫ਼ਾਨੀ ਦੁਨੀਆਂ ਤੋਂ ਵਫ਼ਾਤ ਪਾ ਜਾਣ ਤੋਂ ਬਾਅਦ ਵੀ ਆਪਣੇ ਮੁਰੀਦਾਂ ਦੇ ਮਨਾਂ ਉਪਰ ਸਦੀਆਂ ਤੱਕ ਆਪਣਾ ਪ੍ਰਭਾਵ ਬਣਾਈ ਰੱਖਦੇ ਹਨ। ਇਸ ਤਰ੍ਹਾਂ ਦਾ ਹੀ ਪ੍ਰਭਾਵ ਬਣਾਉਣ ਵਾਲਿਆਂ ਵਿਚ ਸ਼ਾਮਿਲ ਹੈ ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦਾ ਨਾਮ।

ਏਸ਼ੀਆ ਦੇ ਵੱਡੇ ਧਰਮਾਂ ਵਿਚ ਸ਼ੁਮਾਰ ਕੀਤੇ ਜਾਂਦੇ ਇਸਲਮ ਧਰਮ ਦੀ ਸਤਿਕਾਰਯੋਗ ਹਸਤੀ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ 570 ਈ: ਨੂੰ ਮੱਕੇ ਦੇ ਇੱਕ ਪੁਜਾਰੀ ਬਨੀ ਹਾਸ਼ਮ ਦੇ ਖ਼ਾਨਦਾਨ ਨਾਲ ਸਬੰਧ ਰੱਖਣ ਵਾਲੇ ਅਬਦੁੱਲਾ ਕੁਰੈਸ਼ੀ ਅਤੇ ਬੀਬੀ ਆਮਨਾ ਦੇ ਗ੍ਰਹਿ ਵਿਖੇ ਹੋਇਆ। ਮੁਹੰਮਦ ਸਾਹਿਬ ਦੇ ਜਨਮ ਤੋਂ ਪਹਿਲਾਂ ਹੀ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ ਜਿਸ ਕਰਕੇ ਉਨ੍ਹਾਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਦਾਦਾ ਅਬਦੁੱਲ ਮੁਤਲਿਬ ਨੂੰ ਨਿਭਾਉਣੀ ਪਈ।

ਜਦੋਂ ਮੁਹੰਮਦ ਸਾਹਿਬ ਦੀ ਉਮਰ ਛੇ ਸਾਲ ਦੀ ਹੋਈ ਤਾਂ ਬੀਬੀ ਆਮਨਾ ਉਨ੍ਹਾਂ ਨੂੰ ਆਪਣੇ ਪੇਕੇ ਮਦੀਨੇ ਲੈ ਗਈ ਪਰ ਮਦੀਨੇ ਤੋਂ ਵਾਪਸੀ ਦੇ ਸਮੇਂ ਅਬੋਹਾ ਨਾਮ ਦੇ ਇੱਕ ਪਿੰਡ ਕੋਲ ਬੀਬੀ ਆਮਨਾ ਅੱਲ੍ਹਾ ਨੂੰ ਪਿਆਰੀ ਹੋ ਗਈ। ਮਾਤਾ ਦੇ ਫ਼ੌਤ ਹੋ ਜਾਣ ਨਾਲ ਹਜ਼ਰਤ ਮੁਹੰਮਦ ਸਾਹਿਬ ਯਤੀਮ ਹੋ ਗਏ। ਅੱਠ ਸਾਲ ਦੀ ਉਮਰ ਤੱਕ ਪਹੁੰਚਦਿਆਂ ਦਾਦਾ ਅਬਦੁਲ ਮੁਤਲਿਬ ਦਾ (ਮੌਤ ਹੋ ਜਾਣ ਕਾਰਨ) ਸਾਥ ਵੀ ਛੁੱਟ ਗਿਆ। ਇਨ੍ਹਾਂ ਦੁਖ਼ਾਂਤਕ ਵਰਤਾਰਿਆਂ ਤੋਂ ਬਾਅਦ ਮੁਹੰਮਦ ਸਾਹਿਬ ਦੀ ਦੇਖਭਾਲ ਦਾ ਜ਼ਿੰਮਾ ਚਾਚਾ ਅਬੂ ਤਾਲਿਬ ਨੇ ਲੈ ਲਿਆ ਜਿਸ ਨੂੰ ਉਨ੍ਹਾਂ ਬਾਖ਼ੂਬੀ ਨਿਭਾਇਆ। ਚਾਚਾ ਅਬੂ ਤਾਲਿਬ ਚੰਗੇ ਵਪਾਰੀ ਸਨ ਅਤੇ ਵਪਾਰ ਲਈ ਆਪਣੇ ਭਤੀਜੇ ਮੁਹੰਮਦ ਸਾਹਿਬ ਨੂੰ ਵੀ ਨਾਲ ਲੈ ਜਾਂਦੇ ਸਨ। ਚਾਚੇ ਨਾਲ ਜਾਣ ਕਰਕੇ ਜਿੱਥੇ ਉਨ੍ਹਾਂ ਨੂੰ ਵਪਾਰ ਦੀਆਂ ਬਰੀਕੀਆਂ ਦੀ ਸਮਝ ਆ ਗਈ ਉੱਥੇ ਹੀ ਦੂਸਰੇ ਦੇਸ਼ਾਂ ਦੇ ਧਰਮ ਅਤੇ ਰੀਤੀ-ਰਿਵਾਜ਼ਾਂ ਨੂੰ ਜਾਣਨ ਦਾ ਸੁਨਹਿਰੀ ਮੌਕਾ ਵੀ ਮਿਲ ਗਿਆ। ਇਸ ਸਮੇਂ ਦੌਰਾਨ ਉਨ੍ਹਾਂ ਨੇ ਈਸਾਈ ਪਾਦਰੀਆਂ ਨਾਲ ਵਿਚਾਰ-ਗੋਸ਼ਟੀਆਂ ਕੀਤੀਆਂ ਅਤੇ ਉਨ੍ਹਾਂ ਦੇ ਨਿਸਚਿਆਂ ਅਤੇ ਸਿਧਾਂਤਾਂ ਦੀ ਵਾਕਫ਼ੀਅਤ ਹਾਸਲ ਕੀਤੀ। ਈਸਾਈ ਅਤੇ ਮੂਸਾਈ ਪ੍ਰਚਾਰਕਾਂ ਤੋਂ ਹਜ਼ਰਤ ਨੇ ਬਹੁਤ ਸਾਰੇ ਧਾਰਮਿਕ ਨੁਕਤਿਆਂ ਨੂੰ ਹਾਸਲ ਕੀਤਾ ਜਿਹੜੇ ਬਾਅਦ ਵਿਚ ਇਸਲਾਮ ਵਿਚ ਰੂਪਾਂਤਰਿਤ ਹੋਏ ਹਨ। ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਤੀਖਣ ਬੁੱਧੀ ਦੇ ਮਾਲਕ ਸਨ ਅਤੇ ਚੰਗਾ ਤਜਰਬਾ ਰੱਖਦੇ ਸਨ। ਭਲੇ ਪੁਰਸ਼ ਅਤੇ ਇਮਾਨਦਾਰ ਵੀ ਪੂਰੇ ਸਨ। ਇਸ ਕਰਕੇ ਲੋਕ ਉਨ੍ਹਾਂ ਨੂੰ ‘ਸਾਦਕ’ ਜਾਂ ਅਮੀਨ ਕਹਿੰਦੇ ਸਨ।

ਇੱਕ ਚੰਗੇ ਵਪਾਰੀ ਵਜੋਂ ਹਜ਼ਰਤ ਸਾਹਿਬ ਦਾ ਨਾਮ ਕਾਫ਼ੀ ਚਰਚਿਤ ਹੋ ਗਿਆ ਜਿਸ ਕਰਕੇ ਮੱਕੇ ਦੀ ਇੱਕ ਅਮੀਰ ਵਿਧਵਾ ਖਦੀਜਾ ਨੇ ਉਨ੍ਹਾਂ ਨਾਲ ਸ਼ਾਦੀ ਕਰ ਲਈ। ਉਸ ਸਮੇਂ ਖਦੀਜਾ ਦੀ ਉਮਰ 40 ਸਾਲ ਅਤੇ ਹਜ਼ਰਤ ਸਾਹਿਬ ਦੀ ਉਮਰ 25 ਸਾਲ ਸੀ। ਖਦੀਜਾ ਦੀ ਕੁੱਖੋਂ ਚਾਰ ਲੜਕੀਆਂ ਅਤੇ ਚਾਰ ਲੜਕੇ ਪੈਦਾ ਹੋਏ। ਹਜ਼ਰਤ ਮੁਹੰਮਦ ਸਾਹਿਬ ਅੱਲ੍ਹਾ ਦੀ ਬੰਦਗੀ ਕਰਨ ਵਾਲੇ ਪੁਰਖ ਸਨ। ਬੰਦਗੀ ਦੇ ਸਮੇਂ ਉਹ ਇੱਕ ਪਹਾੜ ਉਪਰ ਬਣੀ ਹੋਈ ਹਿਰਾ ਨਾਮੀ ਗ਼ੁਫ਼ਾ ਵਿਚ ਚਲੇ ਜਾਂਦੇ ਸਨ ਅਤੇ ਗੁਜ਼ਾਰੇ ਲਈ ਕੁੱਝ ਸਤੂ ਅਤੇ ਪਾਣੀ ਵੀ ਆਪਣੇ ਨਾਲ ਲੈ ਜਾਂਦੇ ਸਨ। ਲਗਾਤਾਰ ਕਈ ਸਾਲਾਂ ਦੀ ਸਾਧਨਾ ਦੇ ਬਾਅਦ ਇੱਕ ਰੋਜ਼ ਅਚਨਚੇਤ ਉਨ੍ਹਾਂ ਨੂੰ ਇੱਕ ਫ਼ਰਿਸ਼ਤੇ ਦੇ ਦਰਸ਼ਨ ਹੋਏ ਜਿਸ ਨੇ ਉਨ੍ਹਾਂ ਨੂੰ ਅੱਲ੍ਹਾ ਦੇ ਰਸੂਲ਼ ਹੋਣ ‘ਤੇ ਮੁਬਾਰਕਬਾਦ ਦਿੱਤੀ। ਉਸ ਸਮੇਂ ਉਨ੍ਹਾਂ ਦੀ ਉਮਰ ਚਾਲੀ ਸਾਲ ਦੇ ਨੇੜੇ ਸੀ। ਜਦੋਂ ਉਹ ਆਪਣੇ ਘਰ ਆਏ ਤਾਂ ਉਨ੍ਹਾਂ ਦੇ ਚਿਹਰੇ ’ਤੇ ਕੁੱਝ ਘਬਰਾਹਟ ਸੀ। ਜਦੋਂ ਉਨ੍ਹਾਂ ਦੀ ਸ਼ਰੀਕ-ਏ-ਹਯਾਤ ਖ਼ਦੀਜਾ ਨੇ ਘਬਰਾਹਟ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ, “ਮੈਂ ਪਹਾੜ ਦੀ ਕੰਦਰਾ ਵਿਚ ਬੈਠਾ ਹੋਇਆ ਸੀ ਕਿ ਇੱਕ ਫ਼ਰਿਸ਼ਤਾ ਮੇਰੇ ਸਾਹਮਣੇ ਆ ਗਿਆ ਅਤੇ ਉਸ ਨੇ ਜ਼ੋਰ ਨਾਲ ਘੁੱਟ ਕੇ ਮੈਨੂੰ ਕਿਹਾ, “ਪੜ੍ਹ।”

ਮੈਂ ਉਸ ਫ਼ਰਿਸ਼ਤੇ ਨੂੰ ਕਿਹਾ “ਮੈਂ ਅਨਪੜ੍ਹ ਹਾਂ।”



ਉਸ ਨੇ ਮੈਨੂੰ ਫਿਰ ਹਿਲਾਇਆ ਅਤੇ ਕਿਹਾ,”ਪੜ੍ਹ, ਆਪਣੇ ਪਾਲਣਹਾਰ ਦੇ ਨਾਮ ਨਾਲ, ਜਿਸ ਨੇ ਸਿਖਾਇਆ ਆਦਮ ਨੂੰ ਜੋ ਕੁੱਝ ਨਹੀਂ ਜਾਣਦਾ ਸੀ।”

ਸਾਰੀ ਵਾਰਤਾ ਸੁਣ ਕੇ ਉਨ੍ਹਾਂ ਦੀ ਪਤਨੀ ਖ਼ਦੀਜਾ ਨੇ ਉਨ੍ਹਾਂ ਨੂੰ ਹੌਂਸਲਾ ਦਿੱਤਾ ਅਤੇ ਕਿਹਾ ਕਿ ਇਸ ਵਿਚ ਘਬਰਾਉਣ ਵਾਲੀ ਕੋਈ ਗੱਲ ਨਹੀਂ। ਖ਼ਦੀਜਾ ਦੇ ਹੌਂਸਲੇ ਨਾਲ ਮੁਹੰਮਦ ਸਾਹਿਬ ਦੀ ਤਸੱਲੀ ਨਹੀਂ ਹੋਈ। ਅਖ਼ੀਰ ਉਹ ਉਨ੍ਹਾਂ ਨੂੰ ਆਪਣੇ ਚਾਚੇ ਦੇ ਲੜਕੇ ਵਰਕਾ ਕੋਲ ਲੈ ਗਈ। ਵਰਕਾ ਇਸਾਈ ਸੀ। ਉਸ ਨੇ ਮੁਹੰਮਦ ਸਾਹਿਬ ਨੂੰ ਕਿਹਾ,”ਰੱਬ ਤਹਾਨੂੰ ਪੈਗ਼ੰਬਰ ਬਣਾਉਣ ਲੱਗਾ ਹੈ।” ਇਹ ਗੱਲ ਸੁਣ ਕੇ ਉਨ੍ਹਾਂ ਨੂੰ ਕੁੱਝ ਧੀਰਜ ਹੋ ਗਿਆ

ਇੱਕ ਦਿਨ ਹਜ਼ਰਤ ਸਾਹਿਬ ਫਿਰ ਦੌੜੇ ਹੋਏ ਬਾਹਰੋਂ ਆਏ। ਖ਼ਦੀਜਾ ਨੇ ਕੱਪੜੇ ਪਾ ਕੇ ਛੁਪਾ ਦਿੱਤਾ ਅਤੇ ਪੁੱਛਿਆ “ਅੱਜ ਕੀ ਭਾਣਾ ਵਰਤਿਆ ਹੈ।” ਮੁਹੰਮਦ ਸਾਹਿਬ ਨੇ ਦੱਸਿਆ,”ਅੱਜ ਫਿਰ ਉਸੇ ਤਰ੍ਹਾਂ ਦੀਆਂ ਆਵਾਜ਼ਾਂ ਆਉਂਦੀਆਂ ਸਨ।” ਫ਼ਰਿਸ਼ਤੇ ਨੇ ਕਿਹਾ “ਐ ਆਪਣੇ ਉਪਰ ਕੱਪੜਾ ਲੈਣ ਵਾਲਿਆ! ਖੜ੍ਹਾ ਹੋ ਤੇ ਆਪਣੇ ਪਾਲਣਹਾਰ ਦੀ ਵਡਿਆਈ ਕਰ। ਗੰਦਗੀ ਛੱਡ ਕੇ ਆਪਣੇ ਕੱਪੜਿਆਂ ਨੂੰ ਪਵਿੱਤਰ ਕਰ।”

ਇਹ ਸੁਣ ਕੇ ਖ਼ਦੀਜਾ ਉਨ੍ਹਾਂ ਨੂੰ ਫਿਰ ਆਪਣੇ ਚਾਚੇ ਦੇ ਪੁੱਤਰ ਵਰਕਾ ਪਾਸ ਲੈ ਗਈ। ਮੁਹੰਮਦ ਸਾਹਿਬ ਨੇ ਉਸ ਨੂੰ ਸਾਰੀ ਵਿਥਿਆ ਕਹਿ ਸੁਣਾਈ। ਵਰਕਾ ਨੇ ਕਿਹਾ, “ਅਜਿਹੇ ਫ਼ਰਿਸ਼ਤੇ ਸਿਰਫ ਪੈਗ਼ੰਬਰਾਂ ਕੋਲ ਹੀ ਆਉਂਦੇ ਹਨ।”

ਪੈਗ਼ੰਬਰੀ ਦਾ ਯਕੀਨ ਹੋ ਜਾਣ ‘ਤੇ ਹਜ਼ਰਤ ਮੁਹੰਮਦ ਸਾਹਿਬ ਨੇ ਇਸਲਾਮ ਦਾ ਪ੍ਰਚਾਰ ਆਰੰਭ ਕਰ ਦਿੱਤਾ। ਸਭ ਤੋਂ ਪਹਿਲਾਂ ਜ਼ੈਦ ਨਾਮੇ ਗ਼ੁਲਾਮ ਨੇ ਇਸਲਾਮ ਕਬੂਲ ਕੀਤਾ। ਉਸ ਤੋਂ ਬਾਅਦ ਉਨ੍ਹਾਂ ਦੀ ਪਤਨੀ ਮੋਮਨ ਬਣੀ। ਇਸ ਤੋਂ ਪਿਛੋਂ ਵਰਕਾ ਦੀਨ ਵਿਚ ਆਇਆ। ਫਿਰ ਚਾਚੇ ਦੇ ਪੁੱਤਰ ਅਲੀ ਨੇ ਵੀ ਉਨ੍ਹਾਂ ਉਪਰ ਈਮਾਨ ਲੈ ਆਂਦਾ। ਤਿੰਨ ਸਾਲ ਤੱਕ ਹਜ਼ਰਤ ਮੁਹੰਮਦ ਸਾਹਿਬ ਨੂੰ ਕੋਈ ਆਇਤ ਨਹੀਂ ਉਤਰੀ। ਤਰਤਾਲੀ ਸਾਲ ਦੇ ਹੋਣ ’ਤੇ ਉਨ੍ਹਾਂ ਨੇ ਇਸਲਾਮ ਦਾ ਪ੍ਰਚਾਰ ਸ਼ੁਰੂ ਕੀਤਾ। ਤਿੰਨ ਸਾਲ ਤੱਕ ਕੇਵਲ 40 ਆਦਮੀ ਹੀ ਮੁਸਲਮਾਨ ਹੋਏ।

ਹਜ਼ਰਤ ਮੁਹੰਮਦ ਦੇ ਆਪਣੇ ਘਰਾਣੇ ਦਾ ਮਜ਼੍ਹਬ ਮੂਰਤੀ-ਪੂਜਾ ਸੀ। ਮੱਕਾ ਕੁਰੈਸ਼ ਦਾ ਧਾਰਮਿਕ ਮੰਦਰ ਸੀ ਜਿਥੇ 360 ਦੇਵਤਿਆਂ ਦੀਆਂ ਮੂਰਤੀਆਂ ਤੇ ਕਿਸੇ ਟੁੱਟੇ ਹੋਏ ਤਾਰੇ ਦਾ ਇਕ ਟੁਕੜਾ ਕਾਲੇ ਰੰਗ ਦਾ ਪੱਥਰ (ਸੰਗ-ਏ-ਅਸਵਦ) ਸਨ, ਜਿਨ੍ਹਾਂ ਦੀ ਪੂਜਾ-ਅਰਚਨਾ ਕੀਤੀ ਜਾਂਦੀ ਸੀ। ਮੱਕੇ ਦੇ ‘ਮਜਾਵਰ’ ਆਪਣੀ ਪੂਜਾ-ਭੇਟਾ ਕਾਇਮ ਰੱਖਣ ਲਈ ਪੁਰਾਣੇ ਮਜ਼੍ਹਬ ਵਿਚ ਕਿਸੇ ਤਬਦੀਲੀ ਲਈ ਤਿਆਰ ਨਹੀਂ ਸਨ ਪਰ ਹਜ਼ਰਤ ਮੁਹੰਮਦ ਸਾਹਿਬ ਇੱਕ ਈਸ਼ਵਰਵਾਦੀ ਹੋਣ ਕਰਕੇ ਚਾਹੁੰਦੇ ਸਨ ਕਿ ਉੱਥੇ ਇੱਕ ਖ਼ੁਦਾ ਦੀ ਬੰਦਗੀ ਕੀਤੀ ਜਾਵੇ। ਇਹ ਕਾਰਜ ਹੀ ਉਨ੍ਹਾਂ ਦਾ ਜੀਵਨ-ਉਦੇਸ਼ ਬਣ ਗਿਆ। ਪਰ ਇਹ ਇੱਕ ਔਖਾ ਅਤੇ ਸੰਵੇਦਨਸ਼ੀਲ ਕਾਰਜ ਸੀ। ਇਸ ਨੂੰ ਨੇਪਰੇ ਚਾੜ੍ਹਨ ਲਈ ਸਭ ਤੋਂ ਵੱਧ ਵਿਰੋਧ ਉਨ੍ਹਾਂ ਨੂੰ ਆਪਣੇ ਕਬੀਲੇ ਕੁਰੈਸ਼ ਦਾ ਹੀ ਸਹਿਣਾ ਪਿਆ। ਉਨ੍ਹਾਂ ਦੇ ਇਸ ਅੜੀਅਲ ਰਵੱਈਏ ਕਾਰਨ ਮੁਹੰਮਦ ਸਾਹਿਬ ਨੂੰ ਉਨ੍ਹਾਂ ਨਾਲ ਧਰਮ-ਯੁੱਧ ਵੀ ਕਰਨੇ ਪਏ। ਇਨ੍ਹਾਂ ਯੁੱਧਾਂ ਤੋਂ ਬਾਅਦ ਅਖ਼ੀਰ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਗਏ। ਇਸ ਕਾਮਯਾਬੀ ਕਾਰਨ ਇਸਲਾਮ ਜਗਤ ਵਿਚ ਉਨ੍ਹਾਂ ਦਾ ਨਾਂ ਬਹੁਤ ਹੀ ਅਦਬ ਨਾਲ ਲਿਆ ਜਾਂਦਾ ਹੈ। ਪਿਆਰ, ਸਦਭਾਵਨਾ ਅਤੇ ਆਪਸੀ ਭਾਈਚਾਰੇ ਦਾ ਸੁਨੇਹਾ ਦੇਣ ਵਾਲੇ ਇਹ ਮਹਾਂਪੁਰਖ 632 ਈ. ਵਿਚ (ਕੁਝ ਸਮਾਂ ਬਿਮਾਰ ਰਹਿਣ ਕਾਰਨ) ਅੱਲ੍ਹਾ ਨੂੰ ਪਿਆਰੇ ਹੋ ਗਏ।

ਸਿੱਖ ਧਰਮ ਅਤੇ ਇਸਲਾਮ ਦੀ ਇਕ ਸਿਧਾਂਤਕ ਸਾਂਝ ਇਹ ਹੈ ਕਿ ਸਿੱਖੀ ਵਿਚ ਇੱਕ ਅਕਾਲ ਪੁਰਖ ਨੂੰ ਮੰਨਣ ਦਾ ਵਿਧਾਨ ਹੈ ਅਤੇ ਉਹ ਵੀ ਕਿਰਤ ਕਰ ਕੇ ਵੰਡ ਛਕਦਿਆਂ ਹੋਇਆਂ। ਇਸਲਾਮ ਵਿਚ ਵੀ ਇੱਕ ਖ਼ੁਦਾ ਦੀ ਬੰਦਗੀ ਕਰਨ ਦਾ ਰੁਝਾਨ ਹੈ ਅਤੇ ਕਿਰਤ ਦਾ ਸਤਿਕਾਰ ਕਰਦੇ ਹੋਏ ਕਿਰਤੀ ਦੀ ਮਜ਼ਦੂਰੀ ਉਸ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਅਦਾ ਕਰਨ ਦੀ ਹਦਾਇਤ ਹੈ।

---

***(ਪਿਛਲੇ ਸਫੇ ਦੀ ਬਾਕੀ)***

ਪਿੱਪਲ ਹੇਠ ਦੀ ਹੀ ਲੰਘਣਗੇ। ਜਦੋਂ ਹਜ਼ਰਤ ਅਲੀ ਨੇ ਕਰਬਲਾ ਦੇ ਮੈਦਾਨ ਵਿਚ ਸਿਰ ਨਾ ਝੁਕਾਇਆ ਤਾਂ ਕੀ ਅਸੀਂ ਪਿੱਪਲ ਦੇ ਇੱਕ ਟਾਹਣੇ ਹੇਠ ਆਪਣੇ ਤਾਜ਼ੀਏ ਦਾ ਸਿਰ ਝੁਕਾ ਦੇਵਾਂਗੇ?

ਨਾਅਰੇ ਗੂੰਜ ਰਹੇ ਸਨ, ‘ਤਾਜ਼ੀਏ ਇੱਥੋਂ ਹੀ ਲੰਘਣਗੇ। ਇਨ੍ਹਾਂ ਕਾਫ਼ਰਾਂ ਨੂੰ ਸਬਕ ਸਿਖਾ ਦੇਵਾਂਗੇ!’

‘ਅੱਲਾਹ ਦੇ ਫਜ਼ਲ ਨਾਲ ਇਸਲਾਮ ਦਾ ਸਬਜ਼ ਪਰਚਮ ਕਾਇਮ ਹੈ!’

ਪਿੱਪਲ ਹੇਠਾਂ ਜਨੇਊਧਾਰੀ ਪੰਡਿਤ ਜੀ ਗਰਜ ਰਹੇ ਸਨ, ‘ਭਾਈਂਏ! ਜੇ ਉਨ੍ਹਾਂ ਨੇ ਪਿੱਪਲ ਦੇ ਟਾਹਣੇ ਨੂੰ ਕੱਟਿਆ ਤਾਂ ਹਿੰਦੂ ਧਰਮ ਦੀ ਨੱਕ ਕਟ ਜਾਵੇਗੀ। ਕਿੱਥੇ ਗਈ ਤੁਹਾਡੀ ਸੂਰਬੀਰਤਾ?’

‘ਜਾਨ ਦੇ ਦੇਵਾਂਗੇ ਪਰ ਧਰਮ ਦੀ ਰੱਖਿਆ ਕਰਾਂਗੇ!’

‘ਹਰਿ ਹਰਿ ਮਹਾਂਦੇਵ!’

ਦੂਜੇ ਪਾਸੇ ਮੌਲਵੀ ਗਰਜਿਆ, ‘ਗ਼ਜ਼ਬ ਖ਼ੁਦਾ ਦਾ! ਇੱਕ ਦਰਖ਼ਤ ਦੇ ਕੱਟਣ ਉੱਤੇ ਏਨਾ ਹੁੱਲੜ?

ਜੰਗਲਾਂ ਦੇ ਜੰਗਲ ਕੱਟ ਸੁੱਟੇ ਇਨ੍ਹਾਂ ਕਾਫ਼ਰਾਂ ਨੇ, ਹੁਣ ਇੱਕ ਟਾਹਣਾ ਕੱਟਣ ਉੱਤੇ ਇਨ੍ਹਾਂ ਦਾ ਧਰਮ ਭ੍ਰਸ਼ਟ ਹੋ ਜਾਵੇਗਾ? ਹਜ਼ਰਤ ਹਸਨ ਹੁਸੈਨ ਦੀ ਸ਼ਹਾਦਤ ਦੇ ਖ਼ੂਨ ਦਾ ਮੁਕਾਬਲਾ ਕਰਦੇ ਨੇ ਇੱਕ ਦਰਖ਼ਤ ਦੇ ਟਾਹਣੇ ਨਾਲ! ਤਾਜ਼ੀਏ ਪਿੱਪਲ ਦੇ ਹੇਠਾਂ ਦੀ ਹੀ ਲੰਘਣਗੇ।’

‘ਨਾਅਰਾ-ਇ-ਤਕਬੀਰ!

ਅੱਲਾਹ ਹੂ ਅਕਬਰ!’

ਰਾਤ ਨੂੰ ਬਾਕਰ ਨੇ ਕੁਹਾੜਾ ਤੇਜ਼ ਕੀਤਾ। ਘਰੋਂ ਬਾਹਰ ਨਿਕਲਿਆ ਤੇ ਤੇਜ਼-ਤੇਜ਼ ਚੱਲਦਾ ਪਿੱਪਲ ਕੋਲ ਪਹੁੰਚਿਆ। ਪਿੱਪਲ ਦੀ ਖੋੜ ਵਿਚ ਦੀਵਾ ਜਗ ਰਿਹਾ ਸੀ। ਬਾਕਰ ਨੇ ਠੁੱਡਾ ਮਾਰ ਕੇ ਦੀਵਾ ਬੁਝਾ ਦਿੱਤਾ। ਫਿਰ ਉਹ ਫੁਰਤੀ ਨਾਲ ਦਰਖ਼ਤ ਉੱਤੇ ਚੜ੍ਹ ਗਿਆ। ਉਸ ‘ਯਾ ਅਲੀ’ ਦਾ ਨਾਅਰਾ ਲਾਇਆ ਤੇ ਵੱਡੇ ਟਾਹਣੇ ਨੂੰ ਕੱਟਣ ਲੱਗਾ। ਹਨੇਰੇ ਵਿਚ ਕੁਹਾੜੇ ਦੀਆਂ ਸੱਟਾਂ ਦੀ ਆਵਾਜ਼ ਗੂੰਜੀ ਤੇ ਕੱਟਿਆ ਹੋਇਆ ਟਾਹਣਾ ਜ਼ਮੀਨ ਉੱਤੇ ਆ ਡਿੱਗਿਆ। ਬਾਕਰ ਛਾਲ ਮਾਰ ਕੇ ਦਰਖ਼ਤ ਤੋਂ ਹੇਠਾਂ ਆਇਆ ਤੇ ਹਨੇਰੇ ਵਿਚ ਗ਼ਾਇਬ ਹੋ ਗਿਆ।

ਸਵੇਰੇ ਲੋਕਾਂ ਨੇ ਦੇਖਿਆ ਕਿ ਪਿੱਪਲ ਦਾ ਟਾਹਣਾ ਕੱਟਿਆ ਪਿਆ ਸੀ ਜਿਵੇਂ ਕਿਸੇ ਦੀ ਲਾਸ਼ ਹੋਵੇ।

ਮਹਾਂਵੀਰ ਲੋਕਾਂ ਦੀ ਭੀੜ ਨੂੰ ਚੀਰਦਾ ਹੋਇਆ ਅੱਗੇ ਵਧਿਆ। ‘ਇਹ ਪਾਪ ਕਿਸ ਨੇ ਕੀਤਾ ਹੈ? ਕਿਸ ਨੇ ਕੱਟਿਆ ਹੈ ਪਿੱਪਲ ਦਾ ਟਾਹਣਾ?’

ਪੰਡਿਤ ਗਰਜਿਆ, ‘ਉਸ ਦੁਸ਼ਟ ਨੇ ਪਿੱਪਲ ਨਹੀਂ ਕੱਟਿਆ ਸਾਡੀ ਨੱਕ ਕੱਟ ਦਿੱਤੀ। ਤੁਹਾਡੀ ਸਭਨਾਂ ਦੀ ਨੱਕ ਕੱਟ ਦਿੱਤੀ। ਉਸਨੇ ਕੁਹਾੜਾ ਪਿੱਪਲ ਉੱਤੇ ਨਹੀਂ ਸਾਡੇ ਸੀਨੇ ਉੱਤੇ ਚਲਾਇਆ ਹੈ। ਉਸ ਨੂੰ ਇਸ ਪਾਪ ਦੀ ਸਜ਼ਾ ਮਿਲਣੀ ਹੀ ਚਾਹੀਦੀ ਹੈ।’

ਇੱਕ ਆਦਮੀ ਬੋਲਿਆ, ‘ਜਿਸ ਕੌਮ ਦਾ ਧਰਮ ਹੀ ਇਹ ਹੋਵੇ ਕਿ ਕੀੜੀ ਨੂੰ ਮਾਰਨਾ ਵੀ ਪਾਪ ਹੈ, ਉਹ ਕੀ ਲੜੇਗੀ।’

ਮਹਾਂਵੀਰ ਦੀਆਂ ਅੱਖਾਂ ਮਘ ਰਹੀਆਂ ਸਨ। ‘ਲੜੇਗੀ। ਇਸ ਵਾਰ ਲੜੇਗੀ। ਧਰਮ ਤੇ ਇੱਜ਼ਤ ਦਾ ਸੁਆਲ ਹੈ।’

ਭੀੜ ਵਿਚੋਂ ਇੱਕ ਹੋਰ ਆਦਮੀ ਬੋਲਿਆ, ‘ਤੂੰ ਦੰਗਲ ਲੜ ਸਕਦਾ ਹੈਂ ਮਹਾਂਵੀਰ। ਜੰਗ ਦੇ ਮੈਦਾਨ ਵਿਚ ਨਹੀਂ। ਤੂੰ ਪਹਿਲਵਾਨ ਹੈਂ, ਯੋਧਾ ਨਹੀਂ।’

‘ਇਹ ਤਾਂ ਵਕਤ ਹੀ ਦੱਸੇਗਾ, ਲੱਛੂ ਰਾਮ,’ ਮਹਾਂਵੀਰ ਨੇ ਛਾਤੀ ਫੁਲਾ ਕੇ ਆਖਿਆ, ‘ਜਦੋਂ ਵਕਤ ਆਉਂਦਾ ਹੈ, ਇਸ ਦੇਸ਼ ਦੀਆਂ ਤੀਵੀਆਂ ਵੀ ਤਲਵਾਰ ਸੂਤ ਕੇ ਖੜ੍ਹੀਆਂ ਹੋ ਜਾਂਦੀਆਂ ਨੇ। ਮਰਦ ਮੱਥੇ ਉੱਤੇ ਸੰਧੂਰ ਦਾ ਟਿੱਕਾ ਲਾ ਕੇ ਤੇ ਕੇਸਰੀਆ ਬੰਨ੍ਹ ਕੇ ਧਰਮ ਨੂੰ ਬਚਾਉਣ ਖ਼ਾਤਿਰ ਰਣ ਭੂਮੀ ਵਿਚ ਉਤਰ ਆਉਂਦੇ ਨੇ। ਮਹਾਂਵੀਰ ਵੀ ਪਿੱਛੇ ਹੱਟਣ ਵਾਲਾ ਨਹੀਂ।’

ਉਸ ਨੇ ਪੰਡਿਤ ਜੀ ਦੇ ਜਨੇਊ ਉੱਤੇ ਹੱਥ ਰੱਖ ਕੇ ਕਸਮ ਖਾਧੀ ਕਿ ਉਹ ਪਿੰਡ ਵਿਚ ਗੁੰਡਿਆਂ ਨੂੰ ਨਹੀਂ ਰਹਿਣ ਦੇਵੇਗਾ।

ਹਵਾ ਵਿਚ ਫਿਰ ਨਾਅਰਾ ਗੂੰਜਿਆ, ‘ਹਰਿ ਹਰਿ ਮਹਾਂਦੇਵ!’ ਤੇ ਨਾਲ ਹੀ ‘ਅੱਲਾਹ ਹੂ ਅਕਬਰ’ ਦਾ ਨਾਅਰਾ ਬੁਲੰਦ ਹੋਇਆ।

ਇਸ ਪਿੱਛੋਂ ਇਸ ਨਿੱਕੇ ਜਿਹੇ ਪਿੰਡ ਵਿਚ ਵੀ ਅੱਗਾਂ ਲੱਗਣ ਲੱਗੀਆਂ ਤੇ ਫ਼ਸਾਦ ਸ਼ੁਰੂ ਹੋ ਗਏ।

ਭੂਆ ਫ਼ਾਤਮਾ ਆਪਣੀ ਝੌਂਪੜੀ ਵਿਚ ਕੁਰਾਨ ਦੀਆਂ ਆਇਤਾਂ ਪੜ੍ਹ ਰਹੀ ਸੀ ਜਦੋਂ ਬਾਹਰ ਸ਼ੋਰ ਤੇ ਨਾਅਰਿਆਂ ਦੀਆਂ ਆਵਾਜ਼ਾਂ ਗੂੰਜੀਆਂ। ਉਸ ਨੇ ਕੁਰਾਨ ਸ਼ਰੀਫ਼ ਨੂੰ ਸੰਤੋਖਿਆ ਤੇ ਖਿੜਕੀ ਖੋਲ੍ਹ ਕੇ ਬਾਹਰ ਦੇਖਿਆ। ਅੱਗ ਦੀਆਂ ਲਪਟਾਂ ਉੱਠ ਰਹੀਆਂ ਸਨ। ਢੋਲ ਤੇ ਦਮਾਮੇ ਤੇ ਚੀਕਾਂ।

ਭੂਆ ਨੇ ਬੂਹਾ ਖੋਲ੍ਹਿਆ। ਉਸ ਨੇ ਹਾਕਾਂ ਮਾਰੀਆਂ, ‘ਹੁਸਨਾ! ਹੁਸਨਾ! ਤੂੰ ਕਿੱਥੇ ਹੈਂ?’

ਸ਼ੋਰ ਵਿਚ ਉਸ ਦੀ ਆਵਾਜ਼ ਗੁਆਚ ਗਈ।

ਇਸ ਵੇਲੇ ਹੁਸਨਾ ਅੱਗ ਦੀਆਂ ਲਪਟਾਂ ਵਿਚੋਂ ਦੀ ਦੌੜਦੀ ਹੋਈ ਆ ਰਹੀ ਸੀ। ਉਸ ਦੇ ਵਾਲ ਖੁੱਲ੍ਹੇ ਸਨ, ਚਿਹਰੇ ਉੱਤੇ ਦਹਿਸ਼ਤ ਤੇ ਵਾਰ-ਵਾਰ ਚੀਖ਼ ਰਹੀ ਸੀ, ‘ਅੰਮਾ! ਅੰਮਾ!’

ਉਸ ਦੇ ਪਿੱਛੇ ਮਹਾਂਵੀਰ ਨੇਜ਼ਾ ਤਾਣੀਂ ਭੱਜਾ ਆ ਰਿਹਾ ਸੀ।

ਭੂਆ ਫ਼ਾਤਮਾ ਹੁਸਨਾ ਨੂੰ ਦੇਖ ਕੇ ਅੱਗੇ ਵਧੀ ਤੇ ਉਸ ਨੇ ਮਹਾਂਵੀਰ ਨੂੰ ਰੋਕਿਆ। ਹੁਸਨਾ ਨੂੰ ਬਚਾਉਣ ਖ਼ਾਤਿਰ ਆ ਗਈ।

ਮਹਾਂਵੀਰ ਨੇਜ਼ਾ ਘੁਮਾ ਕੇ ਬੋਲਿਆ, ‘ਹਟ ਜਾਹ ਬੁੱਢੀਏ ਇੱਕ ਪਾਸੇ- ਨਹੀਂ ਤਾਂ ਇਹੋ ਨੇਜ਼ਾ....।’

ਭੂਆ ਗ਼ੁੱਸੇ ਵਿਚ ਬੋਲੀ, ‘ਹੋਸ਼ ਵਿਚ ਆ ਮਹਾਂਵੀਰ, ਕੀ ਆਪਣੀ ਭੂਆ ਨੂੰ ਮਾਰੇਂਗਾ, ਪੁੱਤ! ਮੇਰੇ ਖ਼ੂਨ ਨਾਲ ਆਪਣੇ ਹੱਥ ਰੰਗੇਂਗਾ।’

ਮਹਾਂਵੀਰ ਦੀਆਂ ਅੱਖਾਂ ਵਿਚ ਖ਼ੂਨ ਸੀ। ਬੋਲਿਆ, ‘ਹਟ ਜਾਹ, ਨਹੀਂ ਤਾਂ ਤੈਨੂੰ ਤੇਰੀ ਧੀ ਦੇ ਨਾਲ ਹੀ ਖ਼ਤਮ ਕਰ ਦੇਵਾਂਗਾ।’

ਭੂਆ ਨੇ ਮਿੰਨਤ ਕੀਤੀ, ‘ਮੈਂ ਤੇਰੇ ਅੱਗੇ ਝੋਲੀ ਅੱਡਦੀ ਹਾਂ, ਮਹਾਂਵੀਰ। ਇਹ ਜ਼ੁਲਮ ਨਾ ਕਰੀਂ। ਭੁੱਲ ਗਿਐਂ ਮੈਂ ਹੀ ਤੈਨੂੰ ਜਣਵਾਇਆ ਸੀ। ਮੈਂ ਹੀ ਤੇਰੀਆਂ ਅੱਖਾਂ ਖੋਲ੍ਹੀਆਂ ਸਨ...ਅੱਜ ਇਨ੍ਹਾਂ ਅੱਖਾਂ ਵਿਚ ਖ਼ੂਨ ਕਿਉਂ ਮੇਰੇ ਪੁੱਤ? ਕੀ ਹੋ ਗਿਆ ਤੈਨੂੰ ਮਹਾਂਵੀਰ? ਮੈਂ ਮਿੰਨਤ ਕਰਦੀ ਹਾਂ...ਨਾ ਮਾਰੀਂ ਮੈਨੂੰ...ਤੇ ਨਾ ਮੇਰੀ ਹੁਸਨਾ ਨੂੰ। ਜੇ ਤੂੰ ਇਹ ਜ਼ੁਲਮ ਕੀਤਾ ਤਾਂ ਮਮਤਾ ਖ਼ਤਮ ਹੋ ਜਾਵੇਗੀ ਇਸ ਦੁਨੀਆ ਤੋਂ। ਛਾਤੀਆਂ ਵਿਚੋਂ ਦੁੱਧ ਸੁੱਕ ਜਾਣਗੇ ਤੇ ਜਹੱਨਮ ਦੇ ਦਰਵਾਜ਼ੇ ਖੁੱਲ੍ਹ ਜਾਣਗੇ। ਮੈਂ ਤੇਰੇ ਪੈਰ ਫੜ੍ਹਦੀ ਹਾਂ।’ ਭੂਆ ਨੇ ਮਹਾਂਵੀਰ ਦੇ ਪੈਰ ਫੜ ਲਏ।

ਮਹਾਂਵੀਰ ਫਿਰ ਗਰਜਿਆ, ‘ਹਟ ਜਾਹ, ਇੱਕ ਪਾਸੇ। ਅੱਜ ਮੈਂ ਤੈਨੂੰ ਨਹੀਂ ਛੱਡਣਾ ਬੁੱਢੀਏ, ਤੇ ਨਾ ਤੇਰੀ ਧੀ ਨੂੰ!’

ਭੂਆ ਯਕਦਮ ਕਿਸੇ ਇਰਾਦੇ ਨਾਲ ਖੜ੍ਹੀ ਹੋ ਗਈ ਤੇ ਉਸ ਨੇ ਬਲਦੀਆਂ ਅੱਖਾਂ ਨਾਲ ਮਹਾਂਵੀਰ ਵੱਲ ਦੇਖਿਆ। ਇਨ੍ਹਾਂ ਅੱਖਾਂ ਵਿਚ ਵੰਗਾਰ ਸੀ ਤੇ ਗੌਰਵ।

ਉਹ ਬੋਲੀ, ‘ਮਾਰ ਮੇਰੇ ਸੀਨੇ ਵਿਚ ਇਹ ਨੇਜ਼ਾ! ਉਤਾਰ ਦੇ ਇਸ ਨੇਜ਼ੇ ਨੂੰ ਆਪਣੀ ਭੂਆ ਦੇ ਸੀਨੇ ਵਿਚ ਤਾਂ ਜੁ ਤੈਨੂੰ ਚੈਨ ਆ ਜਾਵੇ। ਅੱਗੇ ਵਧ ਮਹਾਂਵੀਰ। ਡੁਬੋ ਦੇਹ ਇੱਕ ਖ਼ੂਨੀ ਨੇਜ਼ੇ ਨੂੰ ਮਾਂ ਦੇ ਦੁੱਧ ਵਿਚ। ਕਿਉਂ ਰੁਕ ਗਿਆ ਤੇਰਾ ਹੱਥ, ਮੇਰੇ ਲਾਲ? ਅੱਗੇ ਵਧ, ਤੇ ਆਪਣਾ ਧਰਮ ਨਿਭਾ!’

‘ਧਰਮ’ ਦਾ ਸ਼ਬਦ ਸੁਣ ਕੇ ਮਹਾਂਵੀਰ ਦੇ ਚਿਹਰੇ ਉੱਤੇ ਪਸੀਨਾ ਆ ਗਿਆ। ਅੱਗ ਦੀਆਂ ਲਪਟਾਂ ਦੀ ਰੌਸ਼ਨੀ ਵਿਚ ਉਸ ਦੇ ਚਿਹਰੇ ਦੇ ਭਾਵ ਬਦਲ ਰਹੇ ਸਨ। ਬੁੱਲ੍ਹ ਕੰਬ ਰਹੇ ਸਨ, ਤੇ ਅੱਖਾਂ ਵਿਚ ਹੰਝੂ ਸਨ। ਨੇਜ਼ਾ ਉਸ ਦੇ ਹੱਥੋਂ ਡਿੱਗ ਗਿਆ। ਉਹ ਭਾਰੀ ਕਦਮ ਪੁੱਟਦਾ ਵਾਪਸ ਚਲਾ ਗਿਆ।

ਭੂਆ ਫ਼ਾਤਮਾ ਨੇ ਰੱਬ ਅੱਗੇ ਦੁਆ ਕੀਤੀ, ‘ਹੇ ਪਰਵਰਦਗਾਰ, ਇਸ ਪਿੰਡ ਦੀਆਂ ਤੀਵੀਆਂ ਨੂੰ ਬੇਵਾ ਹੋਣ ਤੋਂ ਬਚਾ, ਤੇ ਬੱਚਿਆਂ ਨੂੰ ਯਤੀਮ ਹੋਣ ਤੋਂ। ਤੂੰ ਰਹੀਮ ਤੇ ਗ਼ਫ਼ੂਰ ਹੈਂ। ਆਪਣੀ ਰਹਿਮਤ ਦਾ ਸਾਇਆ ਸਾਡੇ ਗੁਨਾਹਗਾਰਾਂ ਉੱਤੇ ਹਮੇਸ਼ਾ ਰਖੀਂ।’

ਉਸ ਦੇ ਦੋਵੇਂ ਹੱਥ ਦੁਆ ਵਿਚ ਉੱਠ ਗਏ।

# ਭਾਜਪਾ ਦੀ ਸਿਆਸਤ ਅਤੇ ਜੰਮੂ ਲਈ ਰਣਨੀਤੀ

ਜਯੋਤੀ ਮਲਹੋਤਰਾ

ਜੰਮੂ ਤੋਂ ਕਠੂਆ ਤੱਕ ਦਾ ਕੌਮੀ ਰਾਜਮਾਰਗ ਭਾਜਪਾ ਦੇ ਇੱਕ ਵਾਕ ਵਾਲੇ ਇਸ਼ਤਿਹਾਰੀ ਬੋਰਡਾਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਦੀ ਚਾਹਤ ਹੈ ਕਿ ਲੋਕ 2014 ਤੋਂ 'ਪਹਿਲਾਂ' ਅਤੇ 'ਬਾਅਦ' ਦੇ ਸਮਿਆਂ 'ਚੋਂ ਸਿੱਧਾ-ਸਰਲ ਜਿਹਾ ਸੁਨੇਹਾ ਹੀ ਘਰਾਂ ਨੂੰ ਲੈ ਕੇ ਜਾਣ- ਸਾਲ 2014 ਜਦ ਸਾਬਕਾ ਜੰਮੂ ਕਸ਼ਮੀਰ ਰਾਜ ਨੇ ਆਖਰੀ ਵਾਰ ਵੋਟ ਪਾਈ ਸੀ, ਤੋਂ ਲੈ ਕੇ ਹੁਣ ਤੱਕ ਦੀ ਸਥਿਤੀ- ਜਦ ਕੇਂਦਰ ਸ਼ਾਸਿਤ ਪ੍ਰਦੇਸ਼ ਕੁਝ ਦਿਨਾਂ ਵਿਚ ਮੁੜ ਵੋਟ ਪਾ ਰਿਹਾ ਹੈ, ਪੂਰੇ ਇੱਕ ਦਹਾਕੇ ਬਾਅਦ।

ਇਸ਼ਤਿਹਾਰੀ ਬੋਰਡਾਂ ਦੇ ਇਕ ਪਾਸੇ ਧੂੰਏਂ, ਪਿੱਟਦੇ ਹੱਥਾਂ ਤੇ ਸੜਦੀਆਂ ਕਾਰਾਂ ਦੀਆਂ ਹਨੇਰੀਆਂ ਤਸਵੀਰਾਂ; ਦੂਜੇ ਪਾਸੇ ਚਮਕਦੀਆਂ, ਲਿਸ਼ਕਦੀਆਂ ਤਸਵੀਰਾਂ ਦਾ ਮੁਕਾਬਲਾ ਕਰ ਰਹੀਆਂ ਹਨ ਜੋ ਉਮੀਦ ਤੇ ਖੁਸ਼ਹਾਲੀ ਦਾ ਪ੍ਰਤੀਕ ਬਣਨ ਦੀ ਆਸ ਰੱਖਦੀਆਂ ਹਨ। ਭਾਜਪਾ ਦੀ ਇਸ਼ਤਿਹਾਰੀ ਮੁਹਿੰਮ ਦੇ ਕੇਂਦਰ ਬਿੰਦੂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੋਟੋ ਫਰੇਮ ਦੇ ਬਿਲਕੁਲ ਵਿਚਾਲੇ ਲਾਈ ਗਈ ਹੈ।

'ਮਾਤਮ ਸਵਾਗਤਮ'। 'ਡਰ ਨਿਡਰ'। 'ਸ਼ਾਤੀ ਅਸ਼ਾਂਤੀ'। ਤੇ ਫੇਰ ਇਹ ਵਾਕ- 'ਸ਼ਾਂਤੀ, ਸਥਿਰਤਾ ਤੇ ਵਿਕਾਸ/ਜੰਮੂ ਨੂੰ ਮੋਦੀ 'ਤੇ ਵਿਸ਼ਵਾਸ।'

ਵੱਡਾ ਸਵਾਲ ਬਿਲਕੁਲ ਇਹੀ ਹੈ: ਕੀ ਜੰਮੂ ਮੋਦੀ ਦੇ ਨਾਲ-ਨਾਲ ਭਾਜਪਾ ਦੇ ਉਨ੍ਹਾਂ ਮੁਕਾਮੀ ਉਮੀਦਵਾਰਾਂ 'ਤੇ ਭਰੋਸਾ ਪ੍ਰਗਟਾਏਗਾ ਜੋ ਪੀਰ ਪੰਜਾਲ ਦੇ ਦੱਖਣ ਵਿਚ ਪੈਂਦੇ ਇਸ ਵੱਡੇ ਤੇ ਦੁਰਗਮ ਖੇਤਰ 'ਚ 43 ਹਲਕਿਆਂ 'ਤੇ ਦਾਅਵੇਦਾਰੀ ਜਤਾ ਰਹੇ ਹਨ ਹਾਲਾਂਕਿ ਇਹ ਵਿਧਾਨ ਸਭਾ ਚੋਣ ਹਲਕਿਆਂ ਦੀ ਹਾਲੀਆ ਹੱਦਬੰਦੀ ਤੋਂ ਬਾਅਦ ਬਦਲੇ ਹੋਏ ਅਤੇ ਮੁੜ ਮਿੱਥੇ ਗਏ ਭੂ-ਦ੍ਰਿਸ਼ ਵਿਚ ਪਹਿਲੀ ਵਾਰ ਲੜੀ ਜਾ ਰਹੀ ਹੈ। ਹੱਦਬੰਦੀ ਤੋਂ ਬਾਅਦ ਖਿੱਤੇ ਦੀਆਂ ਸੀਟਾਂ ਵਿਚ ਛੇ ਹੋਰ ਸੀਟਾਂ ਦਾ ਵਾਧਾ ਕੀਤਾ ਗਿਆ ਹੈ ਜਦੋਂਕਿ ਪੰਜ ਹੋਰ ਉਮੀਦਵਾਰ ਨਵੀਂ ਅਸੈਂਬਲੀ ਲਈ ਨਾਮਜ਼ਦ ਕੀਤੇ ਜਾਣਗੇ ਜਿਸ ਨਾਲ ਅਸੈਂਬਲੀ ਮੈਂਬਰਾਂ ਦੀ ਗਿਣਤੀ ਪਿਛਲੇ 87 ਦੇ ਮੁਕਾਬਲੇ ਹੁਣ 95 ਹੋ ਜਾਵੇਗੀ। ਅਜਿਹੀ ਚੋਣ ਜਿੱਥੇ ਹਰ ਸੀਟ ਅਹਿਮੀਅਤ ਰੱਖਦੀ ਹੈ, ਜੰਮੂ ਜਿੱਤ ਤੇ ਹਾਰ ਵਿਚ ਫੈਸਲਾਕੁਨ ਸਾਬਿਤ ਹੋ ਸਕਦਾ ਹੈ।

ਸਾਮ, ਦਾਮ, ਦੰਡ, ਭੇਦ। ਦੁਨੀਆ ਦੇ ਇਸ ਹਿੱਸੇ ਵਿਚ ਜਿੱਥੇ ਸਾਡੀ ਕੌਮਾਂਤਰੀ ਸਰਹੱਦ ਬਿਲਕੁਲ ਪਾਕਿਸਤਾਨ ਨਾਲ ਜਾ ਲੱਗਦੀ ਹੈ, ਉੱਥੇ ਸਾਰੀਆਂ ਸਿਆਸੀ ਧਿਰਾਂ ਵੱਲੋਂ ਲੋਕਾਂ ਦਾ ਦਿਲ ਜਿੱਤਣ ਲਈ ਮੋਹ, ਭ੍ਰਿਸ਼ਟਾਚਾਰ, ਦੰਡ ਤੇ ਧੋਖਾਧੜੀ ਵਾਲੀ ਚਾਣਕਿਆ ਨੀਤੀ ਵਰਤੀ ਜਾਵੇਗੀ। ਭਾਜਪਾ ਜਿਸ ਨੇ 2014 ਵਿਚ ਜੰਮੂ ਤੋਂ ਸਾਰੀਆਂ 25 ਸੀਟਾਂ ਜਿੱਤੀਆਂ ਸਨ ਪਰ ਵਾਦੀ ਵਿਚੋਂ ਕੋਈ ਵੀ ਸੀਟ ਜਿੱਤਣ 'ਚ ਨਾਕਾਮ ਰਹੀ ਸੀ, ਦਾ ਬਹੁਤ ਕੁਝ ਦਾਅ ਉੱਤੇ ਲੱਗਾ ਹੋਇਆ ਹੈ।



ਇੱਥੇ ਸਥਿਤੀ ਭੰਬਲਭੂਸੇ ਵਾਲੀ ਹੈ। ਜੇ ਭਾਜਪਾ ਪੱਖੀ ਜੰਮੂ ਦੇ ਲੋਕਾਂ ਵਿਚ 'ਸਾਨੂੰ ਕੀ ਮਿਲਿਆ' ਦਾ ਬਿਰਤਾਂਤ ਪਕੇਰਾ ਹੁੰਦਾ ਗਿਆ ਤਾਂ ਸ਼ਾਇਦ ਪਾਰਟੀ ਦਾ ਇਹ ਕਿਲ੍ਹਾ ਵੀ ਢਹਿ ਸਕਦਾ ਹੈ। ਜੰਮੂ ਜਿੱਥੇ ਪਹਿਲੀ ਅਕਤੂਬਰ ਨੂੰ ਵੋਟਾਂ ਪੈਣੀਆਂ ਹਨ, 'ਚ ਵੋਟਰ ਨਿੱਤ ਟਰੈਫਿਕ ਦੀ ਭਿਆਨਕ ਸਮੱਸਿਆ ਨਾਲ ਜੂਝ ਰਹੇ ਹਨ (ਨਿਤਿਨ ਗਡਕਰੀ ਦਾ ਮੰਤਰਾਲਾ ਪੁਲ ਤੇ ਨਵੇਂ ਫਲਾਈਓਵਰ ਬਣਾ ਰਿਹਾ ਹੈ), ਜਦੋਂਕਿ 'ਸਮਾਰਟ ਸਿਟੀ' ਦੇ ਖੁੱਲ੍ਹੀਆਂ ਡਰੇਨਾਂ ਨੂੰ ਢਕਣ ਤੇ ਕੂੜੇ ਦੇ ਢੇਰਾਂ ਨੂੰ ਸਾਫ਼ ਕਰਨ ਦੇ ਕੀਤੇ ਵਾਅਦੇ ਵੀ ਕਿਸੇ ਤਣ-ਪੱਤਣ ਨਹੀਂ ਲੱਗੇ ਹਨ। ਪੈਨਸ਼ਨਾਂ ਦੇਰੀ ਨਾਲ ਮਿਲ ਰਹੀਆਂ ਹਨ ਤੇ ਸਰਕਾਰੀ ਸਕੀਮਾਂ ਦੇ ਲਾਭਪਾਤਰੀ 'ਫੇਸਲੈੱਸ' ਆਨਲਾਈਨ ਪ੍ਰਕਿਰਿਆਵਾਂ ਨਿਪਟਾਉਣ 'ਚ ਔਖ ਮਹਿਸੂਸ ਕਰ ਰਹੇ ਹਨ ਜੋ ਕਿ ਨਿਰੰਤਰ ਠੱਪ ਹੋਈਆਂ ਰਹਿੰਦੀਆਂ ਹਨ ਅਤੇ ਅੰਤ 'ਚ ਜੋ ਵੀ ਹੋਵੇ, ਆਪਣੇ ਕੰਮ ਕਰਾਉਣ ਲਈ ਤੁਹਾਨੂੰ ਉਨ੍ਹਾਂ ਪੁਰਾਣੇ ਲੋਕਾਂ ਨੂੰ ਹੀ ਰਿਸ਼ਵਤ ਦੇਣੀ ਪੈਂਦੀ ਹੈ।

ਦੂਜੇ ਪਾਸੇ, ਬਾਕੀ ਦਾ ਭਾਰਤ ਆਪਣੀਆਂ ਇੰਸਟਾ ਯਾਦਾਂ ਤਾਜ਼ਾ ਕਰਨ ਲਈ ਵਾਦੀ ਦੇ ਟਿਊਲਿਪ ਗਾਰਡਨ, ਗਰਮੀਆਂ ਵਿਚ ਡੱਲ ਝੀਲ ਅਤੇ ਸਰਦੀਆਂ ਵਿਚ ਗੁਲਮਰਗ-ਪਹਿਲਗਾਮ ਦੀਆਂ ਸੈਰਾਂ ਕਰਨ ਹੀ ਜਾਂਦਾ ਹੈ। ਹਰ ਕੋਈ ਜੰਮੂ ਤੋਂ ਬਚ ਕੇ ਲੰਘ ਜਾਂਦਾ ਹੈ। ਸੈਲਾਨੀਆਂ ਨਾਲ ਖਚਾਖਚ ਭਰੀਆਂ 25 'ਚੋਂ 15 ਰੇਲਗੱਡੀਆਂ ਸਿੱਧੀਆਂ ਕਟੜਾ ਦੇ ਵੈਸ਼ਨੂੰ ਦੇਵੀ ਮੰਦਰ ਲਈ ਚਲੀਆਂ ਜਾਂਦੀਆਂ ਹਨ। ਕਾਰੋਬਾਰ ਮੱਠਾ ਚੱਲ ਰਿਹਾ ਹੈ। ਬਾਹਰਲਿਆਂ ਦਾ ਡਰ ਹਕੀਕੀ ਵੀ ਹੈ ਅਤੇ ਗ਼ੈਰ-ਹਕੀਕੀ ਵੀ ਕਿਉਂਕਿ ਇੱਥੇ ਨਿਵੇਸ਼ ਕਰਨਾ ਚਾਹੁੰਦੇ ਕੁਝ ਕਾਰਪੋਰੇਟਸ ਅਜੇ ਵੀ ਵੱਡੇ ਪੱਧਰ 'ਤੇ ਨਿਵੇਸ਼ ਕਰਨ ਤੋਂ ਝਿਜਕ ਰਹੇ ਹਨ; ਇੱਥੋਂ ਤੱਕ ਕਿ 2015-2018 ਤੱਕ ਰਹੀ ਭਾਜਪਾ-ਪੀ.ਡੀ.ਪੀ. ਸਰਕਾਰ ਵੇਲੇ ਦੋ ਨਵੇਂ ਏਮਸ ਹਸਪਤਾਲਾਂ, ਇੱਕ ਆਈ.ਆਈ.ਐਮ. ਅਤੇ ਆਈ.ਆਈ.ਟੀ. ਦੇ ਵਾਅਦੇ ਵੀ ਪੂਰੇ ਹੋਣ ਦੀ ਉਡੀਕ ਵਿਚ ਹਨ। ਇਸ ਵਿਚ ਕੁਝ ਵੀ ਨਵਾਂ ਨਹੀਂ ਹੈ। ਜੰਮੂ ਨੂੰ ਅੱਜ ਜੋ ਕਨਸੋਆਂ ਮਿਲ ਰਹੀਆਂ ਹਨ, ਉਹ ਉੱਤਰ ਪ੍ਰਦੇਸ਼ ਅਤੇ ਬਿਹਾਰ ਚਿਰਾਂ ਤੋਂ ਜਾਣਦੇ ਹਨ ਕਿ ਸਿਆਸਤਦਾਨ ਵਾਅਦੇ ਕਰ ਲੈਂਦੇ ਹਨ ਪਰ ਇਹ ਧੂੰਏਂ ਵਿਚ ਗੁਆਚ ਜਾਂਦੇ ਹਨ। ਬੇਸ਼ੱਕ, ਜੰਮੂ ਆਪਣੇ ਨਾਲ ਗਰੀਬੜੇ ਚਚੇਰੇ ਭਰਾ ਜਿਹਾ ਸਲੂਕ ਪਸੰਦ ਨਹੀਂ ਕਰਦਾ।

ਭਾਜਪਾ ਲੀਡਰਸ਼ਿਪ ਅਤੇ ਇਸ ਦੇ ਹਮਾਇਤੀਆਂ ਵਿਚਕਾਰ ਇਸ ਸੰਗੀਨ ਅਤੇ ਭਖਵੀਂ ਹਕੀਕੀ ਸਮੱਸਿਆ ਨੂੰ ਬੇਸ਼ੱਕ ਸੁਲਝਾਇਆ ਜਾ ਸਕਦਾ ਹੈ ਪਰ ਸਵਾਲ ਇਹ ਹੈ ਕਿ ਕੀ ਇਸ ਵਿਚ ਪਹਿਲਾਂ ਹੀ ਦੇਰ ਹੋ ਚੁੱਕੀ ਹੈ? ਭਾਜਪਾ ਨੂੰ ਇਹ ਗੱਲ ਰਾਸ ਆਉਂਦੀ ਹੈ ਕਿ ਇਸ ਖਿੱਤੇ ਵਿਚ ਕਾਂਗਰਸ-ਨੈਸ਼ਨਲ ਕਾਨਫਰੰਸ ਗੱਠਜੋੜ ਡਾਵਾਂਡੋਲ ਹੋ ਜਾਵੇ ਜਾਂ ਇਹ ਬਿਲਕੁਲ ਹੋਵੇ ਹੀ ਨਾ। ਇਹ ਸਵਾਲ ਵਾਕਈ ਅਹਿਮ ਹੈ ਕਿ ਆਰ.ਐੱਸ.ਐੱਸ. ਦੇ ਚਿੰਤਕ ਰਾਮ ਮਾਧਵ ਜਿਸ ਨੇ ਭਾਜਪਾ-ਪੀ.ਡੀ.ਪੀ. ਗੱਠਜੋੜ ਕਾਇਮ ਕਰਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ ਅਤੇ ਫਿਰ ਮੋਦੀ ਸਰਕਾਰ ਨੇ ਉਨ੍ਹਾਂ ਨੂੰ ਚੁੱਪ ਵੀ ਕਰਵਾ ਦਿੱਤਾ ਸੀ, ਨੂੰ ਹੁਣੇ ਜਿਹੇ ਵਾਪਸ ਲਿਆਂਦਾ ਗਿਆ ਹੈ। ਕੀ ਹੁਣ ਉਹ ਵਾਕਈ ਪਾਰਟੀ ਲਈ ਕੁਝ ਕਰ ਸਕਦੇ ਹਨ? ਪਾਰਟੀ ਨੂੰ ਬੇਸਬਰੀ ਨਾਲ ਆਸ ਹੈ ਕਿ ਅਗਲੇ ਕੁਝ ਦਿਨਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਹੋਣ ਵਾਲੀਆਂ ਰੈਲੀਆਂ ਨਾਲ ਪਾਸਾ ਪਲਟਣ ਵਿਚ ਮਦਦ ਮਿਲੇਗੀ।

ਸਵਾਲ ਇਹ ਵੀ ਹੈ ਕਿ ਭਾਜਪਾ ਨੇ ਜੰਮੂ ਨਾਲ ਕੋਈ ਵੀ ਸ਼ਿਕਵਾ ਨਾ ਕਰਨ ਵਾਲੀ ਪਤਨੀ ਵਾਂਗ ਸਲੂਕ ਕਿਉਂ ਕੀਤਾ ਹੈ, ਇਸ ਕਰ ਕੇ ਕਿਉਂਕਿ ਜੰਮੂ ਹਮੇਸ਼ਾ ਭਾਜਪਾ ਦੇ ਪੱਖ ਵਿਚ ਹੀ ਭੁਗਤਦਾ ਰਿਹਾ ਹੈ। ਦੋਵੇਂ ਪਾਰਟੀਆਂ ਜਾਣਦੀਆਂ ਹਨ ਕਿ ਇਹ ਵਿਚਾਰਧਾਰਕ ਲੜਾਈ ਦੀ ਧੁਰੀ ਹੈ, ਇੱਕ ਅਜਿਹਾ ਦਾਗ ਜੋ ਦਹਾਕਿਆਂ ਤੋਂ ਹਿੰਦੂਤਵ ਦੇ ਦਿਲ ਦੀਆਂ ਤਰਬਾਂ ਛੇੜਦਾ ਰਿਹਾ ਹੈ।

ਜਦੋਂ ਜੂਨ 1953 ਵਿਚ ਲਖਨਪੁਰ ਵਿਚ ਭਾਰਤੀ ਜਨ ਸੰਘ ਦੇ ਵਿਚਾਰਕ ਸ਼ਿਆਮਾ ਪ੍ਰਸ਼ਾਦ ਮੁਕਰਜੀ ਦੀ ਦਿਲ ਦਾ ਦੌਰਾ ਪੈਣ ਕਰ ਕੇ ਮੌਤ ਹੋ ਗਈ ਸੀ ਤਾਂ ਉਹ ਜਵਾਹਰਲਾਲ ਨਹਿਰੂ ਅਤੇ ਸ਼ੇਖ ਅਬਦੁੱਲ੍ਹਾ ਦੀ ਜ਼ਬਰਦਸਤ ਕ੍ਰਿਸ਼ਮਈ ਜੋੜੀ ਵੱਲੋਂ ਧਾਰਾ 370 ਦੇ ਅਮਲ ਖਿਲਾਫ ਜੰਮੂ ਵਿਚ ਦਾਖ਼ਲ ਹੋਣ ਦਾ ਯਤਨ ਕਰ ਰਹੇ ਸਨ। ਉਸ ਸੰਵਿਧਾਨਕ ਧਾਰਾ ਨੇ ਪਾਕਿਸਤਾਨ ਨਾਲ ਜਾਣ ਤੋਂ ਨਾਂਹ ਕਰਨ ਮਗਰੋਂ ਭਾਰਤ ਨਾਲ ਰਲੇਵਾਂ ਕਰ ਕੇ ਦੋ ਕੌਮਾਂ ਦੇ ਸਿਧਾਂਤ ਨੂੰ ਰੱਦ ਕਰਨ ਵਾਲੀ ਬਹੁ-ਗਿਣਤੀ ਕਸ਼ਮੀਰੀ ਮੁਸਲਿਮ ਆਬਾਦੀ ਨੂੰ ਇਹ ਯਕੀਨਦਹਾਨੀ ਕਰਾਈ ਸੀ ਕਿ ਉਹ ਹਿੰਦੂ ਬਹੁਗਿਣਤੀ ਭਾਰਤ ਵਿਚ ਮਹਿਫ਼ੂਜ਼ ਰਹਿ ਸਕਦੀ ਹੈ।

ਲਖਨਪੁਰ ਵਿਚ ਮੁਕਰਜੀ ਦੀ ਮੌਤ ਨਾਲ ਆਰ.ਐੱਸ.ਐੱਸ.-ਜਨ ਸੰਘ ਨੂੰ ਧਾਰਾ 370 ਦੀ ਮਨਸੂਖੀ ਨੂੰ ਆਪਣੀ ਵਿਚਾਰਧਾਰਾ ਦਾ ਕੇਂਦਰ ਬਿੰਦੂ ਬਣਾਉਣ ਦਾ ਮੌਕਾ ਮਿਲ ਗਿਆ ਪਰ ਕੁਝ ਸਮੇਂ ਬਾਅਦ ਇਹ ਬਹਿਸ ਇਤਿਹਾਸ ਵਿਚ ਗੁਆਚ ਕੇ ਰਹਿ ਗਈ। ਇਹ ਮਾਮਲਾ ਉਦੋਂ ਤੱਕ ਡੂੰਘਾ ਦਫ਼ਨ ਰਿਹਾ ਜਦੋਂ ਤੱਕ ਅਗਸਤ 2019 ਵਿਚ ਨਰਿੰਦਰ ਮੋਦੀ ਨੇ ਇਸ ਤਰਕ ਨੂੰ ਸਥਾਈ ਤੌਰ 'ਤੇ ਠੱਪ ਕਰਨ ਦਾ ਫ਼ੈਸਲਾ ਨਾ ਕਰ ਲਿਆ। ਧਾਰਾ 370 ਇਸ ਲਈ ਰੱਦ ਕੀਤੀ ਗਈ ਕਿਉਂਕਿ ਆਰ.ਐੱਸ.ਐੱਸ.-ਭਾਜਪਾ ਦਾ ਮੰਨਣਾ ਸੀ ਕਿ ਹਿੰਦੂ ਬਹੁ-ਗਿਣਤੀ ਵਾਲੇ ਜੰਮੂ ਨੂੰ ਵਾਦੀ ਵਿਚ ਭਾਰੂ ਕਸ਼ਮੀਰ ਮੁਸਲਿਮ ਕੁਲੀਨਾਂ ਤੋਂ ਦੋਇਮ ਦਰਜੇ 'ਤੇ ਨਹੀਂ ਦੇਖਿਆ ਜਾਣਾ ਚਾਹੀਦਾ।

ਜੰਮੂ ਹਮੇਸ਼ਾ ਆਪਣੇ ਹਿੱਸੇ ਦੀ ਸੌਦੇਬਾਜ਼ੀ ਕਰਦਾ ਰਿਹਾ ਹੈ। ਜਦੋਂ ਧਾਰਾ 370 ਰੱਦ ਕੀਤੀ ਗਈ ਸੀ ਤਾਂ ਇਸ ਨੇ ਗਲੀਆਂ ਵਿਚ ਆ ਕੇ ਜਸ਼ਨ ਮਨਾਏ ਜਿਵੇਂ ਅਸੀਂ ਜਾਣਦੇ ਹਾਂ ਕਿ ਵਾਦੀ ਵਿਚ ਸੰਨਾਟਾ ਛਾਇਆ ਹੋਇਆ ਸੀ, ਇੰਟਰਨੈੱਟ ਬੰਦ ਕਰ ਦਿੱਤਾ ਗਿਆ ਸੀ, ਰੋਸ ਮੁਜ਼ਾਹਰਿਆਂ 'ਤੇ ਪਾਬੰਦੀ ਸੀ ਅਤੇ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਇਸੇ ਲਈ ਜ਼ਮੀਨੀ ਪੱਧਰ 'ਤੇ ਹਲਕਾ-ਦਰ-ਹਲਕਾ, ਮੁਹੱਲਾ-ਦਰ-ਮੁਹੱਲਾ, ਪਿੰਡ-ਦਰ-ਪਿੰਡ ਲੜੀਆਂ ਜਾਣ ਵਾਲੀਆਂ ਇਹ ਚੋਣਾਂ ਬਹੁਤ ਅਹਿਮੀਅਤ ਰੱਖਦੀਆਂ ਹਨ। ਕੀ ਜੋ ਭਾਜਪਾ ਚਾਹੁੰਦੀ ਹੈ, ਜੰਮੂ ਉਸ ਨੂੰ ਦੇਵੇਗਾ- ਮੁੜ ਗਠਿਤ ਜੰਮੂ ਕਸ਼ਮੀਰ ਵਿਧਾਨ ਸਭਾ ਵਿਚ ਐਨੀਆਂ ਕੁ ਸੀਟਾਂ ਜਿਸ ਦੇ ਆਸਰੇ ਇਹ ਮੁੜ ਸੱਤਾ ਵਿਚ ਆਉਣ ਲਾਇਕ ਲੈਣ ਦੇਣ ਕਰ ਸਕੇ? ਜਾਂ ਫਿਰ ਖਿੱਤੇ ਵੱਲੋਂ ਆਪਣੇ ਆਕਾਵਾਂ ਨੂੰ ਮੁੜ ਨਵੇਂ ਸਿਰਿਓਂ ਵੱਖਰੇ ਨੇਮਾਂ ਮੁਤਾਬਿਕ ਮੈਦਾਨ 'ਚ ਨਿੱਤਰਨ ਲਈ ਆਖੇਗਾ; ਭਾਵ, ਧਾਰਾ 370 ਨੂੰ ਹਮੇਸ਼ਾ ਲਈ ਦਫ਼ਨ ਕਰ ਦਿੱਤਾ ਜਾਵੇ ਪਰ ਨਾਲ ਹੀ ਵਿਚਾਰਧਾਰਕ ਪਾੜੇ ਨੂੰ ਪੂਰਦਿਆਂ ਵਾਦੀ ਅਤੇ ਜੰਮੂ ਨੂੰ ਇਕਜੁੱਟ ਕਰ ਦਿੱਤਾ ਜਾਵੇ ਤਾਂ ਕਿ ਇਸ ਹਿਮਾਲਿਆ ਜਿੱਡੇ ਖੱਪੇ ਨੂੰ ਪੂਰ ਦਿੱਤਾ ਜਾਵੇ ਅਤੇ ਸਮੁੱਚੇ ਜੰਮੂ ਕਸ਼ਮੀਰ ਰਾਜ ਨੂੰ ਇੱਕ ਵਾਰ ਫਿਰ ਊਰਜਾ ਨਾਲ ਸਿੰਜਿਆ ਜਾਵੇ।

# ਜੀਨ ਸੋਧੀਆਂ ਫਸਲਾਂ ਅਤੇ ਭਾਰਤ

ਪਵਨ ਕੁਮਾਰ ਕੌਸ਼ਲ
ਫੋਨ: +91-98550-04500

ਸੰਸਾਰ ਭਰ ਅੰਦਰ ਪਿਛਲੇ ਕਾਫ਼ੀ ਸਮੇਂ ਤੋਂ ਭੁੱਖਮਰੀ ਦਾ ਕਾਰਨ ਅਨਾਜ ਦੀ ਥੁੜ੍ਹ ਅਤੇ ਘੱਟ ਪੈਦਾਵਾਰ ਕਿਹਾ ਜਾ ਰਿਹਾ ਹੈ। ਇਸ 'ਤੇ ਕਾਬੂ ਪਾਉਣ ਖ਼ਾਤਰ ਸਾਮਰਾਜਵਾਦੀ ਦੇਸ਼ਾਂ ਦੀਆਂ ਬਹੁਕੌਮੀ ਕੰਪਨੀਆਂ ਵੱਧ ਅਨਾਜ ਪੈਦਾ ਕਰਨ ਲਈ ਅਨੁਵੰਸ਼ਿਕ ਸੋਧੀਆਂ ਫ਼ਸਲਾਂ (ਜੈਨੇਟੀਕਲੀ ਮੋਡੀਫਾਈਡ ਕਰੋਪਸ) ਜਾਂ ਜੀ.ਐੱਮ. ਫ਼ਸਲਾਂ ਦੀ ਕਾਸ਼ਤ ਕਰਨ ਲਈ ਵਿਕਾਸਸ਼ੀਲ ਅਤੇ ਪੱਛੜੇ ਦੇਸ਼ਾਂ ਉਪਰ ਉਨ੍ਹਾਂ ਦੇਸ਼ਾਂ ਦੀਆਂ ਹਾਕਮ ਜਮਾਤਾਂ ਤੇ ਸੰਸਾਰ ਵਪਾਰ ਸੰਸਥਾ, ਕੌਮਾਂਤਰੀ ਮੁਦਰਾ ਕੋਸ਼ ਤੇ ਸੰਸਾਰ ਬੈਂਕ ਰਾਹੀਂ ਮਜਬੂਰ ਕਰ ਰਹੀਆਂ ਹਨ। ਇਹ ਉਸ ਵਕਤ ਹੋ ਰਿਹਾ ਹੈ ਜਦੋਂ ਖੁਦ ਵਿਕਸਤ ਪੂੰਜੀਵਾਦੀ ਦੇਸ਼ ਇਨ੍ਹਾਂ ਫ਼ਸਲਾਂ ਦੀ ਕਾਸ਼ਤ ਉਪਰ ਕਾਨੂੰਨੀ ਤੌਰ 'ਤੇ ਪਾਬੰਦੀ ਲਗਾ ਰਹੇ ਹਨ। ਦੇਖਣ ਵਾਲੀ ਗੱਲ ਇਹ ਹੈ ਕਿ ਕੀ ਸੰਸਾਰ ਭਰ ਵਿਚ ਸੱਚਮੁੱਚ ਅਨਾਜ ਦੀ ਥੁੜ੍ਹ ਹੈ? ਇੱਕ ਕੌਮਾਂਤਰੀ ਅਖ਼ਬਾਰ ਅਨੁਸਾਰ ਅਸੀਂ ਪਹਿਲਾਂ ਹੀ 10 ਖਰਬ ਲੋਕਾਂ ਲਈ ਕਾਫ਼ੀ ਅਨਾਜ ਪੈਦਾ ਕਰਦੇ ਹਾਂ ਅਤੇ ਫਿਰ ਵੀ ਭੁੱਖ ਨੂੰ ਨਹੀਂ ਮਿਟਾ ਸਕਦੇ। ਭੁੱਖ ਦਾ ਕਾਰਨ ਗਰੀਬੀ ਅਤੇ ਨਾ-ਬਰਾਬਰੀ ਹੈ, ਥੁੜ੍ਹ ਨਹੀਂ। ਸੰਸਾਰ ਪਹਿਲਾਂ ਹੀ ਧਰਤੀ ਉਪਰ ਹਰ ਮਨੁੱਖ ਦਾ ਢਿੱਡ ਭਰਨ ਲਈ ਲੋੜੀਂਦੇ ਨਾਲੋਂ ਡੇਢ ਗੁਣਾ ਤੋਂ ਵੱਧ ਅਨਾਜ ਪੈਦਾ ਕਰਦਾ ਹੈ ਜੋ ਦਸ ਖਰਬ ਲੋਕਾਂ ਦਾ ਢਿੱਡ ਭਰਨ ਲਈ ਕਾਫ਼ੀ ਹੈ ਪਰ ਉਹ ਲੋਕ ਜਿਹੜੇ ਰੋਜ਼ਾਨਾ 30-40 ਰੁਪਏ ਵੀ ਨਹੀਂ ਕਮਾ ਸਕਦੇ ਤੇ ਉਹ ਕਿਸਾਨ ਜਿਹੜੇ ਨਾ-ਮਾਤਰ ਜ਼ਮੀਨ 'ਤੇ ਖੇਤੀ ਕਰਦੇ ਹਨ, ਭੋਜਨ ਖ਼ਰੀਦਣ ਤੋਂ ਅਸਮਰੱਥ ਹੁੰਦੇ ਹਨ।

ਵਰਲਡ ਫੂਡ ਪ੍ਰੋਗਰਾਮ ਅਨੁਸਾਰ ਹਰ ਸਾਲ ਏਡਜ਼, ਮਲੇਰੀਆ ਅਤੇ ਤਪਦਿਕ ਨਾਲ ਹੁੰਦੀਆਂ ਕੁੱਲ ਮੌਤਾਂ ਨਾਲੋਂ ਜ਼ਿਆਦਾ ਲੋਕ ਭੁੱਖ ਨਾਲ ਮਰਦੇ ਹਨ। ਏਸ਼ੀਆ ਅੰਦਰ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੀ ਗਿਣਤੀ 55 ਕਰੋੜ 20 ਲੱਖ ਤੋਂ ਜ਼ਿਆਦਾ ਹੈ। ਇੱਕ ਵੇਰਵੇ ਮੁਤਾਬਿਕ, 87 ਕਰੋੜ ਲੋਕ ਗੰਭੀਰ ਕੁਪੋਸ਼ਣ ਬਿਮਾਰੀਆਂ ਤੋਂ ਪੀੜਤ ਹਨ ਅਤੇ 85 ਕਰੋੜ 20 ਲੱਖ ਭੁੱਖ ਦੇ ਸ਼ਿਕਾਰ ਲੋਕ ਵਿਕਾਸਸ਼ੀਲ ਦੇਸ਼ਾਂ ਅੰਦਰ ਰਹਿੰਦੇ ਹਨ। 'ਵਰਲਡ ਹੰਗਰ ਸਟੈਟਿਕਸ' ਅਨੁਸਾਰ 93 ਕਰੋੜ 60 ਲੱਖ ਲੋਕ ਪੇਟ ਭਰ ਭੋਜਨ ਪ੍ਰਾਪਤ ਕਰਨ ਤੋਂ ਅਸਮਰੱਥ ਹਨ ਅਤੇ ਇਨ੍ਹਾਂ ਵਿਚੋਂ 65 ਫ਼ੀਸਦੀ ਦੁਨੀਆ ਦੇ 7 ਅਤਿ ਗਰੀਬ ਤੇ ਪੱਛੜੇ ਦੇਸ਼ਾਂ ਅੰਦਰ ਰਹਿੰਦੇ ਹਨ। ਬਾਲਗ ਵਿਅਕਤੀ ਨੂੰ ਲੋੜੀਂਦੀਆਂ ਕੈਲਰੀਆਂ ਪ੍ਰਾਪਤ ਕਰਨ ਲਈ 200 ਕਿਲੋਗ੍ਰਾਮ ਅਨਾਜ ਦੀ ਪ੍ਰਤੀ ਸਾਲ ਲੋੜ ਹੈ ਜਦੋਂਕਿ ਸੰਸਾਰ ਵਿਚ 300 ਕਿਲੋਗ੍ਰਾਮ ਅਨਾਜ ਪ੍ਰਤੀ ਸਾਲ ਪ੍ਰਤੀ ਵਿਅਕਤੀ ਪੈਦਾਵਾਰ ਹੈ। ਵੀਹਵੀਂ ਸਦੀ ਵਿਚ ਪਏ ਕਾਲਾਂ ਦਾ ਕਾਰਨ ਅਨਾਜ ਦੀ ਥੁੜ੍ਹ ਬਿਲਕੁਲ ਨਹੀਂ ਸੀ; ਅਸਲ ਸਮੱਸਿਆ ਲੋਕਾਂ ਦੀ ਗ਼ਰੀਬੀ ਕਾਰਨ ਭੋਜਨ ਤੱਕ ਪਹੁੰਚ ਦੀ ਅਸਮਰੱਥਾ ਸੀ। 1943-44 ਵਿਚ ਬੰਗਾਲ ਦਾ ਕਾਲ ਬਰਤਾਨਵੀ ਸਾਮਰਾਜ ਦੀ ਦੇਣ ਸੀ ਜਿਸ ਵਿਚ 30 ਲੱਖ ਲੋਕ ਇਸ ਕਰ ਕੇ ਮਾਰੇ ਗਏ ਸਨ ਕਿ ਚੌਲਾਂ ਦੀਆਂ ਕੀਮਤਾਂ ਵਿਚ ਚਾਰ ਗੁਣਾ ਵਾਧਾ ਕਰਨ ਕਰ ਕੇ ਇਹ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਏ ਸਨ। ਕਾਲ ਜ਼ਿਆਦਾਤਰ ਅਨਾਜ ਦੀ ਕਮੀ ਕਾਰਨ ਨਹੀਂ ਪੈਂਦੇ ਸਗੋਂ ਇਸ ਕਰ ਕੇ ਪੈਂਦੇ ਹਨ ਕਿਉਂਕਿ ਅਨਾਜ ਭੁੱਖੇ ਵਿਅਕਤੀ ਦੀ ਪਹੁੰਚ ਤੋਂ ਦੂਰ ਹੁੰਦਾ ਹੈ। ਇਥੋਪੀਆ ਵਿਚ 1972-74 'ਚ ਭੁੱਖ ਨਾਲ 2 ਲੱਖ ਲੋਕ ਮਾਰੇ ਗਏ ਸਨ ਜਦੋਂਕਿ ਉੱਥੋਂ ਅਨਾਜ ਹੋਰ ਮੁਲਕਾਂ ਨੂੰ ਭੇਜਿਆ ਜਾ ਰਿਹਾ ਸੀ। ਗ਼ਰੀਬੀ ਭੁੱਖ ਦਾ ਮੁੱਖ ਕਾਰਨ ਹੈ। ਗਰੀਬੀ ਅਤੇ ਭੁੱਖਮਰੀ ਲੁੱਟ-ਖਸੁੱਟ 'ਤੇ ਆਧਾਰਿਤ ਨਾਕਸ ਪੂੰਜੀਵਾਦੀ ਪ੍ਰਬੰਧ ਹੈ ਜਿੱਥੇ ਕਰੋੜਾਂ ਟਨ ਅਨਾਜ ਭੁੱਖਿਆਂ ਨੂੰ ਵੰਡਣ ਦੀ ਥਾਂ ਸਾੜ ਜਾਂ ਸਮੁੰਦਰ ਵਿਚ ਸੁੱਟ ਦਿੱਤਾ ਜਾਂਦਾ ਹੈ।

ਅਨਾਜ ਦੀ ਅਖੌਤੀ ਥੁੜ੍ਹ ਪੈਦਾ ਕਰ ਕੇ ਪੂੰਜੀਵਾਦੀ ਦੇਸ਼ਾਂ ਦੀਆਂ ਹਾਕਮ ਜਮਾਤਾਂ ਆਪਣੀ ਲੁੱਟ-ਖਸੁੱਟ ਜਾਰੀ ਰੱਖਣ ਲਈ ਨਵੇਂ ਮਨਸੂਬੇ ਘੜਦੀਆਂ ਰਹਿੰਦੀਆਂ ਹਨ। ਅਨਾਜ ਦੀ ਅਖੌਤੀ ਥੁੜ੍ਹ ਦੇ ਨਾਂ 'ਤੇ ਸਾਮਰਾਜਵਾਦੀ ਦੇਸ਼ਾਂ ਦੀਆਂ ਬਹੁਕੌਮੀ ਕੰਪਨੀਆਂ ਸੰਸਾਰ ਵਪਾਰ ਸੰਸਥਾ ਰਾਹੀਂ ਪੱਛੜੇ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਅਨੁਵੰਸ਼ਿਕ ਸੋਧੇ ਬੀਜ ਵਰਤਣ ਅਤੇ ਸੋਧੀਆਂ ਫ਼ਸਲਾਂ ਦੀ ਕਾਸ਼ਤ ਕਰਨ ਲਈ ਮਜਬੂਰ ਕਰ ਰਹੀਆਂ ਹਨ। ਭਾਰਤ ਵਿਚ ਅਜਿਹਾ 1988 ਵਿਚ ਸੰਸਾਰ ਵਪਾਰ ਸੰਸਥਾ ਨਾਲ ਹੋਈ ਬੀਜ ਸੰਧੀ ਅਧੀਨ ਕੀਤਾ ਜਾ ਰਿਹਾ ਹੈ। ਪਹਿਲਾਂ ਸਿੱਧੇ ਵਿਦੇਸ਼ੀ ਨਿਵੇਸ਼ ਰਾਹੀਂ ਇਨ੍ਹਾਂ ਦੇਸ਼ਾਂ ਦੀ ਆਰਥਿਕਤਾ 'ਤੇ ਕਬਜ਼ਾ ਕੀਤਾ ਗਿਆ। ਹੁਣ ਉੱਥੋਂ ਦੀ ਕਿਸਾਨੀ ਨੂੰ ਜੀ.ਐੱਮ. ਬੀਜਾਂ ਅਤੇ ਫ਼ਸਲਾਂ ਦੇ ਪੇਟੈਂਟ ਅਧਿਕਾਰਾਂ ਤੇ ਇਨ੍ਹਾਂ ਉਪਰ ਆਪਣੀ ਇਜਾਰੇਦਾਰੀ ਸਥਾਪਤ ਕਰ ਕੇ ਖੇਤੀ ਦੇ ਧੰਦੇ ਤੋਂ ਬਾਹਰ ਕਰ ਕੇ ਇਨ੍ਹਾਂ ਫ਼ਸਲਾਂ ਦੀ ਕਾਸ਼ਤ ਰਾਹੀਂ ਸਾਮਰਾਜਵਾਦੀ ਦੇਸ਼ ਇਨ੍ਹਾਂ ਦੇਸ਼ਾਂ ਨੂੰ ਆਪਣੇ ਅਧੀਨ ਕਰਨ ਦੇ ਮਨਸੂਬੇ ਘੜ ਰਹੇ ਹਨ।

ਜੀ.ਐੱਮ. ਫ਼ਸਲਾਂ ਅਜਿਹੇ ਪੌਦੇ ਹਨ ਜਿਨ੍ਹਾਂ ਦੇ ਡੀ.ਐੱਨ.ਏ. ਵਿਚ ਜੈਨੇਟਿਕ ਇੰਜਨੀਅਰਿੰਗ ਤਕਨੀਕ ਰਾਹੀਂ ਨਵੇਂ ਗੁਣ ਦਾਖ਼ਲ ਕਰ ਕੇ ਉਨ੍ਹਾਂ ਨੂੰ ਸੋਧਿਆ ਜਾਂਦਾ ਹੈ। ਇਹ ਗੁਣ ਪੌਦਿਆਂ ਦੀਆਂ ਮਿਲਦੀਆਂ ਕੁਦਰਤੀ ਜਾਤੀਆਂ ਵਿਚ ਨਹੀਂ ਪਾਏ ਜਾਂਦੇ। ਪੌਦਿਆਂ ਦੇ ਜੀਨਾਂ ਨੂੰ ਸੋਧ ਕੇ ਬਣਾਏ ਜਾਂਦੇ ਬੀਜ ਫ਼ਸਲਾਂ, ਕੁਦਰਤ ਅਤੇ ਵਾਤਾਵਰਨ ਦੇ ਅਨੁਕੂਲ ਨਹੀਂ ਹੁੰਦੇ। ਕੁਦਰਤ ਦੇ ਨਿਯਮਾਂ ਵਿਰੁੱਧ ਤਿਆਰ ਕੀਤੀਆਂ ਪੌਦਿਆਂ ਦੀਆਂ ਜਾਤੀਆਂ ਜਾਂ ਉਪ ਜਾਤੀਆਂ ਮਨੁੱਖ, ਹੋਰ ਜੀਵਾਂ ਅਤੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।

ਵਿਗਿਆਨਕ ਪਰਖਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਜੀ.ਐੱਮ. ਫ਼ਸਲਾਂ ਮਿੱਟੀ ਵਿਚੋਂ ਵਾਤਾਵਰਨ ਲਈ ਮਹੱਤਵਪੂਰਨ ਤੱਤਾਂ ਨੂੰ ਸੋਖ ਕੇ ਉਨ੍ਹਾਂ ਨੂੰ ਨਸ਼ਟ ਕਰ ਦਿੰਦੀਆਂ ਹਨ। ਅਨੁਵੰਸ਼ਿਕ ਸੋਧ ਰਾਹੀਂ ਤਿਆਰ ਕੀਤੇ ਇਹ ਪੌਦੇ ਅਜਿਹੇ ਰਸਾਇਣ ਪੈਦਾ ਕਰਦੇ ਹਨ ਜਿਹੜੇ ਪਾਣੀ ਨਾਲ ਮਿਲ ਕੇ ਜ਼ਮੀਨ ਅਤੇ ਹੇਠਲੇ ਪਾਣੀ ਦੇ ਪ੍ਰਦੂਸ਼ਣ ਵਿਚ ਖ਼ਤਰਨਾਕ ਹੱਦ ਤਕ ਵਾਧਾ ਕਰਦੇ ਹਨ। ਸੰਸਾਰ ਦੇ ਲਗਪਗ 800 ਵਿਗਿਆਨੀਆਂ ਨੇ ਸੰਸਾਰ ਭਰ ਦੀਆਂ ਸਰਕਾਰਾਂ ਨੂੰ ਖੁੱਲ੍ਹਾ ਖ਼ਤ ਲਿਖ ਕੇ ਦੱਸਿਆ ਹੈ ਕਿ ਜੀ.ਐੱਮ. ਫ਼ਸਲਾਂ ਮਨੁੱਖੀ ਭੋਜਨ ਲਈ ਖ਼ਤਰਨਾਕ ਹਨ ਅਤੇ ਇਹ ਜੀਵ-ਯੁੱਧ ਤੋਂ ਘੱਟ ਹੋਰ ਕੁਝ ਨਹੀਂ ਹਨ। ਅਨੁਵੰਸ਼ਿਕ ਸੋਧੀਆਂ ਫ਼ਸਲਾਂ ਪ੍ਰਤੀ ਭੁਲੇਖੇ ਪੈਦਾ ਕਰਨ ਅਤੇ ਅੰਨ੍ਹੇ ਮੁਨਾਫ਼ੇ ਲਈ ਸਾਮਰਾਜਵਾਦੀ ਦੇਸ਼ ਤੇ ਸੰਸਾਰ ਦੇ ਚੋਟੀ ਦੇ ਇਜਾਰੇਦਾਰ ਕੋਈ ਕਸਰ ਬਾਕੀ ਨਹੀਂ ਛੱਡ ਰਹੇ।

ਸਾਮਰਾਜਵਾਦੀ ਦੇਸ਼ ਅਤੇ ਉਨ੍ਹਾਂ ਦੀਆਂ ਬਹੁ-ਕੌਮੀ ਕੰਪਨੀਆਂ ਇਸ ਗੱਲ ਨੂੰ ਦਰਕਿਨਾਰ ਕਰ ਰਹੀਆਂ ਹਨ ਕਿ ਸੰਸਾਰ ਦੇ ਖ਼ੁਰਾਕ ਸੰਕਟ 'ਤੇ ਜੀ.ਐੱਮ. ਫ਼ਸਲਾਂ ਨੂੰ ਵਰਤੋਂ ਵਿਚ ਲਿਆਂਦੇ ਬਿਨਾਂ ਕਾਬੂ ਪਾਇਆ ਜਾ ਸਕਦਾ ਹੈ। ਬੀਜ ਖੇਤਰ ਦੀਆਂ ਇਜਾਰੇਦਾਰ ਅਤੇ ਜੀਵ ਵਿਗਿਆਨ ਤਕਨਾਲੋਜੀ ਦੀਆਂ ਦਿਓ ਕੱਦ ਕੰਪਨੀਆਂ ਲੋਕਾਂ ਦੀਆਂ ਵਿਰੋਧੀ ਭਾਵਨਾਵਾਂ ਨੂੰ ਪਿੱਛੇ ਛੱਡ ਕੇ ਜੀ.ਐੱਮ. ਫ਼ਸਲਾਂ ਦੇ ਕੂੜ ਪ੍ਰਚਾਰ ਵਿਚ ਲੱਗੀਆਂ ਹੋਈਆਂ ਹਨ। ਵਿਆਪਕ ਤੌਰ 'ਤੇ ਇਹ ਸਬੂਤ ਮਿਲ ਰਹੇ ਹਨ ਕਿ ਜੀ.ਐੱਮ. ਫ਼ਸਲਾਂ ਨਾਲ ਦਰਿਆ, ਨਦੀਆਂ, ਨਾਲੇ, ਮੀਂਹ ਅਤੇ ਧਰਤੀ ਹੇਠਲਾ ਪਾਣੀ ਵੀ ਪ੍ਰਦੂਸ਼ਿਤ ਹੋ ਜਾਵੇਗਾ ਤੇ ਰੋਗਾਣੂ ਨਾਸ਼ਕ ਵਿਰੋਧੀ ਜੀਨ ਪੈਦਾ ਹੋ ਜਾਣਗੇ। ਸਵਿਟਜ਼ਰਲੈਂਡ ਦੀ ਨਵੀਂ ਖੋਜ ਨੇ ਇੱਕ ਹੋਰ ਤੱਥ ਸਾਹਮਣੇ ਲਿਆਂਦਾ ਹੈ ਕਿ ਜੀ.ਐੱਮ. ਫ਼ਸਲਾਂ ਬੀ.ਟੀ. ਟਾਕਸਿਨ ਨਾਂ ਦਾ ਖ਼ਤਰਨਾਕ ਕੀਟਨਾਸ਼ਕ ਪੈਦਾ ਕਰਦੀਆਂ ਹਨ।

ਅਨੁਵੰਸ਼ਿਕ ਫ਼ਸਲਾਂ ਦਾ ਝਾੜ ਅਗਾਂਹ ਘਟਦਾ ਜਾਂਦਾ ਹੈ। 2012 ਵਿਚ ਅਮਰੀਕਾ ਨੂੰ ਪਿਛਲੇ 50 ਸਾਲਾਂ ਤੋਂ ਵੀ ਵੱਧ ਭਿਆਨਕ ਔੜ ਦਾ ਸਾਹਮਣਾ ਕਰਨਾ ਪਿਆ; ਸਿੱਟੇ ਵਜੋਂ ਇਨ੍ਹਾਂ ਫ਼ਸਲਾਂ ਦਾ ਝਾੜ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਜੀ.ਐੱਮ. ਫ਼ਸਲਾਂ ਦੀ ਕਾਸ਼ਤ ਨੂੰ ਸਨਅਤੀ ਖੇਤੀ ਦਾ ਅੰਤ ਹੀ ਮੰਨਿਆ ਗਿਆ ਹੈ। ਆਰਗੈਨਿਕ ਖੇਤੀ ਵਾਲੀ ਜ਼ਮੀਨ ਦੀ ਮਿੱਟੀ ਦੀ ਉਪਰਲੀ ਪਰਤ ਵਿਚ ਲੋੜੀਂਦੇ ਸੂਖ਼ਮ ਜੀਵਾਣੂ ਵਧੇਰੇ ਹੁੰਦੇ ਹਨ। ਇਹ ਪਾਣੀ ਨੂੰ ਆਪਣੇ ਵਿਚ ਸਮੋਣ ਵਿਚ ਸਹਾਇਤਾ ਕਰਦੀ ਹੈ ਜਿਹੜਾ ਔੜ ਸਮੇਂ ਕੰਮ ਆਉਂਦਾ ਹੈ; ਜੀ.ਐੱਮ. ਫ਼ਸਲਾਂ ਵਾਤਾਵਰਨ ਲਈ ਬਹੁਤ ਅਹਿਮ ਜ਼ਮੀਨ ਵਿਚ ਮੌਜੂਦ ਸੂਖ਼ਮ ਜੀਵਾਂ ਤੇ ਤੱਤਾਂ ਨੂੰ ਜਲਦੀ ਖ਼ਤਮ ਕਰ ਕੇ ਮਿੱਟੀ ਦੀ ਉਪਰਲੀ ਪਰਤ ਨੂੰ ਪਾਣੀ ਸੋਖਣ ਦੇ ਅਯੋਗ ਬਣਾ ਦਿੰਦੀਆਂ ਹਨ। ਇਹ ਧਰਤੀ ਹੇਠਲੇ ਪਾਣੀ ਦੇ ਪ੍ਰਦੂਸ਼ਣ ਵਿਚ ਗੰਭੀਰ ਵਾਧਾ ਕਰਕੇ ਦੂਜੀਆਂ ਫ਼ਸਲਾਂ ਤੇ ਮਨੁੱਖੀ ਜੀਵਨ ਲਈ ਖ਼ਤਰਾ ਬਣਦੀਆਂ ਹਨ।

ਇੰਨਾ ਸਭ ਕੁਝ ਸਾਹਮਣੇ ਆਉਣ ਦੇ ਬਾਵਜੂਦ ਭਾਰਤ ਸਰਕਾਰ ਜੀ.ਐੱਮ. ਫ਼ਸਲਾਂ ਦੀ ਕਾਸ਼ਤ ਬਾਰੇ ਕੋਈ ਸਪਸ਼ਟ ਫੈਸਲਾ ਨਹੀਂ ਕਰ ਰਹੀ ਸਗੋਂ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਖੇਡਣ ਦੀ ਨੀਤੀ 'ਤੇ ਚੱਲ ਰਹੀ ਹੈ। ਜੀ.ਐੱਮ. ਫ਼ਸਲਾਂ ਦੀ ਆਮਦ ਕਿਸਾਨੀ ਅਤੇ ਮਨੁੱਖੀ ਜੀਵਨ ਲਈ ਘਾਤਕ ਹੋਵੇਗੀ। ਇਹ ਮਨੁੱਖ ਜਾਤੀ ਅਤੇ ਜੀਵ-ਜੰਤੂਆਂ ਦੀ ਹੋਂਦ 'ਤੇ ਪ੍ਰਸ਼ਨ ਚਿੰਨ੍ਹ ਲਗਾ ਦੇਣਗੀਆਂ।

# ਅੱਗ ਲੈਣ ਆਈ ਘਰ ਵਾਲੀ ਬਣ ਬੈਠੀ

ਭਾਵੇਂ ਇਹ ਇੱਕ ਅਖਾਣ ਹੈ ਜਿਸ ਦਾ ਮੋਟਾ ਜਿਹਾ ਅਰਥ ਹੈ ਕਿ ਸਾਧਾਰਨ ਕੰਮ ਲਈ ਕਿਸੇ ਦੇ ਘਰ ਜਾਣਾ ਅਤੇ ਬਹੁਤ ਭਾਰੀ ਕੰਮ ਕਢਵਾ ਲੈਣਾ ਜਾਂ ਉਸ ਘਰ ਉੱਪਰ ਆਪਣੀ ਮਾਲਕੀ ਹੀ ਜਤਾਉਣ ਲੱਗ ਪੈਣਾ, ਪਰ ਇਸ ਦੇ ਸ਼ਾਬਦਿਕ ਅਰਥਾਂ ਵਾਂਗ ਅਸੀਂ ਸੱਚੀਂ-ਮੁੱਚੀਂ ਆਂਢ-ਗਵਾਂਢ ਤੋਂ ਅੱਗ ਲਿਆਉਂਦੇ ਰਹੇ ਹਾਂ!

ਅਜੋਕੀ ਪੀੜ੍ਹੀ ਨੂੰ ਬੇਸ਼ਕ ਇਹ ਗੱਲ ਹਾਸੋਹੀਣੀ ਲੱਗੇ ਪਰ ਹੈ ਇਹ ਸੋਲ੍ਹਾਂ ਆਨੇ ਸੱਚ ਕਿ ਅੱਜ ਤੋਂ 45-50 ਸਾਲ ਪਹਿਲਾਂ ਲਾਗਲੇ ਘਰੋਂ ਅੱਗ ਮੰਗ ਕੇ ਲਿਆਉਣ ਦਾ ਸਮਾਜਿਕ ਵਰਤਾਰਾ ਆਮ ਸੀ। ਅਸੀਂ ਆਪ ਇਸ ਦੇ ਗਵਾਹ ਹਾਂ ਤੇ ਬਚਪਨ ਵੇਲੇ ਆਪਣੀ ਸ਼ਰੀਕੇ 'ਚ ਲਗਦੀ ਤਾਈ ਦੇ ਘਰੋਂ ਅੱਗ ਮੰਗ ਕੇ ਲਿਆਉਂਦੇ ਰਹੇ ਹਾਂ।

ਅੱਜ-ਕੱਲ੍ਹ ਤਾਂ ਦੂਸਰੇ ਦੇ ਘਰ ਅੱਗ ਲਾਉਣ ਵਾਲੇ ਜਾਂ ਆਪਣੇ ਅੰਦਰ ਭਖਦੀ ਅੱਗ ਦੇ ਭਾਂਬੜ ਮਚਾਉਣ ਵਾਲੇ ਤਾਂ ਬਥੇਰੇ ਮਿਲ ਜਾਣਗੇ ਪਰ ਅੱਗ ਮੰਗ ਕੇ ਲਿਆਉਣ ਵਾਲਾ ਉਹ ਪੁਰਾਣਾ ਸਾਂਝੀਵਾਲਤਾ ਅਤੇ ਭਾਈਚਾਰਕ ਮੇਲ-ਮਿਲਾਪ ਵਾਲਾ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਵਿਵਹਾਰ ਘੱਟ ਵੱਧ ਹੀ ਦੇਖਣ ਨੂੰ ਮਿਲਦਾ ਹੈ।

ਨਵੀਂ ਪੀੜ੍ਹੀ ਦੀ ਜਾਣਕਾਰੀ ਲਈ ਜ਼ਰਾ ਇਸ ਅੱਗ ਮੰਗ ਕੇ ਲਿਆਉਣ ਦੀ ਗੱਲ ਨੂੰ ਥੋੜ੍ਹਾ ਵਿਸਥਾਰ ਦੇਣਾ ਵਾਜਿਬ ਹੋਵੇਗਾ।

ਮੇਰੇ ਬਚਪਨ ਵੇਲੇ ਪਿੰਡਾਂ ਥਾਂਵਾਂ ਤੇ ਸਰਫੇ, ਕਿਰਸ, ਸੰਕੋਚ ਅਤੇ ਸਾਦਗੀ ਦੇ ਸਮੇਂ ਵਾਲੇ ਦਿਨ ਸਨ। ਨਕਦੀ ਘੱਟ ਹੁੰਦੀ ਸੀ, ਖੇਤੀ ਹਲ-ਹਲਟ ਰਾਹੀਂ ਹੋਣ ਕਾਰਨ ਫਸਲ ਵੀ ਥੋੜੀ ਹੁੰਦੀ ਸੀ। ਸੋ ਆਰਥਿਕ ਤੌਰ 'ਤੇ ਪਿੰਡਾਂ ਵਿਚ ਆਮ ਲੋਕ ਹੱਥੋਂ ਤੰਗ ਹੀ ਰਹਿੰਦੇ ਸਨ। ਭਾਵੇਂ ਤੀਲਾਂ ਦੀ ਡੱਬੀ (ਮਾਚਿਸ) ਉਦੋਂ ਚੁਆਨੀ ਦੀ ਆ ਜਾਂਦੀ ਸੀ ਪਰ ਫਿਰ ਵੀ ਤੀਲਾਂ ਦੀ ਬੱਚਤ ਕਰਨ ਅਤੇ ਇਕ ਡੱਬੀ ਨੂੰ ਬਹੁਤੇ ਦਿਨ ਚਲਾਉਣ ਦੇ ਵਿਵਹਾਰਕ ਸਿਆਣਪ ਵਾਲੇ ਵਰਤਾਰੇ 'ਚੋਂ ਅੱਗ ਮੰਗ ਕੇ ਲਿਆਉਣ ਦਾ ਰਿਵਾਜ ਪੈਦਾ ਹੋਇਆ।

ਮੇਰੀ ਮਾਂ ਨੇ ਪਾਥੀ/ਗੋਹਟਾ, ਚੱਪਣੀ, ਚਿਮਟਾ, ਕੜਛਾ, ਥਾਲੀ ਪਲੇਟ/ਕੁੱਜਾ ਆਦਿ 'ਚੋਂ ਕੋਈ ਇਕ ਚੀਜ਼ ਹੱਥ 'ਚ ਫੜਾ ਕੇ ਤਾਈ ਦੇ ਘਰ ਅੱਗ ਲੈਣ ਭੇਜਣਾ। ਮੈਂ ਵੀ ਚਾਈਂ ਚਾਈਂ ਚਲੇ ਜਾਣਾ ਤੇ ਤਾਈ ਨੇ ਵੀ ਬੜੀ ਅਪਣੱਤ ਤੇ ਪਿਆਰ ਨਾਲ ਅੱਗ ਦੇ ਦੇਣੀ। ਗਵਾਂਢੋਂ ਲਿਆਂਦੇ ਅੰਗਿਆਰ ਨਾਲ ਅੱਗ ਬਾਲ ਲੈਣੀ।

ਜਾਂ ਕੁੱਜੇ ਵਿਚ ਸੁਲਗਦਾ ਗੋਹਟਾ ਲਿਆ ਫੂਕ ਮਾਰ ਕੇ ਅੱਗ ਬਾਲ ਲਈਦੀ ਸੀ।

ਸਿਰਫ ਅੱਗ ਮੰਗਣ ਦਾ ਰਿਵਾਜ ਹੀ ਨਹੀਂ ਸੀ, ਅੱਗ ਦੱਬਣ ਦਾ ਚਲਨ ਵੀ ਆਮ ਸੀ। ਰਾਤ ਨੂੰ ਅੱਗ ਬਾਲ ਕੇ ਰੋਟੀ-ਟੁੱਕ, ਚੁਲ੍ਹਾ-ਚੌਂਕਾ ਕਰਨ ਉਪਰੰਤ ਮਘਦੀ ਅੱਗ ਉਪਰ ਪਾਥੀ/ਪਾਥੀਆਂ ਰੱਖ ਕੇ ਉਸ ਨੂੰ ਸਵਾਹ ਨਾਲ ਢਕ ਦਈਦਾ ਸੀ। ਸਾਰੀ ਰਾਤ ਪਾਥੀ ਹੌਲੀ ਹੌਲੀ ਮਘਦੀ ਰਹਿੰਦੀ ਸੀ। ਸਾਹਜਰੇ ਉੱਠ ਕੇ ਮਾਂਵਾਂ-ਦਾਦੀਆਂ ਉਸ ਹੇਠੋਂ ਅੰਗਿਆਰ ਕਢ ਲੈਂਦੀਆਂ ਸਨ ਤੇ ਸ਼ਾਹ ਵੇਲੇ ਲਈ ਖਾਣਾ ਪਕਾ ਲੈਂਦੀਆਂ ਸਨ।

ਅੱਗ ਸਾਂਭਣਾ ਔਰਤ ਦੀ ਸਿਆਣਪ ਦਾ ਸੂਚਕ ਸਮਝਿਆ ਜਾਂਦਾ ਸੀ। ਬੱਚਤ ਸੁਨਹਿਰੀ ਘਰੇਲੂ ਸਿਧਾਂਤ ਹੁੰਦਾ ਸੀ ਤੇ ਅੱਗ ਸਾਂਭਣ ਅਤੇ ਅੱਗ ਲਿਆਉਣ ਨਾਲ ਤੀਲਾਂ ਦੀ ਬੱਚਤ ਹੁੰਦੀ ਸੀ, ਜਿਸ ਦਾ ਮਤਲਬ ਪੈਸੇ ਦੀ ਬੱਚਤ ਹੀ ਹੁੰਦਾ ਸੀ।

ਸ਼ਾਇਦ ਹੁਣ ਵੀ ਕਿਧਰੇ ਅੱਗ ਲਿਆਉਣ/ਦੇਣ ਦਾ ਰਿਵਾਜ ਹੋਵੇ ਪਰ ਸਾਡੇ ਤਾਂ ਇਧਰ ਇਹ ਬੀਤੇ ਦੀ ਕਹਾਣੀ ਬਣ ਚੁੱਕੈ। ਧੰਨ ਸਨ ਉਹ ਤਾਈਆਂ/ਚਾਚੀਆਂ, ਮਾਂਵਾਂ/ਦਾਦੀਆਂ ਜੋ ਹਰ ਦਿਨ ਖਿੜੇ ਮੱਥੇ ਅੱਗ ਧਰ ਦਿੰਦੀਆਂ ਸਨ। ਅੱਗ ਮੰਗਣ ਗਏ ਬੱਚੇ ਨੂੰ ਪਿਆਰਦੀਆਂ-ਦੁਲਾਰਦੀਆਂ ਵੀ ਸਨ ਤੇ ਕਈ ਤਾਂ ਖਾਣ ਲਈ ਕੋਈ ਮਿੱਠੀ ਸੈਅ, ਜੋ ਆਮ ਕਰਕੇ ਗੁੜ-ਸ਼ੱਕਰ ਹੀ ਹੁੰਦੇ ਸਨ, ਵੀ ਦਿੰਦੀਆਂ ਸਨ।

ਹੁਣ ਤਾਂ ਦੇਖ ਕੇ ਅੱਗ ਬਗੂਲਾ ਹੋ ਜਾਣ ਤੇ ਸਿਰ 'ਚ ਚੁਆਤੀ ਵਗਾਹ ਮਾਰਨ। ਅਜੋਕੇ ਦੌਰ 'ਚ ਬਲਦੀ 'ਤੇ ਤੇਲ ਪਾਉਣ/ਲਾਂਬੂ ਲਾਉਣ ਵਾਲੇ ਤਾਂ ਬਥੇਰੇ ਮਿਲ ਜਾਣਗੇ ਪਰ ਭਾਂਬੜਾਂ ਉਪਰ ਪਾਣੀ ਕੋਈ ਵਿਰਲਾ ਟਾਂਵਾਂ ਹੀ ਪਾਵੇਗਾ। ਇਸੇ ਕਰਕੇ ਹੀ ਤਾਂ ਚੰਦਨਵਾਤੀ 'ਚ ਧਨੀ ਰਾਮ ਚਾਤ੍ਰਿਕ ਕਹਿੰਦੈ-"ਕੋਈ ਅੱਗ ਨੂੰ ਨਹੀਂ ਬੁਝਾਉਣ ਜੋਗਾ, /ਜਿਹੜਾ ਉਠਦਾ ਹੈ ਤੇਲ ਪਾਉਣ ਵਾਲਾ" ਅਤੇ "ਆਪ ਆਉਣ ਦੀ ਨਹੀਂ ਜੇ ਨੀਤ ਉਸਦੀ,/ਕਾਹਨੂੰ ਗੋਂਗਲੂਆਂ ਤੋਂ ਮਿੱਟੀ ਝਾੜਦਾ ਹੈ/ਜੇਕਰ ਅੱਗ ਨੂੰ ਨਹੀਂ ਬੁਝਾਉਣ ਜੋਗਾ/ਪਾ ਪਾ ਤੇਲ ਕਿਉਂ ਸੜਿਆਂ ਨੂੰ ਸਾੜਦਾ ਹੈ"।

ਚਾਤ੍ਰਿਕ ਤੋਂ ਪਹਿਲਾਂ ਵਾਰਸ ਸ਼ਾਹ ਕਹਿ ਗਿਐ-

"ਅੱਗ ਲੈਣ ਆਈ ਘਰ ਸਾਂਭਿਓ ਈ, /ਏਹ ਤੇਰਾ ਸੀ, ਵੀਰ ਨਾ ਭਾਈਆਂ ਦਾ, /ਵਾਰਸ ਸ਼ਾਹ ਦੀ ਮਾਰ ਹੀ ਵਗੇ ਹੀਰੇ, /ਜਿਹਾ ਖੋਹਿਆ ਈ ਦੇਵਰ ਭਰਜਾਈਆਂ ਦਾ"।

ਵਿਧਾਤਾ ਸਿੰਘ ਤੀਰ ਅਨੁਸਾਰ-"ਆਈ ਅੱਗ ਲੈਣ ਲਈ/ਆ ਕੇ ਘਰ ਪਾ ਬੈਠੀ"।

ਦੀਦਾਰ ਸੰਧੂ ਦੇ ਗਾਏ ਗੀਤ ਵਿਚ ਇਹ ਜ਼ਿਕਰ ਆਉਂਦੈ-"ਤੂੰ ਵੀ ਸਾਡੇ ਘਰ ਅੱਗ ਲੈਣ ਆਂਵੇਂਗੀ/ ਅਸੀਂ ਵੀ ਕਾਲਜਾ ਠਾਰਾਂਗੇ/ਨੀਂ ਤੇਰੀ ਚੱਪਣੀ ਵਗਾਹ ਕੇ ਮਾਰਾਂਗੇ"।

ਐਦਾਂ ਈ ਹੋਰ ਕਿਹਾ ਜਾਂਦੈ ਕਿ "ਛੜਿਆਂ ਦੇ ਗਈ ਅੱਗ ਨੂੰ/ਉਨ੍ਹਾਂ ਚੱਪਣੀ ਵਗਾਹ ਕੇ ਮਾਰੀ"।

ਇਸ ਸਭ ਕਾਸੇ ਦਾ ਇਹ ਮਤਲਬ ਹੈ ਕਿ ਕਿਸੇ ਸਮੇਂ ਅੱਗ ਲਿਆਉਣ ਦਾ ਵਰਤਾਰਾ ਜਿਥੇ ਨਿੱਘੀ ਸਾਂਝ, ਨੇੜਤਾ, ਮੇਲ-ਮਿਲਾਪ ਦਾ ਸੂਚਕ ਤਾਂ ਸੀ ਹੀ, ਉਥੇ ਇਹ ਮਿੱਠੇ ਜਿਹੇ ਰੋਸ ਨੂੰ ਪ੍ਰਗਟ ਕਰਨ ਦਾ ਮਾਧਿਅਮ ਵੀ ਸੀ।

ਸਾਡੇ ਬਚਪਨ ਵੇਲੇ ਤਾਂ ਕੌਲੀ ਵਟਾਉਣਾ ਵੀ ਆਮ ਗੱਲ ਹੁੰਦੀ ਸੀ। ਦਾਲ, ਸਬਜ਼ੀ, ਆਟਾ, ਸ਼ੱਕਰ/ ਖੰਡ ਆਦਿ ਆਮ ਹੀ ਇੱਕ ਦੂਜੇ ਦੇ ਘਰੋਂ ਲਿਆਉਂਦੇ/ਦਿੰਦੇ ਰਹੀਦਾ ਸੀ। ਸਮਾਜਿਕ ਤਾਣਾ-ਬਾਣਾ ਇੱਕ ਦੂਸਰੇ ਉੱਪਰ ਨਿਰਭਰ ਰਹਿਣ ਵਾਲਾ ਹੁੰਦਾ ਸੀ ਅਤੇ ਇਹ ਲੈਣ-ਦੇਣ ਚਲਦਾ ਹੀ ਰਹਿੰਦਾ ਸੀ। ਇਸ ਨਾਲ 'ਹਮਸਾਏ ਮਾਂ ਪਿਉ ਜਾਏ' ਵਾਲੀ ਗੱਲ ਹਕੀਕੀ ਹੋ ਨਿਬੜਦੀ ਸੀ। ਆਟਾ ਮੋੜਨ ਵੇਲੇ ਤਾਂ ਕੌਲੀ/ਵਾਟੀ/ਥਾਲੀ ਵਿਚ ਮੰਗ ਕੇ ਲਿਆਂਦੇ ਆਟੇ ਨਾਲੋਂ ਥੋੜਾ ਵੱਧ ਮੋੜਨ ਹਿਤ ਕੌਲੀ ਟੀਸੀ ਤਕ ਭਰਨ ਦੀ ਰੀਤ ਸੀ।

ਹੁਣ ਤਾਂ ਲੜਾਈ ਵੇਲੇ ਇਹ ਮਿਹਣੇ ਵਜੋਂ ਕਿਹਾ ਜਾਂਦੈ-ਮੈਂ ਕਿਹੜਾ ਤੇਰੇ ਘਰੋਂ ਦਾਲ ਮੰਗਣ ਆਉਨੈ?

ਅੱਗ ਨਾਲ ਅਨੇਕਾਂ ਮੁਹਾਵਰੇ/ਅਖਾਣ ਜੁੜੇ ਹਨ, ਜਿਵੇਂ-

ਅੱਗ ਨਾਲ ਖੇਡਣਾ, ਅੱਗ ਦਾ ਮੀਂਹ ਵਰ੍ਹਾਉਣਾ, ਅੱਗ ਦੇਣ ਨੂੰ ਵੀ ਨਹੀਂ, ਆਪਣੇ ਲੱਗੇ ਤਾਂ ਅੱਗ, ਦੂਜੇ ਦੇ ਲੱਗੇ ਤਾਂ ਬਸੰਤਰ ਦੇਵਤਾ, ਅੱਗ ਨੂੰ ਤਾਂ ਬੁਝਾਇਆ ਜਾਂਦੈ ਪਰ ਬਸੰਤਰ ਦੇਵਤਾ ਦੀ ਪੂਜਾ ਕੀਤੀ ਜਾਂਦੀ ਹੈ, ਅੱਗ ਬਿਨਾਂ ਧੂੰਆਂ ਨਾ ਹੋਇ, ਅੱਗ ਲਗਿਆਂ ਖੂਹ ਪੁਟੇ, ਅੱਗ ਲਗਿਆਂ ਮੀਂਹ ਕਿਥੇ, ਅੱਗ ਲਗੇ ਤਾਂ ਮਸ਼ਕਾਂ ਦਾ ਭਾਅ ਨਹੀਂ ਪੁਛੀਦਾ, ਅੱਗ ਲਾ ਤਮਾਸ਼ਾ ਦੇਖਣਾ, ਜੰਗਲ ਦੀ ਅੱਗ ਵਾਂਗ ਫੈਲਣਾ, ਅੱਗ ਲਗੀ ਡੱਬੂ ਗਹੀਰੇ 'ਤੇ, ਰੋਮ ਜਲ ਰਿਹਾ ਸੀ, ਨੀਰੂ ਬੰਸਰੀ ਵਜਾ ਰਿਹਾ ਸੀ, ਅੱਗ ਵਾਂਗ ਤਪਣਾ, ਅੱਗ ਵਰ੍ਹਨੀ, ਅੱਗ ਅੱਗ ਕਿਹਾਂ ਮੂੰਹ ਨਹੀਂ ਸੜਦਾ, ਅੱਗ ਵਿਚ ਛਾਲ ਮਾਰਨੀ, ਅੱਗ ਖਾਵੇ, ਅੰਗਿਆਰ ਉਗਲੇ, ਅੱਗ ਦੀ ਸੜੀ, ਟਟਹਿਣੇ ਕੋਲੋਂ ਡਰੀ ਆਦਿ (ਕੁਝ ਮੁਹਾਵਰੇ/ਅਖਾਣ ਸਿਰਲੇਖ ਦੇ ਵਿਸਥਾਰ ਦੌਰਾਨ ਦਰਜ ਕਰ ਦਿਤੇ ਗਏ ਹਨ)।

ਗੁਰਬਾਣੀ ਵਿਚ ਅੱਗ ਦਾ ਕਈ ਵਾਰ ਜ਼ਿਕਰ ਹੈ। ਉਦਾਹਰਣ ਵਜੋਂ-

"ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ"॥(ਅੰਗ 384), "ਨਾਨਕ ਜਿਉ ਪਾਵਕ ਕਾ ਸਹਜ ਸੁਭਾਉ"॥(ਅੰਗ 272), "ਅਗਨੀ ਗੰਢੁ ਪਾਏ ਲੋਹਾਰੁ"॥(143), "ਸਸਿ ਘਰ ਸੂਰੁ ਵਸੈ ਮਿਟੈ ਅੰਧਿਆਰਾ"॥(943)

ਬੇਸ਼ਕ ਇਸ ਦਾ ਵੱਖਰੇ ਪ੍ਰਸੰਗ ਵਿਚ ਹਵਾਲਾ ਦਿੱਤਾ ਗਿਐ ਪਰ ਗੁਰਬਾਣੀ ਵਿਚ ਬਸੰਤਰ ਦੇਵਤਾ ਦਾ ਵੀ ਜ਼ਿਕਰ ਹੈ-"ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ"॥(473)

ਪੰਜਾਬੀ ਸ਼ਾਇਰੀ ਵਿਚ ਸ਼ਿਵ ਕੁਮਾਰ ਬਟਾਲਵੀ ਨੇ 'ਲੂਣਾ' 'ਚ ਅੱਗ ਦੀ ਬੜੇ ਹੀ ਅਨੂਠੇ ਬਿੰਬ ਵਜੋਂ ਵਰਤੋਂ ਕੀਤੀ ਹੈ। ਇਹ ਮੰਨਦਿਆਂ ਕਿ 'ਅੱਗ ਦਾ ਧਰਮ, /ਸਦਾ ਹੈ ਬਲਣਾ…', ਸ਼ਿਵ ਲੂਣਾ 'ਚ ਲਿਖਦੈ, " ਮੈਂ ਅੱਗ ਟੁਰੀ ਪਰਦੇਸ/ਨੀ ਸਈਓ/ਅੱਗ ਟੁਰੀ ਪਰਦੇਸ/ਇਕ ਛਾਤੀ ਮੇਰੀ ਹਾੜ ਤਪੰਦਾ/ ਦੂਜੀ ਤਪਦਾ ਜੇਠ/ਨੀ ਮੈਂ ਅੱਗ ਟੁਰੀ/ਪਰਦੇਸ"।

ਉਰਦੂ ਸ਼ਾਇਰੀ ਵਿਚ ਡਾ. ਬਸ਼ੀਰ ਬਦਰ ਅੱਗਬਾਜ਼ਾਂ ਦੀ ਅਗਜ਼ਨੀ ਦੀ ਅੱਥਰੀ ਆਦਤ ਬਾਰੇ ਬਹੁਤ ਖੂਬ ਲਿਖਦੈ-"ਲੋਗ ਟੂਟ ਜਾਤੇ ਹੈਂ ਏਕ ਘਰ ਬਨਾਨੇ ਮੇਂ, /ਤੁਮ ਤਰਸ ਨਹੀਂ ਖਾਤੇ ਬਸਤੀਆਂ ਜਲਾਨੇ ਮੇਂ"!

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਵਿਚ ਅੱਗ ਦੇ ਵੱਖ-ਵੱਖ 10 ਅਰਥ ਕੀਤੇ ਗਏ ਹਨ। ਅੱਗ ਨੂੰ ਸੰਸਕ੍ਰਿਤ ਦੇ ਸ਼ਬਦ 'ਅਗਨਿ' ਦਾ ਸੰਖੇਪ ਦਸਿਐ। ਅਗਨ, ਅਗਣ, ਆਤਿਸ਼ ਸ਼ਬਦਾਂ ਦਾ ਵੀ ਜ਼ਿਕਰ ਹੈ। ਅਗਨਿ ਸ਼ਬਦ ਨੂੰ ਲਾਤੀਨੀ ਦੇ 'ਇਗਨੀਜ਼' ਦੇ ਹਵਾਲੇ ਨਾਲ ਵੀ ਅਰਥ ਕੀਤਾ ਹੈ 'ਅਗ੍ਰਨੀ-ਜੋ ਜੱਗ ਵਿਚ ਸਭ ਤੋਂ ਪਹਿਲਾਂ ਲਿਆਂਦੀ ਜਾਵੇ, ਸੋ ਅਗਨਿ ਹੈ।

ਅੰਗਰੇਜ਼ੀ ਵਿਚ ਅੱਗ ਨੂੰ 'ਫਾਇਰ' ਕਿਹਾ ਜਾਂਦੈ। ਸ਼ਬਦ ਵਿਗਿਆਨ ਅਤੇ ਕੋਲਿਨਜ਼ ਇੰਗਲਿਸ਼ ਡਿਕਸ਼ਨਰੀ ਅਨੁਸਾਰ ਇਹ ਪੁਰਾਤਨ ਅੰਗਰੇਜ਼ੀ ਦੇ ਫਾਇਰ/ਫਾਇਰੀਅਨ, ਪੁਰਾਤਨ ਨੌਰਸ ਦੇ ਫਰ, ਪੁਰਾਤਨ ਜਰਮਨ ਦੇ ਫੀਯੂਰ, ਯੂਨਾਨੀ ਦੇ ਪਾਇਰ, ਡੱਚ ਦੇ ਵੂਰ ਆਦਿ ਤੋਂ ਆਪਣੇ ਮੌਜੂਦਾ ਰੂਪ ਵਿਚ ਪੁੱਜਾ।

ਯੂਨਾਨੀ ਭਾਸ਼ਾ ਵਿਚ ਬਲਣ, ਨਿੱਘ ਦੇਣ, ਰੌਸ਼ਨੀ ਕਰਨ ਵਾਲੀ ਅੱਗ ਦੇ ਵੱਖ-ਵੱਖ ਨਾਮ ਹਨ। ਸਮੁੰਦਰੀ ਜੰਗ ਵੇਲੇ ਦੁਸ਼ਮਣ ਦੇ ਬੇੜਿਆਂ/ਜਹਾਜ਼ਾਂ ਉਪਰ ਜੰਗੀ ਹਥਿਆਰ ਵਜੋਂ ਵਰਤ ਕੇ ਵਰ੍ਹਾਈ ਜਾਣ ਵਾਲੀ ਅੱਗ ਨੂੰ 'ਠੈਲੈਸੀਓਨ ਪਾਇਰ'(ਸਮੁੰਦਰੀ/ਮੇਰਾਈਨ ਅੱਗ) ਕਿਹਾ ਜਾਂਦਾ ਸੀ।

ਅਜੋਕੀ ਅੰਗਰੇਜ਼ੀ ਵਿਚ ਇਸ ਦਾ ਅਰਥ ਬਰਖਾਸਤਗੀ (ਡਿਸਮਿਸਲ) ਵੀ ਹੈ।

ਵਿਕੀਪੀਡੀਆ ਅਨੁਸਾਰ ਅੱਗ 1.7 ਤੋਂ 2 ਮਿਲੀਅਨ ਸਾਲ ਪਹਿਲਾਂ ਮਾਨਵਾਂ ਦੇ ਜਨੈਟਿਕ ਪੁਰਖਿਆਂ 'ਹੋਮੋ ਇਰੈਕਟਸ' (ਲੁਪਤ ਹੋ ਚੁਕੀ ਮਾਨਵਨੁਮਾ ਪ੍ਰਜਾਤੀ) ਨੇ ਲੱਭੀ ਕਹੀ ਜਾਂਦੀ ਹੈ। ਇਸ ਨੂੰ ਨਿੱਘ, ਰੌਸ਼ਨੀ, ਮਾਰਖੋਰੇ ਜੰਗਲੀ ਜਾਨਵਰਾਂ ਤੋਂ ਬਚਾ, ਸ਼ਿਕਾਰ ਲਈ ਸੰਦ ਤਿਆਰ ਕਰਨ, ਖੇਤੀ ਸਾਧਨਾਂ, ਭੋਜਨ ਪਕਾਉਣ, ਹਨੇਰੇ ਤੇ ਠੰਢ 'ਚ ਆਪਣੀਆਂ ਗਤੀਵਿਧੀਆਂ ਜਾਰੀ ਰਖਣ, ਉੱਤਰਜੀਵਿਤਾ (ਸਰਵਾਈਵਲ) ਦੀ ਸੁਥਰੀ ਤਕਨੀਕ ਵਜੋਂ ਅਤੇ ਅੱਗ ਬਲਣ ਲਈ ਮਨੁੱਖ ਨੇ ਇਸ ਦਾ ਇਸਤੇਮਾਲ ਕੀਤਾ।

ਪਰ ਲੱਕੜ ਦੀ ਰਾਖ/ਭਸਮ ਵਜੋਂ ਇਸ ਦੀ ਨਿਸ਼ਾਨੀ/ਚਿੰਨ ਕਰੀਬ ਇੱਕ ਮਿਲੀਅਨ ਸਾਲ ਪਹਿਲਾਂ ਦੀ ਮਿਲਦੀ ਹੈ। ਇਜ਼ਰਾਈਲ, ਅਫਰੀਕਾ ਵਿਚ ਪੁਰਾਤਣ ਵਿਗਿਆਨੀਆਂ ਨੇ ਪੁਰਾਣੇ ਅਵਸ਼ੇਸ਼ ਲਭੇ ਹਨ ਜਿਨ੍ਹਾਂ ਰਾਹੀਂ ਅੱਗ ਦੇ ਕਾਲ ਦਾ ਪਤਾ ਲਗਾਇਆ ਜਾਂਦੈ। ਸੁਭਾਵਕ ਤੌਰ 'ਤੇ ਅੱਗ ਦੀ ਵਰਤੋਂ ਅਤੇ 'ਸਰਵਾਈਵਲ' ਦੇ ਸਾਧਨ ਵਜੋਂ ਇਸ ਦਾ ਪ੍ਰਯੋਗ ਯੂਰਪ ਵਿਚ ਕਰੀਬ 4 ਲੱਖ ਸਾਲ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ।

ਸਰੀਰ ਵਿਗਿਆਨਕੀ ਮਾਡਰਨ ਮਾਨਵ ਦੁਆਰਾ ਅੱਗ ਦੀ ਵਰਤੋਂ ਦੇ ਸਬੂਤ ਕੋਈ 125, 000 ਸਾਲ ਪਹਿਲਾਂ ਦੇ ਮਿਲਦੇ ਹਨ।

ਜੰਗਲੀ ਅੱਗਾਂ ਤਾਂ ਜੰਗਲਾਂ ਦੀ ਹੋਂਦ ਵੇਲੇ ਤੋਂ ਹੀ ਲਗਦੀਆਂ ਆ ਰਹੀਆਂ ਹਨ ਪਰ ਬਾਅਦ ਵਿਚ ਮਨੁੱਖ ਨੇ ਅੱਗ ਪੈਦਾ ਤੇ ਕਾਬੂ ਕਰਨ ਦੇ ਸਾਧਨ ਬਣਾ ਲਏ।

ਪੁਰਾਤਨ ਸਮਿਆਂ ਵਿਚ ਰਗੜ ਵਿਧੀ, ਲੱਕੜ, ਪੱਥਰ ਅਤੇ ਫਲਿੰਟ (ਇੱਕ ਪ੍ਰਕਾਰ ਦਾ ਸਖਤ ਪੱਥਰ) ਅੱਗ ਪੈਦਾ ਕਰਨ ਦੇ ਸਾਧਨ ਹੁੰਦੇ ਸਨ। ਮਾਚਿਸ ਅਤੇ ਆਧੁਨਿਕ ਸਾਧਨ ਤਾਂ ਕੱਲ੍ਹ ਦੀਆਂ ਗੱਲਾਂ ਹਨ!

ਸਾਡੇ ਸਮਾਜ ਵਿਚ, ਖਾਸ ਕਰਕੇ ਸਨਾਤਨ ਮੱਤ ਵਿਚ, ਅੱਗ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਜੋਤ ਜਗਾਉਣ, ਹਵਨ ਕਰਨ, ਹੋਲਿਕਾ-ਦਹਿਨ ਜਾਂ ਲੋਹੜੀ ਵੇਲੇ ਉਤਸਵ-ਅਗਨੀ ਬਾਲੀ ਜਾਂਦੀ ਹੈ।

ਹਿੰਦੂ ਧਰਮ ਵਿਚ ਸ਼ਾਦੀ ਅਗਨੀ ਨੂੰ ਸਾਖਸ਼ੀ ਮੰਨ ਕੇ ਕੀਤੀ ਜਾਂਦੀ ਹੈ।

ਅਗਨਕੁੰਡ, ਹਵਨਕੁੰਡ ਆਮ ਬਣਾਏ ਜਾਂਦੇ ਹਨ। ਸਾਧੂ-ਸੰਤ ਵੀ ਧੂਣੀਆਂ ਰਮਾਉਂਦੇ ਹਨ।

ਕੜਕ ਸਰਦੀ ਤੋਂ ਬਚਾ ਲਈ ਗਰੀਬ-ਗੁਰਬਾ ਵੀ ਧੂਣੀਆਂ ਬਾਲਦੈ।

ਅਗਨੀ ਨੂੰ ਦੇਵਤਾ ਮੰਨਿਆ ਜਾਂਦਾ ਹੈ।

ਅਗਨੀ ਸਾਡੇ ਪੰਜ ਤੱਤਾਂ 'ਚੋਂ ਇੱਕ ਹੈ।

ਅੱਗ ਉਰਜਾ, ਸ਼ਕਤੀ, ਤਪਸ਼/ਸੇਕ, ਲੋਅ, ਗਿਆਨ, ਜੀਵਨ, ਜੀਵਨ ਦੀ ਗਤੀ ਹੈ।

ਇਹ ਧੂੰਆਂ ਤੇ ਗੁਬਾਰ ਵੀ ਹੈ, ਜੋ ਅਜੋਕੇ ਪ੍ਰਦੂਸ਼ਨ ਦੇ ਵੱਡੇ ਕਾਰਨ ਹਨ।

ਹੁਣ ਤਾਂ ਸੁਖ ਨਾਲ ਇਨ੍ਹਾਂ 'ਚ ਧੁਆਂਖੀ ਧੁੰਦ ਵੀ ਸ਼ਾਮਿਲ ਹੋ ਗਈ ਹੈ।

ਅੱਜ ਕੱਲ੍ਹ ਈਰਖਾ, ਤ੍ਰਿਸ਼ਨਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਅੱਗ ਸਾਨੂੰ ਸਾੜ ਰਹੀ ਹੈ। ਅਸੀਂ ਬਲਦੀ 'ਤੇ ਤੇਲ ਵਧੇਰੇ ਪਾਉਂਦੇ, ਸਾਡੀ ਲਾਊ-ਬੁਝਾਊ ਬਿਰਤੀ ਜ਼ਿਆਦਾ ਹੈ, ਬਲਦੀ 'ਤੇ ਪਾਣੀ ਪਾਉਣ ਦਾ ਉਪਰਾਲਾ ਕਰਨ ਵਾਲੇ ਘੱਟ ਹਨ।

ਤੁਸੀਂ ਸਭ ਨੇ ਚਿੜੀ ਦੀ ਉਹ ਸਿਖਿਆਦਾਇਕ ਕਹਾਣੀ ਤਾਂ ਸੁਣੀ ਹੀ ਹੋਣੀ ਐਂ। ਚਲੋ ਇਕ ਵਾਰ ਹੋਰ ਸੁਣ ਲਓ-

ਅੱਗ ਲੱਗਣ 'ਤੇ ਲੋਕ ਅੱਗ ਬੁਝਾਉਣ ਦਾ ਯਤਨ ਕਰ ਰਹੇ ਸਨ। ਬਾਲਟੀਆਂ, ਗਾਗਰਾਂ ਤੇ ਹੋਰ ਭਾਂਡਿਆਂ ਵਿਚ ਪਾਣੀ ਭਰ ਭਰ ਅੱਗ ਉਪਰ ਸੁੱਟ ਰਹੇ ਸਨ। ਇਹ ਦੇਖ ਕੇ ਇੱਕ ਚਿੜੀ ਵੀ ਆਪਣੀ ਨਿੱਕੀ ਜਿਹੀ ਚੁੰਝ ਭਰ ਭਰ ਅੱਗ 'ਤੇ ਪਾਣੀ ਸੁੱਟਣ ਲਗੀ। ਉਸ ਦਾ ਮਜ਼ਾਕ ਉਡਾਉਂਦੇ ਲੋਕਾਂ ਨੇ ਚਿੜੀ ਨੂੰ ਪੁੱਛਿਆ, "ਭਲੀਏ ਲੋਕੇ, ਨਿਕਚੂ ਜਿਹੀ ਤੂੰ ਤੇ ਹੋਰ ਵੀ ਨਿੱਕੀ ਤੇਰੀ ਚੁੰਝ, ਤੇਰੀਆਂ ਪਾਣੀ ਦੀਆਂ ਤਰੌਂਕਣੀਆਂ ਭਲਾ ਭਾਂਬੜਾਂ ਦਾ ਕੀ ਉਖਾੜ ਲੈਣਗੀਆਂ?"

ਚਿੜੀ ਦਾ ਜਵਾਬ ਸੀ-

"ਮੈਨੂੰ ਪਤੈ ਕਿ ਮੇਰੀ ਚੁੰਝ ਦਾ ਪਾਣੀ ਬਹੁਤ ਘੱਟ ਐ, ਪਰ ਜਦ ਇਤਿਹਾਸ ਲਿਖਿਆ ਜਾਵੇਗਾ ਤਾਂ ਮੇਰਾ ਨਾਮ ਅੱਗ ਬੁਝਾਉਣ ਵਾਲਿਆਂ ਵਿਚ ਆਵੇਗਾ, ਅੱਗ ਲਗਾਉਣ ਵਾਲਿਆਂ ਵਿਚ ਨਹੀਂ"!

# ਫਿਲਮ ਸਟਾਰ ਰੇਖਾ ਵਾਂਗ ਹਮੇਸ਼ਾਂ ਜਵਾਨ ਰਹਿਣ ਵਾਲੇ ਇਨਸਾਨ

ਦੁਨੀਆਂ ਵਿਚ ਤਰ੍ਹਾਂ ਤਰ੍ਹਾਂ ਦੇ ਲੋਕ ਮਿਲਦੇ ਹਨ। ਫਿਕਰਾਂ ਦੇ ਮਾਰੇ ਕਈ ਬੰਦੇ ਤੇ ਜਨਾਨੀਆਂ ਭਰ ਜਵਾਨੀ ਵਿਚ ਹੀ ਬੁੱਢੇ ਲੱਗਣ ਲੱਗ ਜਾਂਦੇ ਹਨ ਤੇ ਕਈ 50-60 ਸਾਲ ਦੇ ਹੋ ਕੇ ਵੀ ਨੌਜਵਾਨ ਦਿਖਦੇ ਹਨ। 2002-2003 ਦੀ ਗੱਲ ਹੈ ਕਿ ਮੈਂ ਬਤੌਰ ਡੀ.ਐਸ.ਪੀ. ਮਜੀਠਾ ਸਬ ਡਿਵੀਜ਼ਨ ਵਿਖੇ ਤਾਇਨਾਤ ਸੀ। ਇੱਕ ਦਿਨ ਭਰੋਸੇਯੋਗ ਮੁਖਬਰ ਨੇ ਖਬਰ ਦਿੱਤੀ ਕਿ ਕੱਲ੍ਹ ਨੂੰ ਥਾਣੇ ਭੰਡੇਰ ਦੇ ਫਲਾਣੇ ਪਿੰਡ ਵਿਚ ਕਿਸੇ ਬੰਦੇ ਦਾ ਮੁੱਲ ਦੀ ਤੀਵੀਂ ਨਾਲ ਧੱਕੇ ਨਾਲ ਵਿਆਹ ਕੀਤਾ ਜਾ ਰਿਹਾ ਹੈ। ਮੈਂ ਪੁਲਿਸ ਪਾਰਟੀ ਭੇਜ ਕੇ ਲੜਕੇ ਅਤੇ ਲੜਕੀ ਨੂੰ ਬੁਲਾ ਲਿਆ। ਲੜਕੇ ਦੀ ਸੱਜੀ ਬਾਂਹ ਬਚਪਨ ਵਿਚ ਹੀ ਪੱਠੇ ਕੁਤਰਦੇ ਸਮੇਂ ਟੋਕੇ ਵਿਚ ਆਉਣ ਕਾਰਨ ਕੱਟੀ ਹੋਈ ਸੀ। ਉਸ ਪਿੰਡ ਦਾ ਸਰਪੰਚ ਮੇਰਾ ਚੰਗਾ ਵਾਕਿਫ ਸੀ ਤੇ ਉਹ ਅੱਠ ਦਸ ਮੋਹਤਬਰ ਬੰਦੇ ਲੈ ਕੇ ਉਨ੍ਹਾਂ ਦੇ ਪਿੱਛੇ ਪਿੱਛੇ ਹੀ ਮੇਰੇ ਦਫਤਰ ਪਹੁੰਚ ਗਿਆ।

ਸਰਪੰਚ ਨੇ ਦੱਸਿਆ ਕਿ ਜਿਸ ਲੜਕੇ ਦਾ ਵਿਆਹ ਹੋਣ ਜਾ ਰਿਹਾ ਹੈ, ਉਹ ਇਕਲੌਤਾ ਹੈ ਤੇ 5-6 ਏਕੜ ਜ਼ਮੀਨ ਦਾ ਮਾਲਕ ਹੈ। ਪਰ ਬਾਂਹ ਕੱਟੀ ਹੋਣ ਕਾਰਨ ਉਸ ਦਾ ਵਿਆਹ ਨਹੀਂ ਸੀ ਹੋ ਰਿਹਾ। ਇਸ ਵਿਆਹ ਵਿਚ ਧੱਕੇਸ਼ਾਹੀ ਵਾਲੀ ਕੋਈ ਗੱਲ ਨਹੀਂ ਹੈ ਕਿਉਂਕਿ ਲੜਕੀ ਤੋਂ ਇਸ ਸਬੰਧੀ ਦਰਿਆਫਤ ਕੀਤਾ ਜਾ ਸਕਦਾ ਹੈ। ਲੜਕੀ ਨੇ ਦੱਸਿਆ ਕਿ ਇਹ ਵਿਆਹ ਉਸ ਦੀ ਮਰਜ਼ੀ ਨਾਲ ਹੋ ਰਿਹਾ ਹੈ। ਜਦੋਂ ਉਸ ਦੇ ਪਰਿਵਾਰ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਦੱਸਿਆ ਕਿ ਉਹ ਅਬੋਹਰ ਲਾਗੇ ਕਿਸੇ ਪਿੰਡ ਦੀ ਰਹਿਣ ਵਾਲੀ ਹੈ ਤੇ ਉਸ ਦੇ ਮਾਪੇ ਬਚਪਨ ਵਿਚ ਹੀ ਮਰ ਗਏ ਸਨ। ਉਸ ਨੂੰ ਉਸ ਦੇ ਤਾਏ ਨੇ ਪਾਲਿਆ ਸੀ ਤੇ 2 ਕੁ ਸਾਲ ਪਹਿਲਾਂ ਇੱਕ ਟਰੱਕ ਡਰਾਈਵਰ ਨਾਲ ਵਿਆਹ ਦਿੱਤਾ ਸੀ ਜੋ ਬਾਅਦ ਵਿਚ ਸਿਰੇ ਦਾ ਅਮਲੀ ਪੋਸਤੀ ਨਿਕਲਿਆ। ਉਸ ਦੇ ਕੋਈ ਬੱਚਾ ਨਹੀਂ ਹੈ ਤੇ ਛੇ ਕੁ ਮਹੀਨੇ ਪਹਿਲਾਂ ਡਰਾਈਵਰ ਨਸ਼ੇ ਦੀ ਓਵਰਡੋਜ਼ ਕਾਰਨ ਮਰ ਚੁੱਕਾ ਹੈ।

15 ਕੁ ਦਿਨ ਪਹਿਲਾਂ ਉਹ ਆਪਣੇ ਰਿਸ਼ਤੇਦਾਰਾਂ ਨਾਲ ਤਰਨ ਤਾਰਨ ਵਿਖੇ ਮੱਸਿਆ ਦਾ ਮੇਲਾ ਵੇਖਣ ਆਈ ਹੋਈ ਸੀ ਤਾਂ ਇਸ ਲੜਕੇ ਦੇ ਸੰਪਰਕ ਵਿਚ ਆ ਗਈ। ਮੈਂ ਸੋਚਿਆ ਕਿ ਜਦੋਂ ਮੀਆਂ ਬੀਵੀ ਰਾਜ਼ੀ ਹਨ ਤਾਂ ਫਿਰ ਕਾਜ਼ੀ ਨੂੰ ਇਸ ਮਾਮਲੇ ਵਿਚ ਟੰਗ ਫਸਾਉਣ ਦੀ ਕੀ ਜ਼ਰੂਰਤ ਹੈ? ਜਦੋਂ ਪੰਚਾਇਤ ਨੇ ਸਾਰੇ ਮਾਮਲੇ ਦੀ ਲਿਖਤੀ ਜ਼ਿੰਮੇਵਾਰੀ ਲੈ ਲਈ ਤਾਂ ਮੈਂ ਵੀ ਇਹ ਸੋਚ ਕੇ ਕਿ ਚਲੋ ਅੰਗਹੀਣ ਲੜਕੇ ਦਾ ਘਰ ਵੱਸ ਰਿਹਾ ਹੈ, ਇਸ ਮਾਮਲੇ ਵਿਚ ਜ਼ਿਆਦਾ ਦਖਲਅੰਦਾਜ਼ੀ ਨਾ ਕੀਤੀ। ਇਸ ਦੌਰਾਨ ਲੜਕੇ ਨੇ ਆਪਣੀ ਉਮਰ 33 ਸਾਲ ਤੇ ਲੜਕੀ ਨੇ 24 ਸਾਲ ਦੱਸੀ। ਲੜਕੀ ਬਹੁਤ ਹੀ ਖੂਬਸੂਰਤ ਸੀ ਤੇ ਵਾਕਿਆ ਹੀ ਵੇਖਣ ਨੂੰ 24-25 ਸਾਲ ਤੋਂ ਵੱਧ ਨਹੀਂ ਸੀ ਲੱਗਦੀ। ਇਸ ਮਾਮਲੇ ਨੂੰ ਦੋ ਤਿੰਨ ਮਹੀਨੇ ਗੁਜ਼ਰ ਗਏ ਤੇ ਮੈਂ ਵੀ ਇਸ ਬਾਰੇ ਭੁੱਲ ਭਲਾ ਗਿਆ। ਵੈਸੇ ਵੀ ਹਰ ਦੋ ਚਾਰ ਦਿਨਾਂ ਬਾਅਦ ਪੁਲਿਸ ਨੂੰ ਅਜਿਹੇ ਗੰਭੀਰ ਮਾਮਲੇ ਨਜਿੱਠਣੇ ਪੈਂਦੇ ਹਨ ਕਿ ਇਹੋ ਜਿਹੇ ਛੋਟੇ ਮੋਟੇ ਮਾਮਲਿਆਂ ਦਾ ਚੇਤਾ ਹੀ ਨਹੀਂ ਰਹਿੰਦਾ। ਕਦੇ ਕਤਲ, ਕਦੇ ਡਾਕਾ - ਚੋਰੀ ਤੇ ਕਦੇ ਕਿਸੇ ਯੂਨੀਅਨ ਵੱਲੋਂ ਧਰਨਾ ਪ੍ਰਦਰਸ਼ਨ। ਇੱਕ ਦਿਨ ਮੈਂ ਦਫਤਰ ਬੈਠਾ ਹੋਇਆ ਸੀ ਕਿ ਬਾਹਰ ਰੌਲਾ-ਗੌਲਾ ਜਿਹਾ ਪੈਣ ਲੱਗ ਪਿਆ। ਮੈਂ ਅਰਦਲੀ ਨੂੰ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਇੱਕ ਬੁੱਢਾ ਜਿਹਾ ਬੰਦਾ ਆਪਣੇ 4-5 ਬੱਚਿਆਂ ਨਾਲ ਆਇਆ ਹੋਇਆ ਹੈ। ਉਹ ਕਹਿ ਰਿਹਾ ਹੈ ਕਿ ਉਸ ਦੀ ਪਤਨੀ ਘਰੋਂ ਭੱਜ ਗਈ ਹੈ ਤੇ ਫਲਾਣੇ ਪਿੰਡ ਵਿਚ ਉਸ ਨੇ ਨਵਾਂ ਵਿਆਹ ਕਰਵਾ ਲਿਆ ਹੈ।

ਮੈਂ ਉਸ ਨੂੰ ਅੰਦਰ ਬੁਲਾ ਲਿਆ ਤੇ ਮਾਮਲੇ ਬਾਰੇ ਪੁੱਛਿਆ। ਉਸ ਨੇ ਉਪਰੋਕਤ ਗੱਲ ਦੱਸ ਕਿ ਕਿਹਾ ਕਿ ਉਹ ਗੁਰਦਾਸਪੁਰ ਨੇੜਲੇ ਕਿਸੇ ਪਿੰਡ ਦਾ ਰਹਿਣ ਵਾਲਾ ਹੈ ਤੇ ਭੇਡਾਂ ਬੱਕਰੀਆਂ ਪਾਲ ਕੇ ਗੁਜ਼ਾਰਾ ਕਰਦਾ ਹੈ। ਉਸ ਦੇ ਬੱਚੇ ਆਪਣੀ ਮਾਂ ਤੋਂ ਬਿਨਾਂ ਰੋ-ਰੋ ਕੇ ਹਲਕਾਨ ਹੋਏ ਪਏ ਹਨ, ਮੇਹਰਬਾਨੀ ਕਰ ਕੇ ਉਸ ਦੀ ਪਤਨੀ ਵਾਪਸ ਦਿਵਾਈ ਜਾਵੇ। ਜਦੋਂ ਉਸ ਨੇ ਪਿੰਡ ਦਾ ਨਾਮ ਲਿਆ ਤਾਂ ਮੇਰਾ ਮੱਥਾ ਠਣਕਿਆ। ਮੈਂ ਉਸ ਨੂੰ ਕਿਹਾ ਕਿ ਤੂੰ ਤਾਂ 50-55 ਸਾਲ ਦਾ ਲੱਗਦਾ ਹੈਂ ਤੇ ਉਹ ਕੁੜੀ ਸਿਰਫ 24-25 ਸਾਲ ਦੀ ਹੈ, ਉਹ ਤੇਰੀ ਪਤਨੀ ਕਿਵੇਂ ਹੋ ਸਕਦੀ ਹੈ? ਜ਼ਰੂਰ ਤੇਰਾ ਦੂਸਰਾ ਵਿਆਹ ਹੋਵੇਗਾ। ਉਸ ਨੇ ਲੱਗਭਗ ਰੋਂਦੇ ਹੋਏ ਦੱਸਿਆ ਕਿ ਜਨਾਬ ਉਹ ਵੀ 45-46 ਸਾਲ ਦੀ ਹੈ, ਬੱਸ ਵੇਖਣ ਨੂੰ ਹੀ 24-25 ਸਾਲ ਦੀ ਲੱਗਦੀ ਹੈ। ਜਦੋਂ ਉਸ ਨੇ ਕੋਲ ਖੜ੍ਹੇ ਇੱਕ ਨੌਜਵਾਨ ਵੱਲ ਇਸ਼ਾਰਾ ਕਰ ਕੇ ਦੱਸਿਆ ਕਿ ਇਹ ਉਸ ਦਾ ਵੱਡਾ ਮੁੰਡਾ ਹੈ ਜੋ 22 ਸਾਲ ਦਾ ਹੈ ਤਾਂ ਸੁਣ ਕੇ ਮੇਰਾ ਦਿਮਾਗ ਚਕਰਾ ਗਿਆ। ਮੈਂ ਦੋਬਾਰਾ ਉਸ ਜੋੜੀ ਨੂੰ ਦਫਤਰ ਬੁਲਾ ਲਿਆ ਪਰ ਲੜਕੀ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ ਕਿ ਉਹ ਤਾਂ ਇਨ੍ਹਾਂ ਨੂੰ ਜਾਣਦੀ ਹੀ ਨਹੀਂ। ਪਰ ਜਦੋਂ ਸਾਰੇ ਬੱਚੇ ਮੰਮੀ ਮੰਮੀ ਕਰਦੇ ਹੋਏ ਉਸ ਨੂੰ ਚੰਬੜ ਗਏ ਤਾਂ ਉਸ ਨੂੰ ਮੰਨਣਾ ਪਿਆ ਕਿ ਉਹ ਹੀ ਇਨ੍ਹਾਂ ਦੀ ਮਾਂ ਹੈ।

ਇਹ ਵੇਖ ਕੇ ਪੰਚਾਇਤ ਵਾਲਿਆਂ ਦੇ ਵੀ ਮੂੰਹ ਅੱਡੇ ਗਏ ਤੇ ਉਸ ਔਰਤ ਨੂੰ ਉਸ ਦੇ ਅਸਲੀ ਪਤੀ ਨਾਲ ਤੋਰਨ ਬਿਨਾਂ ਹੋਰ ਕੋਈ ਚਾਰਾ ਨਾ ਰਿਹਾ। ਦੋ ਕੁ ਮਹੀਨੇ ਬਾਅਦ ਉਹ ਬੰਦਾ ਫਿਰ ਮੇਰੇ ਦਫਤਰ ਆ ਗਿਆ ਤੇ ਦੱਸਿਆ ਕਿ ਉਹ ਆਪਣੀ ਪਤਨੀ ਸਮੇਤ ਗੁਰਦਾਸਪੁਰ ਘਰੇਲੂ ਸੌਦਾ ਪੱਤਾ ਲੈਣ ਲਈ ਗਿਆ ਤਾਂ ਉਹ ਉਸ ਨੂੰ ਝਕਾਨੀ ਦੇ ਕੇ ਦੋਬਾਰਾ ਫਰਾਰ ਹੋ ਗਈ ਹੈ। ਮੈਂ ਪਿੰਡ ਦੇ ਸਰਪੰਚ ਨੂੰ ਫੋਨ ਕੀਤਾ ਤਾਂ ਉਸ ਨੇ ਦੱਸਿਆ ਕਿ ਪ੍ਰੇਮੀ ਜੋੜਾ ਅਜੇ ਪਿੰਡ ਨਹੀਂ ਪਹੁੰਚਿਆ, ਲੱਗਦਾ ਕਿਤੇ ਦੂਰ ਹੀ ਨਿਕਲ ਗਏ ਹਨ। ਇਸ ਤੋਂ ਬਾਅਦ ਉਹ ਬੰਦਾ ਡੇਢ ਕੁ ਮਹੀਨਾ ਮੇਰੇ ਦਫਤਰ ਦੇ ਗੇੜੇ ਮਾਰਦਾ ਰਿਹਾ ਪਰ ਪ੍ਰੇਮੀ ਜੋੜਾ ਵਾਪਸ ਪਿੰਡ ਨਾ ਆਇਆ। ਕਿਉਂਕਿ ਜਨਾਨੀ ਬਾਲਗ ਸੀ, ਇਸ ਕਾਰਨ ਮੁਕੱਦਮਾ ਵੀ ਦਰਜ ਨਹੀਂ ਸੀ ਹੋ ਸਕਦਾ। ਇਸ ਤੋਂ ਬਾਅਦ ਮੇਰੀ ਬਦਲੀ ਸਬ ਡਿਵੀਜ਼ਨ ਕਾਦੀਆਂ ਦੀ ਹੋ ਗਈ ਪਰ ਆਪਣੀ ਉਮਰ ਤੋਂ 20-25 ਸਾਲ ਛੋਟੀ ਦਿਖਣ ਵਾਲੀ ਉਸ ਜਨਾਨੀ ਦਾ ਹੈਰਾਨੀਜਨਕ ਕੇਸ ਮੈਨੂੰ ਅੱਜ ਵੀ ਯਾਦ ਹੈ।

-ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿ)
ਫੋਨ: 95011-00062

# ਮਨਸੂਈ ਬੌਧਿਕਤਾ ਵਾਲੇ ਯੁੱਗ ਦੇ ਛਲਾਵਿਆਂ ਤੋਂ ਸਾਵਧਾਨ ਕਰਦੀਆਂ ਕਹਾਣੀਆਂ

## ਛਲਾਵਿਆਂ ਦੀ ਰੁੱਤ (ਕਹਾਣੀ ਸੰਗ੍ਰਹਿ)

**ਪੁਸਤਕ ਪੜਚੋਲ**

ਲੇਖਕ: ਅਲਫਾਜ਼
ਪੰਨੇ -160 ਮੁੱਲ-250 ਰੁਪਏ
ਕੁਕਨਸ ਪ੍ਰਕਾਸ਼ਨ, ਜਲੰਧਰ

ਨੌਜਵਾਨ ਕਹਾਣੀਕਾਰ ਅਲ ਫਾਜ਼ ਦੇ ਪਲੇਠੇ ਕਹਾਣੀ ਸੰਗ੍ਰਹਿ ਦਾ ਪਾਠ ਕਰਨ ਵੇਲੇ ਮੈਂ ਇਸ ਸੰਗ੍ਰਹਿ ਬਾਰੇ ਸੋਸ਼ਲ ਮੀਡੀਆਂ 'ਤੇ ਚੱਲ ਰਹੀ ਚਰਚਾ ਨੂੰ ਵੀ ਧਿਆਨ ਵਿਚ ਰੱਖਿਆ ਹੈ। ਭਾਵੇਂ ਪੁਸਤਕ ਦੇ ਚਰਚਾਕਾਰ ਦੋ ਧਿਰਾਂ ਵਿਚ ਵੰਡੇ ਵਿਖਾਈ ਦਿੰਦੇ ਹਨ ਤੇ ਦੋਵਾਂ ਦੀਆ ਦਲੀਲਾਂ ਵਿਚ ਕੁਝ ਉਲਾਰਪਣ ਵੀ ਹੈ ਪਰ ਤੱਸਲੀ ਵਾਲੀ ਗੱਲ ਇਹ ਹੈ ਦੋਵੇਂ ਧਿਰਾਂ ਖੁਲ੍ਹੇ ਮਨ ਨਾਲ ਸਵੀਕਾਰਦੀਆਂ ਹਨ ਕਿ ਉਹ ਆਪਣੇ ਸਮਕਾਲ ਦਾ ਬਹੁ ਪ੍ਰਤਿਭਾਸ਼ਾਲੀ ਕਹਾਣੀਕਾਰ ਹੈ। ਇਕ ਧਿਰ ਦਾ ਤਰਕ ਕਹਾਣੀਆਂ ਦੇ ਵਿਸ਼ਾ ਪੱਖ ਨੂੰ ਵੱਧ



**ਨਿਰੰਜਣ ਬੋਹਾ**
**ਫੋਨ: 89682-82700**


ਅਹਿਮੀਅਤ ਦਿੰਦਾ ਹੈ ਤੇ ਦੂਜੀ ਧਿਰ ਰੂਪਕ ਪੱਖ ਨੂੰ ਅਗਰਭੂਮੀ ਵਿੱਚ ਰੱਖਣ ਦੀ ਹਾਮੀ ਹੈ। ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਪੜ੍ਹਣ ਤੋ ਬਾਅਦ ਮੈਂ ਵੀ ਇਸ ਨਤੀਜੇ 'ਤੇ ਪੁੱਜਾ ਹਾਂ ਕਿ ਉਸ ਕੋਲ ਕਹਾਣੀ ਵਿਚ ਕਹਿਣ ਲਈ ਬਹੁਤ ਕੁਝ ਹੈ ਪਰ ਕਥਾਨਕ ਦੀ ਪੇਸ਼ਕਾਰੀ ਲਈ ਉਸਨੂੰ ਕਾਹਲ ਨਹੀਂ ਕਰਨੀ ਚਾਹੀਦੀ ਸਗੋਂ ਹੋਰ ਕਲਾਤਮਿਕ ਠਰ੍ਹਮੇਂ ਤੋਂ ਕੰਮ ਲੈਣਾ ਚਾਹੀਦਾ ਹੈ।

ਜਿਉਂ ਜਿਉਂ ਸੂਚਨਾ ਕ੍ਰਾਂਤੀ ਆਪਣੇ ਸਿਖਰਲੇ ਪੜਾਵਾਂ ਵੱਲ ਵਧ ਰਹੀ ਹੈ ਤਿਉਂ ਤਿਉਂ ਸਾਹਿਤ ਸਿਰਜਣਾ ਦੇ ਪੁਰਾਣੇ ਮੰਤਵੀ ਮਾਪਦੰਡ ਟੁੱਟਦੇ ਜਾ ਰਹੇ ਹਨ ਤੇ ਬਦਲੇ ਸਮੇਂ ਦੀ ਪ੍ਰਤੀਨਿਧਤਾ ਕਰਨ ਵਾਲੇ ਨਵੇਂ ਮਾਪਦੰਡ ਸਥਾਪਿਤ ਹੁੰਦੇ ਜਾ ਰਹੇ ਹਨ। ਅਲਫਾਜ਼ ਦੀਆਂ ਕਹਾਣੀਆਂ ਨਵੇਂ ਸਿਰਜਣੀ ਮਾਪਦੰਡਾਂ ਅਨੁਸਾਰ ਮਨੁੱਖ, ਸਮਾਜ ਤੇ ਸਮਾਜਿਕ ਸੰਸਥਾਵਾਂ ਦੀ ਬਦਲ ਰਹੀ ਸੰਸਕ੍ਰਿਤੀ ਬਾਰੇ ਹੈਰਾਨੀਜਨਕ ਖੁਲਾਸੇ ਕਰਦੀਆਂ ਹਨ। ਸੰਗ੍ਰਹਿ ਦੀ ਕਹਾਣੀ 'ਵਰਲਡ ਆਰਡਰ' ਵੱਲੋਂ ਕੀਤੇ ਖੁਲਾਸੇ ਪੁਰਾਣੇ ਸਮਾਜਿਕ ਮਾਪਦੰਡਾਂ ਨਾਲ ਜੁੜੀ ਰਹੀ ਬਜ਼ੁਰਗ ਪੀੜ੍ਹੀ ਦਾ ਤ੍ਰਾਹ ਕੱਢਣ ਵਾਲੇ ਹਨ। ਕਹਾਣੀ ਅਨੁਸਾਰ ਵਿਸ਼ਵ ਦੀ ਸਰਦਾਰੀ ਕਰਨ ਵਾਲੀਆਂ ਤਾਕਤਾਂ ਦਾ ਹੁਕਮ ਅੱਜ ਦੇ ਮਨੁੱਖ ਤੋਂ ਉਸਦੀ ਮਨੁੱਖੀ ਪਛਾਣ ਖੋਹ ਕੇ ਉਸਨੂੰ ਆਪਣਾ ਪਿੱਛਲੱਗੂ ਬਣਾਉਣ ਦੀ ਕੋਸ਼ਿਸ਼ ਵਿਚ ਹੈ। ਕਹਾਣੀ ਅਨੁਸਾਰ ਸਮਲਿੰਗੀ ਲੋਕਾਂ ਦੀਆ ਪਰੇਡਾਂ ਹੋਣੀਆਂ, ਮਰਦ ਵੱਲੋਂ ਜਿਗੋਲੋ ਦੇ ਰੂਪ ਵਿਚ ਆਪਣਾ ਸਰੀਰ ਔਰਤਾਂ ਕੋਲ ਵੇਚਣਾ ਤੇ ਪੁਰਸ ਵੇਸ਼ਵਾਵ੍ਰਿਤੀ (ਮਿੱਠੇ) ਦੀ ਮੰਡੀ ਵਿਕਸਿਤ ਹੋਣਾ ਇਸ ਵਰਲਡ ਆਰਡਰ ਵੱਲੋਂ ਹੀ ਪ੍ਰਯੋਯਿਤ ਰੁਝਾਨ ਹਨ, ਤਾਂ ਕਿ ਲੋਕਾਂ ਦਾ ਧਿਆਨ ਉਨ੍ਹਾਂ ਦੀਆਂ ਮੂਲ ਲੋੜਾਂ ਤੋਂ ਹਟਾ ਕੇ ਵਿਸ਼ਵੀ ਸੱਤਾ ਜਾਂ ਸਰਦਾਰੀ ਨੂੰ ਚੁਣੌਤੀ ਰਹਿਤ ਬਣਾਇਆ ਜਾ ਸਕੇ। ਕਹਾਣੀਆਂ ਦੇ ਇਹ ਖੁਲਾਸੇ ਵੀ ਬਹੁਤ ਦਿਲ ਕੰਬਾਊ ਹਨ ਕਿ ਮਨੁੱਖ ਨੂੰ ਮੁਫ਼ਤਖੋਰੇ ਤੇ ਨਿਕੰਮੇ ਬਣਾਉਣ, ਸੈਕਸ ਨੂੰ ਮਨੁੱਖ ਦੀ ਪਹਿਲੀ ਲੋੜ ਬਣਾਉਣ ਤੇ ਧਰਮ ਨੂੰ ਨਸ਼ੇ ਵਜੋਂ ਵਰਤਣ ਦੇ ਰੁਝਾਣ ਵੀ ਇਸ ਵਰਲਡ ਆਰਡਰ ਦੇ ਲੁਕਵੇਂ ਏਜੰਡੇ ਹਨ।

ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਸ਼ਵੀ ਸੱਤਾ ਦੇ ਇਸ ਏਜੰਡੇ ਦੇ ਬਹੁਤ ਸਾਰੇ ਹੋਰ ਪਸਾਰਾਂ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦੀਆਂ ਹਨ। ਪਹਿਲੀ ਕਹਾਣੀ 'ਡੋਪਾਮਾਇਨ' ਦੱਸਦੀ ਹੈ ਕਿ ਇਹ ਸੱਤਾ ਕਿਸ ਤਰ੍ਹਾਂ ਸੋਸ਼ਲ ਮੀਡੀਆ ਰਾਹੀਂ ਪੂਰੀ ਦੁਨੀਆਂ ਦੇ ਲੋਕਾਂ ਦੇ ਦਿਲ ਤੇ ਦਿਮਾਗ ਨੂੰ ਆਪਣੇ ਕੰਟਰੋਲ ਵਿਚ ਰੱਖਣ ਵਿਚ ਕਾਮਯਾਬ ਹੋ ਰਹੀ ਹੈ। ਕਹਾਣੀ ਅਨੁਸਾਰ 'ਆਨ ਲਾਈਨ' ਰਹਿਣ ਦੇ ਨਸ਼ੇ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਇਸ ਹੱਦ ਤੱਕ ਆਪਣਾ ਸ਼ਿਕਾਰ ਬਣਾ ਲਿਆ ਹੈ ਕਿ ਉਹ ਵੱਖਰੀ ਹੀ ਸੁਪਨਮਈ ਦੁਨੀਆਂ ਵਿਚ ਰਹਿਣ ਲੱਗ ਪਈ ਹੈ। ਕਹਾਣੀ ਅਨੁਸਾਰ ਇਹ ਰੋਗ ਇਸ ਹੱਦ ਤੱਕ ਵਧ ਗਿਆ ਹੈ ਕਿ ਕੁਝ ਸਮੇਂ ਲਈ ਹੀ ਇੰਟਰਨੈਟ ਸੇਵਾਵਾਂ ਬੰਦ ਹੋਣ 'ਤੇ ਸਿਮਰ ਵਰਗੇ ਨੌਜਵਾਨ ਏਨੀ ਘਬਰਾਹਟ ਵਿਚ ਆ ਜਾਂਦੇ ਹਨ ਤੇ ਉਨ੍ਹਾਂ ਦੀ ਹਾਲਤ ਨੀਮ ਪਾਗਲਾਂ ਵਰਗੀ ਬਣ ਜਾਂਦੀ ਹੈ। ਭਾਵੇਂ ਕਹਾਣੀ ਅਜਿਹੇ ਨੌਜਵਾਨਾਂ ਦੀ ਹਾਲਤ ਦੀ ਸ਼ਿੱਦਤ ਬਿਆਨੀ ਕਰਨ ਦੇ ਨਾਂ 'ਤੇ ਕੁਝ ਅਤਿ-ਕਥਨੀ ਵੀ ਕਰ ਜਾਂਦੀ ਹੈ ਪਰ ਇਸ ਵੱਲੋਂ ਦਿੱਤੀ ਚਿਤਾਵਨੀ ਨੂੰ ਅਸਾਨੀ ਨਾਲ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਕਹਾਣੀ 'ਸੱਤ ਦਿਨ ਦੀ ਕੈਦ' ਜਿੱਥੇ ਕਰੋਨਾ ਕਾਲ ਦੌਰਾਨ ਆਮ ਲੋਕਾਂ ਵੱਲੋਂ ਭੋਗੇ ਇਕੱਲਤਾ ਦੇ ਸੰਤਾਪ ਦਾ ਸਜੀਵ ਚਿੱਤਰਣ ਕਰਦੀ ਹੈ ਉੱਥੇ ਇਸ ਤੋਂ ਬਚਾਓ ਲਈ ਕੀਤੇ ਸਰਕਾਰੀ ਪ੍ਰਬੰਧਾਂ ਦੇ ਨਾਕਸ ਹੋਣ ਦਾ ਪੋਲ ਵੀ ਖੋਲ੍ਹਦੀ ਹੈ। 'ਕਰੋਨਾਂ ਸੱਚੀ ਹੁੰਦਾ ਹੈ?' ਕਹਾਣੀ ਵੱਲੋਂ ਆਪਣੇ ਆਖਿਰ 'ਤੇ ਉਭਾਰਿਆ ਇਹ ਸਵਾਲ ਪਾਠਕੀ ਮਨ-ਮਸਤਕ ਵਿਚ ਇਹ ਸ਼ੰਕਾ ਵੀ ਪੈਦਾ ਕਰਦਾ ਹੈ ਕਿ ਕਿਤੇ ਇਸ ਪਿੱਛੇ ਵਰਲਡ ਆਰਡਰ ਦਾ ਕੋਈ ਲੁਕਵਾਂ ਏਜੰਡਾ ਤਾਂ ਨਹੀਂ ਕੰਮ ਕਰ ਰਿਹਾ? ਇਹ ਕਹਾਣੀ ਡਾਇਰੀ ਸ਼ੈਲੀ ਵਿਚ ਲਿਖੀ ਗਈ ਹੋਣ ਕਾਰਨ ਕਹਾਣੀ ਨਾਲੋਂ ਨਿੱਜੀ ਕਿਸਮ ਦੀ ਡਾਇਰੀ ਹੀ ਵੱਧ ਵਿਖਾਈ ਦਿੰਦੀ ਹੈ।

ਕਹਾਣੀ 'ਗਾਰਡੀਅਨ ਏਂਜ਼ਲ' ਅਮੀਰ ਸ਼੍ਰੇਣੀ ਦੇ ਅੱਧਖੜ੍ਹ ਜਾਂ ਬੁੱਢੇ ਲੋਕਾਂ ਵਿਚ ਸ਼ੂਗਰ ਡੈਡੀ ਜਾਂ ਗਾਰਡੀਅਨ ਏਂਜ਼ਲ ਵਜੋਂ ਜੁਆਨ ਕੁੜੀਆਂ ਦਾ ਸਾਥ ਪ੍ਰਾਪਤ ਕਰਨ ਦੀ ਵਧ ਰਹੀ ਹਿਰਸ ਵਿਚੋ ਆਪਣਾ ਕਥਾ ਬਿਰਤਾਂਤ ਤਲਾਸ਼ਦੀ ਹੈ। ਪੰਜਾਹ ਸਾਲ ਤੋਂ ਉੱਪਰ ਉਮਰ ਦੇ ਜੈ ਇਦਰ ਸਿੰਘ ਰਾਣਾ ਤੇ ਸਿੰਗਲਾ ਦੇ ਦੋਸਤਾਨਾਂ ਸਬੰਧਾਂ ਦਾ ਇਕ ਰਾਜ਼ ਇਹ ਵੀ ਹੈ ਕਿ ਦੋਵੇਂ ਜੁਆਨ ਕੁੜੀਆਂ ਨਾਲ ਸਬੰਧ ਬਣਾਉਣ ਦੇ ਮਾਮਲੇ ਵਿਚ ਇਕ ਦੂਸਰੇ ਦੇ ਮੱਦਦਗਾਰ ਵੀ ਹਨ ਤੇ ਰਾਜ਼ਦਾਰ ਵੀ। ਮੀਨੂੰ ਤੇ ਰੀਤ ਨਾਂ ਦੀਆਂ ਕੁੜੀਆਂ ਆਪਣੀਆਂ ਆਰਥਿਕ ਜ਼ਰੂਰਤਾਂ ਲਈ ਉਨ੍ਹਾਂ ਨਾਲ ਤਨ ਦਾ ਰਿਸ਼ਤਾ ਤਾਂ ਜੋੜੀ ਰੱਖਦੀਆਂ ਹਨ ਪਰ ਉਨ੍ਹਾਂ ਦੇ ਮਨ ਵਿਚ ਇਨ੍ਹਾਂ ਠਰਕੀ ਬੁੱਢਿਆਂ ਲਈ ਕੋਈ ਥਾਂ ਨਹੀਂ ਹੈ। ਜਦੋਂ ਮੀਨੂੰ ਤੇ ਉਸਦੇ ਬੁਆਏ ਫਰੈਂਡ ਵੱਲੋਂ ਸਿੰਗਲੇ ਦਾ ਕਤਲ ਕਰ ਦਿੱਤਾ ਜਾਂਦਾ ਹੈ ਤਾਂ ਜੈ ਇੰਦਰ ਅੰਦਰ ਵੀ ਆਪਣੇ ਨਾਲ ਅਜਿਹੀ ਹੋਣੀ ਵਾਪਰਣ ਦਾ ਡਰ ਪੈਂਦਾ ਹੋ ਜਾਂਦਾ ਹੈ ਪਰ ਉਸਦੀ ਤ੍ਰਾਸਦੀ ਇਹ ਹੈ ਕਿ ਉਹ ਚਾਹੁੰਦਾ ਹੋਇਆ ਵੀ ਆਪਣੀ ਹਿਰਸ 'ਤੇ ਕਾਬੂ ਨਹੀਂ ਪਾ ਸਕਦਾ। ਇਸੇ ਕਾਰਨ ਉਹ ਸਿੰਗਲੇ ਦੀ ਅੰਤਿਮ ਸਸਕਾਰ ਦੀ ਰਸਮ ਵਿਚ ਸ਼ਾਮਿਲ ਹੋਣ ਦੀ ਬਜਾਇ ਰੀਤ ਦੇ ਬੁਲਾਵੇ ਨੂੰ ਹੀ ਪਹਿਲ ਦਿੰਦਾ ਹੈ।



ਕਹਾਣੀ 'ਸਟੋਨ ਬੱਚ' ਸਮਲਿੰਗੀ ਮਾਨਸਿਕਤਾ ਦੀਆਂ ਗਹਿਰਾਈ ਵਿਚ ਜਾਣ ਵਾਲੀ ਕਹਾਣੀ ਹੈ। ਕਹਾਣੀ ਸਮਲਿੰਗੀ ਵਰਤਾਰਿਆ ਵਿਚ ਹੋ ਰਹੇ ਵਾਧੇ ਲਈ ਸਮਾਜ, ਹਾਰਮੋਨਜ਼ ਤੇ ਕੁਰਦਤ ਨੂੰ ਬਰਾਬਰ ਰੂਪ ਵਿਚ ਜ਼ਿੰਮੇਵਾਰ ਠਹਿਰਾਉਂਦੀ ਹੈ ਅਤੇ ਇਸ ਗੱਲ ਦੀ ਵੀ ਪੁਸ਼ਟੀ ਕਰਦੀ ਹੈ ਕਿ ਮਹਾਂਨਗਰਾਂ ਤੇ ਸ਼ਹਿਰਾਂ ਤੋਂ ਬਾਅਦ ਇਹ ਵਰਤਾਰੇ ਹੁਣ ਪਿੰਡਾਂ ਵਿਚ ਵੀ ਆਮ ਵਾਪਰਣ ਲੱਗ ਪਏ ਹਨ। ਪਰ ਕਹਾਣੀਕਾਰ ਇਨ੍ਹਾਂ ਵਰਤਾਰਿਆਂ ਦੇ ਹੱਕ ਜਾਂ ਵਿਰੋਧ ਵਿਚ ਹੋਣ ਬਾਰੇ ਆਪਣਾ ਪੱਖ ਸਪਸ਼ਟਤਾ ਨਾਲ ਨਹੀਂ ਰੱਖਦਾ। ਕਹਾਣੀ ਵਿਚੋ ਮਿਲਦੀ ਜਾਣਕਾਰੀ ਅਨੁਸਾਰ ਸਮਾਜਿਕ ਤੌਰ 'ਤੇ ਵਰਜਿਤ ਸਮਲਿੰਗੀ ਰਿਸ਼ਤੇ ਵੀ ਪ੍ਰਵਾਨਿਤ ਰਿਸ਼ਤਿਆਂ ਵਾਂਗ ਬਹੁਤ ਸਾਰੇ ਅੰਤਰਦਵੰਦਾਂ ਅਤੇ ਅੰਤਰ ਟਕਰਾਵਾਂ ਵਿਚੋ ਲੰਘਦੇ ਹਨ। ਇਸੇ ਲਈ ਕਹਾਣੀ ਵਿਚਲੀ ਰੂਬੀ ਤੇ ਕੈਮੀ ਦਾ ਰਿਸ਼ਤਾ ਕਬਜ਼ੇ ਦੀ ਭਾਵਨਾ ਤਹਿਤ ਆਪਸੀ ਕੁੱਟ ਮਾਰ ਤੱਕ ਪਹੁੰਚ ਜਾਂਦਾ ਹੈ। ਕਹਾਣੀ ਦੇ ਬਿਰਤਾਂਤਕਾਰ ਪਾਤਰ ਦਾ ਸਿੱਧੇ ਤੌਰ 'ਤੇ ਇਸ ਕਹਾਣੀ ਨਾਲ ਕੋਈ ਸਬੰਧ ਨਹੀਂ ਜੁੜਦਾ। ਆਪਣੇ ਦਫਤਰ ਵਿਚ ਕੰਮ ਕਰਦੀ ਕੁੜੀ ਰੂਬੀ ਦੀ ਕਹਾਣੀ ਆਪਣੇ ਅਧੀਨ ਕਰਮਚਾਰੀ ਦੇ ਮੂੰਹੋਂ ਸੁਣਨ ਤੋਂ ਵੱਧ ਉਸਦੀ ਕੋਈ ਕਹਾਣੀ ਵਿਚ ਭੂਮਿਕਾ ਨਹੀਂ ਹੈ। ਜੇ ਕਹਾਣੀ ਸੁਣਨ ਜਾਂ ਸੁਣਾਉਣ ਵਾਲਾ ਪਾਤਰ ਇਸ ਵਰਤਾਰੇ ਦਾ ਕੋਈ ਭੁਗਤਭੋਗੀ ਹੁੰਦਾ ਤਾਂ ਕਹਾਣੀ ਦਾ ਕਲਾਤਮਿਕ ਪੱਖ ਹੋਰ ਵੀ ਮਜ਼ਬੂਤ ਬਣ ਸਕਦਾ ਸੀ। ਕਹਾਣੀ 'ਬੱਜੋਂ ਰੱਤਾ' ਸਮਾਜ ਦੀ ਉਸ ਬੱਜੋਰੱਤੀ ਸੋਚ ਨੂੰ ਆਪਣੀ ਆਲੋਚਨਾ ਦਾ ਨਿਸ਼ਾਨਾ ਬਣਾਉਂਦੀ ਹੈ ਜਿਹੜੀ ਕਿਸੇ ਅੰਗਹੀਣ ਸ਼ਖਸ ਨੂੰ ਹੀਣ ਭਾਵਨਾ ਦਾ ਸ਼ਿਕਾਰ ਬਣਾ ਕੇ ਹੀ ਦਮ ਲੈਂਦੀ ਹੈ। ਬਚਪਨ ਵਿਚ ਸੜਕ ਹਾਦਸੇ ਦਾ ਸ਼ਿਕਾਰ ਹੋਣ ਕਰਕੇ ਕਹਾਣੀ ਦੇ ਮੁੱਖ ਪਾਤਰ ਓਂਕਾਰ ਦੀਪ ਦੀ ਤੋਰ ਵਿਚ ਥੋੜ੍ਹੀ ਜਿਹੀ ਲੰਗੜਾਹਟ ਆ ਆਂਦੀ ਹੈ ਤਾਂ ਉਸਦੇ ਆਲੇ-ਦੁਆਲੇ ਦੇ ਸਮਾਜ ਵੱਲੋਂ ਉਸਨੂੰ ਪੈਰ ਪੈਰ 'ਤੇ ਇਸ ਗੱਲ ਦਾ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਉਹ ਬੱਜੋਰੱਤਾ, ਤਰਸ ਦਾ ਪਾਤਰ ਤੇ ਬੇਚਾਰਾ ਹੈ। ਜ਼ਿੰਦਗੀ ਦਾ ਸੰਘਰਸ਼ ਲੜਦਿਆਂ ਜਦੋਂ ਉਹ ਚੰਗੀ ਸਰਕਾਰੀ ਨੌਕਰੀ ਵੀ ਪ੍ਰਾਪਤ ਕਰ ਲੈਂਦਾ ਹੈ ਤੇ ਵਿਆਹ ਕਰਵਾ ਕੇ ਬਾਲ ਬੱਚੇਦਾਰ ਵੀ ਬਣ ਜਾਂਦਾ ਹੈ ਪਰ 'ਬੇਚਾਰਾ' ਤੇ 'ਬੱਜੋ ਰੱਤਾ' ਹੋਣ ਦਾ ਵਿਸ਼ੇਸ਼ਣ ਉਸਦੇ ਨਾਲ ਹੀ ਲੱਗਿਆ ਰਹਿੰਦਾ ਹੈ। ਚਾਹੇ ਉਸਦੀ ਮਾਂ ਆਪਣੇ ਪੋਤਿਆਂ ਨੂੰ ਉਸਦੀ ਲੰਗੜਾਹਟ ਦਾ ਕਾਰਨ ਦੱਸਦਿਆਂ ਇਸ ਵਿਸ਼ੇਸ਼ਣ ਦੀ ਵਰਤੋਂ ਸਹਿਜ ਸੁਭਾਵਿਕ ਹੀ ਕਰਦੀ ਹੈ ਪਰ ਇਸ ਸਮੇਂ ਉਸਦੇ ਦਿਲ 'ਤੇ ਕੀ ਬੀਤਦੀ ਹੈ ਇਹ ਜਾਂ ਤਾਂ ਉਹ ਜਾਣਦਾ ਹੈ ਜਾਂ ਉਸ ਅੰਦਰਲੇ ਮਨ ਨੂੰ ਪੜ੍ਹਣ ਵਾਲਾ ਕਹਾਣੀਕਾਰ।

ਕਹਾਣੀ 'ਫੈਂਟੈਸੀ' ਪਰਵਾਸੀ ਮੁੰਡੇ ਕੁੜੀਆਂ ਵੱਲੋਂ ਸਮਾਜਿਕ ਮਰਿਆਦਾ ਤੋਂ ਉਲਟ ਜਾ ਕੇ ਬਣਾਏ ਤਨ ਦੇ ਸਬੰਧਾਂ ਨੂੰ ਨਕਾਰ ਕੇ ਵਿਆਹ ਸੰਸਥਾ ਨੂੰ ਅਹਿਮੀਅਤ ਦੇਣ ਵਾਲੀ ਭਾਵਪੂਰਤ ਕਹਾਣੀ ਹੈ। ਸਧਾਰਣ ਪਰਿਵਾਰ ਨਾਲ ਸਬੰਧ ਰੱਖਦੀ ਨੀਤ ਵਿਦੇਸ਼ੀ ਧਰਤੀ 'ਤੇ ਪਹੁੰਚਣ ਲਈ ਅਮੀਰ ਮੁੰਡੇ ਦੀਪੂ ਨੂੰ ਪੌੜੀ ਵਜੋਂ ਵਰਤਦੀ ਹੈ ਪਰ ਉੱਥੇ ਪਹੁੰਚ ਕੇ ਇਕ ਹੋਰ ਨੌਜਵਾਨ ਅਰਜੁਨ ਨਾਲ ਲਿਵ ਇਨ ਸਬੰਧ ਬਣਾ ਕੇ ਰਹਿਣ ਲੱਗ ਪੈਂਦੀ ਹੈ। ਜਦੋਂ ਅਰਜੁਨ ਨੂੰ ਉਸਦੀ ਅਸਲੀਅਤ ਪਤਾ ਚਲਦੀ ਹੈ ਤਾਂ ਆਪਣੇ ਅੰਦਰ ਪੈਦਾ ਹੋਏ ਅਪਰਾਧ ਬੋਧ ਦੇ ਚਲਦਿਆਂ ਉਸ ਨਾਲ ਸਾਰੇ ਸਬੰਧ ਵੀ ਤੋੜ ਲੈਂਦਾ ਹੈ ਉਸ 'ਤੇ ਇਹ ਦਬਾਅ ਵੀ ਬਣਾਉਂਦਾ ਹੈ ਕਿ ਉਹ ਦੀਪੂ ਨੂੰ ਏਧਰ ਬੁਲਾ ਕੇ ਆਪਣੇ ਟੁੱਟੇ ਘਰ ਨੂੰ ਫਿਰ ਤੋਂ ਜੋੜਣ ਦਾ ਯਤਨ ਕਰੇ।

ਕਹਾਣੀ 'ਮਰਡਰ' ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਹਰ ਬੰਦਾ ਕੁਦਰਤੀ ਮੌਤ ਨਹੀਂ ਮਰਦਾ ਸਗੋਂ ਉਸਦੀ ਸਮਕਾਲੀ ਸਮਾਜਿਕ, ਆਰਥਿਕ ਤੇ ਰਾਜਸੀ ਵਿਵਸਥਾ ਵੀ ਉਸਨੂੰ ਤਿਲ ਤਿਲ ਕਰ ਕੇ ਮਾਰਦੀ ਹੈ। ਕਹਾਣੀ ਵਿਚਲਾ ਤਾਰੀ ਸਰਲ ਤੇ ਸਾਦੇ ਸੁਭਾਅ ਦਾ ਬੰਦਾ ਹੈ। ਉਸਦੇ ਬਾਪੂ ਦੀ ਮੌਤ ਤੋਂ ਬਾਅਦ ਉਸਦੇ ਚਾਚੇ ਤਾਏ ਭਾਈਵੰਡ ਜ਼ਮੀਨ ਵਿਚ ਉਸ ਦਾ ਹਿੱਸਾ ਮਾਰ ਕੇ ਉਸ ਨੂੰ ਮੌਤ ਦੇ ਨੇੜੇ ਲੈ ਜਾਂਦੇ ਹਨ ਤਾਂ ਛੋਟਾ ਭਰਾ ਵੀ ਇਸ ਮਾਮਲੇ ਵਿਚ ਉਨ੍ਹਾਂ ਤੋਂ ਪਿੱਛੇ ਨਹੀਂ ਰਹਿੰਦਾ। ਭੋਇੰ ਮਾਲਕ ਤੋਂ ਮਜ਼ਦੂਰ ਬਨਣ ਤੋਂ ਬਾਅਦ ਉਸ ਦੇ ਪੜਾਅਵਾਰ ਮੌਤ ਮਰਨ ਦੀ ਪ੍ਰਕਿਰਿਆ ਹੋਰ ਵੀ ਤੇਜ਼ ਹੋ ਜਾਂਦੀ ਹੈ। ਸਕੂਲੀ ਪੜ੍ਹਾਈ ਦੌਰਾਨ ਨਸ਼ਿਆਂ ਵਿਰੁੱਧ ਜ਼ੋਰਦਾਰ ਭਾਸ਼ਣ ਕਰਨ ਵਾਲਾ ਤਾਰੀ ਖੁਦ ਨਸ਼ੇੜੀ ਨਹੀਂ ਬਣਦਾ ਸਗੋਂ ਵਿਰੋਧੀ ਹਲਾਤ ਅਜਿਹਾ ਬਣਨ ਲਈ ਮਜਬੂਰ ਕਰਦੇ ਹਨ। ਭਾਵੇਂ ਰਸਮੀ ਰੂਪ ਵਿਚ ਉਸਦੀ ਮੌਤ ਦੀ ਜ਼ਿੰਮੇਵਾਰ ਪੁਲਿਸ ਦੀ ਕੁੱਟ ਬਣਦੀ ਹੈ ਪਰ ਕਹਾਣੀਕਾਰ ਉਸਦੀ ਮੌਤ ਦੇ ਹੋਰ ਅਦ੍ਰਿਸ਼ ਕਾਰਨਾਂ ਨੂੰ ਉਭਾਰ ਕੇ ਉਸਦੇ ਸਮਕਾਲ ਨੂੰ ਵੀ ਵੱਡੇ ਸੁਆਲਾਂ ਦੇ ਘੇਰੇ ਵਿਚ ਲਿਆਉਂਦਾ ਹੈ।

ਕਹਾਣੀ 'ਯੂ ਟਰਨ' ਵਰਜਿਤ ਤੇ ਪ੍ਰਵਾਨਿਤ ਰਿਸ਼ਤਿਆਂ ਵਿਚਲੇ ਦਵੰਦ ਨੂੰ ਸਜੀਵ ਰੂਪ ਵਿਚ ਰੂਪਮਾਨ ਕਰਦੀ ਕਲਾਤਮਿਕ ਕਹਾਣੀ ਹੈ। ਕਹਾਣੀ ਦੀ ਪਾਤਰ ਜਸਲੀਨ ਦਾ ਮਨ ਕਿਸੇ ਵੇਲੇ ਆਪਣੇ ਪਤੀ ਰਾਣੇ ਨਾਲ ਜੁੜੇ ਸਮਾਜਿਕ ਤੌਰ 'ਤੇ ਪ੍ਰਵਾਨਿਤ ਰਿਸ਼ਤੇ ਵੱਲ ਝੁਕਦਾ ਹੈ ਤੇ ਕਿਸੇ ਵੇਲੇ ਆਪਣੇ ਦਫ਼ਤਰ ਦੇ ਕੁਲੀਗ ਰਵੀ ਨਾਲ ਜੁੜੇ ਵਰਜਿਤ ਰਿਸ਼ਤੇ ਵੱਲ। ਪੰਜਾਬੀ ਭਾਸ਼ਾ ਦੀ ਕਹਾਣੀ ਆਮ ਤੌਰ 'ਤੇ ਮਨੁੱਖ ਦੇ ਘਰ ਤੋਂ ਬਹਰ ਵੱਲ ਵਧਦੇ ਕਦਮਾਂ ਨੂੰ ਮੁੜ ਘਰ ਵੱਲ ਮੋੜਣ ਦਾ ਆਦਰਸ਼ ਸਿਰਜਦੀ ਹੈ ਪਰ ਇਹ ਕਹਾਣੀ ਅਜਿਹੇ ਅਦਰਸ਼ ਤੋਂ ਮੁਕਤ ਹੋਣ ਕਾਰਨ ਘਰ ਤੋਂ ਬਾਹਰ ਵੱਲ ਵਧਦੇ ਕਦਮਾਂ ਨੂੰ ਹੀ ਨਵੀਂ ਸਮਾਜਿਕ ਹਕੀਕਤ ਵਜੋਂ ਉਭਾਰਦੀ ਹੈ, ਇਸ ਲਈ ਹੀ ਜਸਲੀਨ ਰਵੀ ਨਾਲ ਅੱਗੇ ਲਈ ਕੋਈ ਸਬੰਧ ਨਾ ਬਣਾ ਰੱਖਣ ਦਾ ਮਨ ਬਣਾ ਕੇ ਵੀ ਆਪਣੇ ਮਨ ਦੀ ਤਰਲਤਾ 'ਤੇ ਕੰਟਰੋਲ ਨਹੀਂ ਕਰ ਸਕਦੀ ਤੇ ਯੂ ਟਰਨ ਲੈਂਦਿਆਂ ਰਵੀ ਨੂੰ ਫੋਨ ਕਰ ਦਿੰਦੀ ਹੈ, "ਕੱਲ੍ਹ ਆਉਣਾ ਕਿੱਥੇ ਹੈ।"

ਕਹਾਣੀ 'ਸਟਰੇਂਜਰ' ਨਵੇਂ ਯੁੱਗ ਦੀ ਵਿਅਕਤੀਗਤ ਚੇਤਨਾ ਦੇ ਪ੍ਰਭਾਵ ਅਧੀਨ ਮਾਪਿਆਂ ਤੇ ਔਲਾਦ ਦੇ ਸਬੰਧਾਂ ਵਿਚ ਵਧ ਰਹੇ ਤਣਾਓ ਨੂੰ ਉਭਾਰਦੀ ਹੈ ਤਾਂ ਮਾਪਿਆਂ ਦਾ ਦਰਦ ਆਪਣੀ ਚਰਮ ਸੀਮਾ 'ਤੇ ਪਹੁੰਚਿਆ ਵਿਖਾਈ ਦੇਣ ਲੱਗਦਾ ਹੈ। ਕਹਾਣੀ ਵਿਚਲਾ ਹਰਜੀਤ ਸਿੰਘ ਵਿਦੇਸ਼ ਰਹਿੰਦੇ ਆਪਣੇ ਨੂੰਹ - ਪੁੱਤਰ ਦੇ ਮੋਹ ਅਧੀਨ ਫੂਡ ਇੰਸਪੈਕਟਰ ਦੀ ਨੌਕਰੀ ਛੱਡ ਕੇ ਉਨ੍ਹਾਂ ਕੋਲ ਰਹਿਣ ਆਉਂਦਾ ਹੈ ਪਰ ਛੇਤੀ ਹੀ ਉਨ੍ਹਾਂ ਦੇ ਮੋਹ ਤੇ ਸਤਿਕਾਰ ਵਿਹੂਣੇ ਵਿਹਾਰ ਕਾਰਨ ਉਸਦਾ ਦਮ ਘੁੱਟਣ ਲੱਗ ਪੈਂਦਾ ਹੈ। ਇਸ ਸਥਿਤੀ ਤੋਂ ਘਬਰਾ ਕੇ ਉਹ ਵਾਪਸ ਦੇਸ਼ ਪਰਤਦਾ ਹੈ ਤਾਂ ਨੇੜਲੇ ਰਿਸ਼ਤੇਦਾਰਾਂ ਤੇ ਜਾਣਕਾਰਾਂ ਵੱਲੋ ਵਿਦੇਸ਼ੀ ਧਰਤੀ 'ਤੇ ਪਹੁੰਚਣ ਦੀ ਕਾਹਲ ਉਸਦੇ ਮਨ ਨੂੰ ਫਿਰ ਤੋਂ ਡਾਵਾਂ-ਡੋਲ ਕਰ ਦਿੰਦੀ ਹੈ ਤੇ ਇਸ ਤਰ੍ਹਾਂ ਉਸਦੀ ਹਾਲਤ ਖਲਾਅ ਵਿਚ ਭਟਕਦੇ ਤ੍ਰਿਸ਼ੰਕੂ ਵਰਗੀ ਬਣ ਜਾਂਦੀ ਹੈ।

ਕਹਾਣੀ ਸੰਗ੍ਰਹਿ ਦਾ ਨਾਂ 'ਛਲਾਵਿਆਂ ਦੀ ਰੁੱਤ' ਬਹੁਤ ਢੁੱਕਵਾਂ ਹੈ। ਸੰਗ੍ਰਹਿ ਦੀਆਂ ਕਹਾਣੀਆਂ ਸੂਚਨਾ ਕ੍ਰਾਂਤੀ ਜਾਂ ਮਨਸੂਈ ਬੁੱਧੀ ਵਾਲੇ ਇਸ ਯੁੱਗ ਦੇ ਉਨ੍ਹਾਂ ਬਹੁਤ ਸਾਰੇ ਛਲਾਵਿਆਂ ਨੂੰ ਰੋਸ਼ਨੀ ਵਿਚ ਲਿਆਉਂਦੀਆਂ ਹਨ ਜਿਹੜੇ ਮਨੁੱਖ ਨੂੰ ਲਗਾਤਾਰ ਉਸਦੇ ਮਨੁੱਖੀ ਖਾਸੇ ਨਾਲੋਂ ਤੋੜ ਰਹੇ ਹਨ। ਛਲਾਵਿਆਂ ਦੀ ਇਹ ਰੁੱਤ ਆਮ ਮਨੁੱਖ ਦੀ ਸੋਚਣ ਤੇ ਸਮਝਣ ਦੀ ਦਿਸ਼ਾ ਨੂੰ ਵੀ ਲਗਾਤਾਰ ਭਟਕਣ ਦਾ ਸ਼ਿਕਾਰ ਬਣਾ ਰਹੀ ਹੈ। ਕਹਾਣੀ ਸੰਗ੍ਰਹਿ ਦਾ ਨਾਂ ਬਹੁਤ ਢੁੱਕਵਾਂ ਹੈ ਪਰ ਇਸ ਵਿਚਲੀਆਂ ਵਧੇਰੇ ਕਹਾਣੀਆਂ ਦੇ ਨਾਂ ਅੰਗਰੇਜ਼ੀ ਭਾਸ਼ਾ ਵਿਚ ਹੋਣ ਕਰਨ ਇਨ੍ਹਾਂ ਦੇ ਸੰਚਾਰ ਵਿਚ ਕੁਝ ਸਮੱਸਿਆ ਵੀ ਪੇਸ਼ ਆਉਂਦੀ ਹੈ। ਕੁਲ ਮਿਲਾ ਕੇ ਪੰਜਾਬੀ ਕਹਾਣੀ ਦੀਆਂ ਨਵੀਆਂ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕਰਨ ਵਾਲਾ ਇਹ ਸੰਗ੍ਰਹਿ ਸੁਆਗਤ ਕਰਨ ਯੋਗ ਹੈ।

---

# *ਯਾਦ ਰੱਖਣ ਯੋਗ ਗੱਲਾਂ*

* ਕਾਮਯਾਬੀ ਮਿਹਨਤ ਦੀ ਘੋੜੀ ਹੁੰਦੀ ਹੈ।

* ਪੈਰ 'ਤੇ ਲੱਗੀ ਸੱਟ ਸੰਭਲ ਕੇ ਤੁਰਨਾ ਸਿਖਾ ਦੇਂਦੀ ਹੈ ਤੇ ਦਿਲ 'ਤੇ ਲੱਗੀ ਸੱਟ ਜਿਉਣਾ ਸਿਖਾ ਦੇਂਦੀ ਹੈ।

* ਚਾਰ ਚੀਜ਼ਾਂ ਤੋਂ ਕਦੇ ਸ਼ਰਮਾ ਕੇ ਪਾਸਾ ਨਾ ਵੱਟੋ-ਪੁਰਾਣੇ ਕੱਪੜੇ, ਬਜ਼ੁਰਗ ਮਾਤਾ-ਪਿਤਾ, ਗਰੀਬ ਦੋਸਤ ਅਤੇ ਸਾਦਾ ਜੀਵਨ।

* ਪੁਲ ਅਤੇ ਕੰਧ (ਦੀਵਾਰ) ਬਣਦੇ ਲਗਪਗ ਇੱਕੋ ਜਿਹੇ ਸਮਾਨ ਨਾਲ ਹੀ ਹਨ ਪਰ ਪੁਲ ਇੱਕ ਦੂਜੇ ਨੂੰ ਮਿਲਾਉਣ ਦਾ ਕੰਮ ਕਰਦਾ ਹੈ ਜਦਕਿ ਦੀਵਾਰ ਮਿਲਣ ਤੋਂ ਰੋਕ ਪਾਉਂਦੀ ਹੈ।

* ਡਾਕਟਰ ਨੂੰ ਰੱਬ ਦਾ ਰੂਪ ਕਹਿੰਦੇ ਹਨ ਫਿਰ ਵੀ ਕੁਝ ਡਾਕਟਰ ਮਰੀਜ਼ ਦੀ ਸਿਹਤ ਨਾਲੋਂ ਦਵਾਈਆਂ ਵਾਲੀ ਕੰਪਨੀ ਦੀ ਸਿਹਤ ਦਾ ਖਿਆਲ ਜ਼ਿਆਦਾ ਰੱਖਦੇ ਹਨ।

* ਕਬਰ ਜਾਂ ਅੰਤਮ ਸੰਸਕਾਰ ਦੀ ਜਗ੍ਹਾ ਇੱਕੋ ਜਿੰਨੀ ਹੀ ਮਿਲਦੀ ਹੈ ਬੇਸ਼ੱਕ ਕੋਈ ਬੇਜ਼ਮੀਨਾ ਹੈ ਜਾਂ ਸੈਂਕੜੇ ਕਿੱਲਿਆਂ ਦਾ ਮਾਲਕ ਰਜਵਾੜਾ।

* ਜਦੋਂ ਸਾਰੀਆਂ ਦਰਦ ਨਿਵਾਰਕ (ਪੇਨ ਕਿਲਰ) ਫੇਲ੍ਹ ਹੋ ਜਾਣ ਤਾਂ ਅਰਦਾਸ ਰੂਪੀ ਦਰਦ ਨਿਵਾਰਕ ਦਵਾਈ ਕੰਮ ਆਉਂਦੀ ਹੈ।

* ਮਾੜਾ ਹਮਸਫਰ ਜ਼ਿੰਦਗੀ ਨੂੰ ਭਿੱਜੇ ਕਾਗਜ਼ ਦੀ ਤਰ੍ਹਾਂ ਕਰ ਦੇਂਦਾ ਹੈ ਨਾ ਉਸ 'ਤੇ ਕੁਝ ਲਿਖ ਸਕਦੇ ਹੋ ਨਾ ਹੀ ਉਹ ਸੜਦਾ ਹੈ।

* ਫੁਰਸਤ ਵੇਲੇ ਕੁਝ ਨਾ ਕੁਝ ਸੋਚਦੇ ਰਿਹਾ ਕਰੋ ਜਿਵੇਂ ਜੰਗਲ ਵਿਚ ਰੁੱਖ ਦੇ ਪੁਰਾਣੇ ਪੱਤੇ ਡਿੱਗ ਕੇ ਉਸੇ ਰੁੱਖ ਵਾਸਤੇ ਖਾਦ ਦਾ ਕੰਮ ਕਰਦੇ ਹਨ ਤੁਹਾਡੇ ਪੁਰਾਣੇ ਵਿਚਾਰ ਵੀ ਤੁਹਾਨੂੰ ਹੀ ਤਾਕਤ ਦੇਣਗੇ।

* ਮਿੱਤਰੋ ਠੰਢੇ ਰਿਹਾ ਕਰੋ ਸ਼ਾਂਤੀ ਵਿਚ ਰਹਿਣਾ ਲਾਹੇਵੰਦ ਹੁੰਦਾ ਹੈ, ਜੇ ਅੱਗ ਫੱਕੋਗੇ ਤਾਂ ਅੰਗਿਆਰ ਹੀ ਹੱਗੋਗੇ।

* ਇਨਸਾਨ ਦਾ ਬੱਚਿਆਂ 'ਤੇ ਵਿਸ਼ਵਾਸ ਘਟਿਆ ਤਾਂ ਕੁੰਡੇ ਦਾ ਰਿਵਾਜ ਪਿਆ, ਇਨਸਾਨ ਦਾ ਇਨਸਾਨ ਤੋਂ ਭਰੋਸਾ ਉਠਿਆ ਤਾਂ ਜਿੰਦਰੇ ਦੀ ਕਾਢ ਨਿਕਲੀ ਹੁਣ ਵਿਸ਼ਵਾਸ/ਭਰੋਸਾ ਦਮ ਤੋੜ ਗਿਆ ਤਾਂ ਸੀ ਸੀ ਟੀ ਵੀ ਕੈਮਰੇ ਦੀ ਖੋਜ ਨਿਕਲ ਆਈ।

* ਸਮੇਂ ਦੀ ਚਾਲ ਵੇਖੋ ਜਿਸ ਨਾਚ ਨੂੰ ਵੇਖਣ ਲੋਕ ਲੁਕ-ਲੁਕ ਕੇ ਜਾਂਦੇ ਸਨ ਨਾਚ ਦਾ ਨਾਮ ਵੀ ਚੰਗਾ ਨਹੀਂ ਸੀ (ਮੁਜਰਾ) ਅਤੇ ਨੱਚਣ ਵਾਲੀ ਨੂੰ ਤਵਾਇਫ਼ ਕਹਿੰਦੇ ਸੀ ਅੱਜ ਉਸ ਤੋਂ ਵੱਧ ਅਸ਼ਲੀਲ ਡਾਂਸ ਇੱਜ਼ਤਦਾਰਾਂ ਦੀਆਂ ਪਰੀਆਂ ਆਪ ਫੇਸਬੁੱਕ ਅਤੇ ਇੰਸਟਾਗ੍ਰਾਮ 'ਤੇ ਪਰੋਸ ਰਹੀਆਂ ਹਨ ਅਤੇ ਮਾਂ ਪਿਉ ਵੇਖ ਰਹੇ ਹਨ।

* ਕੋਈ ਕੰਮ ਕਰਦਿਆਂ ਨਵੀਂ ਸੋਚ ਆਵੇ ਤਾਂ ਕੋਸ਼ਿਸ਼ ਕਰ ਕੇ ਉਸ ਨੂੰ ਲਿਖ ਲਵੋ ਅੱਜ-ਕੱਲ੍ਹ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਕਿਸੇ ਦੇ ਦਿਮਾਗ ਵਿਚ ਏਨੀ ਐਨਰਜੀ ਨਹੀਂ ਭਵਿੱਖ ਵਿਚ ਕਰਨ ਵਾਲੇ ਕੰਮ ਸਟੋਰ ਕੀਤਾ ਜਾ ਸਕੇ।

* ਮੋਟਾ ਸਰੀਰ ਆਪਣੇ ਆਪ ਦਾ ਨੁਕਸਾਨ ਕਰਦਾ ਹੈ ਪਰ ਮੋਟਾ ਦਿਮਾਗ ਬਾਕੀਆਂ ਵਾਸਤੇ ਵੀ ਮੁਸੀਬਤਾਂ ਖੜ੍ਹੀਆਂ ਕਰਦਾ ਹੈ।

* ਇਹ ਵੀ ਹੋ ਸਕਦਾ ਹੈ ਕਿ ਇਹ ਸੰਸਾਰ ਕਿਸੇ ਹੋਰ ਸੰਸਾਰ ਦਾ ਨਰਕ ਹੋਵੇ।(ਏਡਲਸ ਹਕਸਲੇ)

* ਖੂੰਧਕ ਵਿਚ ਜੰਗ ਜਿੱਤੀ ਜਾ ਸਕਦੀ ਹੈ, ਖੂੰਧਕ ਵਿਚ ਦਿਲ ਨਹੀਂ ਜਿੱਤਿਆ ਜਾ ਸਕਦਾ। ਖੂੰਧਕ ਵਿਚ ਪਹਾੜ ਢਾਹਿਆ ਜਾ ਸਕਦਾ ਹੈ, ਖੂੰਧਕ ਵਿਚ ਰਿਸ਼ਤਾ ਨਹੀਂ ਬਣਾਇਆ ਜਾ ਸਕਦਾ। ਖੂੰਧਕ ਵਿਚ ਅੱਗ ਖਾਈ ਤੇ ਜ਼ਹਿਰ ਪੀਤੀ ਜਾ ਸਕਦੀ ਹੈ, ਖੂੰਧਕ ਵਿਚ ਮੁਸਕਰਾਇਆ ਨਹੀਂ ਜਾ ਸਕਦਾ। ਖੂੰਧਕ ਵਿਚ ਰੇਪ ਕੀਤਾ ਜਾ ਸਕਦਾ ਹੈ, ਖੂੰਧਕ ਵਿਚ ਪ੍ਰੇਮ ਨਹੀਂ ਕੀਤਾ ਜਾ ਸਕਦਾ।

ਖੂੰਧਕ ਵਿਚ ਗਾਲ਼ ਕੱਢੀ ਜਾ ਸਕਦੀ ਹੈ, ਖੂੰਧਕ ਵਿਚ ਕਵਿਤਾ ਨਹੀਂ ਲਿਖੀ ਜਾ ਸਕਦੀ।

(ਪਾਲੀ ਭੂਪਿੰਦਰ ਸਿੰਘ)

* ਇਸ ਸੰਸਾਰ ਵਿਚ ਸਮਾਂ ਹੀ ਤੁਹਾਡਾ ਸਭ ਕੁਝ ਹੈ, ਸਮਾਂ ਚੰਗਾ ਹੈ ਤਾਂ ਸਭ ਕੁਝ ਤੁਹਾਡਾ ਹੈ। ਸਮਾਂ ਬੁਰਾ ਹੈ ਤਾਂ ਤੁਹਾਡਾ ਆਪਣਾ ਵੀ ਤੁਹਾਡਾ ਨਹੀਂ।

*-ਹਰਦੀਪ ਸਿੰਘ ਸੋਢੀ ਨਡਾਲਾ*
*ਫੋਨ: 480-794-0325*

*ਸਾਹਿਤ ਜਗਤ ਵਿਚ ਪਾਸ਼ ਦੀ ਪਛਾਣ ਮੁੱਖ ਰੂਪ ਵਿਚ ਸ਼ਾਇਰ ਵਾਲੀ ਹੈ ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਉਸ ਨੇ ਆਪਣੀ ਕਵਿਤਾ ਵਾਂਗ ਵਾਰਤਕ ਵੀ ਬਹੁਤ ਠੁੱਕਦਾਰ ਲਿਖੀ ਹੈ। ਉਸ ਦੀ ਵਾਰਤਕ ਉਸ ਦੀ ਸ਼ਾਇਰੀ ਵਾਂਗ ਹੀ ਆਪਣੀ ਕਹਾਣੀ ਆਪ ਕਹਿੰਦੀ ਹੈ। ਇਥੇ ਅਸੀਂ ਪਾਸ਼ ਦਾ ਫਿਲਮਾਂ ਬਾਰੇ ਲਿਖਿਆ ਲੇਖ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ ਜਿਸ ਵਿਚ ਫਿਲਮਾਂ ਹੀ ਨਹੀਂ, ਜ਼ਿੰਦਗੀ ਦੇ ਹੋਰ ਕਈ ਪੱਖਾਂ ਬਾਰੇ ਵੀ ਝਾਤ ਪੁਆਈ ਗਈ ਹੈ।*

# ਪੰਜਾਬੀ ਫਿਲਮਾਂ ਦਾ ਗ਼ੈਰ-ਰਸਮੀ ਜਾਇਜ਼ਾ








*ਖੱਬਿਓਂ: ਅਦਾਕਾਰਾ ਇੰਦਰਾ ਬਿੱਲੀ, ਮੁਮਤਾਜ਼ ਸ਼ਾਂਤੀ, ਰਾਗਨੀ, ਨਿਸ਼ੀ ਅਤੇ ਵਿੰਮੀ।*

ਕੌਣ ਪੰਜਾਬੀ ਹੈ ਜੋ ਇੰਦਰਾ ਬਿੱਲੀ ਦੇ ਨਾਂ ਨੂੰ ਭੁੱਲ ਜਾਣਾ ਨਹੀਂ ਚਾਹੇਗਾ? ਕੇਡਾ ਅਫ਼ਸੋਸਨਾਕ ਹਾਦਸਾ ਹੈ ਕਿ ਬਿੱਲੀ ਕੁ ਜਿੱਡੇ ਕੱਦ ਵਾਲੀ ਇਹ ਔਰਤ ਡੇਢ ਦਹਾਕੇ ਦੇ ਲੱਗਭੱਗ ਫਿਲਮਾਂ ਵਿਚ ਪੰਜਾਬਣ ਦੀ ਪ੍ਰਤੀਨਿਧਤਾ ਕਰਦੀ ਆ ਰਹੀ ਹੈ। ਜਿਨ੍ਹਾਂ ਨੇ 'ਮੰਗਤੀ' (1942) ਵਿਚ ਮੁਮਤਾਜ਼ ਸ਼ਾਂਤੀ ਨੂੰ, 'ਗਵਾਂਢੀ'(1942), 'ਮੇਰਾ ਮਾਹੀ' (1941) ਅਤੇ 'ਪਟਵਾਰੀ' (1942) ਵਿਚ ਮਨੋਰਮਾ ਨੂੰ, 'ਦੁੱਲਾ ਭੱਟੀ' (1940) ਤੇ 'ਸਹਿਤੀ ਮੁਰਾਦ' (1941) ਵਿਚ ਰਾਗਨੀ ਨੂੰ ਤੱਕਿਆ ਹੋਇਆ ਸੀ, ਉਹ ਲੱਗਭਗ ਸਾਰੇ ਮਰ ਚੁੱਕੇ ਹਨ। ਜਿਨ੍ਹਾਂ 'ਪਿੰਡ ਦੀ ਕੁੜੀ' (1963) ਵਿਚ ਨਿਸ਼ੀ, 'ਮਾਮਾ ਜੀ' (1964) ਵਿਚ ਇੰਦਰਾ ਬਿੱਲੀ ਅਤੇ 'ਸ਼ੌਂਕਣ ਮੇਲੇ ਦੀ' (1965) ਵਿਚ ਪ੍ਰਵੀਨ ਚੌਧਰੀ ਨੂੰ ਤੱਕਿਆ ਹੋਇਆ ਹੈ, ਉਹ ਤੀਹ ਚਾਲੀ ਵਰ੍ਹਿਆਂ ਤੱਕ ਮਰ ਜਾਣਗੇ ਪਰ ਜਿਨ੍ਹਾਂ 'ਨਾਨਕ ਨਾਮ ਜਹਾਜ਼' (1969) ਵਿਚ ਵਿੰਮੀ ਅਤੇ 'ਮਿੱਤਰ ਪਿਆਰੇ ਨੂੰ' (1975) ਵਿਚ ਮੀਨਾ ਰਾਏ ਨੂੰ ਤੱਕਿਆ ਅਤੇ ਪਸੰਦ ਕੀਤਾ ਹੈ, ਉਹ ਕਦੇ ਜਿਊਂਦੇ ਵੀ ਰਹੇ ਹੋਣਗੇ, ਇਸ ਵਿਚ ਮੈਨੂੰ ਸ਼ੱਕ ਹੈ। ਜੇ ਮੇਰੀ ਸ਼ੱਕ ਗ਼ਲਤ ਹੈ ਤਾਂ ਇਸ ਵਿਚ ਸ਼ੱਕ ਕਰਨ ਦਾ ਕਿਸੇ ਨੂੰ ਕੋਈ ਹੱਕ ਨਹੀਂ ਕਿ ਰਵਿੰਦਰ ਨਾਥ ਠਾਕੁਰ ਪ੍ਰਸਿੱਧ ਪੰਜਾਬੀ ਸੀ ਅਤੇ ਮੁਹੰਮਦ ਅਲੀ ਮਾਝੇ ਦੇ ਪਿੰਡ ਆਸਲ ਭੂਰੇ ਦਾ ਜੰਮਪਲ ਪਹਿਲਵਾਨ ਹੈ।



**ਪਾਸ਼**

ਪੰਜਾਬੀਆਂ ਦੇ ਜਾਹਿਲ ਅਤੇ ਗੰਭੀਰਤਾ ਦੇ ਵੈਰੀ ਹੋਣ ਬਾਰੇ ਭੁਲੇਖਾ ਏਨਾ ਵਿਆਪਕ ਹੈ ਕਿ ਇਹ ਭੁਲੇਖਾ ਖ਼ੁਦ ਪੰਜਾਬੀਆਂ ਨੂੰ ਵੀ ਹੈ। ਏਸੇ ਲਈ ਬੂਟਾ ਸਿੰਘ ਸ਼ਾਦ 'ਅੱਧੀ ਰਾਤ ਪਹਿਰ ਦਾ ਤੜਕਾ' ਵਰਗੇ ਬਲਵਾਨ ਨਾਵਲ ਉਤੇ 'ਕੁੱਲੀ ਯਾਰ ਦੀ' (1969) ਵਰਗੀ ਹਲਕੀ ਫਿਲਮ ਬਣਾ ਦਿੰਦਾ ਹੈ। ਇਸੇ ਲਈ ਗ਼ੁਲਜ਼ਾਰ 'ਆਂਧੀ' (1975) ਤੇ 'ਮੌਸਮ' (1975), ਰਾਜਿੰਦਰ ਸਿੰਘ ਬੇਦੀ 'ਚੇਤਨਾ', 'ਦਸਤਕ' (1970) ਤੇ 'ਫਾਗੁਨ' ਅਤੇ ਰਾਜ ਕਪੂਰ 'ਮੇਰਾ ਨਾਮ ਜੋਕਰ' (1970) ਵਰਗੀਆਂ ਫਿਲਮਾਂ ਹਿੰਦੀ ਵਿਚ ਬਣਾ ਰਹੇ ਹਨ। ਏਸੇ ਲਈ ਦਿੱਲੀ ਦੇ ਸਪਰੂ ਹਾਊਸ ਵਿਚ 'ਚੜ੍ਹੀ ਜਵਾਨੀ ਬੁੱਢੇ ਨੂੰ' ਵਰਗੇ ਨਾਟਕ ਉਤੇ ਹਾਊਸ ਓਵਰ ਫੁੱਲ ਹੋ ਜਾਂਦੇ ਹਨ। ਏਸੇ ਲਈ ਪ੍ਰਧਾਨ ਮੰਤਰੀ ਜੀ ਦੇ ਸਲਵਾਰ ਕਮੀਜ਼ ਪਾ ਕੇ ਆਉਣ ਤੇ ਕਾਮਾਗਾਟਾ ਮਾਰੂ ਨਗਰ ਵਿਚ ਗੌਰਵ ਅਤੇ ਅਨੰਦ ਦੀਆਂ ਲਹਿਰਾਂ ਫੈਲ ਜਾਂਦੀਆਂ ਹਨ। ਏਸੇ ਲਈ ਅਜਾਇਬ ਕਮਲ ਦੀ ਕਾਵਿ-ਪੁਸਤਕ 'ਵਰਤਮਾਨ ਤੁਰਿਆ ਹੈ' ਨੂੰ ਪੰਜਾਬੀ ਕਵਿਤਾ ਮੰਨ ਲਿਆ ਜਾਂਦਾ ਹੈ।

ਪੰਜਾਬੀ ਬੋਲਦੀ ਪਹਿਲੀ ਫਿਲਮ 'ਆਲਮ ਆਰਾ' (1931) ਆਪਣੇ ਨਾਂ ਅਤੇ ਵਿਸ਼ੇ ਰੂਪ ਵਿਚ ਪੰਜਾਬੀ ਨਹੀਂ ਸੀ। ਹੁਣ 'ਮੇਰਾ ਪੰਜਾਬ' (1940) 'ਰਾਵੀ ਪਾਰ' (1942), 'ਸਤਲੁਜ ਦੇ ਕੰਢੇ' (1964), 'ਜੱਗਾ' (1964) ਅਤੇ 'ਮੈਂ ਜੱਟੀ ਪੰਜਾਬ ਦੀ' (1964) ਆਦਿ ਪੰਜਾਬੀ ਕਿਸਮ ਦੇ ਨਾਵਾਂ ਅਤੇ ਵਿਸ਼ੇ ਦੇ ਬਾਵਜੂਦ ਵੀ ਰੂਪ ਵਿਚ ਪੰਜਾਬੀ ਨਹੀਂ ਹਨ। ਪੰਜਾਬੀ ਫਿਲਮਾਂ ਦਾ ਜਨਮ ਉਦੋਂ ਹੋਇਆ ਜਦ ਥਿਏਟਰ ਅਜੇ ਕਨਾਤਾਂ ਨਾਲ ਬਣਦੇ ਸਨ। ਓਦੋਂ ਫਿਲਮ ਇੰਡਸਟਰੀ ਵਿਚ ਕੁੰਦਨ ਲਾਲ ਸਹਿਗਲ ਵਰਗੇ ਗਾਇਕ, ਗ਼ੁਲਾਮ ਹੈਦਰ ਵਰਗੇ ਸੰਗੀਤਕਾਰ, ਰੂਪ ਕੇ. ਸ਼ੋਰੀ ਵਰਗੇ ਨਿਰਦੇਸ਼ਕ ਅਤੇ ਬਲਦੇਵ ਚੰਦਰ ਬੇਕਲ ਵਰਗੇ ਕਹਾਣੀ-ਸੰਵਾਦ-ਗੀਤ ਲੇਖਕ ਪੰਜਾਬੀ ਸਨ। ਹੁਣ ਜਦ ਕਿ 'ਨਰੇਂਦਰਾ' ਅਤੇ 'ਫਰੈਂਡਜ਼' ਵਰਗੇ ਆਹਲਾ ਥਿਏਟਰ ਅਤੇ ਵੀਹਵੀਂ ਸਦੀ ਦੇ ਅੰਤਲੇ ਹਿੱਸੇ ਦੇ ਦਰਸ਼ਕ ਪੈਦਾ ਹੋ ਚੁੱਕੇ ਹਨ, ਹੁਣ ਜਦ ਕਿ ਮੁਹੰਮਦ ਰਫ਼ੀ, ਮਹਿੰਦਰ ਕਪੂਰ, ਨਰਿੰਦਰ ਚੰਚਲ ਅਤੇ ਸ਼ਮਸ਼ਾਦ ਬੇਗਮ ਵਰਗੇ ਗਾਇਕ ਪੰਜਾਬੀ ਫਿਲਮ ਇੰਡਸਟਰੀ ਵਿਚ ਸਥਾਪਤ ਹੋ ਚੁਕੇ ਹਨ, ਬੂਟਾ ਸਿੰਘ ਸ਼ਾਦ ਵਰਗੇ ਲੇਖਕ, ਬਾਬੂ ਸਿੰਘ ਮਾਨ ਅਤੇ ਕਸ਼ਮੀਰ ਕਾਦਰ ਵਰਗੇ ਗੀਤਕਾਰ ਉਥੇ ਪ੍ਰਵੇਸ਼ ਕਰ ਚੁਕੇ ਹਨ ਤਾਂ ਪੰਜਾਬੀ ਫਿਲਮ ਦਾ ਪੱਧਰ ਉੱਪਰ ਜਾਣ ਦੀ ਬਜਾਏ ਹੇਠਾਂ ਡਿਗ ਪਿਆ ਹੈ।

'ਮੰਗਤੀ' (1942) ਫਿਲਮ ਲਾਹੌਰ ਵਿਚ ਪੂਰਾ ਸਾਲ ਭਰ ਲੱਗੀ ਰਹੀ ਸੀ। ਵੰਡ ਤੋਂ ਬਾਅਦ ਸਭ ਤੋਂ ਵੱਧ ਚੱਲਣ ਵਾਲੀ 'ਨਾਨਕ ਨਾਮ ਜਹਾਜ਼' (1969) ਆਪਣਾ ਵਿਸ਼ਾ ਵਸਤੂ ਨਿਰੋਲ ਧਾਰਮਿਕ ਹੋਣ ਦੇ ਬਾਵਜੂਦ ਅੰਮ੍ਰਿਤਸਰ ਵਿਚ ਕੁਝ ਮਹੀਨਿਆਂ ਤੋਂ ਵਧ ਨਹੀਂ ਚਲ ਸਕੀ। ਕੋਈ ਮੂਰਖ ਹੀ ਇਸ ਦਾ ਕਾਰਨ 'ਦਰਸ਼ਕਾਂ ਦੀ ਸੂਝ ਅਤੇ ਸੁਹਜ ਦਾ ਵਿਕਾਸ' ਦੱਸ ਸਕੇਗਾ।

ਬਲਰਾਜ ਸਾਹਨੀ ਨੇ 'ਪਵਿੱਤਰ ਪਾਪੀ' (1970) ਵਿਚ ਮੁਫ਼ਤ ਕੰਮ ਕਰ ਕੇ ਪੰਜਾਬੀ ਫਿਲਮਾਂ ਦੀ ਸੇਵਾ ਕੀਤੀ। ਪੰਜਾਬ ਸਰਕਾਰ ਨੇ ਬਹੁਤ ਸਾਰੀਆਂ ਧਾਰਮਿਕ ਨਾਵਾਂ ਵਾਲੀਆਂ ਫਿਲਮਾਂ ਦਾ ਟੈਕਸ ਮਾਫ਼ ਕਰ ਕੇ ਪੰਜਾਬੀ ਫਿਲਮਾਂ ਦੀ ਸੇਵਾ ਕੀਤੀ। ਕਪੂਰ ਘਰਾਣੇ ਨੇ ਪੰਜਾਬੀ ਫਿਲਮਾਂ 'ਚ ਲੱਤ ਨਾ ਅੜਾ ਕੇ ਪੰਜਾਬੀ ਫਿਲਮਾਂ ਦੀ ਸੇਵਾ ਕੀਤੀ। ਬਦਕਿਸਮਤੀ ਦੀ ਗੱਲ ਹੈ ਕਿ ਪੰਜਾਬੀ ਫਿਲਮ ਇੰਡਸਟਰੀ ਨੂੰ ਸੇਵਾਦਾਰ ਬਹੁਤ ਮਿਲਦੇ ਹਨ, ਸੂਝਵਾਨ ਨਹੀਂ।

ਮਸਾਂ ਜਿਹੇ ਸ਼ੁਕਰ ਕੀਤਾ ਸੀ ਕਿ ਪੰਜਾਬੀ ਫਿਲਮ ਦੇ ਮੋਢਿਆਂ ਉਤੋਂ ਘੱਗਰਿਆਂ, ਲਹਿੰਗਿਆਂ, ਨਕਲੀ ਕਿਸਮ ਦੇ ਨਾਚਾਂ, ਹਟਵਾਣੀਆਂ ਦੇ ਪੁੱਤਾਂ ਵਰਗੇ ਨਾਇਕਾਂ ਅਤੇ ਪਰਾਲੀ ਦੇ ਢੇਰਾਂ ਦਾ ਭਾਰ ਲੱਥਾ ਪਰ ਉਸ ਦੀ ਥਾਂ ਤੇ ਨਿਹੰਗਾਂ, ਭਾਈਆਂ, ਗੁਰਦਵਾਰਿਆਂ, ਬੇ-ਸਿਰ ਪੈਰ ਅੰਧ ਵਿਸ਼ਵਾਸੀ, ਕਥਾਵਾਂ ਅਤੇ ਕਾਲਜੀ ਭੰਗੜਿਆਂ ਦਾ ਭਾਰ ਪੈ ਗਿਆ। ਅਜੇ ਸ਼ੁਕਰ ਹੈ ਕਿ ਜਸੂਸੀ ਸ਼ਾਵਨਵਾਦੀ ਕਿਸਮ ਦੀ ਥੋਥੀ ਦੇਸ਼ ਭਗਤੀ ਅਤੇ ਪੇਂਡੂ ਕਥਾਵਾਂ ਦੀਆਂ ਜੜ੍ਹਾਂ ਨਹੀਂ ਲੱਗ ਸਕੀਆਂ ਪਰ ਕੀ ਕਿਹਾ ਜਾ ਸਕਦਾ ਹੈ (ਕਿ) ਇਨ੍ਹਾਂ ਰੋਗਾਂ ਤੋਂ ਮੁਕਤੀ ਦੀ ਉਮਰ ਕਿੰਨੀ ਕੁ ਹੈ।

ਤੁਸੀਂ 'ਚੰਬੇ ਦੀ ਕਲੀ' (1965), 'ਧੰਨਾ ਭਗਤ' (1974) ਜਾਂ 'ਨਾਨਕ ਦੁਖੀਆ ਸਭ ਸੰਸਾਰ' (1970), 'ਟਾਕਰਾ' (1976) ਜਾਂ 'ਦਾਜ' (1976) ਵਿਚੋਂ ਕੋਈ ਫਿਲਮ ਤਾਂ ਵੇਖੀ ਹੀ ਹੋਵੇਗੀ। ਜੇ ਨਹੀਂ ਵੇਖੀ ਤਾਂ ਸਰ ਜੋਗਿੰਦਰ ਸਿੰਘ, ਭਾਈ ਵੀਰ ਸਿੰਘ ਜਾਂ ਨਾਨਕ ਸਿੰਘ ਦਾ ਕੋਈ ਨਾਵਲ ਤਾਂ ਪੜ੍ਹਿਆ ਹੀ ਹੋਵੇਗਾ। ਜੇ ਤੁਸੀਂ ਦੋਹਾਂ 'ਚੋਂ ਕੋਈ ਕੰਮ ਵੀ ਨਹੀਂ ਕੀਤਾ ਤਾਂ ਤੁਸੀਂ ਆਪਣੀ ਕਿਸਮਤ ਓਤੇ ਮਾਣ ਕਰ ਸਕਦੇ ਹੋ।

ਤੁਸੀਂ ਜਾਣਦੇ ਹੋ ਕਿ ਜਾਂ ਤਾਂ ਪੰਜਾਬ ਦੇ ਮੁੰਡੇ ਅਨਪੜ੍ਹ ਹੁੰਦੇ ਹਨ ਜਾਂ ਕੁੜੀਆਂ। ਕੋਈ ਇਕ ਧਿਰ ਕਾਲਜ 'ਚੋਂ ਪੜ੍ਹਾਈ ਖਤਮ ਕਰਕੇ ਤਾਂਗੇ ਜਾਂ ਰੇਲ ਵਿਚ ਪਿੰਡ ਆਉਂਦੀ ਹੈ। ਘਰ ਵੜਨ ਤੋਂ ਪਹਿਲਾਂ ਹੀ ਉਸ ਦਾ ਟਾਕਰਾ ਕੁਦਰਤੀ ਤੌਰ 'ਤੇ ਅਨਪੜ੍ਹ ਸੁੰਦਰੀ ਜਾਂ ਸੁੰਦਰੇ ਨਾਲ ਹੋ ਜਾਂਦਾ ਹੈ। ਉਨ੍ਹਾਂ ਵਿਚ ਹਲਕੀ ਜਿਹੀ ਝੜਪ ਹੋਣਾ ਵੀ ਕੋਈ ਜੁਰਮ ਨਹੀਂ। ਅਗਲਾ ਸਾਮਾਨ ਘਰ ਰੱਖੇਗਾ ਅਤੇ ਖੇਤਾਂ ਵੱਲ ਹਵਾ ਖ਼ੋਰੀ ਲਈ ਭਲਾ ਕਿਉਂ ਨਾ ਜਾਵੇ? ਜਿਥੇ ਫ਼ਸਲਾਂ, ਖੂਹਾਂ, ਮੱਝਾਂ ਜਾਂ ਦੇਸ਼ ਦੀ ਸੁੰਦਰਤਾ ਅਤੇ ਇਤਿਹਾਸਕ ਗੌਰਵ ਬਾਰੇ ਗੀਤ ਹਵਾ ਵਿਚ ਤਰ ਰਹੇ ਹੁੰਦੇ ਹਨ। ਉਸ ਤੋਂ ਮਗਰੋਂ ਕੁਝ ਵੀ ਹੋ ਸਕਦਾ ਹੈ। ਕਿਸੇ ਗੁੰਡੇ (ਉਹ ਕਦਾਚਿਤ ਜਾਗੀਰਦਾਰ ਜਾਂ ਭ੍ਰਿਸ਼ਟ ਅਧਿਕਾਰੀ ਨਹੀਂ ਹੋਵੇਗਾ) ਨਾਲ ਵੈਰ ਦਾ ਮੱਢ ਪਹਿਲਾਂ ਵੀ ਬੱਝ ਸਕਦਾ ਹੈ ਜਾਂ ਝੜਪ ਵਾਲੇ ਜਣੇ ਜਣੀ ਨਾਲ ਇਸ਼ਕ ਸ਼ੁਰੂ ਹੋਣ ਤੋਂ ਮਗਰੋਂ ਕੋਈ ਫ਼ਰਕ ਨਹੀਂ ਪੈਂਦਾ, ਹੁਣ ਨਾਚ ਗਾਣੇ ਅਤੇ ਲੜਾਈਆਂ, ਬਾਂਹ ਵਿਚ ਬਾਂਹ ਪਾਈ ਨਾਇਕ ਅਤੇ ਨਾਇਕਾ ਹੈ, ਹੂਟੇ ਦਿੰਦੇ ਰਹਿਣਗੇ। ਅਖ਼ੀਰ ਵਿਚ ਪਿਆਰ ਅਤੇ ਸਚਾਈ ਦਾ ਮੂੰਹ ਕਾਲਾ ਹੋਣੋਂ ਤਾਂ ਰਿਹਾ, ਬੁਰਾਈ ਦਾ ਹੀ ਹੋਵੇਗਾ ਜਾਂ ਇੰਝ ਵੀ ਹੋ ਸਕਦਾ ਹੈ ਕਿ ਕੋਈ ਸੱਚੇ ਪਾਤਸ਼ਾਹ ਦਾ ਭਗਤ ਆਪਣੀ ਲਗਨ ਵਿਚ ਨੇਕੀ ਦੇ ਰਾਹ ਤੁਰਿਆ ਜਾਂਦਾ ਦਿਸੇਗਾ। ਭਗਤਾਂ ਦਾ ਕੋਈ ਕਾਲ ਤਾਂ ਨਹੀਂ ਦੁਨੀਆ ਤੇ। ਬਿਪਤਾ ਭਾਵੇਂ ਕੁਦਰਤੀ ਹੋਵੇ ਜਾਂ ਗ਼ੈਰ-ਕੁਦਰਤੀ ਅਚਨਚੇਤ ਕਰਾਮਾਤ ਨਾਲ ਅਹੁ ਦੀ ਅਹੁ ਜਾਵੇਗੀ। ਇਸ ਸਾਰੇ ਚੱਕਰ ਦੇ ਵਿਚ ਕਿਸੇ ਨੌਜਵਾਨ ਅਤੇ ਖ਼ੂਬਸੂਰਤ ਜੋੜੀ ਦਾ ਪਿਆਰ ਪੈ ਕੇ ਸੰਕਟਾਂ ਨੂੰ ਕੁਚਲਦਾ ਹੋਇਆ ਸਿਰੇ ਚੜ੍ਹ ਜਾਵੇਗਾ। ਇਹੋ ਕੁਝ ਹੈ ਬੱਸ, ਜੋ ਪੰਜਾਬ ਵਿਚ ਘਟਦਾ ਜਾਂ ਘਟ ਸਕਦਾ ਹੈ।

ਖ਼ੈਰ ਉਨ੍ਹਾਂ ਸਮੱਸਿਆਵਾਂ ਦਾ ਰੰਡੀ ਰੋਣਾ ਜਾਇਜ਼ ਨਹੀਂ ਜੋ ਕੇਵਲ ਪੰਜਾਬੀ ਨਹੀਂ ਸਗੋਂ ਸਮੁੱਚੀ ਹਿੰਦੀ ਫਿਲਮ ਇੰਡਸਟਰੀ ਦੀਆਂ ਹਨ। ਬੜੇ ਚਿਰ ਤੋਂ ਹਿੰਦੀ ਦੇ ਫਿਲਮ ਪੱਤਰਕਾਰ ਇਨ੍ਹਾਂ ਰੁਝਾਨਾਂ ਨੂੰ ਇਕੋ ਸਮੇਂ ਨਿੰਦਦੇ ਤੇ ਹਵਾ ਦਿੰਦੇ ਆ ਰਹੇ ਹਨ ਪਰ ਹਿੰਦੀ ਇੰਡਸਟਰੀ ਦੇ ਮਹਾਂ ਅਸਰ ਦੇ ਬਾਵਜੂਦ ਬੰਗਾਲੀ, ਮਲਿਆਲਮ ਆਦਿ ਬੋਲੀਆਂ ਵਿਚ ਚੰਗੀਆਂ ਫਿਲਮਾਂ ਬਣੀਆਂ ਹਨ ਅਤੇ ਉਨ੍ਹਾਂ ਸੂਬਿਆਂ ਦੇ ਦਰਸ਼ਕ ਵੀ ਪੰਜਾਬੀਆਂ ਨਾਲੋਂ ਬਹੁਤੇ ਸੁਧਰੇ ਅਤੇ ਵਿਕਸੇ ਹੋਏ ਨਹੀਂ ਹਨ।


ਪੰਜਾਬੀ ਦੀ ਕਿਸੇ ਵੀ ਫਿਲਮੀ ਹਸਤੀ ਨੂੰ ਸ਼ਿਕਾਇਤ ਕਰਨ ਦਾ ਹੱਕ ਨਹੀਂ ਕਿ ਚੰਗੀ ਫਿਲਮ ਫਲਾਪ ਹੋ ਜਾਂਦੀ ਹੈ ਕਿਉਂਕਿ ਕਦੀ ਕਿਸੇ ਬਣਾਈ ਹੀ ਨਹੀਂ। ਕੁਝ ਇਕ ਹਿੰਦੀ ਵਿਚ ਹੋਏ ਤਜਰਬਿਆਂ ਦੇ ਹਸ਼ਰ ਨੂੰ ਪੰਜਾਬੀ ਜਨਤਾ ਦੇ ਖ਼ਾਹ-ਮੁਖ਼ਾਹ ਸਿਰ ਮੜ੍ਹਨਾ ਉਸ ਨਾਲ ਧੱਕਾ ਹੈ। ਗਿਣਤੀ ਦੀਆਂ ਵਧੀਆ ਹਿੰਦੀ ਫਿਲਮਾਂ ਦੇ ਅਸਫਲ ਰਹਿ ਜਾਣ ਕਾਰਨ ਫੌਰੀ ਤੌਰ ਤੇ ਭੂਗੋਲਿਕ ਅਤੇ ਸਾਧਾਰਨ ਤੌਰ 'ਤੇ ਸਿਆਸੀ ਹਨ। ਉਹ ਕਾਰਨ ਸੂਬਾਈ ਬੋਲੀਆਂ ਦੀਆਂ ਫਿਲਮਾਂ ਉਤੇ ਇੰਨ ਬਿੰਨ ਲਾਗੂ ਨਹੀਂ ਹੁੰਦੇ।

ਧਰਮ ਅਤੇ ਦੇਸ਼ ਦੇ ਪ੍ਰਬੰਧਕ ਇਹ ਨਹੀਂ ਸਮਝਦੇ ਕਿ ਮੁਨਾਫ਼ਾ ਖ਼ੋਰੀ ਤਾਂ ਆਪਣੇ ਤੱਤ ਰੂਪ ਵਿਚ ਹੀ ਧਾਰਮਿਕਤਾ ਅਤੇ ਦੇਸ਼ ਪ੍ਰੇਮ ਦੀ ਦੁਸ਼ਮਣ ਹੈ। ਜੇ ਮੁਨਾਫ਼ਾ ਖ਼ੋਰੀ ਹੈ ਤਾਂ ਦੂਜੀਆਂ ਦੋਵੇਂ ਚੀਜ਼ਾਂ ਨਹੀਂ ਹੋਣਗੀਆਂ। ਜੇ ਉਹ ਹਨ ਤਾਂ ਮੁਨਾਫ਼ਾ ਖ਼ੋਰ ਹੀ ਇਨ੍ਹਾਂ ਵਿਸ਼ਿਆਂ ਉਤੇ ਫਿਲਮ ਬਣਾ ਰਹੇ ਹਨ ਤਾਂ ਉਹ ਜ਼ਰੂਰ ਇਨ੍ਹਾਂ ਵਿਸ਼ਿਆਂ ਵਿਚ ਭੰਨ ਤੋੜ ਕਰਨਗੇ। ਉਨ੍ਹਾਂ ਨੂੰ ਦੂਸ਼ਿਤ ਕਰ ਕੇ ਆਪਣੇ ਹਿੱਤਾਂ ਲਈ ਵਰਤਣਗੇ। ਇਥੇ ਜੇ 'ਹਕੀਕਤ' ਅਤੇ 'ਉਪਕਾਰ' ਵਰਗੀਆਂ ਫਿਲਮਾਂ ਬਣਦੀਆਂ ਹਨ ਤਾਂ ਕੇਂਦਰ ਸਰਕਾਰ ਟੈਕਸ ਮਾਫ਼ ਕਰ ਦਿੰਦੀ ਹੈ, ਜੇ 'ਨਾਨਕ ਨਾਮ ਜਹਾਜ਼' ਬਣਦੀ ਹੈ ਤਾਂ ਸਿੰਘ ਜੁੱਤੀ ਲਾਹ ਕੇ ਅੰਦਰ ਵੜਦੇ ਹਨ।

ਮੁਨਾਫ਼ਾ ਖ਼ੋਰੀ ਦਾ ਜਿੰਨ ਕਿਸੇ ਵੀ ਵਾਦ ਨੂੰ, ਸਿਆਸਤ, ਧਰਮ, ਕਾਨੂੰਨ, ਸਾਹਿਤ ਅਤੇ ਕਲਾ ਨੂੰ ਆਪਣੇ ਸ਼ਿਕਾਰ ਫਾਹੁਣ ਲਈ ਵਰਤ ਸਕਦਾ ਹੈ। ਬਲਰਾਜ ਸਾਹਨੀ ਵਰਗੀ ਸੇਵਾਦਾਰੀ ਭਾਵਨਾ ਮੱਖੀ ਬਣ ਕੇ ਕੰਧ ਨਾਲ ਲੱਗੀ ਰਹੇਗੀ। ਲੋਕ ਤਾੜੀਆਂ, ਸੀਟੀਆਂ ਅਤੇ ਹੰਝੂਆਂ ਨਾਲ ਪਿੰਜਰੇ ਨੂੰ ਥਿਏਟਰ ਸਮਝ ਕੇ ਵੜਦੇ ਨਿਕਲਦੇ ਰਹਿਣਗੇ। ਲੋਕਾਂ ਕੋਲ ਧੁਰ ਤੋਂ ਇਹ ਭੰਡਾਰ ਰਹੇ ਹਨ ਤੇ ਰਹਿਣਗੇ।

ਚਿਰਾਂ ਤੋਂ ਅੰਮ੍ਰਿਤਾ ਪ੍ਰੀਤਮ ਦੀ ਸਲਾਹ ਬਣਦੀ ਪਈ ਹੈ ਕਿ ਪਿੰਜਰ ਨਾਵਲ ਦੇ ਆਧਾਰ ਉਤੇ ਪੰਜਾਬੀ ਫਿਲਮ ਬਣਾਵੇ। ਫਿਲਮ ਕਾਰਪੋਰੇਸ਼ਨ ਤੋਂ ਉਹਨੂੰ ਲੋੜੀਂਦਾ ਆਰਥਿਕ ਸਹਿਯੋਗ ਨਹੀਂ ਮਿਲਿਆ। ਬੰਬਈ ਦੇ ਬਹੁਤ ਸਾਰੇ ਪੰਜਾਬੀ ਡਰਾਮਾ ਕਲਾਕਾਰ ਅਦਾਕਾਰੀ ਤੇ ਸਾਹਿਤ ਦੇ ਨੇੜਲੇ ਰਿਸ਼ਤੇਦਾਰ ਰਹੇ ਹਨ। ਨੋਰਾ ਰਿਚਰਡ ਰੰਗ ਮੰਚ ਦੀ ਪ੍ਰਤਿਭਾਵਾਨ ਅਦਾਕਾਰਾ ਜਸਵੰਤ ਕੌਰ ਦਮਨ ਵੀ ਫਿਲਮੀ ਪਰਦੇ ਤੱਕ ਜਾ ਪੁੱਜੀ ਹੈ। ਜਗਜੀਤ ਚੂਹੜਚੱਕ ਪਹਿਲਾਂ ਤੋਂ ਹੀ ਗਾਹੇ-ਬਗਾਹੇ ਨਿੱਕੇ ਮੋਟੇ ਪੰਜਾਬੀ ਰੋਲ ਕਰਦਾ ਆ ਰਿਹਾ ਹੈ। ਕੁਝ ਕੁ ਸਮੇਂ ਤੋਂ ਪੰਜਾਬ ਸਰਕਾਰ ਨੇ ਵੀ ਪੰਜਾਬੀ ਫਿਲਮ ਬਾਰੇ ਵਧੇਰੇ ਗ਼ੌਰ ਨਾਲ ਵਿਚਾਰਨਾ ਸ਼ੁਰੂ ਕੀਤਾ ਹੋਇਆ ਹੈ। ਇਹ ਸਭ ਅਸਮਾਨ ਖੁੱਲ੍ਹਣ ਦੇ ਲੱਛਣ ਹਨ ਪਰ ਗਧੇ ਅਤੇ ਬਾਂਦਰ ਵੀ ਅਵੇਸਲੇ ਨਹੀਂ; ਉਹ ਸੁਦਾਗਰ ਤੋਂ ਪਹਿਲਾਂ ਹੀ ਦੁਆ ਮੰਗਣ ਲਈ ਤਤਪਰ ਹਨ।

ਪਿਛੇ ਜਿਹੇ ਬੂਟਾ ਸਿੰਘ ਸ਼ਾਦ ਨੇ 'ਧਰਤੀ ਸਾਡੀ ਮਾਂ'(1976) ਬਣਾ ਲਈ, ਕੱਲ੍ਹ ਨੂੰ ਧਰਤੀ ਸਾਡੀ ਭੂਆ ਬਣ ਸਕਦੀ ਹੈ ਪਰ ਕਾਸ਼! ਕਦੀ ਇਹ ਮਨੁੱਖਾਂ ਦੇ ਰਹਿਣ ਲਈ ਥਾਂ ਬਣ ਸਕੇ।







*ਖੱਬਿਓਂ: 'ਪਵਿੱਤਰ ਪਾਪੀ', 'ਕੁੱਲੀ ਯਾਰ ਦੀ' ਅਤੇ 'ਨਾਨਕ ਦੁਖੀਆ ਸਭ ਸੰਸਾਰ' ਫਿਲਮਾਂ ਦੇ ਪੋਸਟਰ।*

# Reliable

***Trucks & Trailer Repair Shop***

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work
* Nox Sensor
* Truck & Trailer Bushings
* Air Compressor *
* Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**